ਪ੍ਰਵਚਨ ਸਾਹਿਤ ਸਮੀਖਿਆ ਤੇ ਸੱਭਿਆਚਾਰ ਦੀ ਤ੍ਰੈ-ਮਾਸਿਕ ਪਤ੍ਰਿਕਾ

ਸਾਲ : 19 ਪੁਸਤਕ ਲੜੀ : 78 ਜਨਵਰੀ-ਮਾਰਚ, 2020

ਸੰਪਾਦਕ:
ਡਾ. ਰਜਨੀਸ਼ ਬਹਾਦਰ ਸਿੰਘ
9, Raseela Nagar
Adjoining Asharam,
Jalandhar-144002
Mob: 98148-60778
pravachan07@gmail.com
ਸੰਤੋਖ ਸਿੰਘ ਧਾਲੀਵਾਲ
65 Wroxham Drive, Wollation,
Nottingham NG8 2QR, U.K.

ਵਿਸ਼ੇਸ਼ ਸਲਾਹਕਾਰ: ਜਸ ਮੰਡ

ਸਹਿਯੋਗ
ਡਾ. ਕੁਲਵੰਤ ਸਿੰਘ ਸੰਧੂ
ਡਾ. ਜਸਵਿੰਦਰ ਸਿੰਘ
ਬਲਬੀਰ ਪਰਵਾਨਾ
ਡਾ. ਪਰਮਜੀਤ ਕੌਰ ਸਿੱਧੂ
ਵਰਿੰਦਰ ਪਰਿਹਾਰ,
ਡਾ. ਹਰਭਜਨ ਸਿੰਘ ਢਿੱਲੋਂ (ਕੈਲਗਰੀ)

ਚੰਦਿਆਂ ਦਾ ਵੇਰਵਾ:

| | |
|---|---|
| India | Rs. 75 Per Issue |
| | Rs. 300 Per Year |
| | Rs.1500 Per 5 Years |
| U.K. | £4 Per issue |
| | £15 Per Year |
| | £75 Per 5 Years |
| U.S.A./ | $30 Per Year |
| Canada | $30 Per Year |
| | $150 Per 5 Years. |

ਅੰਦਰ ਪੜ੍ਹੋ:

ਸੰਪਾਦਕੀ
✲ ਪਰਵਾਸੀ ਪੰਜਾਬੀ ਕਹਾਣੀ ਨੂੰ ਵਾਚਦਿਆਂ -ਰਜਨੀਸ਼ ਬਹਾਦਰ ਸਿੰਘ/02
ਲੇਖ:
✲ ਪਰਵਾਸੀ ਪੰਜਾਬੀ ਕਹਾਣੀ : ਨਵੇਂ ਉਚਾਰ -ਪ੍ਰੋ. ਧਨਵੰਤ ਕੌਰ/07
✲ ਡਾ. ਧਨਵੰਤ ਕੌਰ ਦੇ ਪਰਚੇ ਉੱਤੇ ਹੋਈ ਵਿਚਾਰ-ਚਰਚਾ/21
ਕਹਾਣੀਆਂ
✲ ਕ੍ਰਿਸਮਸ ਈਵ/-ਸੰਤੋਖ ਧਾਲੀਵਾਲ/30
✲ ਸੰਤੋਖ ਧਾਲੀਵਾਲ ਦੀ ਕਹਾਣੀ 'ਕਿਸਮਸ ਈਵ' ਉੱਤੇ ਹੋਈ ਵਿਚਾਰ-ਚਰਚਾ/39
✲ ਵਰ੍ਹੇ-ਗੰਢ ਮੁਬਾਰਕ !-ਹਰਜੀਤ ਅਟਵਾਲ/45
✲ ਹਰਜੀਤ ਅਟਵਾਲ ਦੀ ਕਹਾਣੀ 'ਵਰ੍ਹੇ ਗੰਢ' ਉੱਤੇ ਹੋਈ ਵਿਚਾਰ-ਚਰਚਾ/52
✲ ਵਰਜਿਤ ਫਲ/-ਕੁਲਜੀਤ ਮਾਨ/58
✲ ਕੁਲਜੀਤ ਮਾਨ ਦੀ ਕਹਾਣੀ 'ਵਰਜਿਤ ਫਲ' ਉੱਤੇ ਹੋਈ ਵਿਚਾਰ-ਚਰਚਾ/75
✲ ਉਹ ਰਾਤ/-ਹਰਪ੍ਰੀਤ ਸੇਖਾ/80
✲ ਹਰਪ੍ਰੀਤ ਸੇਖਾ ਦੀ ਕਹਾਣੀ 'ਉਹ ਰਾਤ' ਉੱਤੇ ਹੋਈ ਵਿਚਾਰ-ਚਰਚਾ/90
✲ ਭਾਰ/-ਬਲਬੀਰ ਕੌਰ ਸੰਘੇੜਾ (ਕੈਨੇਡਾ)/97
✲ ਬਲਬੀਰ ਕੌਰ ਸੰਘੇੜਾ ਦੀ ਕਹਾਣੀ 'ਭਾਰ' ਉੱਤੇ ਹੋਈ ਵਿਚਾਰ-ਚਰਚਾ/115
✲ ਪੰਦਰਵੀਂ ਡਲਹੌਜੀ ਕਹਾਣੀ ਗੋਸ਼ਟੀ: ਸਿੱਟੇ/122
ਪੁਸਤਕ ਪੜਚੋਲ/ਪ੍ਰੋ. ਸਤਿੰਦਰ ਕੌਰ/123
ਪਾਠਕ ਪ੍ਰਤਿਕ੍ਰਿਆ/127

☛ ਸੰਪਾਦਕੀ ਬੋਰਡ ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।
☛ ਨੋਟ: ਚੰਦੇ ਕੇਵਲ ਚੈੱਕ ਜਾਂ ਡਰਾਫਟ ਰਾਹੀਂ ਸੰਪਾਦਕ Rajnish Bahudar Singh

Bright Printing Press, Mohalla Kishanpura, Jalandhar

# ਪਰਵਾਸੀ ਪੰਜਾਬੀ ਕਹਾਣੀ ਨੂੰ ਵਾਚਦਿਆਂ

ਪੰਜਾਬੀ ਕਹਾਣੀ ਦੇ ਸਿਰਜਣੀ ਵਰਤਾਰੇ ਦੀ ਉਮਰ ਪਰਵਾਸ ਦੇ ਵਰਤਾਰੇ ਜਿੰਨੀ ਹੀ ਹੈ। ਅਸੀਂ ਸਮਕਾਲੀ ਅਕਾਦਮਿਕ ਲੋੜਾਂ ਕਰਕੇ ਇਸ ਦੀ ਉਮਰ ਅਧੁਨਿਕ ਕਾਲ ਜਿੰਨੀ ਕੁ ਲੰਬੀ ਕਰ ਲੈਂਦੇ ਹਾਂ। ਬਹੁਤਾ ਖਿੱਚੀਏ ਤਾਂ ਬਸਤੀਵਾਦ ਦੌਰ ਤੋਂ ਅੱਗੇ ਜਾਣ ਦੀ ਕੋਸ਼ਿਸ਼ ਨਹੀਂ ਕਰਦੇ। ਇਸ ਨੂੰ ਮਜ਼ਦੂਰੀ ਕਰਨ ਗਿਆਂ ਨਾਲ ਜੋੜ ਕੇ ਪਹਿਲਾ ਕਿਸਾਨੀ, ਫਿਰ ਦਸਤਕਾਰ ਦੇ ਪਰਵਾਸ ਤੋਂ ਹੁੰਦੇ ਹੋਏ ਖੇਤ ਮਜ਼ਦੂਰਾਂ ਅਤੇ ਹੁਣ ਤਕਨੀਕੀ ਕਾਮਿਆਂ ਦੇ ਪਰਵਾਸ ਤਕ ਫੈਲਾਉਣ ਲੱਗ ਪਏ ਹਾਂ। ਪਰਵਾਸ ਦਾ ਵਰਤਾਰਾ ਮਨੁੱਖੀ ਸਭਿਅਤਾ ਜਿੰਨਾ ਹੀ ਪੁਰਾਣਾ ਹੈ। ਪ੍ਰੰਤੂ ਉਸ ਸਮੇਂ ਦੇਸ਼ ਕਿਸੇ ਸਭਿਆਚਾਰ, ਕੌਮੀਅਤ ਨੂੰ ਭੁਗੌਲਿਕ ਖਿੱਤੇ ਜਾਂ ਧਰਮ ਨਾਲ ਦੇਸ਼ ਦਾ ਸੰਕਲਪ ਨਹੀਂ ਜੋੜਿਆ ਜਾਂਦਾ ਸੀ। ਖੁਰਾਕ ਦੀ ਭਾਲ 'ਚ ਨਿਕਲਿਆਂ ਕਬੀਲਾ ਜਦੋਂ ਇਕ ਥਾਂ ਕੁਝ ਸਮਾਂ ਟਿਕ ਕੇ ਰਹਿਣ ਤੋਂ ਬਾਅਦ ਖੁਰਾਕ ਦੀ ਭਾਲ ਵਿਚ ਨਵੀਂ ਥਾਂ ਜਾਂਦਾ ਹੋਣਾ ਤਾਂ ਪੁਰਾਣੀਆਂ ਯਾਦਾਂ ਨੂੰ ਕਦੇ-ਕਦੇ ਕਲਪਦਾ ਹੋਣਾ। ਉਸ ਦੀ ਕਲਪਨਾ ਦੇ ਕੇਂਦਰ ਭੂ-ਦ੍ਰਿਸ਼ ਅਤੇ ਸ਼ਿਕਾਰ ਦੀ ਬਹੁਲਤਾ ਹੋਏਗੀ। ਇਹ ਉਸ ਦੀ ਪਰਵਾਸੀ ਵੇਦਨਾ 'ਚੋਂ ਪੈਦਾ ਹੋਈ ਸੰਵੇਦਨਾ ਹੋਵੇਗੀ। ਅਸਲ ਵਿਚ ਪਰਵਾਸ ਵਿਕਸਤ ਸਮਾਜ ਵਿਚ ਫਲਦਾ ਫੁੱਲਦਾ ਹੀ ਨਹੀਂ, ਸਗੋਂ ਸਾਹਿਤ ਅਤੇ ਕਲਾ ਦੀ ਵਸਤ ਬਣਨ ਲੱਗਦਾ ਹੈ। ਇਹ ਵਰਤਾਰਾ ਤਣਾਅ ਤੋਂ ਟਕਰਾਅ ਅਤੇ ਫਿਰ ਮੇਲ-ਜੋਲ ਵਿਚ ਪਰਿਵਰਤਤ ਹੋਣ ਲੱਗਦਾ ਹੈ। ਵਿਕਸਤ ਸਮਾਜ ਦੇ ਆਦਿ ਕਾਲ ਅਤੇ ਮੱਧ ਕਾਲ ਵਿਚ ਇਹ ਹਮਲਿਆਂ, ਵਪਾਰ ਤੋਂ ਹੁੰਦਾ ਹੋਇਆ ਮਜ਼ਦੂਰੀ ਤਕ ਪਹੁੰਚਦਾ ਹੈ ਅਤੇ ਫਿਰ ਨਵੇਂ ਸਮਾਜ ਵਿਚ ਆਪਣੀ ਹੋਂਦ ਲਈ ਸੰਘਰਸ਼ ਕਰਦਾ ਹੋਇਆ ਪਰਾਏ ਮੁਲਕਾਂ ਵਿਚ ਸਥਾਪਤੀ ਦਾ ਹਿੱਸਾ ਬਣਨ ਤੱਕ ਪਹੁੰਚਦਾ ਹੈ। ਇਹ ਵਰਤਾਰਾ ਦੂਜੇ ਦੇਸ਼ਾਂ ਵਿਚ ਵੱਸਣ ਤਕ ਸੀਮਤ ਨਹੀਂ, ਸਗੋਂ ਪਿੰਡ ਤੋਂ ਸ਼ਹਿਰ ਅਤੇ ਇਕ ਰਾਜ ਤੋਂ ਦੂਜੇ ਰਾਜ ਵਿਚ ਵੱਸਣ ਦਾ ਵਰਤਾਰਾ ਥੋੜ੍ਹੇ ਬਹੁਤੇ ਫਰਕ ਨਾਲ ਇਸੇ ਤਰ੍ਹਾਂ ਵਾਪਰਦਾ ਹੈ।

ਪਹਿਲਾਂ ਆਪਾਂ ਗੱਲ ਆਪਣੇ ਸੂਬੇ ਤੋਂ ਸ਼ੁਰੂ ਕਰਦੇ ਹਾਂ। ਵੀਹਵੀਂ ਸਦੀ ਦੇ ਸੱਤਵੇਂ ਦਹਾਕੇ ਦੇ ਮੁੱਢ ਵਿਚ ਭਾਰਤ ਅੰਨ ਦੇ ਸੰਕਟ ਨਾਲ ਜੂਝ ਰਿਹਾ ਸੀ। ਕਈ ਸੂਬਿਆਂ ਵਿਚ ਜ਼ਮੀਨੀ ਸੁਧਾਰ ਦਾ ਵਰਤਾਰਾ ਚਲ ਰਿਹਾ ਸੀ। ਹਰੇ ਇਨਕਲਾਬ ਨੇ ਖੇਤੀ ਦੇ ਮਸ਼ੀਨੀਕਰਨ ਅਤੇ ਜਿਣਸਾਂ ਦੇ ਮੰਡੀਕਰਨ ਨੇ ਪੰਜਾਬ ਵਿਚ ਅੰਨ ਦੀ ਪੈਦਾਵਾਰ ਵਧਾਉਣ ਲਈ ਰਾਹ ਖੋਲ੍ਹ ਦਿੱਤਾ। ਫਸਲੀ ਚੱਕਰ ਪੇਂਡੂ ਅਰਥਚਾਰੇ ਵਿਚ ਮੱਧ-ਵਰਗ ਦੇ ਫੈਲਾਅ ਅਤੇ ਸ਼ਹਿਰੀਕਰਨ ਦੇ ਰੁਝਾਨ ਨੇ ਕਿਰਤ ਦੀ ਮੰਡੀ ਦਾ ਵਿਸਥਾਰ ਕਰ ਦਿੱਤਾ। ਇਸ ਕਿਰਤ ਦੀ ਪੂਰਤੀ ਲਈ ਉੱਤਰ ਪ੍ਰਦੇਸ਼, ਬਿਹਾਰ ਤੋਂ ਵੱਡੀ ਗਿਣਤੀ ਵਿਚ ਕਿਰਤੀ, ਮੌਸਮੀ ਕਿਰਤ ਅਤੇ ਕੁਝ-ਕੁਝ ਸਥਾਈ ਕਿਰਤ ਲਈ ਆਉਣ ਲੱਗ ਪਏ। ਉਹਨਾਂ ਕਿਰਤੀਆਂ ਦਾ ਵੱਡਾ ਹਿੱਸਾ ਛੋਟੀ ਕਿਸਾਨੀ ਨਾਲ ਸਬੰਧਤ ਸੀ। ਹੁਣ ਸਥਿਤੀ ਇਹ ਹੈ ਕਿ ਇਹ ਮਜ਼ਦੂਰ ਪੰਜਾਬ ਦੀ ਆਰਥਿਕਤਾ ਨੂੰ ਸਹਾਰਾ ਦੇਣ ਲਈ ਵੱਡੀ ਕਿਰਤ ਸ਼ਕਤੀ ਹਨ। ਪੰਜਾਬ ਦੇ ਮੂਲ ਵਾਸੀ ਇਨ੍ਹਾਂ ਨੂੰ 'ਭੱਈਏ' ਕਹਿ ਕੇ ਬੁਲਾਉਂਦੇ ਹਨ। ਇਨ੍ਹਾਂ ਦੀ ਬੋਲੀ ਨੂੰ ਲੈ ਕੇ ਕਈ ਚੁਟਕਲੇ ਪੰਜਾਬ ਵਿਚ ਪ੍ਰਚੱਲਤ ਹਨ। ਕਈ ਅਖੌਤੀ ਬੁੱਧੀਜੀਵੀ ਅਤੇ ਫਿਰਕਾਪ੍ਰਸਤੀ ਵਿਚ ਗ੍ਰੱਸੇ ਲੇਖਕ ਇਨ੍ਹਾਂ ਨੂੰ ਪੰਜਾਬ ਦੇ ਸਭਿਆਚਾਰ ਨੂੰ ਗੰਧਲਾ ਕਰਨ ਦਾ ਕਾਰਨ ਸਮਝਦੇ ਹਨ ਅਤੇ ਪ੍ਰਚਾਰਦੇ ਹਨ। ਅਜਿਹੀ ਮਾਨਸਿਕਤਾ ਦੀ ਅਫਸਰਸ਼ਾਹੀ ਇਨ੍ਹਾਂ ਦੇ

ਬੈਂਕ ਖਾਤੇ ਖੋਲ੍ਹਣ ਅਤੇ ਰਾਸ਼ਨ ਕਾਰਡ ਬਣਾਉਣ ਦੇ ਰਾਹ ਵਿਚ ਰੁਕਾਵਟਾਂ ਪਾਉਂਦੇ ਹਨ। 1988 ਈ. ਵਿਚ ਜਦੋਂ ਮੈਂ ਡੀ.ਏ.ਵੀ. ਕਾਲਜ ਜਲੰਧਰ ਵਿਚ ਬਤੌਰ ਪ੍ਰਾਧਿਆਪਕ ਪੜ੍ਹਾਉਣਾ ਸ਼ੁਰੂ ਕੀਤਾ ਤਾਂ ਇਕ ਸ਼ਾਮ ਮੈਂ ਅਤੇ ਮੇਰਾ ਦੋਸਤ ਵਰੇਸ਼ ਗੁਪਤਾ ਨੇ ਇਕ ਰਿਸ਼ਕਾ ਚਾਲਕ ਪਰਵਾਸੀ ਦੇ ਰਿਕਸ਼ਾ ਵਿਚ ਸਫ਼ਰ ਕੀਤਾ। ਅਗਸਤ ਦਾ ਮਹੀਨਾ, ਕਾਲੇ ਬੱਦਲ ਛਾਏ ਹੋਏ ਮੀਂਹ ਪੈਣ ਵਾਲਾ ਸੀ। ਉਸ ਨੌਜਵਾਨ ਪਰਵਾਸੀ ਰਿਕਸ਼ਾ ਚਾਲਕ ਨੇ ਬਹੁਤ ਸੋਹਣੀ ਅਵਾਜ਼ ਵਿਚ ਭੋਜਪੁਰੀ ਗੀਤ ਛੋਹ ਲਿਆ। ਜਦੋਂ ਅਸੀਂ ਉਸ ਨੂੰ ਗੀਤ ਦੇ ਅਰਥ ਪੁੱਛੇ ਤਾਂ ਉਸ ਅਨੁਸਾਰ ਉਹ ਉਸ ਔਰਤ ਦੀ ਪੀੜਾਂ ਸੀ ਜਿਹੜੀ ਮੀਲਾਂ ਦੂਰ ਬਰਸਾਤ ਦੇ ਮੌਸਮ ਵਿਚ ਪਤੀ/ਪ੍ਰੇਮੀ ਮਿਲਣ ਲਈ ਤਾਂਘ ਰਹੀ ਸੀ। ਅਸੀਂ ਉਸ ਪੀੜਾਂ ਨੂੰ ਮਹਿਸੂਸ ਤਾਂ ਕਰ ਸਕਦੇ ਸੀ ਪ੍ਰੰਤੂ ਅਹਿਸਾਸ ਦੀ ਸ਼ਿੱਦਤ ਨੂੰ ਸਮਝ ਨਹੀਂ ਸਕਦੇ ਸੀ। ਜਿਹੜਾ ਪੰਜਾਬ ਦਾ ਉਸੇ ਸਮਾਜਿਕ ਆਰਥਿਕ ਵਰਗ ਦਾ ਪੰਜਾਬ ਦੇ ਪਿਛੋਕੜ ਵਾਲਾ ਕਿਸਾਨੀ ਮੂਲ ਨਿਵਾਸੀ ਇਹ ਨਹੀਂ ਜਾਣਦਾ ਉਸ ਦੀ ਇਹ ਵਰਤਮਾਨ ਜਮੀਨ ਦੀ ਮਾਲਕੀ ਵਾਲੀ ਸਥਿਤੀ ਕੁਝ ਸਦੀਆਂ ਦੀ ਹੈ। ਅਠਾਰਵੀਂ ਸ਼ਤਾਬਦੀ ਤਕ ਉਹ ਜ਼ਮੀਨ ਦਾ ਮਾਲਕ ਤਾਂ ਇਕ ਪਾਸੇ ਸਮਾਜਿਕ ਦਰਜੇ ਵਿਚ ਵੀ ਨੀਵੇਂ ਥਾਂ ਖੜ੍ਹਾ ਸੀ। ਉਹ ਹੁਣ ਜਦੋਂ ਆਪ ਪੱਛਮੀ ਮੁਲਕਾਂ ਵਿਚ ਫਾਉਂਡਰੀਆਂ ਵਿਚ ਰੁਲਣ ਲੱਗ ਪਿਆ, ਉਸ ਨੂੰ ਆਪਣਾ ਹੁਣ ਦਾ ਪਿਛੋਕੜ ਯਾਦ ਆਉਣ ਲੱਗ ਪਿਆ। ਹੁਣ ਸਾਨੂੰ ਸਮਝ ਪੈਂਦੀ ਹੈ ਕਿ ਗੋਰਾ ਸਮਾਜ ਸਾਨੂੰ ਉਹੀ ਸਮਝਦਾ ਸੀ ਜੋ ਅਸੀਂ ਪਰਵਾਸੀ ਮਜ਼ਦੂਰਾਂ ਨੂੰ ਪੰਜਾਬ ਵਿਚ ਸਮਝਦੇ ਹਾਂ। ਪ੍ਰੰਤੂ ਸਥਿਤੀਆਂ ਦਾ ਫਰਕ ਹੈ। ਸਾਡੇ ਇਕ ਹਿੱਸੇ ਅੰਦਰ ਸੰਗਠਨ ਦੀ ਚੇਤਨਾ ਅਤੇ ਤਾਕਤ ਸੀ। ਇਸ ਤਾਕਤ ਦੀ ਉਰਜਾ ਖੱਬੇ ਰਾਜਸੀ ਚਿੰਤਨ ਅਤੇ ਸੰਗਠਨ ਦੀ ਸੋਝੀ ਵਿਚ ਮੌਜੂਦ ਸੀ। ਉਂਝ ਵੀ ਮਾਲਕ ਕਿਸਾਨੀ ਜਦੋਂ ਮਜ਼ਦੂਰ ਬਣਨ ਦੀ ਪ੍ਰਕਿਰਿਆ ਵਿਚ ਪੈਂਦੀ ਹੈ ਤਾਂ ਬਹੁਤ ਕੁਝ ਮਾਨਸਿਕ ਤੌਰ ਤੇ ਟੁੱਟਦਾ ਹੈ। ਇਹ ਟੁੱਟਣ ਦੀ ਸੁਰ ਵੱਧ ਵੱਖ-ਵੱਖ ਰੂਪਾਂ ਵਿਚ ਪਰਵਾਸੀ ਕਹਾਣੀ ਵਿਚੋਂ ਉਭਰਦੀ ਰਹੀ।

ਵਪਾਰਕ ਤੌਰ ਤੇ ਪਰਵਾਸ ਦਾ ਵਰਤਾਰਾ ਤਾਂ ਪੰਜਾਬ ਵਿਚ ਬਹੁਤ ਪੁਰਾਣਾ ਹੈ। ਇਸ ਪੀੜਾਂ ਨੂੰ ਪੇਸ਼ ਕਰਨ ਵਾਲੇ ਲੋਕ ਗੀਤ, ਲੋਕ ਅਖਾਣ ਅਤੇ ਮੁਹਾਵਰੇ ਸਾਡੀ ਪਰੰਪਰਾ ਦਾ ਹਿੱਸਾ ਸਨ। ਪੰਜਾਬੀ ਚੇਤਨ ਲੋਕ ਮਾਨਸਿਕਤਾ ਦੇ ਕੇਂਦਰ ਵਿਚ ਪਰਿਵਾਸ ਦੀ ਪੀੜਾ ਮਹਾਰਾਜਾ ਦਲੀਪ ਸਿੰਘ ਦੇ ਜੀਵਨ ਨਾਲ ਜੁੜੀਆਂ ਕਹਾਣੀਆਂ ਵਿਚੋਂ ਉਭਰਦੀ ਹੈ। ਦਲੀਪ ਸਿੰਘ ਪੰਜਾਬ ਵਾਸੀਆਂ, ਵਿਸ਼ੇਸ਼ ਤੌਰ ਤੇ ਸਿੱਖਾਂ ਦੇ ਅਵਚੇਤਨਾ ਵਿਚ ਮਹਾਰਾਜੇ ਦੇ ਤੌਰ ਤੇ ਹੀ ਵਸਿਆ ਹੋਇਆ ਸੀ। ਪੰਜਾਬ ਦੇ ਬਸਤੀਵਾਦ ਵਿਚ ਪ੍ਰਵੇਸ਼ ਦੇ ਸਮੇਂ ਹੀ ਪਰਵਾਸ ਸ਼ੁਰੂ ਹੁੰਦਾ ਹੈ। ਪਹਿਲੀ ਸੰਸਾਰ ਜੰਗ ਸਮੇਂ ਤੇਜ਼ ਹੁੰਦਾ ਹੈ। ਇਸ ਵਰਤਾਰੇ ਦੇ ਕੇਂਦਰ ਵਿਚ ਪੰਜਾਬ ਦੀ ਛੋਟੀ ਕਿਸਾਨੀ ਸੀ। ਮਾਲਕ ਕਿਸਾਨੀ ਦੇ ਇਸ ਹਿੱਸੇ ਵਿਚ ਹੀ ਭੂ ਹੇਰਵਾ ਕੇਂਦਰੀ ਪੀੜ ਬਣੀ। ਯੋਰਪ ਦੇ ਨਸਲੀ ਵਰਤਾਰੇ ਨੇ ਇਸ ਵਰਗ ਅੰਦਰ ਗੁਲਾਮ ਹੋਣ ਦੀ ਪੀੜਾ ਨੂੰ ਵੀ ਜਗਾਇਆ। ਇਹ ਪੀੜਾ ਇੱਕਾ-ਦੁੱਕਾ ਪਰਵਾਸੀ ਦੇ ਪ੍ਰਵੇਸ਼ ਨਾਲ ਕਹਾਣੀ ਦੀ ਵਸਤ ਨਹੀਂ ਬਣਦੀ ਸਗੋਂ ਪਰਵਾਸੀਆਂ ਦੇ ਗਰੁੱਪਾਂ ਦੇ ਵਸੇਬੇ ਨੇ ਸਮੂਹਿਕ ਸਮੱਸਿਆਵਾਂ ਨੂੰ ਕਹਾਣੀ ਦੀ ਵਸਤ ਬਣਨ ਲਈ ਸਪੇਸ ਪੈਦਾ ਕੀਤੀ। ਪਰਵਾਸੀ ਪੰਜਾਬੀ ਹੁਣ ਲਗਭਗ ਏਸ਼ੀਆ, ਅਫਰੀਕਾ, ਅਸਟਰੇਲੀਆ ਅਤੇ ਲਗਭਗ ਯੌਰਪ ਦੇ ਸਾਰੇ ਭਾਗਾਂ ਵਿਚ ਮੌਜੂਦ ਹਨ ਪ੍ਰੰਤੂ ਕਹਾਣੀ ਦੀ ਸਿਰਜਣਕਾਰੀ ਦੇ ਮੁੱਖ ਕੇਂਦਰ ਇੰਗਲੈਂਡ, ਅਮਰੀਕਾ ਅਤੇ ਕਨੇਡਾ ਹੀ ਬਣੇ ਹਨ। ਸੱਜਰੀ ਖੋਜ ਅਨੁਸਾਰ ਬਲਦੇਵ

ਸਿੰਘ ਦੁਆਰਾ ਰਚਿਤ ਕਹਾਣੀ ਸੰਗ੍ਰਹਿ 'ਸਾਨੂੰ ਕੌਣ ਪੁੱਛਦਾ?" 1967 ਈ. ਵਿਚ ਸਾਹਮਣੇ ਆਉਂਦਾ ਹੈ। ਇਸ ਤੋਂ ਬਾਅਦ ਪਰਵਾਸੀ ਕਹਾਣੀ ਦੀ ਸਿਰਜਣਕਾਰੀ ਵਿਚ ਇਕ ਪਰੰਪਰਾ ਬਣਦੀ ਹੈ। ਫਿਰ ਇਸ ਕਹਾਣੀ ਦਾ ਨੋਟਿਸ ਲੈਣ ਦੀ ਗੱਲ ਆਉਂਦੀ ਹੈ। ਪਰਵਾਸੀ ਕਹਾਣੀਕਾਰਾਂ ਨੇ ਪੰਜਾਬੀ ਕਹਾਣੀ ਦੇ ਖੇਤਰ ਵਿਚ ਸਥਾਪਤੀ ਲਈ ਪੰਜਾਬ ਵੱਲ ਮੂੰਹ ਕੀਤਾ। ਵਰਲਡ ਪੰਜਾਬੀ ਕਾਨਫਰੰਸਾਂ ਦਾ ਦੌਰ ਸ਼ੁਰੂ ਹੋ ਗਿਆ। ਪੌਂਡ, ਡਾਲਰ ਆਪਦਾ ਜਲਵਾ ਵਿਖਾਉਣ ਲੱਗ ਪਏ। ਇਸ ਵਰਤਾਰੇ ਵਿਚੋਂ ਵਧੀਆ ਕਹਾਣੀ ਲਿਖਣ ਲਈ ਵੀ ਸਪੇਸ ਬਣ ਗਈ। ਬਹੁਤ ਵਧੀਆ ਪਰਵਾਸੀ ਕਹਾਣੀ ਸਾਹਮਣੇ ਆਈ। ਇਸ ਤਰ੍ਹਾਂ ਰਲਿਆ ਮਿਲਿਆ ਕੰਮ ਚੱਲਦਾ ਰਿਹਾ। ਪਰਵਾਸੀਆਂ ਨੇ ਸਾਹਿਤਕ ਪਰਚਿਆਂ ਦੀ ਸਹਾਇਤਾ ਹੀ ਨਹੀਂ ਕੀਤੀ, ਸਗੋਂ ਹੁਣ ਇਕ ਦੂਜੇ ਨਾਲ ਜਿਦ ਕੇ ਭਾਰੀ ਤੋਂ ਭਾਰੀ ਪਰਚੇ ਕੱਢ ਰਹੇ ਹਨ। ਇਸ ਨਾਲ ਹੋਰ ਕੁਝ ਹੋਏ ਨਾ ਹੋਏ ਚੰਗੇ ਮਾੜੇ ਸਾਹਿਤ ਨੂੰ ਛਪਣ ਲਈ ਥਾਂ ਮਿਲ ਰਹੀ ਹੈ। ਆਪਣੇ ਪਰਚਿਆਂ ਵਿਚ ਆਪਣੀਆਂ ਤਸਵੀਰਾਂ ਛਾਪ ਕੇ ਸਾਹਿਤ ਦੇ ਪਰਮੋਟਰ ਅਤੇ ਸਾਹਿਤਕਾਰ ਹੋਣ ਦਾ ਭੁਲੇਖਾ ਤਾਂ ਪੈ ਰਿਹਾ। ਅੱਜ ਕੁਝ ਪੈਸਿਆਂ ਦੇ ਪੱਖ ਤੋਂ ਸਭ ਤੋਂ ਵੱਧ ਇਨਾਮ ਵੀ ਪਰਵਾਸੀ ਹੀ ਦੇ ਰਹੇ ਹਨ। ਭਾਵੇਂ ਹੁਣ ਤਕ ਸਨਮਾਨੀਆਂ ਰਚਨਾਵਾਂ ਉੱਤੇ ਮਾਣ ਕਰਨ ਯੋਗ ਕੋਈ ਕਿਰਤ ਨਹੀਂ ਹੈ। ਪਰ ਇਹ ਵੇਖ ਕੇ ਤਸੱਲੀ ਹੈ ਕਿ ਚਲੋ ਸਾਹਿਤ ਦੇ ਖੇਤਰ ਵਿਚ ਕੁਝ ਤਾਂ ਹੋ ਰਿਹਾ।

ਇਸ ਸਥਿਤੀ ਵਿਚ ਇਹ ਗੱਲ ਤਸੱਲੀਯੋਗ ਹੈ ਕਿ ਪਰਵਾਸੀ ਕਹਾਣੀ ਨੇ ਪਰਵਾਸ ਦੇ ਅਨੁਭਵ ਨੂੰ ਪੇਸ਼ ਕਰਨ ਕਰਕੇ ਇਕ ਪਛਾਣ ਸਥਾਪਤ ਕਰ ਲਈ ਹੈ। ਇੰਗਲੈਂਡ, ਅਮਰੀਕਾ ਅਤੇ ਕਨੇਡਾ ਵਿਚ ਗੌਲਣਯੋਗ ਕਹਾਣੀ ਲਿਖੀ ਗਈ ਹੈ। ਇਨ੍ਹਾਂ ਵਿਚ ਬਹੁਤੇ ਲੇਖਕ ਪੰਜਾਬ ਵਿਚ ਹੀ ਸਿਰਜਣਕਾਰੀ ਨਾਲ ਜੁੜੇ ਹੋਏ ਸਨ। ਇਸੇ ਲਈ ਹੁਣ ਤਕ ਦੀ ਪਰਵਾਸੀ ਕਹਾਣੀ ਪੰਜਾਬੀ ਬਿਰਤਾਂਤਕ ਪੈਟਰਨ ਅਤੇ ਗਲਪੀ ਦ੍ਰਿਸ਼ਟੀ ਦੁਆਲੇ ਘੁੰਮ ਰਹੀ ਹੈ। ਇਸ ਕਹਾਣੀ ਵਿਚਲਾ ਜੀਵਨ ਅਨੁਭਵ ਇਕ ਵੱਖਰੇ ਪਾਸਾਰ ਦਾ ਧਾਰਨੀ ਹੈ। ਕਈ ਵਿਅਕਤੀ ਬਹਿਸ ਕਰਦੇ ਹੋਏ ਕਹਿਣਗੇ ਕਿ ਕਹਾਣੀ ਕਹਾਣੀ ਹੁੰਦੀ ਹੈ। ਇਸ ਦੀ ਵੰਡ ਅਕਾਦਮਿਕ ਲੋੜ ਵਿਚੋਂ ਪੈਦਾ ਹੋਈ ਹੈ। ਉਨ੍ਹਾਂ ਨੂੰ ਪੁੱਛੋ ਕਿ ਭਾਈ ਬੰਦਾ ਤਾਂ ਬੰਦਾ ਹੁੰਦਾ! ਫਿਰ ਇਸ ਨੂੰ ਧਰਮਾਂ, ਕੌਮਾਂ, ਖਿੱਤਿਆਂ, ਭਾਸ਼ਾ ਜਾਂ ਇਤਿਹਾਸਕ ਖੰਡਾਂ ਵਿਚ ਕਿਉਂ ਵੰਡਦੇ ਹੋ। ਜੀਵਨ ਦੀ ਰੰਗ-ਬਰੰਗਤਾ ਅਤੇ ਇਤਿਹਾਸਕ ਵਿਕਾਸ ਨੂੰ ਕਿਉਂ ਕੋਈ ਪਛਾਣ ਦਿੰਦੇ ਹੋ। ਇਸ ਤਰ੍ਹਾਂ ਕਹਾਣੀ ਦੀ ਵੱਖਰਤਾ ਉਸ ਵਿਚ ਪੇਸ਼ ਜੀਵਨ ਦੀ ਵੱਖਰਤਾ ਬਾਰੇ ਹੈ। ਸਮਾਂ ਪਾ ਕੇ ਭਾਵੇਂ ਧੀਮੀ ਰਫ਼ਤਾਰ ਨਾਲ ਹੀ ਸਹੀ ਵੱਖਰਤਾ ਤਾਂ ਬਿਰਤਾਂਤਕ ਪੈਟਰਨ ਅਤੇ ਦ੍ਰਿਸ਼ਟੀ ਵਿਚ ਵੀ ਆਉਂਦੀ ਹੈ।

ਇਸੇ ਬਦਲਾਅ ਕਰਕੇ ਪੰਜਾਬੀ ਕਹਾਣੀ ਦੇ ਪੜਾਵਾਂ ਨੂੰ ਵੀ ਰੇਖਾਂਕਿਤ ਕੀਤਾ ਗਿਆ ਹੈ। ਇਸ ਨੂੰ ਵਰਤਮਾਨ ਦੇ ਸਰੂਪ ਤਕ ਪਹੁੰਚਦੇ ਪਹੁੰਚਦੇ ਵੱਖ-ਵੱਖ ਪੜਾਵਾਂ ਵਿਚੋਂ ਲੰਘਣਾ ਪਿਆ ਹੈ। ਇਹ ਪੜਾਅ ਝੂਰੇਰਵਾ, ਸਭਿਆਚਾਰਕ ਟਕਰਾਅ, ਪੀੜ੍ਹੀ ਪਾੜਾ ਤੋਂ ਮੂਲ ਨਿਵਾਸੀਆਂ ਵਿਚਕਾਰ ਤਾਲਮੇਲ ਤਕ ਪਹੁੰਚਿਆ। ਇਹ ਵਰਤਾਰਾ ਉੱਨੀ ਇੱਕੀ ਦੇ ਫਰਕ ਨਾਲ ਇੰਗਲੈਂਡ, ਅਮਰੀਕਾ ਅਤੇ ਕਨੇਡਾ ਵਿਚ ਚਲ ਰਿਹਾ ਹੈ। ਇਹ ਪਾਸਾਰਾਂ ਦੇ ਕਾਰਨ ਵੀ ਮਿਲਦੇ ਜੁਲਦੇ ਹਨ। ਇੰਗਲੈਂਡ ਸਭ ਤੋਂ ਪਹਿਲਾਂ ਪਰਵਾਸੀ ਕਹਾਣੀ ਦਾ ਕਰਮ ਖੇਤਰ ਬਣਦਾ ਹੈ। ਇਥੇ ਨਸਲਵਾਦ ਇਕ ਵਰਤਾਰੇ ਵਿਚ ਮੌਜੂਦ ਸੀ। ਅੰਗਰੇਜ਼ ਲੰਮਾ ਸਮਾਂ ਸਾਡੇ ਹਾਕਮ ਰਹੇ। ਉਹ ਆਪਣੀਆਂ ਬਸਤੀਆਂ ਦੇ ਬਾਸ਼ਿੰਦਿਆਂ ਨੂੰ ਘਟੀਆ ਅਤੇ ਜਾਹਲ ਸਮਝਦੇ ਸਨ। ਇਸ ਲਈ

ਉਹ ਆਪਣੀ ਬਸਤੀ ਰਹੇ ਦੇਸ਼ ਤੋਂ ਗਏ ਲੋਕਾਂ ਨੂੰ ਘ੍ਰਿਣਾ ਕਰਦੇ ਸਨ। ਇਹ ਇਕ ਵਰਗ ਦੀ ਮਾਨਸਿਕਤਾ ਸੀ ਪ੍ਰੰਤੂ ਕਿਰਤੀਆਂ ਵਿਚਲੇ ਅੰਤਰ-ਵਿਰੋਧ ਉਜਰਤਾਂ ਅਤੇ ਕੰਮ ਨੂੰ ਲੈ ਕੇ ਸਨ। ਉਪਰਲਾ ਵਰਗ ਕਿਰਤੀਆਂ ਦੇ ਇਸ ਵਿਰੋਧ ਨੂੰ ਨਸਲਪ੍ਰਸਤੀ ਦਾ ਅਧਾਰ ਬਣਾਉਂਦਾ ਸੀ। ਇਸ ਵਿਚੋਂ ਨਸਲਵਾਦ ਨਿਕਲਦਾ ਹੈ ਅਤੇ ਇਸ ਸਥਿਤੀ ਵਿਚੋਂ ਝੂਹੇਰਵਾ ਪੈਦਾ ਹੁੰਦਾ ਹੈ। ਵਰਤਮਾਨ ਸੰਕਟ ਮਨੁੱਖ ਨੂੰ ਕਲਪਿਤ ਸੁਖਮਈ ਅਤੀਤ ਵੱਲ ਧੱਕ ਦਿੰਦਾ ਹੈ ਜਿਸ ਵਿਚੋਂ ਪਿਛੋਕੜ ਦੀ ਯਾਦ ਕਹਾਣੀ ਦੀ ਵਸਤ ਬਣਦੀ ਹੈ। ਪਰਵਾਸੀ ਪੰਜਾਬੀ ਕਹਾਣੀ ਦਾ ਮੁੱਢਲਾ ਪੜਾਅ ਇਸੇ ਵਸਤੂ-ਸਥਿਤੀ ਨੂੰ ਸੰਬੋਧਿਤ ਸੀ। ਇਸ ਤੋਂ ਬਾਅਦ ਸਭਿਆਚਾਰਕ ਤਣਾਅ ਦਾ ਪੜਾਅ ਸ਼ੁਰੂ ਹੁੰਦਾ ਹੈ। ਆਰਥਿਕ ਮਸਲੇ ਮਨੁੱਖੀ ਵਿਹਾਰ ਵਿਚੋਂ ਉਭਰਨ ਲੱਗੇ। ਇਸ ਵਿਹਾਰ ਦੀ ਭੂਤਕਾਲ ਨਾਲ ਜੁੜੀ ਇਕ ਸਮੂਹਿਕ ਚੇਤਨਾ ਸੀ। ਇਸ ਚੇਤਨਾ ’ਚੋਂ ਉਪਜਿਆ ਵਿਹਾਰ ਸਭਿਆਚਾਰਕ ਤਣਾਅ ਦਾ ਰੂਪ ਧਾਰ ਕੇ ਕਹਾਣੀ ਦੀ ਵਸਤ ਬਣ ਰਿਹਾ ਸੀ। ਪਰਵਾਸੀਆਂ ਦੇ ਰਹਿਣ ਸਹਿਣ, ਜੀਵਨ ਜਾਚ ਦਾ ਮੂਲ ਨਿਵਾਸੀ ਮਜਾਕ ਬਣਾ ਰਹੇ ਸਨ। ਇਹ ਸਭਿਆਚਾਰਕ ਤਣਾਅ ਮੂਲ ਨਿਵਾਸੀਆਂ ਨਾਲ ਹੀ ਨਹੀਂ ਸਗੋਂ ਸਾਡੀਆਂ ਸਮਾਜਿਕ ਦਰਜੇਬੰਦੀਆਂ ਵਿਚ ਵੀ ਮੌਜੂਦ ਸੀ। ਇਹ ਸਭਿਆਚਾਰਕ ਤਣਾਅ ਪਰਵਾਸੀ ਕਹਾਣੀ ਦੀ ਵਸਤ ਬਣ ਗਿਆ। ਪਰਵਾਸ ਵਿਚ ਪਹੁੰਚਿਆ ਵਿਅਕਤੀ ਆਪਣੇ ਬੰਦ ਸਭਿਆਚਾਰ ਦੀਆਂ ਲੋਹ-ਦੀਵਾਰਾਂ ਵਿਚ ਘਿਰਿਆ ਹੋਇਆ ਸੀ। ਇਸੇ ਲਈ ਉਹ ਔਰਤ ਪ੍ਰਤੀ ਸੋਚ ਨੂੰ ਪਿਛਾਖੜੀ ਮੁੱਲਾਂ ਰਾਹੀਂ ਪਛਾਣ ਰਿਹਾ ਸੀ। ਇਸ ਤਰ੍ਹਾਂ ਪਰਵਾਸੀ ਸਭਿਆਚਾਰ ਦੇ ਮੁਹਾਜ ਉੱਤੇ ਦੋਹਰੀ ਲੜਾਈ ਲੜ ਰਿਹਾ ਸੀ। ਇਹ ਸਾਰੀ ਵਸਤੂ-ਸਥਿਤੀ ਪਰਵਾਸੀ ਕਹਾਣੀ ਦੀ ਵਸਤ ਬਣ ਰਹੀ ਸੀ। ਇਸ ਸਥਿਤੀ ਤਕ ਪਹੁੰਚਦੇ-ਪਹੁੰਚਦੇ ਇਥੋਂ ਗਏ ਪਰਵਾਸੀਆਂ ਦੀ ਇਕ ਨਵੀਂ ਪੀੜ੍ਹੀ ਸਾਹਮਣੇ ਆ ਗਈ ਸੀ। ਇਹ ਪੀੜ੍ਹੀ ਧਰਮ ਤੋਂ ਲੈ ਕੇ ਸਭਿਆਚਾਰਕ ਚਿੰਨ੍ਹਾਂ ਪ੍ਰਤੀ ਬਿਲਕੁਲ ਭਾਵੁਕ ਨਹੀਂ ਸੀ। ਇਹ ਨਵੀਂ ਪੀੜ੍ਹੀ ਪੁਰਾਣੀ ਪੀੜ੍ਹੀ ਲਈ ਮਾਨਸਿਕ ਪੀੜਾਂ ਦਾ ਕਾਰਨ ਬਣ ਰਹੀ ਸੀ। ਇਹ ਆਪਣੇ ਆਪ ਨੂੰ ਯੂਰਪ ਦੇ ਮੂਲ ਨਿਵਾਸੀਆਂ ਦੀ ਨਵੀਂ ਪੀੜ੍ਹੀ ਦੇ ਨੇੜੇ ਸਮਝ ਰਹੀ ਸੀ। ਇਸ ਵਿਚ ਵਿਆਹ ਤੋਂ ਲੈ ਕੇ ਵਿਆਹ ਤੋਂ ਬਾਹਰੇ ਸਬੰਧਾਂ ਦੇ ਮਸਲੇ ਸਾਹਮਣੇ ਆ ਰਹੇ ਸਨ। ਜਿਸ ਵਿਚ ‘ਇੱਜ਼ਤ ਲਈ ਹੱਤਿਆ’ ਵਰਗੇ ਮਸਲੇ ਵੀ ਸਾਹਮਣੇ ਆ ਰਹੇ ਸਨ। ਇਹ ਨਵੀਂ ਅਤੇ ਪੁਰਾਣੀ ਪੀੜ੍ਹੀ ਦਾ ਟਕਰਾਅ ਅਗਲੇ ਦੌਰ ਦੀ ਕਹਾਣੀ ਦੀ ਭਾਰੂ ਵਸਤ ਬਣਨ ਲਗ ਪਿਆ। ਇਸ ਦੇ ਨਾਲ ਬਹੁ-ਨਸਲੀ ਸਭਿਆਚਾਰਾਂ ਅੰਦਰ ਲੋਕਤੰਤਰੀ ਵਿਵਸਥਾ ਨੇ ਸਹਿਹੋਂਦ ਦੀ ਭਾਵਨਾ ਪੈਦਾ ਕਰ ਦਿੱਤੀ। ਇਸ ਨੇ ਗੋਰਿਆਂ ਪ੍ਰਤੀ ਪਰਵਾਸੀਆਂ ਦੇ ਵਿਹਾਰ ਵਿਚ ਤਬਦੀਲੀ ਆਈ। ਭਾਵੇਂ ਅਜੇ ਤਕ ਗੋਰੇ ਸਮਾਜ ਨਾਲ ਕਿੱਤੇ ਜਾਂ ਰਾਜਸੀ ਧਿਰਾਂ ਦੀ ਸਾਂਝ ਤਾਂ ਹੈ ਪ੍ਰੰਤੂ ਰਲੇਵਾ ਅਜੇ ਦੂਰ ਹੈ ਪ੍ਰੰਤੂ ਸਾਡੇ ਲੇਖਕਾਂ ਨੇ ਉਹਨੂੰ ਸਿਰਫ਼ ਸਿਆਹ ਚਿੱਤਰਣਾ ਬੰਦ ਕਰ ਦਿੱਤਾ। ਹੁਣ ਉਨ੍ਹਾਂ ਦਾ ਮਾਨਵੀ ਵਿਹਾਰ ਪਰਵਾਸੀ ਕਹਾਣੀ ਸਿਰਜਣਕਾਰੀ ਦਾ ਹਿੱਸਾ ਬਣ ਰਿਹਾ ਹੈ।

ਸਮਕਾਲੀ ਪਰਵਾਸੀ ਸਮਾਜ ਆਪਣੇ ਸਾਂਸਕ੍ਰਿਤ ਅਵਚੇਤਨ ਨਾਲ ਜੁੜੇ ਮੁੱਲਾਂ ਨਾਲ ਸੰਘਰਸ਼ ਕਰ ਰਿਹਾ ਹੈ। ਉਹ ਪੱਛਮੀ ਸਮਾਜਿਕ ਮੁੱਲਾਂ ਵਿਚ ਜੀ ਰਿਹਾ ਹੈ। ਪ੍ਰੰਤੂ ਨਵੀਂ ਪੀੜ੍ਹੀ ਜਾਇਦਾਦ ਅਤੇ ਸਾਂਸਕ੍ਰਿਤਕ ਮੁੱਲਾਂ ਨਾਲ ਨਿੱਜਵਾਦ ਅਧੀਨ ਤਣਾਅ ਵਿਚ ਜੀ ਰਹੀ ਹੈ। ਮੂਲ ਵਾਸੀਆਂ ਵਾਲਾ ਤਣਾਅ ਪਰਿਵਾਰਕ ਮੁੱਲਾਂ ਵੱਲ ਨੂੰ ਮੁੜ ਰਿਹਾ ਹੈ। ਜਿਸ ਸਾਂਸਕ੍ਰਿਤਕ ਖੋਲ੍ਹ ਵਿਚ ਪਰਵਾਸੀ ਘਿਰਿਆ ਹੋਇਆ ਸੀ, ਉਸ ਨੇ ਉਸ ਨੂੰ ਅਜਿਹੇ ਪੜਾਅ ਉੱਤੇ ਲਿਆ ਖੜ੍ਹਾ

ਕੀਤਾ ਹੈ ਕਿ ਉਹ ਨਵੀਂ ਦੁਨੀਆਂ ਵਿਚ ਰਲੇਵੇਂ ਨੂੰ ਲੈ ਕੇ ਏਕਤਾ ਅਤੇ ਸੰਘਰਸ਼ ਦੇ ਰਾਹ ਵਿਚ ਪੈਂਦਾ ਉਹ ਵਰਤਮਾਨ ਵਿਚ ਪਰਿਵਾਰਕ ਯੂਨਿਟ ਨਾਲ ਟਕਰਾਅ ਵਿਚ ਪਿਆ ਹੋਇਆ ਹੈ। ਬਾਕੀ ਇਸ ਧਾਰਨਾ ਦਾ ਅਧਾਰ ਸਮਕਾਲ ਵਿਚ ਲਿਖੀ ਕਹਾਣੀ ਦਾ ਮੁਲੰਕਣ ਹੈ। ਅਸੀਂ ਪਰਵਾਸੀ ਸਾਹਿਤ ਨੂੰ ਪੰਜਾਬੀ ਸਾਹਿਤ ਦੀ ਵੱਖਰੇ ਅਨੁਭਵ ਦੇ ਪ੍ਰਗਟਾਵੇ ਵਾਲੀ ਧਾਰਾ ਸਮਝਦੇ ਹਾਂ। ਇਸ ਲਈ ਅਸੀਂ ਕਹਾਣੀ ਦੀ ਵਿਧਾ ਦੀ ਚੋਣ ਕੀਤੀ ਅਤੇ ਇਸ ਲਈ ਨਮੂਨੇ ਦੇ ਤੌਰ ਤੇ ਪੰਜ ਕਹਾਣੀਆਂ ਦੀ ਚੋਣ ਕੀਤੀ। ਅਸੀਂ ਇੰਗਲੈਂਡ, ਅਮਰੀਕਾ ਅਤੇ ਕਨੇਡਾ ਵਿਚ ਰਚੀ ਜਾ ਰਹੀ ਕਹਾਣੀ ਰਾਹੀਂ ਪਰਵਾਸੀ ਕਹਾਣੀ ਨੂੰ ਸਮਝਣਾ ਚਾਹੁੰਦੇ ਸੀ। ਇਕ ਅਮਰੀਕਾ ਵਸਦੀ ਜਿਸ ਲੇਖਿਕਾ ਨੂੰ ਅਸੀਂ ਬੇਨਤੀ ਕੀਤੀ ਸੀ ਉਸਨੇ ਕਿਸੇ ਮਜਬੂਰੀ ਵਸ ਆਖਰੀ ਸਮੇਂ ਕਹਾਣੀ ਭੇਜਣ ਤੋਂ ਅਸਮਰੱਥਾ ਜਾਹਿਰ ਕੀਤੀ। ਇਸ ਮਜਬੂਰੀ ਕਰਕੇ ਸਾਨੂੰ ਇੰਗਲੈਂਡ ਅਤੇ ਕਨੇਡਾ ਵਿਚ ਲਿਖੀ ਕਹਾਣੀ ਉੱਤੇ ਹੀ ਨਿਰਭਰ ਕਰਨਾ ਪਿਆ। ਇੰਗਲੈਂਡ ਵਿਚਲੇ ਕਹਾਣੀਕਾਰਾਂ ਵਿਚੋਂ ਸੰਤੋਖ ਧਾਲੀਵਾਲ ਅਤੇ ਹਰਜੀਤ ਅਟਵਾਲ ਅਤੇ ਕਨੇਡਾ ਵਿਚੋਂ ਕੁਲਜੀਤ ਮਾਨ, ਹਰਪ੍ਰੀਤ ਸੇਖਾ ਅਤੇ ਬਲਬੀਰ ਕੌਰ ਸੰਘੇੜਾ ਨੂੰ ਕਹਾਣੀਆਂ ਭੇਜਣ ਲਈ ਬੇਨਤੀ ਕੀਤੀ। ਇਨ੍ਹਾਂ ਪੰਜਾਂ ਨੇ ਸਹਿਯੋਗ ਕੀਤਾ। ਪੰਜ ਕਹਾਣੀਆਂ ਦੀ ਚੋਣ ਸਾਡੀ ਗੋਸ਼ਟੀ ਦੀ ਸੀਮਾ ਸੀ। ਇਸ ਨੂੰ ਬਹੁ-ਪਾਸਾਰੀ ਬਣਾਉਣ ਲਈ ਅਸੀਂ ਨਾਰੀ ਲੇਖਕ ਅਤੇ ਦਲਿਤ ਲੇਖਕ ਨੂੰ ਵੀ ਸ਼ਾਮਲ ਕਰਨਾ ਚਾਹੁੰਦੇ ਸੀ। ਹੈਰਾਨੀ ਹੈ ਕਿ ਇਨ੍ਹਾਂ ਤਿੰਨਾਂ ਦੇਸ਼ਾਂ ਵਿਚ ਵਸਦੇ ਦਲਿਤਾਂ ਵਿਚੋਂ ਕਹਾਣੀ ਦੇ ਖੇਤਰ ਵਿਚ ਸਾਨੂੰ ਨਜ਼ਰ ਨਹੀਂ ਆਇਆ। ਸਾਰੇ ਕਹਾਣੀਕਾਰ ਸਮੇਤ ਨਾਰੀ ਲੇਖਕ ਕਿਸਾਨੀ ਪਿਛੋਕੜ ਵਾਲੇ ਹਨ। ਇਸ ਵਿਚ ਸੰਤੋਖ ਧਾਲੀਵਾਲ ਦੀ ਕਹਾਣੀ, 'ਕਿਸਮਿਸ ਈਵ' ਪਰੰਪਰਾਗਤ ਔਰਤ ਮਰਦ ਦੇ ਪਰਿਵਾਰ ਲਈ ਬਣੇ ਯੂਨਿਟ ਦੀ ਮਰਿਆਦਾ ਨੂੰ ਭੰਗ ਕਰਕੇ ਇਕ ਟਰਾਂਸਜੈਂਡਰ ਨਾਲ ਵਿਆਹੁਤਾ ਜੀਵਨ ਬਿਤਾਉਣ ਦੀ ਪਹਿਲ ਵਿਚੋਂ ਪੈਦਾ ਹੋਇਆ ਸੰਕਟ ਕਹਾਣੀ ਦੇ ਕੇਂਦਰ ਵਿਚ ਹੈ। ਹਰਜੀਤ ਅਟਵਾਲ ਦੀ ਕਹਾਣੀ 'ਵਰ੍ਹੇਗੰਢ ਮੁਬਾਰਕ' ਕਹਾਣੀ ਪਰਵਾਸ ਵਿਚ ਰਹਿ ਰਹੀ ਉਸ ਪੀੜ੍ਹੀ ਦਾ ਸੰਕਟ ਹੈ ਜਿਹੜੀ ਆਪਣੇ ਸੁਰੱਖਿਅਤ ਬੁਢਾਪੇ ਨੂੰ ਲੈ ਕੇ ਜਾਇਦਾਦ ਲਈ ਔਲਾਦ ਨਾਲ ਤਣਾਅ ਵਿਚ ਹੈ। ਇਹ ਪਰਵਾਸੀ ਜੀਵਨ ਦਾ ਨਵਾਂ ਸੰਕਟ ਹੈ। ਨਵੀਂ ਪੀੜ੍ਹੀ ਮਾਪਿਆਂ ਦੀ ਜਾਇਦਾਦ ਨੂੰ ਲੈ ਕੇ ਮਾਨਵੀ ਰਿਸ਼ਤਿਆਂ ਨਾਲ ਜੁੜੀ ਜਿੰਮੇਵਾਰੀ ਚੁੱਕਣ ਲਈ ਤਾਂ ਤਿਆਰ ਨਹੀਂ ਪ੍ਰੰਤੂ ਉਨ੍ਹਾਂ ਦੀ ਜਾਇਦਾਦ ਨੂੰ ਲੈ ਕੇ ਚਿੰਤਤ ਹੈ। ਕੁਲਜੀਤ ਮਾਨ ਦੀ ਕਹਾਣੀ 'ਵਰਜਿਤ ਫਲ' ਪਰਵਾਸ ਵਿਚ ਵਸਣ ਲਈ ਪਰਿਵਾਰਕ ਸੁੱਖ ਸ਼ਾਂਤੀ ਤਕ ਨੂੰ ਦਾਅ ਉੱਤੇ ਲਾ ਦਿੰਦੇ ਹਨ। ਹਰਪ੍ਰੀਤ ਸੇਖਾਂ ਦੀ ਕਹਾਣੀ 'ਉਹ ਰਾਤ' ਬਹੁਤ ਮਹੱਤਵਪੂਰਨ ਕਹਾਣੀ ਹੈ। ਇਹ ਕਹਾਣੀ ਉਸ ਨਵੀਂ ਪੀੜ੍ਹੀ ਦੇ ਸੁਪਨੇ ਅਤੇ ਵਾਸਤਵਿਕਤਾ ਦਾ ਤਣਾਅ ਹੈ ਜਿਹੜੀ ਆਪਣੇ ਭਵਿੱਖੀ ਸੁਪਨੇ ਨੂੰ ਸਾਕਾਰ ਕਰਨ ਲਈ ਪਰਵਾਸ ਲਈ ਕਾਰਜਸ਼ੀਲ ਹੈ। ਸੇਖਾ ਇਸ ਕਹਾਣੀ ਵਿਚ ਕਈ ਮਸਲੇ ਚੁੱਕਦਾ ਹੈ। ਬਲਬੀਰ ਕੌਰ ਸੰਘੇੜਾ ਦੀ ਕਹਾਣੀ 'ਭਾਰ' ਅਜਿਹੀ ਲੰਮੀ ਕਹਾਣੀ ਹੈ ਜਿਹੜੀ ਪਰਵਾਸੀਆਂ ਦੀ ਭਵਿੱਖੀ ਪਰਿਵਾਰਕ ਸਮਰਿਧੀ ਲਈ ਜੜ ਸੰਸਕਾਰਾਂ ਦੇ ਖੋਲ੍ਹ ਤੋਂ ਮੁਕਤੀ ਦੀ ਪੈਰਵੀ ਕਰਦੀ ਹੈ। ਅਸੀਂ ਇਹ ਦਾਅਵਾ ਨਹੀਂ ਕਰਦੇ ਕਿ ਸਮਕਾਲੀ ਪਰਵਾਸ ਦੀਆਂ ਸਮੱਸਿਆਵਾਂ ਨੂੰ ਇਨ੍ਹਾਂ ਕਹਾਣੀਆਂ ਦੇ ਪਿੰਜਰ ਵਿਚੋਂ ਪਛਾਣਿਆ ਜਾ ਸਕਦਾ ਹੈ ਪ੍ਰੰਤੂ ਇਨ੍ਹਾਂ ਵਿਚੋਂ ਸਮਕਾਲ ਦੀ ਟੋਹ ਮਿਲਦੀ ਹੈ। ਇਹ ਕਹਾਣੀਆਂ ਉੱਤੇ ਹੋਈ ਵਿਚਾਰ ਚਰਚਾ ਤੋਂ ਮਹਿਸੂਸ ਹੁੰਦਾ ਹੈ।

-ਰਜਨੀਸ਼ ਬਹਾਦਰ ਸਿੰਘ

# ਪਰਵਾਸੀ ਪੰਜਾਬੀ ਕਹਾਣੀ : ਨਵੇਂ ਉਚਾਰ

–ਪ੍ਰੋ. ਧਨਵੰਤ ਕੌਰ

ਪਰਵਾਸੀ ਪੰਜਾਬੀ ਕਹਾਣੀ ਦੇ ਸਮਕਾਲੀ ਦ੍ਰਿਸ਼ 'ਤੇ ਉਭਰ ਰਹੇ ਸੱਜਰੇ ਜਾਂ ਪਰੰਪਰਾ ਤੋਂ ਹਟਵੇਂ ਉਚਾਰ ਦੀ ਨਿਸ਼ਾਨਦੇਹੀ ਕਰਦਿਆਂ ਪਿੱਠ ਭੂਮੀ ਵਜੋਂ ਪਰਵਾਸੀ ਪੰਜਾਬੀ ਕਹਾਣੀ ਦੀ ਪਰੰਪਰਾ ਅਤੇ ਪ੍ਰਕਿਰਤੀ ਦੇ ਕੁਝ ਬੁਨਿਆਦੀ ਨੁਕਤੇ ਜ਼ਿਹਨ ਵਿਚ ਰੱਖਣੇ ਜ਼ਰੂਰੀ ਹਨ:

ਪਰਵਾਸੀ ਪੰਜਾਬੀ ਭਾਵੇਂ ਇਸ ਵੇਲੇ ਸੌ ਤੋਂ ਵੱਧ ਮੁਲਕਾਂ ਵਿਚ ਵਸੀਂਦੇ ਦੱਸੇ ਜਾਂਦੇ ਹਨ ਪਰ ਪਰਵਾਸੀ ਪੰਜਾਬੀ ਕਹਾਣੀ ਦਾ ਭੂਗੋਲ, ਹਾਲ ਦੀ ਘੜੀ, ਪੰਜਾਬੀ ਪਰਵਾਸ ਦੇ ਤਿੰਨ ਮੁੱਖ ਟਿਕਾਣਿਆਂ, ਇੰਗਲੈਂਡ, ਅਮਰੀਕਾ ਅਤੇ ਕੈਨੇਡਾ ਤੱਕ ਹੀ ਸਿਮਟਿਆ ਹੋਇਆ ਹੈ।

ਇਨ੍ਹਾਂ ਵਿਕਸਿਤ ਪੱਛਮੀ ਮੁਲਕਾਂ ਵਲ ਪੰਜਾਬੀ ਪਰਵਾਸ ਦੇ ਇਤਿਹਾਸ ਦੀਆਂ ਪੈੜਾਂ ਭਾਵੇਂ ਇਕ ਡੇਢ ਸਦੀ ਪਿੱਛੇ ਤਕ ਲੱਭੀਆਂ ਜਾ ਸਕਦੀਆਂ ਹਨ ਪਰ ਪਰਵਾਸੀ ਪੰਜਾਬੀ ਘਰਾਂ–ਪਰਿਵਾਰਾਂ ਦੇ ਬਿਗਾਨੇ ਮੁਲਕਾਂ ਵਿਚ ਜੀਣ–ਥੀਣ ਦੀਆਂ ਨਿੱਜੀ ਨਿਕਟੀ ਰਮਜ਼ਾਂ ਅਤੇ ਅਸਤਿਤਵੀ ਪੁੱਛਾਂ ਪ੍ਰਤੀਤੀਆਂ ਵੱਲ ਝਰੋਖਾ ਖੋਲ੍ਹਣ ਵਾਲੀਆਂ ਪੰਜਾਬੀ ਕਹਾਣੀਆਂ ਦੀ ਉਮਰ ਅਜੇ ਪੰਜ ਸਾਢੇ ਪੰਜ ਦਹਾਕੇ ਹੀ ਬਣਦੀ ਹੈ। ਪਰਵਾਸ ਦੇ ਔਖੇ ਭਾਰੇ ਅਨੁਭਵਾਂ ਜਾਂ ਪਰਵਾਸ ਦੌਰਾਨ ਅਰਜਿਤ ਕੀਤੀਆਂ ਸੋਝੀਆਂ, ਸਮਝਦਾਰੀਆਂ ਦੇ ਪ੍ਰਮਾਣ 20ਵੀਂ ਸਦੀ ਦੇ ਐਨ ਮੁੱਢ ਵਿਚ,ਇਨ੍ਹਾਂ ਹੀ ਧਰਤੀਆਂ ਤੋਂ, ਭਾਵੇਂ ਗ਼ਦਰੀ ਲਿਖਤਾਂ ਨੇ ਵੀ ਦਿੱਤੇ ਪਰ ਉਹ ਪਰਵਾਸੀ ਪੰਜਾਬੀ ਦੀ ਹੋਂਦ–ਸਥਿਤੀ ਜਾਂ ਹੋਂਦ–ਚੇਤਨਾ ਦੇ ਸਮਾਚਾਰ ਹੀ ਸਨ,ਬਿਗਾਨੀਆਂ ਧਰਤੀਆਂ ਤੇ ਹੋਂਦ–ਜ਼ਮੀਨ ਤਲਾਸ਼ਦੀਆਂ ਪੰਜਾਬੀ ਸ਼ਨਾਖ਼ਤਾਂ ਦੀਆਂ ਬਾਤਾਂ ਨਹੀਂ ਸਨ। ਅਜਿਹੀਆਂ ਬਾਤਾਂ ਪਾਉਣ ਵਾਲਾ ਪਹਿਲਾ ਕਹਾਣੀ ਸੰਗ੍ਰਹਿ ਇੰਗਲੈਂਡ ਦੇ ਹਵਾਲੇ ਨਾਲ 1976ਵਿਚ (ਸਾਨੂੰ ਕੌਣ ਪੁੱਛਦਾ?/ਬਲਦੇਵ ਸਿੰਘ), ਅਮਰੀਕਾ ਦੀ ਧਰਤੀ ਤੋਂ 1972 ਵਿਚ (ਮਾਧਿਅਮ/ਜਗਜੀਤ ਬਰਾੜ)ਅਤੇ ਕੈਨੇਡਾ ਦੇ ਹਵਾਲੇ ਨਾਲ 1978 (ਜਿੱਥੇ ਦੀਵਾਰਾਂ ਨਹੀਂ/ਰਵਿੰਦਰ ਰਵੀ)ਵਿਚ ਛਪਿਆ।

ਪ੍ਰਕਾਸ਼ਿਤ ਰਚਨਾਵਾਂ ਦੇ ਆਧਾਰ ਤੇ ਪੰਜਾਬੀ ਕਹਾਣੀਕਾਰਾਂ ਦੀ ਹੁਣ ਤੱਕ ਕੁੱਲ ਗਿਣਤੀ 100ਕੁ ਦੇ ਨੇੜੇ ਪਹੁੰਚਦੀ ਹੈ। ਇਨ੍ਹਾਂ ਵਿਚੋਂ 20 ਨਾਰੀ ਲੇਖਕ ਹਨ।ਪਰ ਇਸ ਫਹਿਰਿਸਤ ਵਿਚ ਇਨ੍ਹਾਂ ਮੁਲਕਾਂ ਵਿਚ ਵਸੇ ਪਰਵਾਸੀਆਂ ਦੀ ਉਥੇ ਜੰਮੀ–ਪਲੀ ਭਾਵ ਦੂਜੀ, ਤੀਜੀ ਪੀੜ੍ਹੀ ਵਿਚੋਂ ਇਕ ਵੀ ਨਾਂ ਸ਼ਾਮਿਲ ਨਹੀਂ।

ਪਰਾਏ ਮੁਲਕਾਂ, ਬਿਗਾਨੇ ਬਲਕਿ ਟਾਕਰਵੇਂ ਮੇਜ਼ਬਾਨ ਸਭਿਆਚਾਰ ਤੇ ਹੋਰ ਪਰਵਾਸੀ ਭਾਈਚਾਰਿਆਂ ਵਿਚ ਵਸਣ–ਰਸਣ ਦੀਆਂ ਚਾਰਾਜੋਈਆਂ ਕਰਦੇ ਪੰਜਾਬੀ ਬੰਦੇ ਦੀ ਹੋਂਦ–ਮੀਮਾਂਸਾ ਵਿਚੋਂ ਉਪਜੀ ਪਰਵਾਸੀ ਸੰਵੇਦਨਾ ਪਰਵਾਸੀ ਪੰਜਾਬੀ ਕਹਾਣੀ ਦੀ ਹੇਤੂ ਹੈ ਪਰ ਪਰਵਾਸੀ ਸੰਵੇਦਨਾ ਪੰਜਾਬੀ ਪਰਵਾਸੀ ਸਮੂਹ ਦਾ ਕੋਈ ਅਖੰਡ ਅਨੁਭਵ ਨਹੀਂ। ਹਰ ਪਰਵਾਸੀ ਦੀ ਪਰਵਾਸੀ ਸੰਵੇਦਨਾ ਨੂੰ ਘੜਨ ਵਿਚ ਪਰਵਾਸ ਦੇ ਕਾਰਨ ਜਾਂ ਸੰਦਰਭ ਹੀ ਨਹੀਂ, ਪਰਵਾਸੀ ਦੀ ਉਮਰ, ਅਨੁਭਵ, ਸਿੱਖਿਆ, ਸਿਖਲਾਈ, ਜਾਤ, ਜਮਾਤ, ਜੈਂਡਰ ਤੇ ਵਿਚਾਰਧਾਰਕ ਚੇਤਨਾ

ਪ੍ਰਭਾਵੀ ਰੂਪ ਵਿਚ ਦਖ਼ਲਅੰਦਾਜ਼ ਹੈ।ਮਸਲਨ ਪਰਵਾਸ ਅਤੇ ਪਰਵਾਸ ਉਪਰੰਤ ਪੰਜਾਬੀ ਔਰਤ ਦਾ ਅਨੁਭਵ ਮਰਦ ਨਾਲੋਂ ਅਤੇ ਨੌਜਵਾਨਾਂ ਦਾ ਮਾਪਿਆਂ ਨਾਲੋਂ ਵੱਖਰਾ ਰਿਹਾ ਹੈ। ਪਰਵਾਸੀਆਂ ਦੀਆਂ ਦੋ ਪੀੜ੍ਹੀਆਂ ਵਿਚ ਤਾਂ ਪੀੜ੍ਹੀ ਪਾੜਾ ਸਮਝ ਆਉਂਦਾ ਹੀ ਹੈ, ਪਰਵਾਸੀਆਂ ਦੀ ਇਕ ਪੀੜ੍ਹੀ ਦੀ ਸੰਵੇਦਨਾ ਨੂੰ ਇਕੋ ਪੱਧਰ ਜਾਂ ਵਿਹਾਰ ਦੀ ਲਖਾਇਕ ਮੰਨਣਾ ਵੀ ਭੁੱਲ ਹੈ।ਕਾਨੂੰਨੀ ਤੌਰ ਤੇ ਗਏ ਪਰਵਾਸੀ ਦਾ ਅਨੁਭਵ ਗੈਰ-ਕਾਨੂੰਨੀ ਤੌਰ 'ਤੇ ਗਏ ਪਰਵਾਸੀ ਨਾਲੋਂ, ਅਨਪੜ੍ਹ ਜਾਂ ਅਣਸਿੱਖਿਅਤ ਕਾਮੇ ਵਜੋਂ ਗਏ ਪਰਵਾਸੀ ਦਾ ਹੁਨਰਮੰਦ/ਪੜ੍ਹੇ ਲਿਖੇ/ਪ੍ਰੋਫੈਸ਼ਨਲ ਜਾਂ ਅਕਾਦਮੀਸ਼ੀਅਨ ਨਾਲੋਂ ਵੱਖਰਾ ਹੋਣਾ ਸੁਭਾਵਿਕ ਹੈ। ਇਸੇ ਤਰ੍ਹਾਂ ਵਿਚਾਰਧਾਰਕ ਚੇਤਨਾ ਨਾਲ ਪਰਣਾਏ ਬੰਦੇ ਦੀ ਸੋਚ ਦਾ ਪੱਧਰ ਤੇ ਪੈਂਤੜਾ ਆਮ ਬੰਦੇ ਦੇ ਪ੍ਰਤਿਕਰਮਾਂ ਨਾਲੋਂ ਵੱਖਰਾ ਹੋਣਾ ਤੈਅ ਹੈ।ਇਸੇ ਕਰਕੇ ਪਰਵਾਸੀ ਪੰਜਾਬੀ ਕਹਾਣੀਕਾਰਾਂ ਦੇ ਪਹਿਲੇ ਪੂਰ ਵਿਚ ਹੀ ਪ੍ਰਗਤੀਵਾਦੀ ਲਹਿਰ ਨਾਲ ਵਿਚਾਰਧਾਰਕ ਪ੍ਰਤਿਬੱਧਤਾ ਰੱਖਣ ਵਾਲੇ ਕਹਾਣੀਕਾਰਾਂ ਨੇ ਪਰਵਾਸ ਦੀ ਵਿਡੰਬਣਾ ਨੂੰ ਜਾਂ ਮੇਜ਼ਬਾਨ ਸਮਾਜ ਦੇ ਵਿਤਕਰਿਆਂ ਭਰੇ ਵਿਹਾਰਾਂ ਅਤੇ ਪ੍ਰਹਾਰਾਂ ਨੂੰ ਬੜੀ ਛੇਤੀ ਪ੍ਰਤੱਖਿਆ ਅਤੇ ਆਪਣੀ ਕਹਾਣੀ ਨੂੰ ਸਮੂਹਿਕ ਸੰਘਰਸ਼ ਦੇ ਪ੍ਰਗਤੀਵਾਦੀ ਸੁਨੇਹਿਆਂ ਨਾਲ ਸੀਖਿਆ।

ਪੰਜਾਬੀਆਂ ਦਾ ਮੁੱਢਲਾ ਪਰਵਾਸ ਖੱਟਣ ਕਮਾਉਣ ਲਈ ਖ਼ੁਦ ਹਿਜਰਤ ਚੁਣਨ ਵਾਲੇ ਉੱਦਮੀ ਕਾਮਿਆਂ/ਮਜ਼ਦੂਰਾਂ ਦਾ ਪਰਵਾਸ ਸੀ। ਆਰਥਕ ਪਦਾਰਥਕ ਖ਼ੁਸ਼ਹਾਲੀ ਦੇ ਸੁਪਨੇ ਲੈ ਕੇ ਬਰਫਾਂ ਲੱਦੇ ਮੌਸਮਾਂ ਵਾਲੀਆਂ ਪਰਾਈਆਂ ਧਰਤੀਆਂ 'ਤੇ ਉੱਤਰੇ ਮਿਹਨਤੀ ਮੁਸ਼ੱਕਤੀ ਪੰਜਾਬੀ ਬੰਦੇ ਨੂੰ ਉਹ ਦੇਸ਼ 'ਸੁਰਗ ਦੀ ਧਰਤੀ'ਲੱਗੇ ਸਨ ਭਾਵੇਂ ਵਿਕਸਿਤ ਮੁਲਕਾਂ ਦੀ ਮਜ਼ਦੂਰ ਮੰਡੀ ਵਿਚ ਉਨ੍ਹਾਂ ਨੂੰ ਹੇਠਲਾ ਦਰਜਾ ਹੀ ਮਿਲਿਆ ਸੀ। ਮੇਜ਼ਬਾਨ ਸਮਾਜ ਦੀ ਵਧੀਕੀ ਸਿਰਫ਼ ਏਨੀ ਹੀ ਨਹੀਂ ਸੀ ਕਿ ਉਨ੍ਹਾਂ ਨੇ ਸਾਰੀਆਂ ਔਖੀਆਂ, ਭੈੜੀਆਂ, ਖਤਰਿਆਂ ਭਰੀਆਂ CD Jobs ਗੋਰੀ ਲੇਬਰ ਤੋਂ ਛੁਡਾ ਉਹਦੇ ਵੱਲ ਧਕੇਲ ਦਿੱਤੀਆਂ ਸਨ,ਉਸ ਸਮਾਜ ਦੀ ਸਾਮਰਾਜੀ ਹੈਂਕੜ ਅਤੇ ਨਸਲੀ ਤੁਅੱਸਬ ਨੇ ਉਨ੍ਹਾਂ ਦੀਆਂ ਰੰਗਭੇਦੀ ਸ਼ਨਾਖ਼ਤਾਂ ਨੂੰ ਹੀਣੇ, ਹੇਚ, ਅਸਭਿਅਕ ਗਰਦਾਨਣ ਦੀ ਜ਼ਿੱਦ ਪੁਗਾਉਂਦਿਆਂ ਉਨ੍ਹਾਂ ਨੂੰ ਵੱਡੇ ਦਾਬੇ ਹੇਠ ਵੀ ਲੈ ਲਿਆ ਸੀ।ਇਹ ਵਧੀਕੀਆਂ ਪਰਵਾਸੀ ਪੰਜਾਬੀ ਦੇ ਉਸ ਜੋਖਮ ਅਤੇ ਜਜ਼ਬੇ ਨੂੰ ਕਈ-ਕਈ ਜ਼ਰਬਾਂ ਦੇ ਰਹੀਆਂ ਸਨਜਿਹੜਾ ਇਕੋ ਵੇਲੇ ਆਪਣਿਆਂ ਦੇ ਹੇਰਵਿਆਂ,ਉਦਰੇਵਿਆਂ ਕਰਕੇ ਅਤੇ ਦੂਜੇ ਪਾਸੇ ਪਰਾਇਆਂ ਵਿਚ ਵੱਸਣ ਦੀ ਇਸ ਇੱਛਾ, ਅਨੁਕੂਲਣ ਦੀ ਚਾਹਤ ਤੇ ਟਿਕਾਓ ਦੀ ਕਾਮਨਾ ਕਰਕੇ ਪਹਿਲਾਂ ਹੀ ਸਾਣ 'ਤੇ ਚੜ੍ਹਿਆ ਹੋਇਆ ਸੀ।

20 ਵੀਂ ਸਦੀ ਵਿਚ ਰਚੀ ਗਈ ਪਰਵਾਸੀ ਪੰਜਾਬੀ ਕਹਾਣੀ ਵਾਸਤਵ ਵਿਚ ਪਰਵਾਸ ਦੇ ਜੋਖਮ ਅਤੇ ਜ਼ਖ਼ਮਾਂ ਦੀ ਦਾਸਤਾਂ ਸੀ। ਇਨ੍ਹਾਂ ਕਹਾਣੀਆਂ ਦੇ ਪ੍ਰਸੰਗ ਅਤੇ ਸੰਦਰਭ ਪਰਵਾਸੀ ਕੋਲੋਂ ਆਪਣਾ ਘਰ ਛੁੱਟਣ/ਛੱਡਣ ਦੇ ਅਸਹਿ ਦੁੱਖਾਂ ਅਤੇ ਕਸ਼ਟਦਾਇਕ ਆਵੇਸ਼ ਵਿਚੋਂ ਆਪਮੁਹਾਰੇ ਵੀ ਨਿਕਲੇ ਅਤੇ ਇਨ੍ਹਾਂ ਕਹਾਣੀਆਂ ਦੇ ਥੀਮ ਨਵੇਂ ਪਰਿਵੇਸ਼ ਵਿਚ ਘਰ ਵਰਗਾ ਸਭ ਕੁਝ ਲੱਭਦੇ ਪਰਵਾਸੀ ਦੀਆਂ ਸੰਕਟਗ੍ਰਸਤ ਅੰਤਰਮੁਖਤਾਵਾਂ ਨੇ ਨਵੇਂ ਸਿਰਿਓਂ ਵੀ ਘੜੇ। ਝੁਹੇਰਵਾ, ਨਸਲਵਾਦ, ਬੇਘਰਤਾ, ਜੜ੍ਹਹੀਣਤਾ, ਪੀੜ੍ਹੀ ਪਾੜਾ ਵਰਗੇ ਬਹੁਤ ਸਾਰੇ ਅਨੁਭਵਾਂ/ਅਹਿਸਾਸਾਂ/ਵੰਗਾਰਾਂ/ਥੀਮਾਂ/ਸਿਧਾਂਤਾਂ ਨੂੰ ਆਕਾਰ ਅਤੇ ਆਧਾਰ ਇਨ੍ਹਾਂ ਕਹਾਣੀਆਂ ਨੇ ਹੀ ਦਿੱਤੇ। ਆਪਣੇ ਪਾਤਰਾਂ ਰਾਹੀਂ ਬਿਰਤਾਂਤੀਆਂ ਸਾਰੀਆਂ ਨਿੱਜਤਾਵਾਂ, ਅੰਤਰ ਮੁਖਤਾਵਾਂ ਸਮੇਤ

ਇਨ੍ਹਾਂ ਕਹਾਣੀਆਂ ਦਾ ਕਥਾ ਵਿਵੇਕ ਇਸ ਅੰਤਰਦ੍ਰਿਸ਼ਟੀ ਨੂੰ ਪ੍ਰਮਾਣਿਤ ਕਰਨ ਵਿਚ ਸਫ਼ਲ ਰਿਹਾ ਕਿ ਮੇਜ਼ਬਾਨ ਮੁਲਕ ਦੇ ਬਾਹਰੀ ਪਰਿਵੇਸ਼ ਨੇ ਪੰਜਾਬੀ ਬੰਦੇ ਨੂੰ ਭਰਮਾਇਆ, ਉਕਸਾਇਆ, ਡਰਾਇਆ, ਧਮਕਾਇਆ, ਖਿੱਚਿਆ, ਖਦੇੜਿਆ ਪਰ ਸਮੋਇਆ ਨਹੀਂ।

ਬਿਗਾਨੀਆਂ ਧਰਤੀਆਂ 'ਤੇ ਹਿਜਰਤ ਕਰਕੇ ਗਿਆ ਹਰ ਪਰਵਾਸੀ ਸਮੂਹ ਆਪਣਾ ਸਫ਼ਰ ਹੇਠੋਂ ਹੀ ਸ਼ੁਰੂ ਕਰਦਾ ਹੈ।ਹੋਰ ਤਾਂ ਹੋਰ ਮੇਜ਼ਬਾਨ ਸਮਾਜ ਦਾ ਸਭਿਆਚਾਰਕ ਦਾਬਾ ਹੀ ਉਸਨੂੰ ਹਾਸ਼ੀਏ 'ਤੇ ਧੱਕੀ ਰੱਖਦਾ ਹੈ ਪਰ ਅੰਦਰਲੇ ਸਿਰੜ ਨਾਲ ਟਿਕਿਆ ਅਤੇ ਮਿਹਨਤ ਤੇ ਉੱਦਮ ਨਾਲ ਸਫਲਤਾ ਦੀ ਪੌੜੀਆਂ ਚੜ੍ਹਦਾ-ਚੜ੍ਹਦਾ ਉਹ ਮੁਕਾਬਲੇ ਵਿਚ ਆਪਣੀ ਸਪੇਸ ਕਲੇਮ ਕਰਨ ਤੱਕ ਪਹੁੰਚ ਜਾਂਦਾ ਹੈ। ਉਹ ਹਰ ਵੇਲੇ ਘਰ ਛੱਡਣ/ਛੁੱਟਣ ਦੀਆਂ ਉਦਾਸੀਆਂ ਜਾਂ ਮੇਜ਼ਬਾਨ ਮੁਲਕ ਦੀਆਂ ਅਮੀਰੀਆਂ ਤੋਂ ਅਚੰਭਿਤ ਜਾਂ ਦਾਬੇ ਤੋਂ ਅਤੰਕਿਤ ਹੁੰਦਾ ਹੋਇਆ ਵੀ ਆਪਣੀ ਹੋਂਦ ਜਤਾਉਣ ਲੱਗਦਾ ਹੈ। ਉਸ ਦੀਆਂ ਲਿਖਤਾਂ ਵੀ ਘਰਾਂ ਦੇ ਅੰਦਰਵਾਰ ਜਾਤੀ ਤੌਰ 'ਤੇ ਹੰਢਾਏ, ਲੁਕਾਏ, ਡੱਕੇ, ਡੁੱਬੋਏ, ਗੁੱਝੇ ਮਾਰੂ ਭੇਦਾਂ ਜਾਂ ਅਨੁਭਵਾਂ ਨੂੰ ਪ੍ਰਗਟਾਉਣ ਦੀ ਥਾਂ ਬਾਹਰੀ ਸੰਸਾਰ ਦੇ ਸਮਕਾਲੀਨ ਪ੍ਰਸੰਗਾਂ ਵਿਚ 'ਅਸੀਂ' ਅਤੇ 'ਆਪਣੇ' ਦੇ ਗੌਰਵ ਸਮੇਤ ਹਾਜ਼ਰ ਹੋਣ ਦੀ ਜੁਸਤਜੂ ਵਿਖਾਉਣ ਲੱਗਦੀਆਂ ਹਨ। ਉਂਜ ਤਾਂ ਪਰਵਾਸੀ ਬਿਰਤਾਂਤਾਂ ਦੇ ਮਸਲਿਆਂ ਦਾ ਧੁਰਾ ਹੀ ਉਹ ਸ਼ਨਾਖ਼ਤਾਂ ਹੁੰਦੀਆਂ ਹਨ। ਨਸਲ, ਧਰਮ, ਬੋਲੀ ਦੀ ਸ਼ੁੱਧਤਾ ਜਾਂ ਆਪਣੀਆਂ ਕਦਰਾਂ ਕੀਮਤਾਂ ਦੀ ਉੱਤਮਤਾ ਦੇ ਨਿਹਿਤ ਪ੍ਰਤਿਮਾਨ ਕਰਕੇ ਨਾਰੀ, ਵਿਆਹ, ਨਵੀਂ ਪੀੜ੍ਹੀ ਇਨ੍ਹਾਂ ਬਿਰਤਾਂਤਾਂ ਦੇ ਮੁੱਖ ਮੁੱਦੇ ਹੁੰਦੇ ਹਨ। ਪਰ ਹੁਣ ਜਦੋਂ ਪਰਵਾਸੀਆਂ ਦੀਆਂ ਅਗਲੀਆਂ ਪੀੜ੍ਹੀਆਂ ਪਿੱਛੇ ਮੁੜਨ ਦੀ ਮਿੱਥ ਨੂੰ ਪੱਕੇ ਤੌਰ 'ਤੇ ਤਿਲਾਂਜਲੀ ਦੇ ਚੁੱਕੀਆਂ ਹਨ, ਬਾਹਰੋਂ ਪ੍ਰਭਾਵ ਲੈ ਹੀ ਨਹੀਂ ਰਹੀਆਂ ਦੇ ਵੀ ਰਹੀਆਂ ਹਨ, ਪੰਜਾਬੀ ਬਿਰਤਾਂਤ ਵਿਚ ਸ਼ਨਾਖ਼ਤਾਂ ਦੀ ਪੇਸ਼ਕਾਰੀ ਨਿਸਚੇ ਹੀ ਵੱਡੇ ਬਦਲਾਅ ਵਿਚ ਹੈ। ਇਹ ਬਦਲਾਅ ਪੰਜਾਬੀ ਸ਼ਨਾਖ਼ਤਾਂ ਦੀਆਂ ਪਾਰ ਸਭਿਆਚਾਰਕ ਪਹਿਲ ਕਦਮੀਆਂ ਵਿਚੋਂ ਵੀ ਨਜ਼ਰ ਆ ਰਿਹਾ ਹੈ ਅਤੇ ਨਵੀਆਂ ਬਹੁਪਰਤੀ ਪੰਜਾਬੀ ਸ਼ਨਾਖ਼ਤਾਂ ਵਿਚ ਵੀ ਨਿਰਮਿਤ ਹੋ ਰਿਹਾ ਹੈ। ਹੁਣ ਪੰਜਾਬੀ ਕਹਾਣੀਆਂ ਪਹਿਲਾਂ ਵਾਂਗ ਨਾ ਮੂਲ ਸਭਿਆਚਾਰ ਦੇ ਆਦਰਸ਼ਾਂ ਦੇ ਦਾਬੇ ਹੇਠ ਹਨ ਤੇ ਨਾ ਆਪਣੀ ਲੋਕੇਸ਼ਨ ਨੂੰ ਨਿਰੋਲ ਖੰਡਨ ਜਾਂ ਮੰਡਨ ਦੀ ਮਨਸ਼ਾ ਨਾਲ ਨਿਹਾਰ ਰਹੀਆਂ ਹਨ। ਹੁਣ ਪਰਵਾਸੀ ਪੰਜਾਬੀ ਬੰਦਾ/ ਸਮਾਜ ਆਪਣੀਆਂ ਲੋਕੇਸ਼ਨਾਂ ਵਿਚ ਨਿਸ਼ਠਾ ਅਤੇ ਸੰਬੰਧਿਤਾ ਵਿਖਾ ਰਿਹਾ ਹੈ, ਆਪਣੀ ਹੋਂਦ ਹੀ ਨਹੀਂ ਜਤਾ ਰਿਹਾ ਆਪਣੇ ਹਿੱਸੇ ਦੀ ਸਪੇਸ ਲਈ ਸੰਵਾਦੀ ਵਿਵਾਦੀ ਮੁਦਰਾ ਵਿਚ ਹੈ।ਘਰਾਂ ਅੰਦਰਲੇ ਸੰਸਾਰ ਵਿਚ ਅਤੇ ਬਾਹਰੀ ਸੰਸਾਰ ਵਿਚ ਵੀ ਉਸਦੇ ਕਲੇਮ/ਬਦਲਾਵ ਜਾਂ ਉਸ ਵੱਲੋਂ ਲਈਆਂ ਜਾ ਰਹੀਆਂ ਪੁਜ਼ੀਸ਼ਨਾਂ ਪੰਜਾਬੀ ਸ਼ਨਾਖ਼ਤਾਂ ਦੀਆਂ ਨਵੀਆਂ ਸੋਝੀਆਂ ਤੇ ਉਸੇ ਅਨੁਰੂਪ ਪੰਜਾਬੀ ਕਹਾਣੀ ਵਿਚ ਨਵੇਂ ਉਚਾਰਾਂ ਦੀਆਂ ਲਖਾਇਕ ਬਣ ਰਹੀਆਂ ਹਨ। ਇਨ੍ਹਾਂ ਨਵੀਆਂ ਰਮਜ਼ਾਂ ਨੂੰ ਇਨ੍ਹਾਂ ਦੋਹਾਂ ਹਿੱਸਿਆਂ ਵਿਚ ਵੰਡ ਕੇ ਵਿਚਾਰਨਾ ਉਚਿਤ ਹੋਵੇਗਾ:

1. ਘਰਾਂ ਅੰਦਰਲੇ ਸੰਸਾਰਾਂ ਵਿਚੋਂ ਉਪਜੇ ਸੰਵਾਦੀ ਵਿਵਾਦੀ ਉਚਾਰ
2. ਬਾਹਰਲੇ ਸੰਸਾਰ ਨਾਲ ਸੰਬੰਧਿਤਾ ਅਤੇ ਸਪੇਸ ਦੀ ਸਭਿਆਚਾਰਕ-ਸਿਆਸਤ

ਘਰਾਂ ਅੰਦਰਲੇ ਸੰਸਾਰਾਂ ਵਿਚੋਂ ਉਪਜੇ ਸੰਵਾਦੀ ਵਿਵਾਦੀ ਉਚਾਰ

ਬਿਗਾਨੇ ਪਰਿਵੇਸ਼ ਵਿਚ ਸਭਿਆਚਾਰਕ ਸ਼ਨਾਖ਼ਤਾਂ ਦੇ ਵਿਸ਼ੇਸ਼ ਸਰੂਪਾਂ ਨੂੰ ਘੜਨ,

ਸਾਂਭਣ ਤੇ ਸੰਵਾਰਨ ਵਾਲੀ ਸਪੇਸ ਮੁੱਖਤੌਰ 'ਤੇ ਘਰ ਹੀ ਹੁੰਦੇ ਹਨ। ਇਸੇ ਕਰਕੇ ਪਰਵਾਸੀ ਬਿਰਤਾਂਤਾਂ ਦੇ ਪ੍ਰਤੱਖਣ ਅਤੇ ਜੂਝਣ ਲਈ ਸਭ ਤੋਂ ਵੱਡੀ ਰੱਖ ਘਰਾਂ ਅੰਦਰਲਾ ਸੰਸਾਰ ਹੀ ਬਣਿਆ ਰਹਿੰਦਾ ਹੈ। 20ਵੀਂ ਸਦੀ ਦੀ ਪੰਜਾਬੀ ਕਹਾਣੀ ਪਰਵਾਸ ਦੀਆਂ ਮੁਸ਼ਕਿਲਾਂ, ਵਿਗੋਚਿਆਂ, ਉਦਰੇਵਿਆਂ ਦੇ ਨਾਲ ਨਾਲ ਬਾਹਰੀ ਪਰਿਵੇਸ਼ ਦੀਆਂ ਖੁੱਲ੍ਹਾਂ, ਖਿੱਚਾਂ, ਲੋਭਾਂ, ਲਾਲਸਾਵਾਂ ਕਾਰਣ ਪੰਜਾਬੀ ਘਰਾਂ ਪਰਿਵਾਰਾਂ ਦੇ ਆਦਰਸ਼ਕ ਜ਼ਾਬਤੇ ਨੂੰ ਲੱਗੇ ਖ਼ਸਾਰਿਆਂ ਦੀ ਕਹਾਣੀ ਸੀ ਪਰ 21ਵੀਂ ਸਦੀ ਦੀ ਕਹਾਣੀ ਦਾ ਇਕ ਸ਼ਕਤੀਸ਼ਾਲੀ ਫੈਲਾਓ ਪੰਜਾਬੀਅਤ ਦੀਆਂ ਕਦੀਮੀ ਖਸਲਤਾਂ/ਪਰੰਪਰਾਵਾਂ/ਮਰਯਾਦਾਵਾਂ ਪ੍ਰਤਿ ਪੱਖਪਾਤੀ ਹੋਣ ਦੀ ਥਾਂ ਵੱਖਰੀ ਤਰ੍ਹਾਂ ਸੋਚਣ ਦੇ ਅਭਿਆਸ ਵਿਚ ਹੈ।

ਟੈਰੀ ਈਗਲਟਨ ਦੀ ਧਾਰਨਾ ਹੈ ਕਿ ਡਾਇਸਪੋਰਿਕ ਪਰਿਵੇਸ਼ ਵਿਚ ਸਭਿਆਚਾਰ making and being made (ਭਾਵ ਮੂਲ ਸਭਿਆਚਾਰ ਆਪਣੀਆਂ ਕਦੀਮੀ ਪਰੰਪਰਾਵਾਂ ਕਰਕੇ ਜੋ ਬਣਾਉਂਣਾਚਾਹੁੰਦਾ ਹੈ ਅਤੇ ਬਾਹਰੀ ਪਰਿਵੇਸ਼ ਦੇ ਪ੍ਰਭਾਵ ਕਰਕੇ ਜੋ ਬਣਦਾ ਹੈ) ਵਿਚ ਜਿਹੜਾ ਤਣਾਅ ਹੰਢਾਉਂਦੇ ਹਨ, ਉਹ ਸਿਰਜਣਾਤਮਕਤਾ ਲਈ ਬੇਹੱਦ ਜ਼ਰਖੇਜ਼ ਹੁੰਦਾ ਹੈ। ਬਾਹਰੀ ਪਰਿਵੇਸ਼ ਵਿਚੋਂ ਪੰਜਾਬੀ ਸ਼ਨਾਖ਼ਤਾਂ ਕੀ ਕੁਝ, ਕਦੋਂ ਤੇ ਕਿਵੇਂ ਗ੍ਰਹਿਣ ਕਰ ਰਹੀਆਂ ਹਨ? ਇਸ ਡਾਇਨੈਮਿਕਸ ਨੇ ਪੰਜਾਬੀ ਬੰਦੇ ਦੇ ਕਿੰਨਾ ਗੁਣਾਂ ਨੂੰ ਉਰਜਿਤ ਕੀਤਾ? ਤੇ ਕਿੰਨਾਂ ਨੂੰ ਸਕਤੇ ਵਿਚ ਲਿਆ? ਪੰਜਾਬੀ ਸ਼ਨਾਖਤਾਂ, ਪੰਜਾਬੀ ਘਰ ਪਰਿਵਾਰ, ਪੰਜਾਬੀ ਰਿਸ਼ਤਿਆਂ ਦੇ ਚੱਜ ਆਚਾਰ ਕਿਨ੍ਹਾਂ ਨਵੀਆਂ ਚੁਣੌਤੀਆਂ ਤੇ ਘਾੜਤਾਂ ਵਿਚ ਪਏ ਹੋਏ ਹਨ? ਕੀ ਕੁਝ ਬਾਹਰਲੇ ਪ੍ਰਭਾਵਾਂ ਦਬਾਵਾਂ ਹੇਠ ਛੱਡਣਯੋਗ ਅਤੇ ਕੀ ਕੁਝ ਹਰ ਕੀਮਤ ਤੇ ਸਾਂਭਣਯੋਗ ਲੱਗ ਰਿਹਾ ਹੈ ?ਇਨ੍ਹਾਂ ਥੀਮਾਂ ਦੁਆਲੇ ਉਣੇ ਬੁਣੇ ਕੁੱਝ ਮਾਅਨੇ ਖੇਜ਼ ਬਿੰਬ ਇਨ੍ਹਾਂ ਨਵੀਆਂ ਕਹਾਣੀਆਂ ਦਾ ਹਾਸਿਲ ਬਣੇ ਹਨ।

ਔਸਤ ਪਰਵਾਸੀ ਪੰਜਾਬੀ ਕਹਾਣੀ ਦੇ ਵਿਸ਼ੇਅਤੇ ਵੇਰਵੇ ਵੀ ਨਵੇਂ ਪਰਿਵੇਸ਼ ਵਿਚ ਬਦਲ ਰਹੀ ਪੰਜਾਬੀ ਘਰ ਗ੍ਰਹਿਸਤੀ ਦਾ ਪ੍ਰਮਾਨਿਕ ਖਾਕਾ ਖਿੱਚਦੇ ਹਨ। ਪੰਜਾਬੀ ਖਸਲਤਾਂ ਦੇ ਆਰਥਿਕ ਪਦਾਰਥਕ ਖ਼ੁਸ਼ਹਾਲੀ ਲਈ ਉਰਜਿਤ ਹੋਏ ਗੁਣਾਂ ਦੀ ਬਾਤ ਪਾਉਂਦਿਆਂ ਇਨ੍ਹਾਂ ਕਹਾਣੀਆਂ ਦਾ ਇੰਕਸ਼ਾਫ਼ ਹੈ ਕਿ ਵਿਕਸਤ ਪੂੰਜੀਵਾਦ ਵਿਚ ਮਿਲੇ ਕਮਾਈ ਦੇ ਮੌਕਿਆਂ ਨੂੰ ਪੰਜਾਬੀ ਬੰਦੇ ਨੇ ਸਿਰਫ ਖ਼ੁਸ਼ੀ ਤੇ ਖ਼ੁਸ਼ਹਾਲੀ ਤੱਕ ਹੀ ਨਹੀਂ ਵਿਸਥਾਰਿਆ। ਪੂੰਜੀ ਦੇ ਉਕਸਾਏ ਮਾਹੌਲ ਨੇ ਉਸ ਨੂੰ ਪੈਸੇ ਦੀ ਅੰਨ੍ਹੀ ਦੌੜ ਤੇ ਨਿੱਜਤਾ ਦੀ ਬੇਥਵੀ ਹੋੜ ਵਿਚ ਪਾ ਲਿਆ ਹੈ। ਇਸੇ ਵਜ੍ਹਾ ਕਰਕੇ ਬੋਝਲ ਤੇ ਹੁੰਮਸ ਭਰੀ ਹੋ ਰਹੀ ਘਰ ਵਿਚਲੀ ਨਿੱਜੀ ਨਿੱਘੀ ਸਪੇਸ, ਟੁੱਟ ਰਹੇ ਘਰਾਂ ਦੇ ਜ਼ਾਬਤੇ ਅਤੇ ਹਰ ਪਲ ਆਰਥਿਕ ਮੁੱਲਾਂ ਦੀ ਸਾਣ 'ਤੇ ਚੜ੍ਹੇ ਰਿਸ਼ਤਿਆਂ ਦੇ ਬਹੁਪਰਤੀ ਪ੍ਰਕਰਣਾਂ ਤੇ ਪਰਿਣਾਮਾਂ ਨੂੰ ਲਗਭਗ ਹਰ ਪਰਵਾਸੀ ਕਹਾਣੀਕਾਰ ਨੇ ਪਰਿਵਾਰਾਂ ਦੇ ਸਾਰੇ ਨਿੱਕੇ ਵੱਡੇ ਜੀਆਂ ਦੀ ਸੰਵੇਦਨਸ਼ੀਲਤਾ ਦੇ ਹਵਾਲੇ ਨਾਲ ਬਿਰਤਾਂਤਿਆ ਹੈ। ਇਹੀ ਨਹੀਂ ਪਰਵਾਸੀਆਂ ਦੀ ਤਿਲਕਵੀਂ ਹੋਂਦ-ਜ਼ਮੀਨ ਦੀ ਨਿਸ਼ਾਨਦੇਹੀ ਕਰਦਿਆਂ ਇਨ੍ਹਾਂ ਕਹਾਣੀਆਂ ਨੇ ਪੰਜਾਬੀ ਪਿਤਰਕੀ ਦੇ ਮਰਯਾਦਾਗਤ ਮਖੌਟਿਆਂ, ਧਰਮਾਂ, ਜਾਤਾਂ ਦੀ ਹਉਮੈ ਨਾਲ ਰੱਚੜ ਹੋਈਆਂ ਜਾਤਪਾਤੀ ਮਨੋ ਬਣਤਰਾਂ ਅਤੇ ਦੋਗਲੇ ਕਿਰਦਾਰਾਂ ਕਰਕੇ ਡੁਬਕੀਆਂ ਮਾਰਦੇ ਪੰਜਾਬੀ ਭਾਈਚਾਰੇ ਦੀ ਵੀ ਭਰਵੀਂ ਪੇਸ਼ਕਾਰੀ ਕੀਤੀ ਹੈ। ਇਹ ਕਹਾਣੀਆਂ ਸਾਡੀਆਂ ਸਭਿਆਚਾਰਕ ਘਾੜਤਾਂ/

ਪਰਿਵਾਰਕ ਸਿਖਲਾਈਆਂ ਵਿਚ ਗੁੰਨੀਆਂ ਜਾਂਦੀਆਂ ਬਹੁਤ ਸਾਰੀਆਂ ਅਜਿਹੀਆਂ ਅਲਾਮਤਾਂ ਨੂੰ ਸਾਡੇ ਨਿਤਾਪ੍ਰਤੀ ਦੇ ਵਿਹਾਰ ਵਿਚੋਂ ਲੱਭ ਲੱਭ ਲਿਆਈਆਂ ਹਨ, ਜਿਨ੍ਹਾਂ ਨੂੰ ਅਸੀਂ ਰਿਸ਼ਤਿਆਂ ਦੇ ਮਾਣ ਤਾਣ ਜਾਂ ਮਰਯਾਦਾਵਾਂ ਦੇ ਗੌਰਵ ਜਾਂ ਸਲੀਕੇ ਦਾ ਓਡਣ ਦਿੰਦੇ ਹਾਂ।

ਨਵੇਂ ਉਚਾਰਾਂ ਦੇ ਲਿਹਾਜ਼ ਨਾਲ ਗੌਲਣਯੋਗ ਕਹਾਣੀਆਂ ਉਹੀ ਬਣ ਸਕੀਆਂ ਹਨ ਜਿਹੜੀਆਂ ਸਾਡੇ ਪਰੰਪਰਕ ਮਾਪਦੰਡਾਂ/ਆਦਰਸ਼ਾਂ/ਮਰਯਾਦਾਵਾਂ/ਮਨੋਬਣਤਰਾਂ ਦੀ ਕੈਦ ਜਾਂ ਦਾਬੇ ਹੇਠੋਂ ਨਿੱਕਲ ਪੰਜਾਬੀ ਸ਼ਨਾਖ਼ਤਾਂ ਨੂੰ 21ਵੀਂ ਸਦੀ ਦੇ ਬਹੁ-ਸਭਿਆਚਾਰਕ ਈਥੋਸ ਦੇ ਹਾਣ ਦਾ ਬਣਾਉਣ ਲਈ ਇਕ ਆਲੋਚਨਾਤਮਕ/ਸਿਰਜਨਾਤਮਕ ਸਪੇਸ ਸਿਰਜਦੀਆਂ ਹਨ। ਇਨ੍ਹਾਂ ਕਹਾਣੀਆਂ ਵਿਚ ਪੰਜਾਬੀ ਮਰਦਾਂ/ਔਰਤਾਂ/ਨਵੀਂ ਪੀੜ੍ਹੀ ਦੀਆਂ ਮਨੋਬਣਤਰਾਂ ਹੀ ਨਹੀਂ ਸਾਡੀਆਂ ਕਦਰਾਂ ਕੀਮਤਾਂ, ਰੀਤਾਂ ਮਨੌਤਾਂ, ਸਲੀਕਾ ਸ਼ਿਸ਼ਟਾਚਾਰ ਵਰਗਾ ਸਭ ਕੁਝ ਹੀ ਨਵੀਆਂ ਘਾੜਤਾਂ ਵਿਚ ਪਿਆ ਦਿਖਾਈ ਦਿੰਦਾ ਹੈ। ਇਨ੍ਹਾਂ ਕਹਾਣੀਆਂ ਦੀ ਖ਼ੂਬਸੂਰਤੀ ਇਹ ਹੈ ਕਿ ਇਨ੍ਹਾਂ ਦੇ ਤਰਕ ਪੰਜਾਬੀ ਸ਼ਨਾਖ਼ਤਾਂ ਦੇ 'ਘੜਨ' ਤੇ 'ਘੜੇ ਜਾਣ' ਵਿਚਲੇ ਪਾੜੇ ਨੂੰ ਸਮੋਂਦੇ ਤੇ ਇਨ੍ਹਾਂ ਵਿਚ ਵਿਚੋਲਗੀ ਕਰਦੇ ਨਜ਼ਰ ਆਉਂਦੇ ਹਨ। ਪੰਜਾਬੀ ਮਰਦ ਔਰਤ ਦੀਆਂ ਜੈਂਡਰਿਕ ਘਾੜਤਾਂ ਵਿਚ ਬਾਹਰੀ ਪਰਿਵੇਸ਼ ਦੇ ਪ੍ਰਭਾਵ ਜਾਂ ਦਖਲ ਕਰਕੇ ਆਏ ਬਦਲਾਵ ਨੂੰ ਸਾਕਾਰਾਤਮਕ ਰੂਪ ਵਿਚ ਦਰਜ ਕਰਨਾ/ਕਰਵਾਉਣਾ ਇਨ੍ਹਾਂ ਕਹਾਣੀਆਂ ਦਾ ਇਕ ਨਵ-ਪਾਸਾਰ ਕਿਹਾ ਜਾ ਸਕਦਾ ਹੈ। ਇਹ ਕਹਾਣੀ ਪਿਤਰਕੀ ਤਾਕੀਦਾਂ, ਮਰਦ ਦੇ ਧੋਖਿਆਂ ਜਾਂ ਪਰਵਾਸ ਵਿਚ ਇਕੱਲਤਾ ਦੇ ਖ਼ੌਫ਼ ਵਿਚ ਸਹਿਮੇ ਸਿਮਟੇ ਨਾਰੀਤਵ ਜਾਂ ਧੱਕੇ ਧੌਂਸਵਾਲੀ ਮਰਦ ਹਉਂ ਨੂੰ ਲੱਭ ਲੱਭ ਕੇ ਪੇਸ਼ ਕਰਨ ਦੀ ਪ੍ਰੈਕਟਿਸ ਨੂੰ ਪਿੱਛੇ ਛੱਡ ਆਈ ਹੈ। ਜੈਂਡਰ ਦੀ ਪੇਸ਼ਕਾਰੀ ਹੁਣ ਵਿਅਕਤੀ ਦੇ ਨਿੱਜੀ ਅਨੁਭਵਾਂ ਅਤੇ ਅਧਿਕਾਰਾਂ ਦੇ ਖੇਤਰ ਵਜੋਂ ਚਿਤਵੀ ਜਾ ਰਹੀ ਹੈ। ਅਮਰਜੀਤ ਚਾਹਲ ਆਪਣੀ ਕਹਾਣੀ 'ਪਿੰਜਰੇ' ਵਿਚ,ਸੁਰਜੀਤ ਕਲਸੀ ਆਪਣੀ ਕਹਾਣੀ 'ਭਿੰਡੀਆਂ ਤਰੀ ਵਾਲੀਆਂ' ਵਿਚ ਜਾਂ ਹਰਪ੍ਰੀਤ ਸੇਖਾ ਆਪਣੀ ਕਹਾਣੀ 'ਹਾਊਸ ਵਾਈਫ' ਵਿਚ ਮਰਦ ਮਨੋ ਬਣਤਰਾਂ ਨੂੰ ਜਿਹੜੇ ਨਵੇਂ ਤਕਾਜ਼ੇ ਦਿੰਦਾ ਹੈ, ਉਹ ਪੰਜਾਬੀ ਮਰਦ ਸ਼ਨਾਖ਼ਤਾਂ ਦੀਆਂ ਨਵੇਂ ਪਰਿਵੇਸ਼ ਵਿਚੋਂ ਅਰਜਿਤ ਘਾੜਤਾਂ ਹਨ। ਮਸਲਨ 'ਭਿੰਡੀਆਂ ਤਰੀਵਾਲੀਆਂ' ਦੇ ਕਥਾ ਨਾਇਕ ਲਈ ਤੀਵੀਂ ਨੂੰ ਕੁੱਟਣ ਦਾ ਇਲਜ਼ਾਮ ਸਿਰ ਲੈਣਾ ਸੂਰਮਗਤੀ ਨਹੀਂ, ਨਮੋਸ਼ੀ ਭਰਿਆ ਪ੍ਰਤਿਮਾਨ ਹੈ। ਇਸੇ ਤਰ੍ਹਾਂ ਨਾਰੀ ਪਾਤਰਾਂ ਦੀ ਨਿਰਮਾਣਕਾਰੀ ਵੇਲੇ ਇਹ ਕਹਾਣੀ ਨਾਰੀ ਜੈਂਡਰ ਦੀਆਂ ਨਿਰੋਲ ਕਾਮ ਕਾਮਨਾਵਾਂ ਨਾਲ ਨੱਥੀ ਹੋਈਆਂ ਜਾਂ ਪਿਤਰਕੀ ਦੇ ਸੰਤਾਪ ਹੰਢਾਉਂਦੀਆਂ ਪਛਾਣਾਂ ਨੂੰ ਛੰਡਦੀ ਅਤੇ ਉਸਨੂੰ ਆਪਣੀ ਬਰਾਬਰੀ ਦੀ ਸਪੇਸ ਲਈ ਸਿਫ਼ਤੀ ਤੌਰ 'ਤੇ ਰਜਿਸਟ ਕਰਦੀ ਵਿਖਾਉਂਦੀ ਹੈ। ਇਸ ਰਜਿਸਟੈਂਸ ਨੂੰ ਉਸਦੇ ਨਵੇਂ ਅਨੁਭਵਾਂ, ਅਧਿਕਾਰਾਂ ਨਾਲ ਹੀ ਨਹੀਂ ਉਸਦੇ ਜੈਂਡਰ ਰੋਲ ਦੀਆਂ ਪਰੰਪਰਕ ਪਛਾਣਾਂ ਨਾਲ ਸੰਵਾਦਾਂ ਵਿਵਾਦਾਂ ਵਿਚੋਂ ਉਭਾਰਿਆ ਗਿਆ ਹੈ। ਤੂੰ ਕੌਣ ਹੈ?, ਮੈਂ ਕੀ ਹਾਂ? ਪ੍ਰਾਈਵੇਟ ਬੰਦਾ (ਵੀਨਾ ਵਰਮਾ), ਪ੍ਰਛਾਵੇਂ, ਦੋ ਟਾਪੂ (ਜਰਨੈਲ ਸਿੰਘ) ਵਰਗੀਆਂ ਕਹਾਣੀਆਂ ਵਿਚ ਕਥਾ ਨਾਇਕਾਵਾਂ ਆਪਣੇ ਪ੍ਰਮਾਣਿਕ ਆਪੇ ਦੀ ਪਛਾਣ ਵੇਲੇ ਆਪਣੇ ਲਾਜ਼ਮ ਆਪੇ ਨੂੰ ਅਤੇ ਆਪਣੀ ਤਰਲ ਪਛਾਣ ਨੂੰ ਰਲਗੱਡ ਨਹੀਂ ਕਰਦੀਆਂ। ਹਰਪ੍ਰੀਤ ਸੇਖਾ ਦੀ ਵਿਚਾਰਾਧੀਨ ਕਹਾਣੀ 'ਉਹ ਰਾਤ' ਦੀ ਕਥਾਨਾਇਕ ਦੀ ਨਿਰਮਾਣਕਾਰੀ ਵੀ ਦੱਸਦੀ ਹੈ ਕਿ ਨਵੇਂ ਪਰਿਵੇਸ਼ ਦੀਆਂ ਅਣਕਿਆਸੀਆਂ ਚਣੌਤੀਆਂ ਵਿਚੋਂ ਲੰਘਣ ਉਪਰੰਤ ਸਵੈਮਾਣ, ਪਿਆਰ, ਸੈਕਸ,

ਨੈਤਿਕਤਾ, ਖੁਦਮੁਖਤਿਆਰੀ ਵਰਗੇ ਮੁੱਦਿਆਂ ‘ਤੇ ਹੀ ਨਹੀਂ, ਸਭਿਆਚਾਰਕ ਪਰੰਪਰਾਵਾਂ ਰੀਤਾਂ ਮਨੌਤਾਂ ਵਿਚ ਵੀ ਆਪਣੀ ਥਾਂ ਨੂੰ ਪਰਿਭਾਸ਼ਿਤ ਕਰਨ ਵੇਲੇ ਉਸ ਦੀ ਪੁਜ਼ੀਸ਼ਨ ਅਧਿਕਾਰਪੂਰਣ ਹੈ। ਹਰਪ੍ਰੀਤ ਸੇਖਾ ਦੀ ਇਕ ਹੋਰ ਕਹਾਣੀ ‘ਸ਼ਨੂਕ’ ਦੀ ਨਾਇਕਾ ਵੀ ਮਰਦ ਹਉਂ ਵਾਲੀ ਪਿਤਰਕੀ ਦੀ ਉਸ ਪੇਚੀਦਗੀ ਨੂੰ ਹੱਥ ਪਾਉਂਦੀ ਹੈ ਜਿਸਦੀ ਹਰ ਤੰਦ ਨਾਰੀ ਨੂੰ ਹੇਠਾਂ ਲਾਹੁਣ, ਨੀਵਾਂ ਦਿਖਾਉਣ ਵਾਲੀਆਂ ਗੰਢਾਂ ਵਿਚ ਪਿਲਚੀ ਪਈ ਹੈ। ਇਸ ਕਹਾਣੀ ਵਿਚਲਾ ਮਰਦ ਪਾਤਰ ਗੁਰਚਰਨ ਇਸ ਕਰਕੇ ਰੱਫੜ ਪਾਈ ਬੈਠਾ ਹੈ ਕਿ ਉਸ ਦੀ ਪਤਨੀ ਆਪਣੇ ਤੇ ਆਪਣੇ ਪਹਿਲੇ ਪਤੀ ਦੇ ਬੱਚਿਆਂ ਦੇ ਨਾਵਾਂ ਨਾਲ ਰਜਿਸਟਰ ਹੋ ਚੁੱਕੇ ਉਨ੍ਹਾਂ ਦੇ ਪਿਓ ਦਾ ਲਾਸਟ ਨਾਂ ਲਾਹ ਕੇ ਉਸਦਾ ਨਾਂ ਲਾਉਣ ਵਿਚ ਹਿਚਕਿਚਾਹਟ ਵਿਖਾ ਰਹੀ ਹੈ। ਉਸ ਦਾ ਤਰਕ ਹੈ:

ਘਰ ਵਾਲੀ ਤੂੰ ਮੇਰੀ ਐ, ਤੇ ਲਾਸਟ ਨਾਂ ਆਪਣੇ ਪਹਿਲੇ ਦਾ ਈ ਲਾਈ ਫਿਰਦੀ ਐ।

ਕਹਾਣੀ ਦੀ ਕਥਾ ਨਾਇਕਾ ਕਮਲ, ਜਿਸਨੇ ਆਪਣੇ ਪਹਿਲੇ ਪਤੀ ਨੂੰ ਵੀ ਸਪੌਂਸਰ ਕੀਤਾ ਸੀ ਅਤੇ ਜਿਹੜਾ ਉਸਨੂੰ ਦੋ ਬੱਚਿਆਂ ਦੀ ਮਾਂ ਬਣਾਕੇ ਬਿਨਾਂ ਬੱਚੇ ਕਲੇਮ ਕੀਤਿਆਂ ਤਲਾਕ ਲੈ ਕੇ ਆਪਣੀ ਨਵੀਂ ਘਰਵਾਲੀ ਲੈ ਆਇਆ ਸੀ ਅਤੇ ਜਿਸਨੇ ਹੁਣ ਵਾਲੇ ਪਤੀ ਨੂੰ ਵੀ ਪੱਕਾ ਕਰਾਇਆ ਹੈ,ਉਸਦੇ ਬੱਚੇ ਦੀ ਮਾਂ ਬਣੀ ਹੈ ਤੇ ਖੁਦ ਕਮਾਕੇ ਆਪਣਾ ਤੇ ਉਸਦਾ ਪਰਿਵਾਰ ਪਾਲ ਰਹੀ ਹੈ, ਆਪਣੇ ਤੇ ਆਪਣੇ ਬੱਚਿਆਂ ਦੇਨਾਂ ਪਿਛੇ ਇਹ ਲਾਸਟ ਨਾਵਾਂ ਵਾਲੀਆਂ ਪੂਛਾਂ ਹਟਾਕੇ ਆਪਣਾ ਫੈਮਿਲੀ ਨਾਂ ਲਗਵਾਉਣ ਦੀ ਤਜਵੀਜ਼ ਰਖਦੀ ਹੈ। ਪਰ ਮਰਦ ਮਨੋ ਬਣਤਰਾਂ ਵਾਲੇ ਗੁਰਚਰਨ ਦਾ ਹੀ ਨਹੀਂ, ਪਰੰਪਰਾਵਾਂ ਨਾਲ ਅਨੁਕੂਲਿਤ ਹੋਈ ਆਂਟੀ ਦਾ ਵੀ ਤਰਕ ਹੈ:

ਓਹਦੀ ਤੀਵੀਂ ਐਂ ਤਾਂ ਉਸੇਦਾ ਈ ਲਾਏਂਗੀ, ਹੋਰ ਕੀਹਦਾ ਲਾਏਂਗੀ?

ਕਮਲ ਆਪਣੀ ਆਂਟੀਨੂੰ ਵੀ ਸਮਝਾਉਣ ਦੀ ਕੋਸ਼ਿਸ਼ ਕਰਦੀ ਹੈ ਕਿ ਇਨ੍ਹਾਂ ਦਕਿਆਨੂਸੀ ਪਰੰਪਰਾਵਾਂ ਨੂੰ ਜਾਰੀ ਰੱਖਣ ਦੀ ਹੁਣ ਕੀ ਲੋੜ ਹੈ, ਜਦੋਂ ਸਥਿਤੀਆਂ ਹੀ ਬਦਲ ਚੁੱਕੀਆਂ ਹਨ। ਉਸਦਾ ਵਾਜਬ ਤਰਕ ਹੈ:

ਆਂਟੀ ਤੁਸੀਂ ਮੈਨੂੰ ਇਕ ਗੱਲ ਦੱਸੋ ਗੁਰਚਰਨ ਮੈਨੂੰ ਮੇਰੇ ਪਾਪਾ ਦੇ ਘਰੋਂ ਆਪਣੇ ਜੱਦੀ ਪੁਸ਼ਤੀ ਘਰ ‘ਚ ਰੋਟੀਆਂ ਪਕਾਉਣ ਤੇ ਬੱਚੇ ਜੰਮਣ ਲਈ ਵਿਆਹ ਕੇ ਲਿਆਇਐ ਜਿਵੇਂ ਪਹਿਲਾਂ ਹੁੰਦਾ ਸੀ?... ਨਹੀਂ ਨਾ? ਮੈਂ ਆਪਣੀ ਕਮਾਈ ਨਾਲ ਇਹ ਮਕਾਨ ਖਰੀਦਿਐ। ਗੁਰਚਰਨ ਵੀ ਹੁਣ ਇਸੇ ਮਕਾਨ ਵਿੱਚ ਰਹਿੰਦੈ। ਮੈਂ ਇਹ ਵੀ ਨਹੀਂ ਕਹਿੰਦੀ ਇਹ ਮੇਰੇ ਘਰ ’ਚ ਆਇਆ ਮੇਰੇ ਮਗਰ ਚੱਲੇ। ਅਸੀਂ ਦੋਹਾਂ ਨੇ ਫੈਮਿਲੀ ਸ਼ੁਰੂ ਕੀਤੀ ਐ ਤੇ ਇਸ ਫੈਮਿਲੀ ਦਾ ਨਾਂ ਵੀ ਅਸੀਂ ਰਲਕੇ ਕੋਈ ਨਵਾਂ ਰੱਖੀਏ।

ਪਰ ਗੁਰਚਰਨ ਲਈ ਕਮਲ ਦੀ ਇਹ ਦਲੀਲ ਜ਼ਲੀਲ ਕਰਨ ਵਾਲੀ ਹੈ ਅਤੇ ਆਂਟੀ ਲਈ ‘ਜਗੋਂ ਤੇਰਵੀਂ।

ਇਨ੍ਹਾਂ ਕਹਾਣੀਆਂ ਦੀ ਇਹ ਅੰਤਰਦ੍ਰਿਸ਼ਟੀ ਬੜੀ ਮੌਲਿਕ ਤੇ ਮਹੱਤਵਪੂਰਨ ਹੈ ਕਿ ਪੰਜਾਬੀ ਸਨਾਖ਼ਤਾਂ ਅੱਗੇ ਇਕ ਵੱਡੀ ਚਣੌਤੀ ਸਿੱਖੇ,‘ਲਰਨ’ ਕੀਤੇ ਨੂੰ ਭੁੱਲ ਜਾਣ,‘ਅਨਲਰਨ ਕਰਨ’ ਦੀ ਹੈ। ਮਰਦ ਔਰਤ ਦੋਹਾਂ ਦੀਆਂ ਸਨਾਖ਼ਤਾਂ ਦੀ ਘਾੜਤ ਵੇਲੇ ਸਾਡੀ ਪਰੰਪਰਕ ਸਿਖਲਾਈ ਵਿਚ ਪਈਆਂ ਕਦਰਾਂ ਕੀਮਤਾਂ/ਕਸੌਟੀਆਂ/ਟੇਢਾਂ ਨੂੰ ਅਵਚੇਤਨ ਕਿਵੇ ਸਮੋਈ

ਬੈਠਾ ਹੈ ਅਤੇ ਇਸਦੀ ਕਾਰਜਸੀਲ਼ਤਾ ਸਾਨੂੰ ਕਿੱਦਾਂ, ਕਿਵੇਂ, ਕਿੰਨਾ ਤੇ ਕਿਹੋ ਜਿਹਾ ਕੰਟਰੋਲ ਕਰਦੀ ਹੈ, ਇਸਦੇ ਕੁੱਝ ਪ੍ਰਮਾਣ ਕੁਲਜੀਤ ਮਾਨ ਦੀ ਕਹਾਣੀ 'ਵਰਜਿਤ ਫਲ' ਵਿਚ ਵੇਖੇ ਜਾ ਸਕਦੇ ਹਨ। ਇਸ ਕਹਾਣੀ ਦੀ ਪਾਤਰ ਸੰਦੀਪ ਦੇ ਡਰਾਂ, ਝੂਠਾਂ, ਦੁਬਿਧਾਵਾਂ ਦੇ ਹੀ ਨਹੀਂ ਉਸਦੇ ਚਕਮਿਆਂ-ਚਲਾਕੀਆਂ ਦੇ ਸਾਰੇ ਤਕਾਜ਼ੇ ਉਸਦੀਆਂ ਮਨੋਬਣਤਰਾਂ ਦੀ ਪਰੰਪਰਕ ਘਾੜਤ ਵਿਚ ਪਏ ਹਨ। ਸ਼ੇਰਾ ਆਪਣੀ ਜੈਂਡਰਿਕ ਘਾੜਤ ਨਵੇਂ ਸਿਰਿਓ ਸੁਚੇਤ ਪੱਧਰ 'ਤੇ ਘੜਦਿਆਂ ਪਰੰਪਰਕ ਤੌਰ 'ਤੇ ਸਿਖੇ ਨੂੰ ਵਿਸਾਰ ਦੇਣਦੀ ਫਿਲਾਸਫੀ ਅਪਣਾਉਂਦਾ ਵਿਖਾਇਆ ਗਿਆ ਹੈ ਪਰ ਉਸਦਾ ਸ਼ਿਸ਼ਟਾਚਾਰ ਡਾਇਰੀ ਦੇ ਸੱਚ ਸਾਹਮਣੇ ਜਿਵੇਂ ਢਹਿਢੇਰੀ ਹੁੰਦਾ ਅਤੇ ਸ਼ਰਾਬ ਵਿਚ ਪਨਾਹ ਲੈਂਦਾ ਹੈ, ਉਸਤੋਂ ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਸਾਡੀ 'ਮੇਕਿੰਗ' ਵਿਚ ਗੁੱਝੇ 'ਲਰਨ' ਨੂੰ 'ਅਨਲਰਨ' ਕਰਨਾ ਏਨਾ ਸੌਖਾ ਤੇ ਸਹਿਜ ਨਹੀਂ।

ਪਰਵਾਸ ਨੇ ਪੰਜਾਬੀਆਂ ਦੀ ਘਰ ਗ੍ਰਹਿਸਤੀ ਨੂੰ ਜਿਹੜਾ ਬਦਲਵਾਂ, ਖੁੱਲ੍ਹਾ ਤੇ ਕਾਟਵਾਂ ਪਰਿਵੇਸ਼ ਦਿੱਤਾ ਹੈ ਉਹ ਉਸ ਲਈ ਮਹਿਜ਼ ਇਕ ਝਰੋਖਾ ਨਹੀਂ, ਵਿਰੋਧ, ਤਣਾਵਾਂ ਤੇ ਘੜਮੱਸ ਭਰੀ ਹੋਂਦ-ਸਥਿਤੀ ਹੈ, ਜਿਹੜੀ ਉਸ ਨੂੰ ਹਰ ਵੇਲੇ ਬਦਲਣ/ਪੁਜ਼ੀਸ਼ਨ ਲੈਣ ਅਤੇ ਆਪਣੇ ਆਪ ਨੂੰ ਮੁੜ-ਮੁੜ ਪਰਿਭਾਸ਼ਿਤ ਕਰਨ ਲਈ ਮਜਬੂਰ ਕਰਦੀ ਹੈ। ਪਰਵਾਸੀ ਪੰਜਾਬੀ ਕਹਾਣੀ ਦੇ ਕਥਾਨਕ ਨਿਰਸੰਦੇਹ ਘਰਾਂ ਵਿਚਲੀਆਂ ਸਮੀਕਰਣਾਂ ਨੂੰ ਨਵੀਂ ਜੀਵਨ-ਸ਼ੈਲੀ ਅਨੁਕੂਲ ਰੁਖ਼ਸਿਰ ਕਰਨ ਲਈ ਜੂਝ ਰਹੇ ਹਨ। 21ਵੀਂ ਸਦੀ ਦਾ ਸਭਿਆਚਾਰਕ ਈਥੋਸਉਂਜਵੀ ਸ਼ੁੱਧ ਅਤੇ ਬੰਦ ਸਭਿਆਚਾਰਾਂ ਦੀ ਮਿੱਥ ਨੂੰ ਤਿਲਾਂਜਲੀ ਦੇ ਚੁੱਕਾ ਹੈ। ਇਸੇ ਕਰਕੇ ਪਰਵਾਸੀ ਸ਼ਨਾਖ਼ਤਾਂ ਜਾਂ ਪਰਵਾਸੀ ਅਨੁਭਵਾਂ ਜਾਂ ਜੈਂਡਰ ਆਈਡੈਂਟਟਿਜ਼ੀ ਨੂੰ ਸ਼ੁੱਧਤਾ ਦੇ ਖਾਨਿਆਂ ਵਿਚ ਰੱਖ ਕੇ ਵਿਚਾਰਨਾ ਇਨ੍ਹਾਂ ਕਹਾਣੀਆਂ ਦਾ ਮੰਤਵ ਹੀ ਨਹੀਂ ।ਇਹ ਕਹਾਣੀਆਂ ਪੰਜਾਬੀ ਸਮਾਜ ਵਿਚ ਲੇਜ਼ਬੀਅਨ, ਗੇ, ਬਾਈ ਸੈਕਸੂਅਲ, ਟਰਾਂਸ ਸੈਕਸੂਅਲ ਵਰਗੀਆਂ ਕਈ ਕੈਟਾਗਰੀਆਂ ਨੂੰ ਮਾਨਤਾ ਦਿਵਾਉਣ ਦਾ ਪ੍ਰਯੋਜਨ ਵੀ ਰੱਖਦੀਆਂ ਹਨ। ਮਿਸਾਲ ਵਜੋਂ ਵੀਨਾ ਵਰਮਾ ਦੀ ਕਹਾਣੀ 'ਹਾਫ ਗਰਲ' ਤੇ ਸੰਤੋਖ ਧਾਲੀਵਾਲ ਦੀ ਕਹਾਣੀ 'ਕ੍ਰਿਸਮਿਸ ਈਵ' ਬਾਈਸੈਕਸੁਅਲ ਆਈਡੈਂਟਿਟੀ ਡਿਸਆਰਡਰ ਨਾਲ ਨਜਿੱਠਦੇ ਤੇ ਮੁਖ ਧਾਰਾ ਵਿਚ ਪ੍ਰਵਾਨੇ ਜਾਣ ਦੀ ਕਸ਼ਮਕਸ਼ ਨਾਲ ਜੂਝਦੇ ਪਾਤਰਾਂ ਦੀਆਂ ਕਹਾਣੀਆਂ ਹਨ। 21ਵੀਂ ਸਦੀ ਦੀ ਪਰਵਾਸੀ ਕਹਾਣੀ ਵਿਚ ਘਰ, ਪਰਿਵਾਰ, ਵਿਆਹ ਵਰਗਾ ਸਭ ਕੁਝ ਉਂਜ ਵੀ ਪ੍ਰਯੋਗਾਂ ਵਿਚ ਪਿਆ ਹੋਇਆ ਹੈ। ਵਿਆਹ ਤੋਂ ਬਦਜ਼ਨ ਨਵੀਂ ਪੀੜ੍ਹੀ ਦੇ ਹਵਾਲੇ ਤਾਂ ਬੇਸ਼ੁਮਾਰ ਕਹਾਣੀਆਂ ਦੇ ਮੁੱਦੇ ਬਣੇ ਹਨ। ਫਰੈਂਡਸ਼ਿਪ, ਪਾਰਟਨਰਸ਼ਿੱਪ, ਡੇਟਿੰਗ, ਬਲਾਈਂਡ ਡੇਟਿੰਗ, ਫਲੈਟਮੇਟ ਵਰਗੇ ਹਰ ਕਿਸਮ ਦੇ ਫੰਕਸ਼ਨਲ ਸਬੰਧ ਐਲਾਨੀਆਂ ਤੌਰ 'ਤੇ ਪ੍ਰਯੋਗ ਵਿਚ ਹਨ। ਸੰਤੋਖ ਧਾਲੀਵਾਲ ਦੀ ਕਹਾਣੀ 'ਸਾਈਬਰ ਸੈਕਸ' ਦੀ ਨਾਇਕਾ ਕੋਰਟਿੰਗ ਵੇਲੇ ਹੀ ਆਪਣੇ ਰਿਸ਼ਤੇ ਦਾ ਭਵਿਖ ਸੰਕਲਪਦਿਆਂ ਬੱਚੇ ਤੇ ਫੈਮਿਲੀ ਨੂੰ ਮਨਫ਼ੀ ਕਰ ਦਿੰਦੀ ਹੈ ।ਵੀਨਾ ਵਰਮਾ ਦੀ ਕਹਾਣੀ 'ਮੁੰਡਾ ਪਸੰਦ ਹੈ' ਦੀ ਨਾਇਕਾ ਨੂੰ ਵਰਜਿਆ ਜਾ ਰਿਹਾ ਹੈ:

> ਵਿਆਹ ਕਰਵਾ ਕੇ ਖੁਰਜੇਂਗੀ ਵਿਆਹ ਖਾਜੂਗਾ ਤੈਨੂੰ ਸਭ ਕੁਝ
> ਭੁੱਲਜੇਂਗੀ ਇਕ ਬੰਦੇ ਨੂੰ ਖੁਸ਼ ਕਰਨ ਦੀ ਕੋਸ਼ਿਸ਼ ਵਿਚ
> ਸਾਂਝਾ ਘਰ, ਨਿੱਘੇ ਪਰਿਵਾਰ ਦੀ ਥਾਂ 'ਮੈਂ','ਮੇਰੀ ਹੋਂਦ','ਮੇਰੇ ਪਲ','ਮੇਰੀ ਮਹੱਤਤਾ','ਮੇਰੀ

ਲੋੜ','ਮੇਰਾ ਸਮਾਂ' ਦੀ ਧੁਨ ਅਤੇ ਸੌਖ ਪਸੰਦੀ ਨੇ ਘਰਾਂ ਨੂੰ ਹੀ unsetting heterogenity ਵਾਲੀ ਸਪੇਸ ਬਣਾ ਧਰਿਆ ਹੈ। ਹਰਜੀਤ ਅਟਵਾਲ ਦੀ ਵਿਚਾਰਾਧੀਨ ਕਹਾਣੀ 'ਵਰ੍ਹੇ ਗੰਢ ਮੁਬਾਰਕ' ਅਤੇ ਬਲਬੀਰ ਕੌਰ ਸੰਘੇੜਾ ਦੀ ਕਹਾਣੀ 'ਭਾਰ' ਬਦਲੀਆਂ ਸਮੀਕਰਣਾਂ ਵਿਚ ਤਾਲਮੇਲ ਬਿਠਾਉਣ ਲਈ ਚਾਰਾਜੋਈ ਕਰਦੇ ਮਾਪਿਆਂ ਦੀਆਂ ਕਹਾਣੀਆਂ ਹਨ। ਬੁਢਾਪਾ ਆਪਣੀ ਜਜ਼ਬਾਤੀ ਔਖ/ਸੌਖ, ਅਸੁਰੱਖਿਅਤਾ, ਅਨਿਸਚਿਤਤਾ ਭਰੀਇਕੱਲ, ਸੰਤਾਪ ਨੂੰ ਝੱਲਣ ਲਈ ਜਿਹੜੀਆਂ ਨਵੀਆਂ ਪੇਸ਼ਬੰਦੀਆਂ ਕਰ ਰਿਹਾ ਹੈ ਉਹ ਉਸਨੂੰ ਇਕ ਵਾਰ ਫੇਰ ਨਵੇਂ ਸਾਹਸ ਜੁਟਾਉਂਦਾ ਵਿਖਾ ਰਿਹਾ ਹੈ। ਦੋਹਾਂ ਕਹਾਣੀਆਂ ਨੂੰ ਨੇੜੇ-ਨੇੜੇ ਰੱਖਕੇ ਪੜ੍ਹਦਿਆਂ ਇਕ ਗੱਲ ਹੋਰ ਜਿਹੜੀ ਧਿਆਨ ਖਿੱਚਦੀ ਹੈ, ਉਹ ਇਹ ਕਿ ਦੋਹਾਂ ਕਹਾਣੀਆਂ ਵਿਚ ('ਭਾਰ' ਕਹਾਣੀ ਵਿਚ ਗਿੰਦਰੋ ਦੇ ਮੁੰਡੇ ਅਤੇ ਵਰ੍ਹੇ ਗੰਢ ਮੁਬਾਰਕ' ਵਿਚ ਅਵਤਾਰ) ਪੰਜਾਬੀ ਪੁੱਤਰ ਜਾਇਦਾਦਾਂ ਸਾਂਭਣ ਲਈ ਕਾਹਲੇ ਹਨ ਅਤੇ ਮਾਪਿਆਂ ਦਾ ਬੁਢਾਪਾ ਸਾਂਭਣੋ ਮੁਨਕਰ।ਆਪਣੀਆਂ ਪਿਤਰਕੀ ਰੀਤਾਂ ਵਿਚ ਵੀ ਉਹ ਮਰਜ਼ੀ ਦਾ ਸਾਂਭ ਰਹੇ ਹਨ ਅਤੇ ਬਾਹਰੀ ਪਰਿਵੇਸ਼ ਨੂੰ ਵੀ ਆਪਣੇ ਲੋਭੀ ਸਵਾਰਥ ਅਨਕੂਲ ਵਰਤ ਰਹੇ ਹਨ। ਮਾਪਿਆਂ ਦੇ ਬੁਢਾਪੇ ਦੀ ਡੰਗੋਰੀ ਬਣਨ ਦੀ ਥਾਂ ਨਰਸਿੰਗ ਹੋਮਾਂ ਵਲ ਧੱਕਣਾ ਤੇ ਉਥੇ ਵੀ ਠੱਗੀਆਂ ਮਾਰਨੀਆਂ ਉਨ੍ਹਾਂ ਦੀਆਂ ਘਾੜਤਾਂ ਵਿਚ ਸ਼ਾਮਿਲ ਹੋ ਰਹੇ ਲੋਭੀ, ਸਵਾਰਥੀ, ਨਾਮੁਖੀ ਪ੍ਰਤਿਮਾਨਾਂ ਦਾ ਲਖਾਇਕ ਹੈ।

ਘਰਾਂ ਨੂੰ ਮਹਿਫੂਜ਼ ਕਰਦਿਆਂ ਪਰਵਾਸੀ ਪੰਜਾਬੀ ਕਹਾਣੀ ਦੀ ਸਭ ਤੋਂ ਵੱਡੀ ਚਿੰਤਾ ਅਤੇ ਚੁਣੌਤੀ ਨਵੀਂ ਪੀੜ੍ਹੀ ਰਹੀ ਹੈ। 20ਵੀਂ ਸਦੀ ਦੀ ਕਹਾਣੀ ਦਾ ਵੱਡਾ ਅਨੁਪਾਤ ਨਵੀਂ ਪੀੜ੍ਹੀ ਦੇ ਬਾਹਰੀ ਪਰਿਵੇਸ਼ ਦੀਆਂ ਖੁੱਲ੍ਹਾਂ, ਖਿੱਚਾਂ ਵਿਚ ਹੜ੍ਹ-ਰੁੜ੍ਹ ਜਾਣ ਦਾ ਰੁਦਨ ਸੀ ਪਰ 21ਵੀਂ ਸਦੀ ਦੀ ਕਹਾਣੀ ਦਾ ਚਿੰਤਨ ਤੇ ਇੰਕਸ਼ਾਫ਼ ਵੱਖਰਾ ਹੈ। ਇਸ ਕਹਾਣੀ ਦਾ ਵਿਵੇਕ ਦਰਸਾਉਂਦਾ ਹੈ ਕਿ ਪੰਜਾਬੀ ਮਾਪਿਆਂ ਦੀਆਂ ਨਵੀਂ ਪੀੜ੍ਹੀ ਨੂੰ ਪੰਜਾਬੀ ਪਿਛੋਕੜ ਨਾਲ ਜੋੜੀ ਰੱਖਣ ਦੀਆਂ ਚਾਹਤਾਂ ਏਨੀਆਂ ਧੁੰਦਲੀਆਂ, ਦਲੀਲਾਂ ਏਨੀਆਂ ਦਕਿਆਨੂਸੀ, ਢੰਗ ਏਨੇ ਮਸਨੂਈ ਤੇ ਰੋਲ ਮਾਡਲ ਏਨੇ ਘਟੀਆ ਹਨ ਕਿ ਉਨ੍ਹਾਂ ਦੇ ਸਿਰ 'ਤੇ ਨਵੀਂ ਪੀੜ੍ਹੀ ਦੇ ਜ਼ਿਹਨ ਵਿਚ ਪੰਜਾਬੀਆਂ ਦੀ ਵਿਸ਼ਿਸ਼ਟ ਪਛਾਣ ਦਾ ਕੋਈ ਠੋਸ ਬਿੰਬ ਬਣਨਾ ਮੁਮਕਿਨ ਹੀ ਨਹੀਂ ਸੀ/ਹੈ। ਇਨ੍ਹਾਂ ਕਹਾਣੀਆਂ ਵਿਚਲੀ ਕ੍ਰਿਟੀਕ ਦੱਸਦੀ ਹੈ ਕਿ ਅਰੇਂਜਡ ਵਿਆਹ ਦੀ ਪ੍ਰਥਾ ਹੇਠ ਹੋਈ ਧੀਆਂ ਭੈਣਾਂ ਦੀ ਸੌਦੇਬਾਜ਼ੀ ਤੇ ਤਸਕਰੀ ਨੇ, ਪਹਿਲਾਂ ਮਾਈਗ੍ਰੇਸ਼ਨ ਏਜੰਸੀ ਵਜੋਂ ਵਰਤੀ ਅਤੇ'ਆਪਣਿਆਂ' ਦੀਆਂ ਹੀ ਸ਼ੱਕੀ ਸਾਜਿਸ਼ੀ ਲੋਭੀ ਮਰਦ ਤੱਕਣੀਆਂ ਵਿਚ ਖੁਆਰ ਹੋਈ ਨਾਰੀ ਨੇ, ਦਾਜ, ਮੁੰਡਾ ਜੰਮਣ ਵਰਗੀਆਂ ਹੋਰ ਬੇਹੂਦਗੀਆਂ ਕਾਰਨ ਘਰਾਂ ਵਿਚ ਹੋ ਰਹੀ ਘਰੇਲੂ ਹਿੰਸਾਨੇਘਰਾਂ ਨੂੰ ਘਰ ਬਣਨ ਹੀ ਨਹੀਂ ਦਿੱਤਾ। ਘਰਾਂ ਵਿਚ ਬੱਚਿਆਂ ਸਾਹਵੇਂ ਗੱਲ ਗੱਲ 'ਤੇ ਬੋਲੇ ਜਾ ਰਹੇ ਝੂਠ, ਚੁਗਲੀਆਂ ਚਲਾਕੀਆਂ ਭਰੇ ਵਿਹਾਰ,ਰਿਸ਼ਤਿਆਂ ਵਿਚ ਖੇਡੀਆਂ ਜਾ ਰਹੀਆਂ ਸਿਆਸਤਾਂ, ਵੇਲਾ ਵਿਹਾਅ ਚੁੱਕੀਆਂ ਤੇ ਪੈਰੀਂ ਸੰਗਲ ਬਣਦੀਆਂ 'ਮਹਾਨ ਰਵਾਇਤਾਂ' ਦਾ ਹੋਕਾ ਬੱਚਿਆਂ ਦੇ ਮਨ ਵਿਚ ਮਾਪਿਆਂ ਦੀ ਹਿਪੋਕ੍ਰੇਸੀ ਦਾ ਜਿਹੜਾ ਬਿੰਬ ਸਿਰਜਦਾ ਹੈ, ਉਹ ਉਨ੍ਹਾਂ ਨੂੰ ਘਰ ਪ੍ਰਤੀ ਹੀ ਬਦਜ਼ਨ ਨਹੀਂ ਕਰਦਾ, ਆਪਣੀਆ ਮੂਲ ਸ਼ਨਾਖ਼ਤਾਂ ਦੇ ਕਿਰਦਾਰਾਂ ਦੇ ਛੋਟੇ ਹੋਣ ਦੀ ਧਾਰਨਾ ਤੱਕ ਵਿਸਥਾਰ ਪਾਉਂਦਾ ਹੈ।

ਮੇਜਰ ਮਾਂਗਟ ਦੀ ਕਹਾਣੀ 'ਗਮ੍ਹਲੇ ਦੇ ਫੁੱਲ'ਵਿਚਲੇ ਬੱਚੇ ਡੈਡੀ ਦੇ ਉਸ ਸਭਿਆਚਾਰ

ਨੂੰ ਨਫਰਤ ਕਰਦੇ ਹਨ, ਜਿਸ ਵਿਚ ਵੱਡਿਆਂ ਵੱਲੋਂ ਹੁਕਮ ਝਾੜਨਾ ਤੇ ਛੋਟਿਆਂ ਦਾ ਹੁਕਮ ਮੰਨਣਾ ਹੀ ਸਾਡਾ ਅਸਲ ਸਭਿਆਚਾਰ ਹੈ। ਬਲਬੀਰ ਕੌਰ ਸੰਘੇੜਾ ਦੀ ਕਹਾਣੀ 'ਖੰਭੇ' ਵਿਚ ਨਵੀਂ ਪੀੜ੍ਹੀ ਨੂੰ ਇਤਰਾਜ਼ ਹੈ ਕਿ ਭਾਰਤੀ ਮਾਪੇ ਆਪਣੀ ਜ਼ਿੰਦਗੀ ਨਹੀਂ ਜਿਊਂਦੇ, ਸਗੋਂ ਬੱਚਿਆਂ ਰਾਹੀਂ ਆਪਣੀ ਜ਼ਿੰਦਗੀ ਜਿਊਣਾ ਚਾਹੁੰਦੇ ਹਨ। ਉਹ ਕਹਿ ਰਹੀ ਹੈ:

ਸਟੌਪ ਲਿਵਿੰਗ ਔਨ ਅਸਐਂਡ ਸਟੌਪਹੋਲਡਿੰਗ ਔਨਅਸ।

ਕੁਲਜੀਤ ਮਾਨ ਦੀ ਕਹਾਣੀ 'ਸਿਕਿਓਰਟੀ ਗਾਰਡ'ਦਾ ਦਿਆਲਾ ਆਪਣੇ ਪਿਓ ਨੂੰ ਕਹਿ ਰਿਹਾ ਹੈ:

"ਓਵਰ ਪਰੋਟੈਕਸ਼ਨ ਗਿਵ ਮੀ ਹੈਡਿਕ'। ਘਰ ਛੱਡਕੇ ਜਾਂਦਾ ਉਹ ਪਿਓ ਨੂੰ ਇਹ ਵੀ ਕਹਿ ਗਿਆ ਹੈ ਕਿ 'ਡੈਡ ਯੂ ਆਰ ਟੂ ਗੁਡ ਫਾਰਮੀ'। ਇਸ ਲਈ ਮੈਂ ਘਰ ਛੱਡਕੇ ਜਾ ਰਿਹਾ ਹਾਂ। ਤੇਰੀ ਓਵਰ ਪਰੋਟੈਕਸ਼ਨ ਮੇਰੇ ਕੋਲੋਂ ਸਹੀ ਨਹੀਂ ਜਾਂਦੀ... ਮੈਂ ਨਹੀਂ ਚਾਹੁੰਦਾ ਕਿ ਕਲ ਨੂੰ ਮੇਰੇ ਬੱਚੇ ਹੋਣ ਤੇ ਮੈਂ ਉਨ੍ਹਾਂ ਦੇ ਸਾਹਮਣੇ ਸਿਫਰ ਹੋ ਕੇ ਰਹਿ ਜਾਵਾਂ'।

ਇਸੇ ਕਹਾਣੀ ਦੀ ਪਰਿਪੇਖ ਸੋਝੀ ਵਿੱਚ ਡਾਇਸਪੋਰਿਕ ਪਰਿਵੇਸ਼ ਵਿੱਚ ਪੰਜਾਬੀ ਮਾਪਿਆਂ ਦੀ ਆਪਣੇ ਅਨੁਸਾਰ ਕੀਤੀ ਜਾ ਰਹੀ ਬੱਚਿਆਂ ਦੀ ਸ਼ਖ਼ਸੀਅਤ ਨਿਰਮਾਣਕਾਰੀ ਅਤੇ ਬੱਚਿਆਂ ਸਾਹਵੇਂ ਪੇਸ਼ ਕੀਤੇ ਜਾ ਰੋਲ ਮਾਡਲ ਆਪਣੀ ਨਾਂਹ-ਮੁਖੀ ਭੂਮਿਕਾ ਸਮੇਤ ਪਏ ਹਨ। ਕਹਾਣੀ ਵਿੱਚ ਤਿੰਨ ਪੀੜੀਆਂ ਫੋਕਸ ਵਿੱਚ ਹਨ ਬੱਬੂ, ਬੱਬੂ ਦਾ ਪਿਓ ਅਤੇ ਬੱਬੂ ਦਾ ਪੁੱਤਰ। ਬੱਬੂ ਦੇ ਪਿਓ ਤੇ ਬੱਬੂ ਨੇ ਸਕਿਉਰਟੀ ਗਾਰਡ ਦੀ ਜੌਬ ਕਰਦਿਆਂ ਸਾਈਟ ਤੇ ਘੁੰਮ ਫਿਰਕੇ ਨਿਗਰਾਨੀ ਕਰਨ ਦੀ ਥਾਂ ਕੈਬਿਨ ਵਿੱਚ ਬੈਠਿਆਂ ਹੀ ਕਲਾਕ ਕਲਿਕ ਕਰਨ ਲਈ ਸਾਈਟ ਤੋਂ ਚਾਬੀਆਂ ਚੋਰੀ ਕਰ-ਕਰ ਪੂਰਾ ਸੈੱਟ ਬਣਾ ਲਿਆ ਹੈ। ਇਸ ਖੋਜ ਦੇ ਸਹਾਰੇ ਉਹ ਆਪਣੀ ਤੀਜੀ ਪੀੜ੍ਹੀ ਨੂੰ ਵੀ ਕਹਿ ਰਹੇ ਹਨ 'ਕੰਜਰੋਂ ਇਹ ਕੰਮ ਬੜਾ ਸੌਖਾ ਹੈ, ਕਰ ਲਵੋ ਪਾਰਟ ਟਾਇਮ'। ਪਰ ਦਿਆਲਾ ਕਹਿੰਦਾ 'ਦਿਸ ਇਜ਼ ਨੋ ਗੁੱਡ'।

ਪਰਵਾਸੀ ਪੰਜਾਬੀ ਕਹਾਣੀ ਵਿਚ ਮਾਪਿਆਂ ਬੱਚਿਆਂ ਦੇ ਤਕਰਾਰ ਵਿਚ ਭਾਂਵੇ ਨਵੀਂ ਪੀੜ੍ਹੀ ਮਾਪਿਆਂ ਦੀ ਪੰਜਾਬੀ ਪੂਰੀ ਤਰ੍ਹਾਂ ਸਮਝਦੀਪਰ ਅੰਗਰੇਜ਼ੀ ਰਲੀ ਪੰਜਾਬੀ ਵਿਚ ਸੀਮਤ ਜਿਹੇ ਜੁਆਬ ਦਿੰਦੀ ਵਿਖਾਈ ਗਈ ਹੈ ਪਰ ਉਨ੍ਹਾਂ ਦਾ ਭਾਵ ਬੋਧ ਉਨ੍ਹਾਂ ਦੇ ਸੀਮਤ ਪਰ ਸਪੱਸ਼ਟ, ਚੁਸਤ, ਦਰੁਸਤ ਬੋਲਾਂ ਵਿਚ ਹੀ ਪ੍ਰਮਾਣਿਕਤਾ ਹਾਸਿਲ ਕਰਦਾ ਨਜ਼ਰ ਆਉਂਦਾ ਹੈ। ਉਨ੍ਹਾਂ ਦੇ ਵਾਰਤਾਲਾਪ ਵਿਚ ਉਨਾਂ ਦੀ 'ਸਟੇਟਫਾਰਵਰਡਨੈਸ' ਉਨ੍ਹਾਂ ਦੀ ਬੋਲਚਾਲ ਦਾ ਹੀ ਨਹੀਂ ਉਨ੍ਹਾਂ ਦੀ ਸ਼ਖਸੀਅਤ ਉਸਾਰੀ ਦਾ ਪ੍ਰਤਿਮਾਨ ਬਣਦਾ ਨਜ਼ਰ ਆਉਂਦਾ ਹੈ। ਡਾਇਮੰਡ ਰਿੰਗ (ਅਮਨਪਾਲ ਸਾਰਾ), ਤ੍ਰਿਸ਼ੰਕੂ, ਸੁਰਖਰੂ (ਮੇਜਰ ਮਾਂਗਟ) ਵਰਗੀਆਂ ਕਈ ਕਹਾਣੀਆਂ ਵਿਚ ਬੱਚੇ ਪੰਜਾਬੀ ਮਾਪਿਆਂ ਦੇ ਮੁੰਡੇ ਕੁੜੀ, ਜਾਤ ਪਾਤ, ਰੰਗ ਨਸਲ ਦੇ ਸਬੰਧ ਵਿਚ ਕੀਤੇ ਜਾ ਰਹੇ ਭੇਦਭਾਵ ਅੱਗੇ ਪ੍ਰਸ਼ਨ ਚਿੰਨ੍ਹ ਲਾਉਂਦੇ ਹਨ। ਠੀਕ ਨੂੰ ਠੀਕ ਤੇ ਗ਼ਲਤ ਨੂੰ ਗ਼ਲਤ ਕਹਿਣ ਦੀ ਤਮੀਜ਼ ਤੇ ਜ਼ੁਰਅਤ ਉਹ ਆਪਣੇ ਘਰ ਅਤੇ ਬਾਹਰਲੇ ਅਨੁਭਵਾਂ ਵਿਚੋਂ ਸਿੱਖ ਰਹੇ ਹਨ ਜਦਕਿ ਮਾਪੇ ਅਜੇ ਵੀ ਉਨ੍ਹਾਂ ਨੂੰ ਉਮਰਾਂ/ਸਾਕਾਂ ਤੇ ਰਵਾਇਤਾਂ ਦੇ ਦਾਬੇ ਨਾਲ ਹੀ ਕੰਟਰੋਲ ਕਰਨਾ ਚਾਹੁੰਦੇ ਹਨ।ਮੇਜਰ ਮਾਂਗਟ ਦੀ ਕਹਾਣੀ 'ਸੁਰਖਰੂ' ਵਿਚ ਬਾਹਰ ਜਾਣ ਦੀ ਇਜ਼ਾਜਤ ਮੰਗਦੀ ਧੀ ਨੂੰ ਮਾਂ 'ਤੇਰਾ ਡੈਡ ਲਾਇਕ ਨਹੀਂ ਕਰਦਾ','ਤੈਨੂੰ ਮਾਰਦੂ'ਵਰਗੇ' ਘਿਸੇ ਪਿਟੇ' ਦਾਬਿਆਂ ਨਾਲ ਹੀ ਰੋਕ ਰਹੀ ਹੈ।

ਨਵੇਂ ਉਚਾਰਾਂ ਵਿਚ ਪੇਸ਼ ਹੋ ਰਹੀ ਇਹ ਸੈਨਤ ਬੜੀ ਮਹੱਤਵਪੂਰਨ ਹੈ ਕਿ ਅਗਲੀ ਪੀੜ੍ਹੀ ਦੇ ਮਨ ਵਿਚ ਮਾਪਿਆਂ ਨੇ ਜੇ ਪੰਜਾਬੀਅਤ ਦਾ ਕੋਈ ਵੱਖਰਾ ਵਿਸ਼ੇਸ਼ ਬਿੰਬ ਘੜਨਾ ਹੈ,ਖਾਸਕਰ ਬਹੁ ਸਭਿਆਚਾਰੀ ਸਮਾਜਾਂ ਦੇ ਪ੍ਰਭਾਵਾਂ ਦਬਾਵਾਂ ਵਿਚ, ਤਾਂ ਮਾਪਿਆਂ ਦੇ ਉਚੇਚੇ ਤਰੱਦਦ ਤੋਂ ਵਧੀਕ ਉਚੇਰੀ ਸੂਝ ਲੋੜੀਂਦੀ ਹੈ। ਸੁਰਿੰਦਰ ਸੋਹਲ ਦੀਆਂ ਕਹਾਣੀਆਂ 'ਸ਼ੀਸ਼ੇ ਤੇ ਜੰਮੀ ਬਰਫ' ਅਤੇ 'ਨਹੁੰਆਂ ਦੇ ਨਿਸ਼ਾਨ' ਇਸ ਹਵਾਲੇ ਨਾਲ ਕੁਝ ਵਿਸ਼ੇਸ਼ ਅਰਥ ਤੇ ਮਹੱਤਵ ਰੱਖਦੀਆਂ ਹਨ।ਇਹ ਕਹਾਣੀਆਂ ਦੱਸਦੀਆਂ ਹਨ ਕਿ ਸਾਡੇ ਵਿਰਾਸਤੀ ਬਿਰਤਾਂਤਾਂ ਵਿਚ ਸਾਡੀ ਵਡਿੱਤਣ, ਅਣਖ, ਇਮਾਨਦਾਰੀ ਦੇ ਨਿਆਰੇਪਣ ਦੇ ਭਾਵੇਂ ਬੇਸ਼ੁਮਾਰ ਹਵਾਲੇ ਪਏ ਹੋਣ ਜੇ ਅਸੀਂ ਇਨ੍ਹਾਂ ਨੂੰਆਪਣੀਆਂ ਸ਼ਨਾਖ਼ਤਾਂ ਵਿਚ ਅੱਜ ਵੀ ਜੀਵਤ ਰੱਖਣਾ ਹੈ ਤਾਂ ਇਨ੍ਹਾਂ ਨੂੰ ਨਿਰੰਤਰਤਾ ਚਾਹੀਦੀ ਹੈ। 'ਸ਼ੀਸ਼ੇ ਤੇ ਜੰਮੀ ਬਰਫ਼' ਕਹਾਣੀ ਦਾ ਤਰਕ ਹੈ ਕਿ ਜਿਹੜੀਆਂ ਸ਼ਨਾਖ਼ਤਾਂ ਲਈ ਮਾਪੇ ਖੁਦ ਰੋਲ ਮਾਡਲ ਬਣਨਗੇ, ਉਹੀ ਉਹ ਆਪਣੀਆਂ ਅਗਲੀਆਂ ਪੀੜ੍ਹੀਆਂ ਦੇ ਹਵਾਲੇ ਕਰ ਸਕਣਗੇ।ਆਪਣੀਆਂ ਵਿਰਾਸਤਾਂ ਅਤੇ ਆਪਣੇ ਵਾਰਸਾਂ ਵਿਚਲੀ ਕੜੀ ਬਣੇਬਿਨਾਂ ਉਹ ਆਪਣੀਆਂ ਸ਼ਨਾਖ਼ਤਾਂ ਦੇ ਵਿਸ਼ੇਸ਼ ਨੂੰ ਜਿਊਂਦਾ ਨਹੀਂ ਰੱਖ ਸਕਣਗੇ।'ਨਹੁੰਆਂ ਦੇ ਨਿਸ਼ਾਨ' ਵਿਚ ਕਥਾਨਾਇਕ ਦੇ ਹੱਥ ਉੱਤੇ ਉਸਦੇ ਮੋਏ ਮਿੱਤਰ ਜਰਨੈਲ ਦੇ ਨੌਂਹਾਂ ਦੇ ਨਿਸ਼ਾਨ ਪੰਜਾਬੀਆਂ ਦੀ ਅਣਖ ਨੂੰ ਵਿਸ਼ੇਸ਼ ਬਣਾ ਕੇ ਵਿਖਾਉਂਦੇ ਹਨ। ਇਹਕਹਾਣੀਆਂ ਆਪਣੇ ਸ਼ਕਤੀਸ਼ਾਲੀ ਬਿਰਤਾਂਤਾ ਰਾਹੀਂ ਦਸਦੀਆਂ ਹਨ ਕਿ ਨੇਕੀ, ਈਮਾਨਦਾਰੀ, ਅਣਖ, ਸਬਰ, ਪਰਉਪਕਾਰ ਵੇਲਾ ਵਿਹਾ ਚੁਕੀਆਂ ਕਦਰਾਂ ਨਹੀਂ। ਅਸੀਂ ਜਦੋਂ ਇਹ ਸੋਚਦੇ ਹਾਂ ਕਿ ਇਨ੍ਹਾਂ ਦੀ ਅੱਜ ਦੇ ਜ਼ਮਾਨੇ ਵਿਚ ਕੋਈ ਵੁੱਕਤ ਨਹੀਂ ਤਾਂ ਅਸਲ ਵਿਚ ਅਸੀਂ ਘੁਟਾਲਾ ਮਾਰ ਰਹੇਂ ਹੁੰਦੇ ਹਾਂ। ਵੱਡੇ/ਮਹਾਨ/ਸੱਚੇ-ਸੁਚੇ ਇਨਸਾਨ/ਜਿੰਦਗੀ ਦੇ ਨਾਇਕ ਬਣਨ ਲਈ ਸਾਡੇ ਕੋਲ ਬਥੇਰੇ ਮੌਕੇ ਹੁੰਦੇ ਹਨ।

ਆਪਣੀਆਂ ਸ਼ਨਾਖ਼ਤਾਂ ਵਿਚੋਂ ਪੰਜਾਬੀਆਂ ਦੇ ਵਿਸ਼ੇਸ਼ ਨੂੰ ਸਾਂਭਣ ਦੇ ਨਾਲ ਨਾਲ ਰੱਚੜ ਹੋ ਚੁੱਕੇ ਨੂੰ ਤਿਆਗਣ ਵਾਲੇ ਥੀਮਾਂ ਦੀ ਉਸਾਰੀ ਵੀ ਇਸ ਕਹਾਣੀ ਦਾ ਉਘੜਵਾਂ ਉਚਾਰ ਬਣੀ ਹੈ। ਬਲਦੇਵ ਗਰੇਵਾਲ ਦੀ ਕਹਾਣੀ 'ਜ਼ਖ਼ਮੀ ਹੱਥ' ਦਾ ਥੀਮ ਸਾਡੀਆਂ ਮਰਯਾਦਾਵਾਂ ਨੂੰ ਨਵੇਂ ਸਿਰਿਓਂ ਪੜ੍ਹਨ ਦੀ ਗੁੰਜਾਇਸ਼ ਹੀ ਨਹੀਂ ਬਣਾਉਂਦਾ, ਇਸਦੇ ਗਲਘੋਟੂ ਰੂਪ ਨੂੰ ਤਿਆਗਣ ਵਾਲੀ ਸੋਚ ਦੀ ਪੈਰਵੀ ਵੀ ਕਰਦਾ ਹੈ। ਸਾਰੀ ਉਮਰ ਆਗਿਆਕਾਰ ਪੁੱਤਰ, ਵਫ਼ਾਦਾਰ ਪਤੀ ਅਤੇ ਜ਼ਿੰਮੇਵਾਰ ਪਿਉ ਵਜੋਂ ਵਿਚਰਿਆ ਇਸ ਕਹਾਣੀ ਦਾ ਨਾਇਕ 65 ਸਾਲ ਦੀ ਉਮਰ ਵਿਚ ਜਦੋਂ ਦੁਬਾਰਾ ਵਿਆਹ ਕਰਨ ਦਾ ਫ਼ੈਸਲਾ ਲੈਂਦਾ ਹੈ ਤਾਂ ਘਰੋ-ਘਰੀ ਰੰਗੀ ਵਸਦੀ ਸਾਰੀ ਰਿਸ਼ਤੇਦਾਰੀ ਨਮੋਸ਼ੀ ਦੇ ਗਲੇਫ਼ ਹੇਠ ਆਈ ਮਹਿਸੂਸ ਕਰਦੀ ਹੈ। ਹਾਲਾਂਕਿ ਉਸਦੀ ਪਤਨੀ ਮਰੀ ਨੂੰ 15 ਸਾਲ ਹੋ ਚੁੱਕੇ ਹਨ ਅਤੇ ਬੱਚੇ ਵਿਆਹੇ ਜਾ ਚੁੱਕੇ ਹਨ। ਕਹਾਣੀ ਦੇ ਵੇਰਵੇ ਦੱਸਦੇ ਹਨ ਕਿ ਕਹਾਣੀ ਦਾ ਇਹ ਹੋਣਹਾਰ ਨਾਇਕ ਪਹਿਲੀ ਉਮਰੇ ਪੜਨਾ ਚਾਹੁੰਦਾ ਸੀ, ਪਰ ਘਰ ਦੀ ਖੇਤੀ ਦੀਆਂ ਲੋੜਾਂ ਅਤੇ ਪਿਉ ਦੀ ਮਰਜ਼ੀ ਕਰਕੇ ਉਸਨੂੰ ਖੇਤ ਮਜ਼ਦੂਰ ਬਣਨਾ ਪਿਆ। ਜਵਾਨੀ ਵਿਚ ਉਸਦਾ ਕਿਸੇ ਕੁੜੀ ਨਾਲ ਪਿਆਰ ਹੋਇਆ, ਪਰ ਪਿਉ ਦੇ ਫ਼ੁਰਮਾਨ ਕਰਕੇ ਉਸਨੂੰ ਆਪਣੀ ਚਾਹਤ ਤਿਆਗਣੀ ਪਈ। ਪਤਨੀ ਨਾਪਸੰਦ ਹੋਣ ਦੇ ਬਾਵਜੂਦ ਉਹ ਉਸ ਨਾਲ ਨਿਭਾਉਂਦਾ ਰਿਹਾ ਅਤੇ ਉਸਦੇ ਮਰਨ ਉਪਰੰਤ ਬੱਚਿਆਂ ਦੀ ਜੁੰਮੇਵਾਰੀ ਬੜੀ ਵਫ਼ਾਦਾਰੀ ਨਾਲ

ਨਿਭਾਈ। ਬੱਚੇ ਵਿਆਹ ਕਰਵਾ ਆਪੋ ਆਪਣੇ ਘਰੀਂ ਚਲੇ ਗਏ ਤੇ ਉਹ ਬਿਲਕੁਲ ਇਕੱਲਾ ਰਹਿ ਗਿਆ। ਪਰ ਜਿਉਂ ਹੀ ਉਸਨੇ ਆਪਣੇ ਬਾਰੇ ਸੋਚਦਿਆਂ ਦੂਜੇ ਵਿਆਹ ਦਾ ਫ਼ੈਸਲਾ ਕੀਤਾ ਰਿਸ਼ਤੇਦਾਰੀ ਪੰਚਾਇਤ ਬਣ ਆ ਢੁਕੀ ਉਸਨੂੰ ਇਹ ਸਮਝਾਉਣ ਕਿ ਇਹ ਵੇਲਾ ਭਜਨ ਬੰਦਗੀ ਦਾ ਹੈ ਕੁਲ ਨੂੰ ਕਲੰਕ ਲਾਉਣ ਦਾ ਨਹੀਂ। ਪਰ ਇਸ ਕਹਾਣੀ ਦੀ ਖ਼ੂਬਸੂਰਤੀ ਇਹ ਹੈ ਕਿ ਇਹ ਕਹਾਣੀ ਆਪਣੇ ਕਥਾ ਨਾਇਕ ਦੀ ਚਾਹਤ ਨੂੰ ਨਿੰਦਣਯੋਗ ਦਰਸਾਉਣ ਦੀ ਥਾਂ ਮਰਯਾਦਾ ਗਤ ਜੀਵਨ-ਜਾਚ ਦੀਆਂ ਉਹਨਾਂ ਘਾਟਾਂ, ਕਮੀਆਂ, ਊਣਤਾਈਆਂ ਅਤੇ ਜਕੜਾਂ ਨੂੰ ਤਿਆਗਣਯੋਗ ਬਣਾ ਦਿੰਦੀ ਹੈ, ਜਿਹੜੀਆਂ ਬੰਦੇ ਦੇ ਸਿਰਜਣਾਤਮਕ ਆਪੇ ਦਾ ਗਲ ਘੁੱਟਕੇ ਰੱਖਦੀਆਂ ਹਨ। ਇਸ ਕਹਾਣੀ ਦਾ ਥੀਮ ਸੰਵਾਦ ਵਿਚੋਂ ਸਿਰਜਿਤ ਹੋ ਰਿਹਾ ਹੈ।

ਆਪਣੀਆਂ ਕੌਮੀ ਘਾੜਤਾਂ ਵਿਚੋਂ ਸਾਂਭਣਯੋਗ ਕੀਮਤਾਂ ਅਤੇ ਨਕਾਰਨਯੋਗ ਰੀਤੀਆਂ ਦਾ ਇਹ ਨਿਖੇੜਾ ਬੜੀ ਕਲਾਤਮਕਤਾ ਨਾਲ 21ਵੀਂ ਸਦੀ ਦੀ ਪਰਵਾਸੀ ਕਹਾਣੀ ਦੀ ਵਿਸ਼ੇਸ਼ ਸੈਨਤ ਬਣਿਆ ਹੈ। ਬਿਨਾ ਸ਼ੱਕ ਆਪਣੇ ਮੂਲਵਾਸ ਤੋਂ ਦੂਰੀ ਤੇ ਨਵੇਂ ਪਰਿਵੇਸ਼ ਵਿਚਲੀ ਸਥਿਤੀ ਦਾ ਲਾਭ ਲੈਂਦਿਆਂ ਇਸ ਕਹਾਣੀ ਨੇ ਪੰਜਾਬੀ ਸਨਾਖ਼ਤਾਂ ਦੀਆਂ ਨਵ-ਘਾੜਤਾਂ ਦੀ ਪਰਖ ਪੜਚੋਲ ਵੇਲੇ ਸੰਵਾਦੀ ਵਿਵਾਦੀ ਪੈਂਤੜਾ ਲਿਆ ਹੈ।ਨਵੇਂ ਪਰਿਵੇਸ਼ ਵਿਚ ਪੰਜਾਬੀ ਸ਼ਨਾਖ਼ਤਾਂ ਦੀ ਸਾਹਸ ਭਰੀ ਸਿਫਤੀ ਢਲਣਸ਼ੀਲਤਾ ਦੇ ਨਾਲ ਨਾਲ ਨਵੀਆਂ ਘਾੜਤਾਂ ਵਿਚ ਪੰਜਾਬੀਅਤ ਦੀ ਵੱਖਰੀ ਵਿਸ਼ਿਸ਼ਟ ਪਛਾਣ ਸਾਂਭਣ ਦਾ ਦਮ ਭਰਨਾ ਤੇ ਜਾਤ-ਪਾਤੀ, ਅੰਧ ਵਿਸ਼ਵਾਸ਼ੀ, ਜੈਂਡਰਵਾਦੀ, ਲੋਭੀ ਪਿਤਰਕੀ ਰੱਚੜਤਾ ਨੂੰ ਤਿਆਗਣ ਦਾ ਵਿਵੇਕ ਸਿਰਜਣਾ ਇਸ ਕਹਾਣੀ ਦੀ ਪ੍ਰਭਾਵਸ਼ਾਲੀ ਪਛਾਣ ਬਣਿਆ ਹੈ।

ਬਾਹਰਲੇ ਸੰਸਾਰ ਨਾਲ ਸਬੰਧਿਤਾ ਅਤੇ ਸਪੇਸ ਦੀ ਸਭਿਆਚਾਰਕ ਸਿਆਸਤ

20ਵੀਂ ਸਦੀ ਦੀ ਲਗਭਗ ਸਾਰੀ ਕਹਾਣੀ ਪਰਵਾਸੀ ਪੰਜਾਬੀ ਸਮਾਜ ਨੂੰ ਇਕ ਧਿਰ ਅਤੇ ਸਮੁੱਚੇ ਬਾਹਰੀ ਸੰਸਾਰ ਨੂੰ ਵਿਰੋਧੀ ਧਿਰ ਮੰਨਣ ਦੀ ਕਥਾ ਰੂੜ੍ਹੀ ਦਾ ਪਾਲਣ ਕਰਦੀ ਵਿਖਾਈ ਦਿੰਦੀ ਹੈ।ਕਿਸੇ ਪੰਜਾਬੀ ਬੰਦੇ ਦੇ ਗੋਰੇ ਕਾਲੇ ਨਾਲ ਤਾਂ ਕੀ ਕਿਸੇ ਦੱਖਣੀ ਭਾਰਤੀ ਨਾਲ ਵੀ ਕਿਸੇ ਸਾਂਝ ਸਬੰਧ ਦਾ ਜ਼ਿਕਰ ਘੱਟ ਹੀ ਆਉਂਦਾ ਹੈ।ਵੱਧ ਤੋਂ ਵੱਧ ਪਾਕਿਸਤਾਨੀ ਪੰਜਾਬੀ ਨਾਲ ਬੋਲੀ ਅਤੇ ਪੰਜਾਬੀਅਤ ਦੀ ਸਾਂਝ ਦੇ ਕੁਝ ਝਲਕਾਰੇ ਮਿਲਦੇ ਹਨ।ਪਰ 2001ਵਿਚ 9/11ਦੇ ਆਤੰਕੀ ਹਮਲੇ ਤੋਂ ਬਾਅਦ ਪੰਜਾਬੀ ਸਮਾਜ ਬਾਹਰੀ ਸੰਸਾਰ ਨਾਲ ਆਪਣਾ ਰਿਸ਼ਤਾ ਸੁਚੇਤ ਤੌਰ ਨਿਖੇੜਦਾ, ਪਛਾਣਦਾ ਨਜ਼ਰ ਆਉਂਦਾ ਹੈ।ਇਸ ਹਮਲੇ ਤੋਂ ਝੁੰਜਲਾਈ ਗੋਰੀ ਨਸਲ ਦੇ ਅੰਦਰ ਬੈਠੀ ਧੌਂਸ ਤੇ ਨਫ਼ਰਤ ਨੇ ਜਿਵੇਂ ਸਾਰੇ ਭੂਰੇ ਰੰਗ ਨੂੰ ਹੀ ਆਤੰਕੀ ਗਰਦਾਨਦਿਆਂ; ਹਰ ਭੂਰੇ ਚਿਹਰੇ ਵਿਚੋਂ ਹੀ ਬਿਨ ਲਾਦੇਨ ਲੱਭਦਿਆਂ ਅਤੇ ਅੱਗੋਂ ਸਿੱਖ ਮੁਸਲਮਾਨ ਦਾ ਵੀ ਨਿਖੇੜਾ ਨਾ ਕਰਦਿਆਂ,ਹਰ ਪੱਗ ਦਾਹੜੀ ਵਾਲੇਵਿਅਕਤੀ ਨੂੰ ਹੀ ਸ਼ਕੀ, ਸਾਜਿਸ਼ੀ ਤੇ ਮੁਲਕ ਲਈ ਖਤਰਾ ਜਾਣਦਿਆਂ ਹੇਟ ਕਰਾਈਮ ਦਾ ਸ਼ਿਕਾਰ ਬਣਾਇਆ,ਉਸਨੇ ਪਰਵਾਸੀ ਪੰਜਾਬੀ ਸਮਾਜ ਨੂੰ ਆਪਣੀ ਲੋਕੇਸ਼ਨ ਵਿਚ ਓਪਰੇ, ਇਕੱਲੇ ਤੇ ਬਾਹਰਲੇ ਹੋਣ ਦਾ ਅਹਿਸਾਸ ਬੜੀ ਕਰੂਰਤਾ ਨਾਲ ਦਿੱਤਾ।9/11ਤੋਂ ਬਾਅਦ ਦੇ ਹੇਟ ਕਰਾਈਮ ਵਿਚ ਸਿੱਖਾਂ ਦਾ ਪੱਗਾਂ ਕਰਕੇ ਮੁਸਲਮਾਨ ਸਮਝੇ ਜਾਣਾ,ਕਤਲ ਹੋਣਾ ਸਿੱਖ ਭਾਈਚਾਰੇ ਲਈ ਵੱਡਾ ਸਦਮਾ ਸੀ।ਜਿਸਨੇ ਉਸਨੂੰ ਇੰਤਹਾਈ ਹੱਦ ਤੱਕ ਅੰਤਕਿਤ ਤੇ ਅਸੁਰੱਖਿਅਤ ਕੀਤਾ। ਝੰਡੇ ਨੂੰ ਲੱਗੀ ਮੈਲ (ਜਗਜੀਤ ਬਰਾੜ),

ਗਰਾਊਂਡ ਜ਼ੀਰੋ (ਪ੍ਰੋਫੈਸਰ ਹਰਭਜਨ ਸਿੰਘ)ਫੈਂਸ (ਕਰਮ ਸਿੰਘ ਮਾਨ) ਉਸੇ ਮਾਹੌਲ ਵਿਚ ਡਰੇ, ਦਹਿਲੇ, ਸਹਿਮੇ, ਘਬਰਾਏ ਤੇ ਹਤਾਸ਼ ਹੋਏ ਆਮ ਵਿਅਕਤੀ ਦੀਆਂ ਸੰਵੇਦਨਸ਼ੀਲ ਕਹਾਣੀਆਂ ਹਨ। ਨਿਸਚੇ ਹੀ ਇਸ ਝਟਕੇ ਨੇ ਉਨ੍ਹਾਂ ਨੂੰ ਆਪਣੀਆਂ ਲੋਕੇਸ਼ਨਾਂ ਵਿਚ ਆਪਣੀ ਵੱਖਰੀ ਹੋਂਦ ਜਤਾਉਣ, ਸਾਂਝੇਦਾਰੀ ਵਧਾਉਣ ਅਤੇ ਥਾਂ ਨਿਸ਼ਚਿਤ ਕਰਵਾਉਣ ਦਾ ਮਕਸਦ ਦਿੱਤਾ।

21ਵੀਂ ਸਦੀ ਦੀ ਕਹਾਣੀ ਵਿਚ ਪੰਜਾਬੀ ਭਾਈਚਾਰਾ ਆਪਣੀਆਂ ਲੋਕੇਸ਼ਨਾਂ ਵਿਚ ਨਿਸ਼ਠਾ ਬਣਾਉਂਦਾ ਅਤੇ ਆਪਣੇ ਵਰਗੀ ਹੋਣੀ ਹੰਢਾਉਂਦੇ ਹੋਰ ਡਾਇਸਪੋਰਿਕ ਸਮੂਹਾਂ ਨਾਲ ਸਾਂਝ ਤੇ ਸੰਵਾਦ ਖੋਲ੍ਹਣ ਪ੍ਰਤੀ ਸੁਚੇਤ ਹੋਇਆ ਵਿਖਾਈ ਦਿੰਦਾ ਹੈ। ਇਹ ਕਹਾਣੀਆਂ ਪਹਿਲੀ ਵਾਰ ਇਸ ਰਾਜਨੀਤਕ ਸੋਝੀ ਨਾਲ ਲੈਸ ਹੋਈਆਂ ਕਿ ਪਹਿਲੀ ਦੁਨੀਆਂ ਦੇ ਬਹੁ ਸਭਿਆਚਾਰੀ ਸਮਾਜ ਵਿਚ ਅਸਲੀ ਤੇ ਪੱਕੀ ਵੰਡ ਸਾਮਰਾਜੀ ਤਾਕਤਾਂ ਤੇ ਇੰਮੀਗਰੈਂਟਾਂ ਵਿਚਾਲੇ ਹੈ। ਰੂਹ 'ਤੇ ਉਕਰੇ ਚਿੱਤਰ,ਕਾਲਾ ਨਾਚ (ਪ੍ਰੋਫੈਸਰ ਹਰਭਜਨ ਸਿੰਘ),ਕਿਸੇ ਪਹਿ ਖੋਲਹੁ ਗੰਠੜੀ (ਰਾਣੀ ਨਗੇਂਦਰ), ਕਰਜ਼ (ਹਰਮਹਿੰਦਰ ਚਹਿਲ), ਲੇਖਾ ਜੋਖਾ (ਰਾਣੀ ਨੂਰਪੁਰੀ) ਵਰਗੀਆਂ ਕਈ ਕਹਾਣੀਆਂ ਨੇ ਫੋਕਸ ਵਿਚ ਲਿਆਂਦਾ ਕਿ ਜਿਹੋ ਜਿਹੀਆਂ ਦੁਸ਼ਵਾਰੀਆਂ, ਖੁਆਰੀਆਂ, ਜਿੱਲਤਾਂ, ਨਫ਼ਰਤਾਂ, ਤਬਾਹੀਆਂ ਦਾ ਸਾਹਮਣਾ ਪਰਵਾਸੀ ਪੰਜਾਬੀਆਂ ਨੂੰ ਕਰਨਾ ਪੈਂਦਾ, ਉਹੋ ਜਿਹਾ ਵਰਤਾਵ ਹੀ ਕਾਲਿਆਂ, ਕੋਰੀਅਨਾਂ, ਕੈਸੋਆਂ, ਸਪੈਨਿਸ਼ਾਂ ਆਦਿ ਨਾਲ ਹੋ ਰਿਹਾ ਹੈ। ਅਮਰਜੀਤ ਚਾਹਲ ਦੀ ਕਹਾਣੀ 'ਵਿਗੜੇ ਹੋਏ ਕਾਮਰੇਡ' ਦਾ ਕਥਾ ਵਿਵੇਕ ਤਾਂ ਉਨ੍ਹਾਂ ਮੁਲਕਾਂ ਦੇ ਸਾਮਰਾਜੀ ਤੇ ਨਸਲੀ ਚਿਹਰੇ ਨੂੰ ਹਰ ਗੋਰੇ ਚਿਹਰੇ ਵਿਚੋਂ ਭਾਲਣ ਦੀ ਥਾਂ ਉਨ੍ਹਾਂ ਅਦ੍ਰਿਸ਼ਟ ਤਾਕਤਾਂ ਦੀ ਨਿਸ਼ਾਨਦੇਹੀ ਵੱਲ ਤੁਰਦਾ ਹੈ, ਜਿਹੜੀਆਂ ਇਮੀਗਰੈਂਟਾਂ ਨੂੰ ਹਾਸ਼ੀਏ ਤੇ ਸੁੱਟੀ ਰੱਖਣ ਦਾ ਤੰਤਰ ਸਿਰਜਦੀਆਂ ਹਨ।

ਇਹ ਕਹਾਣੀਆਂ ਆਪਣੇ ਸਮਿਆਂ ਵਿਚ ਆਪਣੇ ਪਰਿਵੇਸ਼ ਵਿਚ ਚੱਲ ਰਹੀਆਂ ਕੋਝੀਆਂ ਸਾਮਰਾਜੀ ਪ੍ਰੈਕਟਿਸਾਂ ਬਾਰੇ ਜਾਗਰੂਕਤਾ ਹੀ ਨਹੀਂ ਦਰਸਾਉਂਦੀਆਂ ਸੁਚੇਤ ਰੂਪ ਵਿਚ ਆਪਣਾ ਫਰਜ਼,ਆਪਣੀ ਧਿਰ ਪਛਾਣਦੀਆਂ ਅਤੇ ਇਸਤੋਂ ਵੀ ਅੱਗੇ ਆਪਣੀ ਰਾਏ ਪ੍ਰਗਟਾਉਣ ਦੀ ਰਾਜਸੀ ਚੇਤਨਾ ਦੀਆਂ ਜ਼ਾਮਨ ਬਣ ਰਹੀਆਂ ਹਨ।ਸਮਕਾਲ ਵਿਚ ਕਈ ਕਹਾਣੀਆਂ ਤਾਂ ਸਪੱਸ਼ਟ ਰੂਪ ਵਿਚ ਬਾਹਰੀ ਸੰਸਾਰ ਦੇ ਸਿਆਸੀ ਦ੍ਰਿਸ਼ ਨਾਲ ਵਾਬਸਤਗੀ ਵਿਖਾ ਰਹੀਆਂ ਹਨ।ਸਾਮਰਾਜੀ ਤਾਕਤਾਂ ਦੀਆਂਨਵ ਬਸਤੀਵਾਦੀ ਨੀਤੀਆਂ ਨੇ ਆਮ ਲੋਕਾਈ ਨੂੰ ਜਿਨ੍ਹਾਂ ਨਿਹੱਕੀਆਂ ਜੰਗਾਂ ਤੇ ਖਾਨਾਜੰਗੀਆਂ ਵਿਚ ਲਿਆ ਸੁੱਟਿਆ ਹੈ, ਉਸਦੀ ਬਿੰਬਕਾਰੀ 'ਤੇ ਕਾਨੂੰ ਮਰ ਗਿਆ' (ਸੰਤੋਖ ਧਾਲੀਵਾਲ),'ਕਰਫਿਊ ਜਾਰੀ ਹੈ' (ਰਾਣੀ ਨਗੇਂਦਰ),'ਸਟਾਪ ਇਟ','ਰੇਸ ਕਲਾਸ ਤੇ ਜੰਗ' (ਪ੍ਰੋਫੈਸਰ ਹਰਭਜਨ ਸਿੰਘ) 'ਧੁੰਦ ਵਿਚ ਜਗਦੀ ਬੱਤੀ' (ਮਹਿੰਦਰਪਾਲ ਧਾਲੀਵਾਲ), 'ਕੁੱਤਾ ਤੇ ਮਨੁੱਖ' (ਹਰਜਿੰਦਰ ਪੰਧੇਰ), ਵਰਗੀਆਂ ਕਈ ਕਹਾਣੀਆਂ ਦਾ ਹਾਸਿਲ ਬਣੀ ਹੈ। ਇਨ੍ਹਾਂ ਕਹਾਣੀਆਂ ਵਿਚ ਅਮਰੀਕਾ ਵਲੋ ਮਿਡਲ ਈਸਟ ਦੇਸ਼ਾਂ ਵਿਚ ਲੜੀਆਂ ਜਾ ਰਹੀਆਂ ਮਾਰੂ ਜੰਗਾਂ ਦਾ ਸਿੱਧਾ ਜ਼ਿਕਰ ਆ ਰਿਹਾ ਹੈ। ਸਿਰਫ ਜ਼ਿਕਰ ਹੀ ਨਹੀਂ ਆ ਰਿਹਾ ਇਹ ਕਹਾਣੀਆਂ ਸਾਮਰਾਜ ਦੀ ਅੰਨ੍ਹੀ ਧੌਂਸ, ਮਾਰਖੋਰੀ ਬਰਬਰਤਾ ਤੇ ਕਬਜ਼ਾਕਾਰੀ ਦੇ ਹੱਠੀ ਵਤੀਰਿਆਂ ਦਾ ਠੋਸ ਬਿੰਬ ਸਿਰਜਦੀਆਂ ਹਨ। ਇਹ ਕਹਾਣੀਆਂ ਅਮਰੀਕੀ ਅਭਿਮਾਨ ਦੀਆਂ ਮਹਾਂਕਪਟੀ ਨੀਤੀਆਂ ਨੂੰ ਵਿਚਾਰਧਾਰਕ ਸੂਝ ਨਾਲ ਵਿਸ਼ਲੇਸ਼ਿਤ ਕਰਦੀਆਂ ਹਨ ਅਤੇ ਪਰਵਾਸੀਆਂ, ਸ਼ਰਨਾਰਥੀਆਂ ਪ੍ਰਤਿ ਸ਼ਰੇਆਮ ਪ੍ਰਦਰਸ਼ਿਤ ਕੀਤੀਆਂ ਜਾਂਦੀਆਂ ਨਫਰਤਾਂ ਨੂੰ ਅਗਰਭੂਮੀ 'ਤੇ

ਲਿਆਉਂਦੀਆਂ ਹਨ। ਸਾਮਰਾਜ ਦੀਆਂ ਇਨ੍ਹਾਂ ਕੋਝੀਆਂ ਖੂੰਖਾਰ ਪ੍ਰੈਕਟਿਸਾਂ ਨੂੰ ਭੰਡਣਾ ਤੇ ਭੁੱਖਾਂ ਬਿਮਾਰੀਆਂ ਨਾਲ ਜੂਝਦੀ, ਸ਼ਰਨਾਰਥੀ ਕੈਂਪਾਂ ਵਿਚ ਰੁਲਦੀ, ਦੁਸ਼ਮਣ ਮੁਲਕਾਂ ਵਿਚ ਪਨਾਹ ਲੈਣ ਲਈ ਖੁਆਰ ਹੁੰਦੀ ਲੋਕਾਈ ਦੇ ਹੱਕ ਪੱਖ ਵਿਚ ਆਉਣਾ ਇਸ ਕਹਾਣੀ ਦੇ ਸਭਿਆਚਾਰਕ ਸਪੇਸ ਲਈ ਮੱਲੇ ਲੋਕਪੱਖੀ ਪੈਂਤੜੇ ਦਾ ਲਖਾਇਕ ਬਣਦਾ ਹੈ। ਸਰਵ ਸਾਂਝੀ ਦੁਨੀਆਂ ਦੇ ਮਸਲਿਆਂ ਵਿਚ ਹਰ ਕਿਸੇ ਲਈ ਸਮਾਜੀ ਮਨੁੱਖੀ ਸਭਿਆਚਾਰਕ ਸਪੇਸ ਲਈ ਧਿਰਬੰਦੀ ਕਰਦਿਆਂ ਇਨ੍ਹਾਂ ਕਹਾਣੀਆਂ ਨੇ ਉਨ੍ਹਾਂ ਧਰਤੀਆਂ ਦੇ ਆਦਿਵਾਸੀਆਂ ਨਾਲ ਵੀ ਸੰਬੰਧਿਤਾ ਦਰਸਾਈ ਹੈ। ਪਰਵਾਸੀ ਕਹਾਣੀ ਦੇ ਇਹ ਥੀਮ ਨਿਸਚੇ ਹੀ ਪਰਵਾਸੀ ਪੰਜਾਬੀ ਕਹਾਣੀਕਾਰਾਂ ਦੀਆਂ ਉਨ੍ਹਾਂ ਸਬਜੈਕਟ ਪੁਜੀਸ਼ਨਾਂ ਵਿਚੋਂ ਨਿਕਲੇ ਹਨ ਜਿਹੜੀਆਂ ਉਨ੍ਹਾਂ ਨੇ ਸਾਮਰਾਜ ਦੇ ਤਲਿਸਮ ਤੇ ਧੌਂਸ ਤੋਂ ਬਵਾਹਰੇ ਹੋਕੇ ਲਈਆਂ ਹਨ।ਇਹ ਪੁਜੀਸ਼ਨਾ ਨਿਸਚੇ ਹੀ ਉਨ੍ਹਾਂ ਨੂੰ ਆਪਣੇ ਸਮੇਂ ਦੀਆਂ ਵੰਗਾਰਾਂ ਨਾਲ ਰੁੱਝਣ ਦਾ ਸਾਹਸ ਦੇ ਰਹੀਆਂ ਹਨ।

ਇਨ੍ਹਾਂ ਕਹਾਣੀਆਂ ਵਿਚ ਪੰਜਾਬੀ ਸ਼ਨਾਖ਼ਤਾਂ ਆਪਣੇ ਆਪ ਨੂੰ ਦੂਜਿਆਂ ਦੇ ਸਮਵਿਥ ਰੱਖ ਕੇ ਵੇਖ ਰਹੀਆਂ ਹਨ। ਉਨ੍ਹਾਂ ਨੂੰ ਵੀ ਅਤੇ ਆਪਣੇ ਆਪ ਨੂੰ ਵੀ ਨਵੇਂ ਸਿਰਿਓਂ ਪੜ੍ਹ ਰਹੀਆਂ ਹਨ ਤੇ ਨਵੇਂ ਇੰਕਸ਼ਾਫ਼ ਦਰਜ ਕਰ ਰਹੀਆਂ ਹਨ। ਰੰਗਾਂ, ਨਸਲਾਂ ਦੀ ਦੁਨੀਆਂ ਵਿਚ ਸਾਮਰਾਜੀ ਤਾਕਤਾਂ ਨੇ ਆਪਣੇ ਹੀ ਰੰਗ, ਨਸਲ, ਸਭਿਆਚਾਰ ਨੂੰ ਜਿਵੇਂ ਉਤਮ ਐਲਾਨ ਲਿਆ ਹੈ ਤੇ ਬਾਕੀ ਹਰ ਬਾਹਰਲੇ ਓਪਰੇ ਨੂੰ ਘਟੀਆ,ਗਰੀਬੜੇ,ਅਸਭਿਅਕ, ਦੁਸ਼ਮਣ ਗਰਦਾਨਣ ਦੇ ਜਿਵੇਂ ਉਹ ਆਦੀ ਹੋ ਚੁੱਕੇ ਹਨ, ਆਪਣੀ ਥਾਂ ਆਪਣੀ ਧਿਰ ਦੀ ਪਛਾਣ ਹੋਰ ਵੀ ਜ਼ਰੂਰੀ ਹੋ ਗਈ ਹੈ।ਨਵੇਂ ਵਿਚਾਰਾਂ ਦੀ ਇਕ ਪ੍ਰਤਿਧੁਨੀ ਰੰਗਾਂ ਦੀਆਂ ਦਰਜਾਬੰਦੀਆਂ ਵਿਚ ਪੰਜਾਬੀ ਭਾਈਚਾਰੇ ਦੀ ਆਪ ਹੀ ਆਪਣੇ ਭੂਰੇ ਰੰਗ ਨੂੰ ਗੋਰਿਆਂ ਤੇ ਕਾਲਿਆਂ ਵਿਚਕਾਰ ਸਥਿਤ ਕਰ ਲੈਣ ਦੀ ਹਉਂਵਾਦੀ ਧਾਰਨਾ ਨਾਲ ਵੀ ਜੁੜਦੀ ਹੈ।ਸਾਥੀ ਲੁਧਿਆਣਵੀ ਆਪਣੀ ਕਹਾਣੀ 'ਫਾਰ ਸੇਲ' ਵਿਚ ਪੰਜਾਬੀ ਭਾਈਚਾਰੇ ਦੇ ਆਤਮ ਚਿੰਤਨ ਵਿਚੋਂ ਇਸ ਦਰਜਾਬੰਦੀ ਦੇ ਤਰਕ ਵਿਤਰਕ ਸਿਰਜਦਾ ਹੈ।ਗੋਰਿਆਂ ਦੀ ਰੀਸੋ ਰੀਸੀ ਆਪਣੀ ਹਉਂ ਦੀ ਤਲਾਫੀ ਲਈ ਪੰਜਾਬੀ ਭਾਈਚਾਰਾ ਕਾਲਿਆਂ ਤੋਂ ਵਿੱਥ ਹੀ ਨਹੀਂ ਥਾਪਦਾ ਆਪਣੇ ਆਪ ਨੂੰ ਉਨ੍ਹਾਂ ਤੋਂ ਬਿਹਤਰ ਸਿੱਧ ਕਰਨ ਦੇ ਇਖ਼ਲਾਕੀ ਪ੍ਰਮਾਣ ਵੀ ਦੇਣ ਲੱਗਦਾ ਹੈ।ਪਰ ਨਵੇਂ ਉਚਾਰ ਖ਼ਾਸਕਰ ਪ੍ਰੋਫ਼ੈਸਰ ਹਰਭਜਨ ਸਿੰਘ ਦੀਆਂ ਕਹਾਣੀਆਂ (ਰੂਹ ਤੇ ਉਕਰੇ ਚਿੱਤਰ, ਕਾਲਾ ਨਾਚ) ਉਸ ਰੂੜੀ ਦਾ ਭੰਜਨ ਕਰਦੀਆਂ ਹਨ ਜਿਹੜੀਆਂ ਕਾਲਿਆਂ ਨੂੰ ਲੁਟੇਰੇ, ਲੜਾਕੇ,ਬੇਯਕੀਨੇ,ਕਦਰਾਂ ਤੋਂ ਵਿਹੂਣੇ ਜਾਂ ਸਾਂਝਾ, ਵਫ਼ਾਦਾਰੀਆਂ ਦੇ ਅਯੋਗ ਹੋਣ ਨੂੰ ਪ੍ਰਮਾਣਿਕ ਤੱਥ ਵਾਂਗ ਵਰਤਦੇ ਹਨ। ਇਹ ਕਹਾਣੀਆਂ ਕਾਲੇ ਲੋਕਾਂ ਦੇ ਸੁਪਨਿਆਂ, ਸੰਘਰਸ਼ਾਂ, ਮਾਨਵੀ ਚਿਹਰਿਆਂ ਨਾਲ ਸਾਂਝ ਪਵਾਉਂਦੀਆਂ ਸੰਸਾਰ ਦ੍ਰਿਸ਼ 'ਤੇ ਸ਼ਨਾਖ਼ਤਾਂ ਦੀ ਧਿਰਬੰਦੀ ਨੂੰ ਨਵੇਂ ਆਧਾਰ ਦਿੰਦੀਆਂ ਹਨ।

ਕਰਾਂਤੀ ਗੀਤ (ਪ੍ਰੋਫੈਸਰ ਹਰਭਜਨ ਸਿੰਘ),ਸੂਰਜ ਵੱਲ ਵੇਖਦਾ ਆਦਮੀ (ਸੁਰਿੰਦਰ ਸੋਹਲ),ਮੁਰਗਾਬੀਆਂ (ਗੁਰਮੀਤ ਪਨਾਗ), ਕਾਲੇ ਵਰਕੇ (ਜਰਨੈਲ ਸਿੰਘ) ਮਤਰੇਈ ਮਾਂ ਸਕੇ ਪੁੱਤਰ (ਅਮਨਪਾਲ ਸਾਰਾ) ਵਰਗੀਆਂ ਕਈ ਕਹਾਣੀਆਂ ਪਰਵਾਸੀ ਮਨਾਂ ਨੂੰ ਇਸ ਦਾਬੇ ਤੋਂ ਸੁਚੇਤ ਭਾਂਤ ਮੁਕਤ ਕਰਵਾਉਣਾ ਚਾਹੁੰਦੀਆਂ ਹਨ ਕਿ ਅਮਰੀਕਾ ਕੈਨੇਡਾ ਗੋਰਿਆਂ ਦਾ ਮੁਲਕ ਹੈ,ਬਲਕਿ ਇਹ ਕਹਾਣੀਆਂ ਉਨ੍ਹਾਂ ਮੁਲਕਾਂ ਵਿਚ ਗੋਰਿਆਂ ਨੂੰ ਅੱਜ ਵੀ ਧਾੜਵੀਆਂ, ਪਰਵਾਸੀਆਂ ਦੇ ਰੂਪ ਵਿਚ ਵੇਖਣ ਦਾ ਤਰਕ ਦਿੰਦੀਆਂ ਹਨ।ਆਪਣੀਆਂ ਲੋਕੇਸ਼ਨਾਂ ਵਿਚ ਹਰ

ਰੰਗ ਨਸਲ ਕੌਮ ਦੇ ਸਬਾਲਟਰਨ ਨਾਲ ਸਾਂਝ ਪੁਗਾ ਕੇ ਅਤੇ ਆਦਿਵਾਸੀਆਂ, ਪਰਵਾਸੀਆਂ, ਸ਼ਰਨਾਰਥੀਆਂ ਨਾਲ ਧਿਰਬੰਦੀ ਕਰਕੇ ਇਹ ਕਹਾਣੀ ਆਂਡਾ ਇਸਪੋਰਿਆਂ ਦੀ ਸਭਿਆਚਾਰਕ ਸਪੇਸ ਦੀ ਸਿਆਸਤ ਵਿਚ ਇਕ ਧਿਰ ਵਜੋਂ ਉਭਰਨ ਦੀਆਂ ਸੰਕੇਤਕ ਬਣ ਰਹੀਆਂ ਹਨ। ਭਾਵੇਂ ਇਨ੍ਹਾਂ ਕਹਾਣੀਆਂ ਦੇ ਥੀਮ ਕਹਾਣੀਕਾਰਾਂ ਦੀ ਵਿਆਪਕ ਸੁਚੇਤਤਾ ਨੇ ਘੜੇ ਹਨ ਤੇ ਹਾਲ ਦੀ ਘੜੀ ਇਨ੍ਹਾਂ ਕਥਾਨਕਾਂ ਵਿਚ ਪੰਜਾਬੀ ਲੋਕਾਈ ਦੇ ਚਿਹਰੇ ਗੂੜ੍ਹੇ ਨਹੀਂ ਹੁੰਦੇ।

ਸੋ ਪਰਵਾਸੀ ਪੰਜਾਬੀ ਕਹਾਣੀ ਦੇ ਨਵੇਂ ਉਚਾਰ ਆਪਣੀਆਂ ਲੋਕੇਸ਼ਨਾਂ ਦੇ ਸਮਕਾਲੀਨ ਪ੍ਰਸੰਗਾਂ/ਸੰਦਰਭਾਂ ਵਿਚ ਹਾਜ਼ਰ/ਕਿਰਿਆਸ਼ੀਲ ਪੰਜਾਬੀ ਲੋਕਾਈ ਦੇ ਬਿੰਬ ਹਨ। ਇਹ ਕਹਾਣੀਆਂ ਆਪਣੇ ਪਰਿਵੇਸ਼ ਨਾਲ ਨਿਤਾਪ੍ਰਤਿ ਦੀ ਵਾਬਸਤਗੀ ਵਿਚੋਂ ਉਪਜੀਆਂ ਹਨ। ਆਪਣੇ ਪਾਤਰਾਂ ਦੀ ਸਥਿਤਤਾ ਦੀ ਬਿੰਬਕਾਰੀ ਕਰਦਿਆਂ ਇਹ ਕਹਾਣੀਆਂ ਵਿਕਸਤ ਮੁਲਕਾਂ ਦੇ ਸਭਿਆਚਾਰਕ ਈਥੋਸ ਵਿਚਲੀ ਅੰਨ੍ਹੀ ਪਦਾਰਥਕਤਾ, ਮਾਰੂ ਨਿੱਜਤਾ, ਬੇਲਗਾਮ ਉਪਭੋਗਤਾ,ਨਸਲੀ ਧੌਂਸ, ਹਿੰਸਾ, ਖੌਫ, ਦੁਬਿਧਾ, ਦਮਨ, ਅਸੁਰਖਿਅਤਾ, ਗੰਨ ਕਲਚਰ, ਨਸ਼ੇਮੰਦੀ ਵਰਗੀਆਂ ਸਾਰੀਆਂ ਅਲਾਮਤਾਂ ਬੁਲੰਦ ਸੁਰ ਵਿਚ ਚਿਤਰ ਰਹੀਆਂ ਹਨ। ਇਹ ਕਹਾਣੀਆਂ ਇਨ੍ਹਾਂ ਖੁੱਲ੍ਹੇ ਤੇ ਬਹੁ ਸਭਿਆਚਾਰੀ ਪਰਿਵੇਸ਼ ਦੇ ਪ੍ਰਭਾਵਾਂ,ਦਬਾਵਾਂ ਵਿਚ ਬਣਦੀ-ਬਿਨਸਦੀ, ਵਿਚਰਦੀ-ਖਿਲਰਦੀ ਪੰਜਾਬੀ ਘਰ ਗ੍ਰਹਿਸਤੀ ਦਾ ਕ੍ਰਿਟੀਕ ਪੇਸ਼ ਕਰ ਰਹੀਆਂ ਹਨ। ਇਸ ਕਹਾਣੀ ਦੀਆਂ ਰਮਜ਼ਾਂ, ਤਨਜ਼ਾਂ ਤੇ ਵਿਸ਼ਲੇਸ਼ਣ ਨਵੀਆਂ ਪਛਾਣਾਂ, ਨਵੀਆਂ ਸਪੇਸਾਂ ਲਈ ਬੁਰੀ ਤਰ੍ਹਾਂ ਬਿਹਬਲ ਅਜੋਕੇ ਮਨੁੱਖ ਦੀ ਪਛਾਣ ਨੂੰ ਗੂੜ੍ਹਾ ਕਰ ਰਹੇ ਹਨ। ਇਨ੍ਹਾਂ ਕਹਾਣੀਆਂ ਵਿਚ ਪਾਤਰਾਂ ਵਜੋਂ ਪੇਸ਼ ਬੱਚੇ ਬੁੱਢੇ, ਮਰਦ ਔਰਤਾਂ,ਕਾਲੇ ਭੂਰੇ ਸਭ ਸ਼ਨਾਖ਼ਤਾਂ ਦੀ 'ਮੈਂ' ਆਪਣੇ ਸਥਾਪਨ ਲਈ ਨਵੀਂ ਨਿੱਜੀ ਸਮਾਜੀ ਸਪੇਸ ਦੀ ਅਭਿਲਾਸ਼ੀ ਹੈ। ਇਸ ਤਰ੍ਹਾਂ ਇਹ ਕਹਾਣੀਆਂ ਬੇਅੰਤ ਖੋਹਾਂ, ਖਿੱਚਾਂ, ਭਟਕਣ, ਭੁਲਾਂਦਰਿਆਂ ਭਰੇ ਸੰਸਾਰ ਵਿਚ ਆਪਣੇ ਪ੍ਰਮਾਣਕ ਆਪੇ ਨੂੰ ਤਲਾਸ਼ਣ/ਜਤਾਉਣ/ਨਿਭਾਉਣ ਲਈ ਜਦੋਜਹਿਦ ਕਰ ਰਹੀਆਂ ਪੰਜਾਬੀ ਸ਼ਨਾਖ਼ਤਾਂ ਦੀ ਪੈਰਵੀ ਕਰ ਰਹੀਆਂ ਹਨ। ਉਨ੍ਹਾਂ ਦੇ ਖੁੱਲ੍ਹ ਰਹੇ ਝਰੋਖਿਆਂ, ਸਮਝਦਾਰੀਆਂ, ਸੰਵਾਦਾਂ ਅਤੇ ਦਾਅਵਿਆਂ ਦੀਆਂ ਪੈੜਾਂ ਨੱਪ ਰਹੀਆਂ ਹਨ। ਪੰਜਾਬੀ ਬੰਦੇ ਦੀ ਕੌਮੀ ਘਾੜਤ ਦੇ ਸਾਂਭਣਯੋਗ ਤੇ ਤਿਆਗਣਯੋਗ ਪਹਿਲੂ ਹੀ ਨਹੀਂ, ਪੰਜਾਬੀ ਸ਼ਨਾਖ਼ਤਾਂ ਦੀ ਡਾਇਸਪੋਰਿਕ ਘਾੜਤ ਵਿਚ ਸ਼ਾਮਿਲ ਹੋ ਰਹੇ ਯੁਗ ਅਨੁਕੂਲ ਹਾਂਮੁਖੀ-ਨਾਂਹਮੁਖੀ ਨਵੇਂ ਪ੍ਰਤਿਮਾਨ, ਨਵੀਆਂ ਕੀਮਤਾਂ ਤੇ ਨਵੀਂ ਜੀਵਨ ਸ਼ੈਲੀ ਇਨ੍ਹਾਂ ਕਹਾਣੀਆਂ ਦਾ ਮੁੱਦਾ ਬਣੀ ਹੈ।

ਹਰ ਹਾਲ ਵਿਚ ਮਨੁੱਖੀ ਸਾਰ ਨੂੰ ਪਛਾਨਣ ਤੇ ਪਰਿਭਾਸ਼ਿਤ ਕਰਨ ਦੇ ਆਹਰ ਵਿਚ ਜੁੱਟੀਆਂ ਸਮਕਾਲੀ ਕਹਾਣੀਆਂ ਦੀ ਇਕ ਪ੍ਰਵਿਰਤੀ ਆਪਣੇ ਸਮਿਆਂ ਦੀਆਂ ਸਾਮਰਾਜੀ ਚਾਲਾਂ ਪ੍ਰਤਿ ਸਮਝ ਬਣਾਉਣ ਤੇ ਹਰ ਕਿਸੇ ਲਈ ਮਨੁੱਖੀ ਸਮਾਜੀ ਸਪੇਸ ਦਾ ਤਰਕ ਉਸਾਰਨ ਦਾ ਨਜ਼ਰੀਆ ਲੈ ਕੇ ਵੀ ਹਾਜ਼ਰ ਹੋਈ ਹੈ। ਲੋਕਾਈ ਨੂੰ ਅਸਮਾਜੀਕਰਨ, ਅਮਾਨਵੀਕਰਨ ਵਲ ਲਿਜਾ ਰਹੀਆਂ ਪ੍ਰੈਕਟਿਸਾਂ ਦੇ ਰੂਬਰੂ ਹਰ ਕਿਸੇ ਲਈ ਹੱਕ, ਸੱਚ, ਨਿਆਂ ਵਾਲੀ ਮਨੁੱਖੀ ਸਮਾਜੀ ਸਪੇਸ ਦੀ ਦਾਅਵੇਦਾਰੀ ਜਤਾ ਰਹੀਆਂ ਇਹ ਸੰਵੇਦਨਸ਼ੀਲ ਕਹਾਣੀਆਂ ਨਿਸ਼ਚੈ ਹੀ ਪੰਜਾਬੀ ਕਹਾਣੀ ਦੀ ਸਿਰਜਣਾਤਮਕ ਰੌਅ ਵਿਚ ਪਛਾਣਨਯੋਗ ਪਾਸਾਰ ਬਣ ਰਹੀਆਂ ਹਨ।

✲ ✲ ✲

## ਡਾ. ਧਨਵੰਤ ਕੌਰ ਦੇ ਪਰਚੇ ਉੱਤੇ ਹੋਈ ਵਿਚਾਰ-ਚਰਚਾ

ਹਰਪ੍ਰੀਤ:- ਮੈਨੂੰ ਮੈਡਮ ਦਾ ਪੇਪਰ ਬਹੁਤ ਪਸੰਦ ਆਇਆ ਕਿਉਂਕਿ ਆਲੋਚਨਾ ਵਿਚ ਅਸੀਂ ਚੰਗੇ ਨੂੰ ਚੰਗਾ ਹੀ ਕਹਿਣਾ ਹੁੰਦਾ। ਇਨ੍ਹਾਂ ਨੇ ਪਰਵਾਸੀ ਕਹਾਣੀ ਦਾ ਜਾਇਜ਼ਾ, ਥੀਮ, ਭਾਸ਼ਾ ਵਿਚ ਆਈਆਂ ਤਬਦੀਲੀਆਂ, ਇਕੀਵੀਂ ਸਦੀ ਤਕ ਪਰਵਾਸੀ ਪੰਜਾਬੀ ਕਹਾਣੀ ਨੂੰ ਵਿਕਾਸ ਕਰਦੇ ਦਿਖਾਉਣਾ ਇਸ ਪਰਚੇ ਦੀ ਅਹਿਮ ਪ੍ਰਾਪਤੀ ਹੈ। ਤੁਲਨਾਤਮਕ ਵਿਧੀ ਦੀ ਵਰਤੋਂ ਕਰਦੇ ਹੋਏ ਵੀਹਵੀਂ ਅਤੇ ਇੱਕੀਵੀਂ ਸਦੀ ਦੀ ਕਹਾਣੀ ਦੀ ਨਿਸ਼ਾਨਦੇਹੀ ਕੀਤੀ ਅਤੇ ਸਮਕਾਲੀ ਕਹਾਣੀ ਦੇ ਨਵੇਂ ਰੁਝਾਨਾਂ ਦੀ ਗੱਲ ਕੀਤੀ ਹੈ। ਇਨ੍ਹਾਂ ਨੇ ਉਨ੍ਹਾਂ ਸਾਰੀਆਂ ਪਰਵਾਸੀ ਕਹਾਣੀਆਂ ਨੂੰ ਚੁਣਿਆ ਹੈ ਜਿਹੜੀਆਂ ਪਰਵਾਸੀ ਕਹਾਣੀ ਦੇ ਉਚਾਰ ਦਾ ਅਧਾਰ ਬਣੀਆਂ ਹਨ। ਉਨ੍ਹਾਂ ਨੇ ਜਿਹੜੀ ਲਰਨ ਨੂੰ ਅਨਲਰਨ ਕਰਨ ਦੀ ਗੱਲ ਕੀਤੀ ਸੀ, ਉਹ ਮਹੱਤਵਪੂਰਨ ਹੈ, ਕਿਉਂਕਿ ਕੁਝ ਕਹਾਣੀਆਂ ਇਸ ਵਰਤਾਰੇ ਵਿਚੋਂ ਲੰਘ ਰਹੀਆਂ ਹਨ। ਪੱਛਮੀ ਸਭਿਆਚਾਰ ਦੇ ਵਰਤਮਾਨ ਅਤੇ ਪੰਜਾਬੀ ਸਭਿਆਚਾਰ ਦੇ ਪਿਛੋਕੜ ਵਿਚ ਲਰਨ ਨੂੰ ਅਨਲਰਨ ਕਰਨਾ ਬਹੁਤ ਔਖਾ ਹੈ। 'ਵਰਜਿਤ ਫਲ' ਕਹਾਣੀ ਵਿਚ ਸੰਦੀਪ ਅਤੇ ਸ਼ੇਰਾ ਇਸ ਦੀਆਂ ਉਦਾਹਰਣ ਹਨ ਅਤੇ ਹਰਪ੍ਰੀਤ ਸੇਖਾਂ ਦੀ ਕਹਾਣੀ 'ਉਹ ਰਾਤ' ਵਿਚ ਸੀਰਤ ਨੇ ਜੋ ਪਿਛੋਕੜ ਵਿਚ ਸਿੱਖਿਆ ਹੈ ਉਸ ਤੋਂ ਬਾਹਰ ਆਉਣਾ ਕਿੰਨਾ ਔਖਾ ਹੈ। 'ਕ੍ਰਿਸਮਸ ਈਵ' ਵਿਚ ਅਮਰ ਦੀ ਮਾਂ ਨੂੰ ਵੀ ਲਰਨ ਨੂੰ ਅਨਲਰਨ ਕਰਨ ਵਿਚ ਮੁਸ਼ਕਲ ਪੇਸ਼ ਆ ਰਹੀ ਹੈ। 'ਭਾਰ' ਕਹਾਣੀ ਦੀ ਮੈਂ ਪਾਤਰ ਅਤੇ 'ਵਰ੍ਹੇਗੰਢ' ਕਹਾਣੀ ਵਿਚਲਾ ਸਤਨਾਮ ਸਿੰਘ ਵੀ ਇਸੇ ਦੁਵਿਧਾ ਚੋਂ ਨਿਕਲਦਾ ਹੈ। ਸਾਡੀ ਗੋਸ਼ਟੀ ਵਿਚਲੀਆਂ ਵਿਚਾਰ ਅਧੀਨ ਕਹਾਣੀਆਂ ਵਿਚ ਇਹ ਮੁੱਖ ਸਮੱਸਿਆ ਹੈ।

ਡਾ. ਜਨਮੀਤ:- ਆਪਾਂ ਅਮਰੀਕਾ ਕਨੇਡਾ ਅਤੇ ਇੰਗਲੈਂਡ ਬਾਰੇ ਗੱਲ ਕਰ ਰਹੇ ਸੀ। ਇਹ ਉਹ ਤਿੰਨ ਦੇਸ਼ ਹਨ ਜਿੱਥੇ ਪੰਜਾਬੀਆਂ ਨੇ ਬਹੁਤ ਪਰਵਾਸ ਕੀਤਾ। ਅਫਰੀਕਾ ਤੋਂ ਜਿਹੜੇ ਲੋਕ ਆਏ ਉਹ ਗੁਲਾਮ ਬਣ ਕੇ ਆਏ ਅਤੇ ਉਨ੍ਹਾਂ ਨੇ ਗੁਲਾਮੀ ਵਿਰੁੱਧ ਲੜਾਈ ਵੀ ਲੜੀ। ਇਸ ਸੰਘਰਸ਼ ਵਿਚੋਂ ਹੀ ਲੋਕਤੰਤਰੀ ਵਿਵਸਥਾ ਪੈਦਾ ਹੋਈ, ਜਿਸ ਅਨੁਸਾਰ ਵਿਅਕਤੀ ਉਥੇ ਆਪਣੀ ਗੱਲ ਕਰ ਸਕਦਾ ਹੈ। ਸਾਡੇ ਲੋਕ ਵੀ ਉਥੇ ਗਏ ਅਤੇ ਉਹ ਆਪਣੇ ਅਨੁਭਵ ਲਿਖ ਰਹੇ ਹਨ। ਉਥੇ ਪੰਜਾਬੀਆਂ ਦਾ ਅਜਿਹਾ ਡਾਇਸਪੋਰਾਂ ਪੈਦਾ ਹੋ ਗਿਆ, ਜਿਹੜਾ ਉਥੇ ਆਪਣੀ ਹੋਂਦ ਜਤਾ ਰਿਹਾ ਹੈ। ਉਥੇ ਵਸੇ ਪੰਜਾਬੀ ਦਕੀਆਨੂਸੀ ਗੱਲਾਂ ਵਿਚੋਂ ਨਿਕਲ ਕੇ ਅੱਜ ਦੀ ਸਥਿਤੀ ਤਕ ਪਹੁੰਚੇ ਹਨ ਜਿਸ ਦੀ ਗੱਲ ਮੈਡਮ ਹੁਰੀ ਕਰ ਰਹੇ ਹਨ। ਪੰਜਾਬੀਆਂ ਦਾ ਆਪਣਾ ਸੁਭਾਅ ਹੈ। ਸਾਡੇ ਸਾਹਿਤ ਵਿਚ ਇਸ ਭੁਗੋਲਿਕ ਖਿੱਤੇ ਦੀ ਪਛਾਣ ਇਕ ਦੇਸ਼ ਦੇ ਤੌਰ ਤੇ ਹੋਈ ਹੈ। ਪੰਜਾਬੀ ਕੌਮੀਅਤ ਦਾ ਇਕ ਸਾਂਝਾ ਅਤੇ ਵਿਲੱਖਣ ਸਭਿਆਚਾਰ ਪੈਦਾ ਹੋਇਆ। ਦੇਸ਼ ਵੰਡ ਸਮੇਂ ਅਤੇ ਬਾਅਦ ਵਿਚ ਇਥੇ ਇਕ ਖਿੰਡਾਅ ਆ ਗਿਆ। ਪੰਜਾਬੀ ਮਾਨਸਿਕਤਾ ਵਿਚ ਨਵੇਂ ਨੂੰ ਅਪਨਾਉਣ ਦੀ ਪਰੰਪਰਾ ਸੀ। ਪੁਰਾਣੀਆਂ ਰੀਤਾਂ ਇੱਥੋਂ ਟੁੱਟ ਰਹੀਆਂ ਸਨ। ਸਾਹਿਤ ਵਿਚ ਇਥੋਂ ਦੀਆਂ ਨਵੀਆਂ ਗੱਲਾਂ ਆਉਣ ਲੱਗ ਪਈਆਂ ਸਨ। ਵਿਧਵਾ ਵਿਆਹ, ਮੁੜ ਵਿਆਹ ਜਾਂ ਲਿਵ-ਇਨ ਰਿਲੇਸ਼ਨਸ਼ਿਪ ਦੇ ਮਾਮਲੇ ਨਵੇਂ ਸਮਾਜ ਵਿਚ ਆ ਰਹੇ ਸਨ। ਨਵੇਂ ਮੁੱਲਾਂ ਨੂੰ ਪੰਜਾਬੀ ਪ੍ਰਗਤੀਵਾਦੀ ਮਾਨਸਿਕਤਾ ਅਧੀਨ ਅਪਣਾ ਰਹੇ ਸੀ। ਇਹ ਸਾਰੇ ਮਸਲੇ ਜਦੋਂ ਪਰਵਾਸੀ ਸਾਹਿਤ

ਦੀ ਵਸਤ ਬਣੇ ਤਾਂ ਪਰਵਾਸੀ ਲੇਖਕਾਂ ਨੇ ਇਸ ਨੂੰ ਵਧਾ ਚੜ੍ਹਾ ਕੇ ਪੇਸ਼ ਕਰਨਾ ਸ਼ੁਰੂ ਕੀਤਾ। ਪੰਜਾਬੀਆਂ ਬਾਰੇ ਮੇਰੀ ਇਹ ਪੱਕੀ ਧਾਰਨਾ ਕਿ ਪਰਵਾਸ ਧਾਰਨ ਕਰਨ ਬਾਅਦ ਵੀ ਉਨ੍ਹਾਂ ਵਿਚ ਵੱਡੀ ਤਬਦੀਲੀ ਨਹੀਂ ਆਈ। ਉਹ ਗੁਲਾਮੀ ਵਿਚ ਜਿਊਂਦਾ ਨਹੀਂ, ਵਿਰੋਧ ਕਰਦਾ, ਪ੍ਰੰਤੂ ਉਸ ਨੂੰ ਸਥਿਤੀਆਂ ਵਿਚ ਜਿਊਣਾ ਪੈਂਦਾ ਹੈ। ਅਸੀਂ ਜਦੋਂ ਉਥੇ ਲਿਖੀ ਜਾ ਰਹੀ ਕਹਾਣੀ ਦੀ ਗੱਲ ਕਰਦੇ ਹਾਂ ਤਾਂ ਪਰਵਾਸੀ ਕਹਾਣੀ ਨੂੰ ਵੱਖਰੇ ਤੌਰ ਤੇ ਪਛਾਣਨ ਲੱਗ ਜਾਂਦੇ ਹਾਂ। ਪਰਵਾਸ ਵਿਚ ਜਾ ਕੇ ਬਹੁਤਾ ਨਹੀਂ ਬਦਲਿਆ। ਉਥੋਂ ਦੇ ਆਦਿ ਵਾਸੀਆਂ ਬਾਰੇ ਜਿਹੜੀ ਕਹਾਣੀ ਦੀ ਗੱਲ ਮੈਡਮ ਨੇ ਕੀਤੀ ਹੈ, ਉਸ ਲੇਖਕ ਨੇ ਕੋਈ ਫੰਕਸ਼ਨ ਵੇਖ ਲਿਆ ਹੋਣਾ। ਉਥੇ ਦੇ ਆਦਿ ਵਾਸੀਆਂ ਨਾਲ ਉਨ੍ਹਾਂ ਦਾ ਕੋਈ ਸਬੰਧ ਨਹੀਂ। ਅਸੀਂ ਸਰਮਾਏਦਾਰੀ ਦੇ ਵਿਰੁੱਧ ਬੋਲਣ ਦਾ ਇਕ ਫਾਰਮੂਲਾ ਬਣਾ ਲਿਆ । ਉਹ ਚਾਹੇ ਆਦਿ–ਵਾਸੀਆਂ ਦੇ ਵਿਰੁੱਧ ਹੋਵੇ ਜਾਂ ਕਿਸੇ ਹੋਰ ਦੇ। ਮੈਨੂੰ ਕਈ ਵਾਰ ਇਸ ਗੱਲ ਦੀ ਸਮਝ ਨਹੀਂ ਲੱਗਦੀ ਇਹ ਕਹਾਣੀ ਕਿਉਂ ਲਿਖ ਰਹੇ ਹਨ। ਅਸੀਂ ਚਰਚਾ ਇਸ ਤਰ੍ਹਾਂ ਕਰਦੇ ਹਾਂ ਜਿਵੇਂ ਇਹ ਪੰਜਾਬੀ ਕਹਾਣੀ ਦਾ ਵੱਡਾ ਸੈਗਮੈਂਟ ਹੋਵੇ। ਉਥੋਂ ਦੇ ਭਾਰਤੀ ਪੰਜਾਬੀਆਂ ਦਾ ਨਾ ਪਾਕਿਸਤਾਨੀ ਪੰਜਾਬੀ ਨਾਲ ਕੋਈ ਸਬੰਧ ਹੈ ਅਤੇ ਨਾ ਕਿਸੇ ਗੋਰੇ ਨਾਲ। ਉਥੇ ਲਿਖੀ ਜਾ ਰਹੀ ਪੰਜਾਬੀ ਕਹਾਣੀ ਲਿਖਣ ਦਾ ਪ੍ਰਯੋਜਨ ਸਮਝਣਾ ਜ਼ਰੂਰੀ ਹੈ।

ਸੁਕੀਰਤ:– ਧਨਵੰਤ ਹੁਰਾਂ ਦਾ ਪਰਚਾ ਬੜਾ ਸਮੇਟਵਾਂ ਪਰਚਾ ਹੈ। ਇਹਨਾਂ ਨੇ ਪੰਜ ਦਹਾਕੇ ਤੋਂ ਕਿਹਾ ਹੈ, ਪਰ ਮੈਨੂੰ ਲਗਦਾ ਛੇ ਦਹਾਕੇ ਤੋਂ ਲਿਖੀ ਜਾ ਰਹੀ ਕਹਾਣੀ ਹੇਰਵੇ ਤੋਂ ਸ਼ੁਰੂ ਹੋ ਕੇ ਹੁਣ ਤੱਕ ਦੇ ਭਾਵੇਂ ਸਾਡੇ ਤੱਕ ਜਾਂਦੀ ਕਹਾਣੀ ਹੈ। ਇਨ੍ਹਾਂ ਨੇ 'ਮੁਰਗਾਬੀਆਂ' ਦਾ ਜਿਕਰ ਵੀ ਕੀਤਾ ਹੈ ਜਿਹੜੀ ਅਸਲ ਵਿਚ ਉਥੋਂ ਦੇ ਮੂਲ–ਵਾਸੀਆਂ ਬਾਰੇ ਹੈ। ਧਨਵੰਤ ਜੀ ਨੇ ਇਸ ਪਰਚੇ ਵਿਚ ਕਾਫੀ ਕੁਝ ਸੁਤਰਬੱਧ ਢੰਗ ਨਾਲ ਪੇਸ਼ ਕੀਤਾ ਜਿਸ ਕਰਕੇ ਮੈਂ ਇਨ੍ਹਾਂ ਨੂੰ ਵਧਾਈ ਦਿੰਦਾ ਹਾਂ। ਬਹੁਤ ਸਾਰੀਆਂ ਗੱਲਾਂ ਜਨਮੀਤ ਹੁਰਾਂ ਨੇ ਕਰ ਲਈਆਂ ਹਨ। ਜੇ ਮੈਂ ਸਮੇਟਵੇਂ ਰੂਪ ਇਹ ਗੱਲਾਂ ਕਰਾਂ ਤਾ ਗੱਲ ਇਹ ਹੈ ਕਿ ਮੁਨੱਸਰ ਇਸ ਗੱਲ 'ਤੇ ਕਰਦਾ ਕੀ ਬੰਦਾ ਕਿਥੋਂ ਉੱਠ ਕੇ ਗਿਆ ਸੀ, ਉਸਦਾ ਪਿਛੋਕੜ ਕੀ ਸੀ। ਉਹ ਕਿੰਨਾ ਪੜ੍ਹਿਆ ਸੀ ਅਤੇ ਉਹ ਜਾ ਕੇ ਬੈਠਾ ਕਿੱਥੇ? ਇਸ ਨਾਲ ਦਿਸਹੱਦੇ ਵੀ ਬਦਲਦੇ ਹਨ। ਉਂਝ ਮੈਂ ਹਮੇਸ਼ਾਂ ਇਸ ਗੱਲ ਦਾ ਧਾਰਨੀ ਰਿਹਾ ਕੀ ਇਹ ਨਿਖੇੜ ਕਰਨ ਦੀ ਕੋਈ ਲੋੜ ਨਹੀਂ ਕਿ ਪਰਵਾਸੀ ਕਹਾਣੀ ਅਤੇ ਦੂਜੀ ਕਹਾਣੀ ਵਿਚ ਕੀ ਫਰਕ ਹੁੰਦਾ ਕਿਉਂਕਿ ਮੈਂ ਧਨਵੰਤ ਹੁਰਾਂ ਦੇ ਪਰਚੇ ਦੇ ਮੁੱਢਲੇ ਕਥਨ ਤੋਂ ਸ਼ੁਰੂ ਕਰਦਾ ਹਾਂ। ਮੈਂ ਪੰਜਾਬੀ ਯੂਨੀਵਰਸਿਟੀ ਦੇ ਇਕ ਸੈਮੀਨਾਰ ਵਿਚ ਕਿਹਾ ਸੀ ਕਿ ਪਰਵਾਸ ਬਾਰੇ ਪਹਿਲਾਂ ਸਾਹਿਤ ਗੁਰਬਖਸ਼ ਸਿੰਘ ਹੁਰਾਂ ਨੇ ਲਿਖਿਆ ਸੀ। ਭਾਵੇਂ ਇਹ ਕੋਈ ਜ਼ਰੂਰੀ ਨਹੀਂ ਕਿ ਜਿਥੇ ਤੁਸੀਂ ਵੀਹ ਸਾਲ ਰਹੇ ਹੋ ਤੇ ਉੱਥੇ ਬਾਰੇ ਲਿਖ ਸਕੋ। ਮੈਂ ਇਸ ਨਿਖੇੜੇ ਵਿਚ ਨਹੀਂ ਪੈਂਦਾ ਕਿ ਪਰਵਾਸ ਵਿਚ ਬੈਠ ਕੇ ਜਾਂ ਇਥੇ ਬੈਠ ਕੇ ਕਹਾਣੀ ਲਿਖੀ ਜਾ ਰਹੀ ਹੈ। ਬਲਵਿੰਦਰ ਗਰੇਵਾਲ ਦੀ ਕਹਾਣੀ 'ਸੂਰਜ ਦੇ ਕੋਈ ਪਿੱਠ ਨਹੀਂ ਹੁੰਦੀ' ਕਿਤੇ ਬੈਠ ਕੇ ਵੀ ਲਿਖੀ ਜਾ ਸਕਦੀ ਹੈ। ਇਹ ਨਿਖੇੜਾ ਭਾਵੇਂ ਕਰਨ ਦੀ ਲੋੜ ਨਹੀਂ ਪ੍ਰੰਤੂ ਇਨ੍ਹਾਂ ਦੇ ਸਾਹਮਣੇ ਇਕ ਮਸਲਾ ਸੀ ਜਿਸ ਨੂੰ ਇਨ੍ਹਾਂ ਨੇ ਬਹੁਤ ਵਧੀਆ ਢੰਗ ਨਾਲ ਨਜਿੱਠਿਆ ਹੈ। ਜਿਹੜੇ ਸਵਾਲ ਜਨਮੀਤ ਹੁਰਾਂ ਨੇ ਉਠਾਏ ਹਨ ਕਿ ਇਹ ਕਹਾਣੀ ਲਿਖ ਕਿਉਂ ਰਹੇ ਹਨ, ਇਹ ਕੋਈ ਵੱਖਰਾ ਰੂਪ ਅਖ਼ਤਿਆਰ ਕਰ ਰਹੀ ਹੈ ਜਾਂ ਨਹੀਂ ਆਦਿ? ਮੈਂ ਆਪ ਇਸ ਧਾਰਨਾ ਦਾ ਹਾਂ ਕਿ ਕਹਾਣੀ ਕਹਾਣੀ ਹੁੰਦੀ ਹੈ। ਹੁਣ ਮਸਲਾ ਬੰਦਾ

ਕਹਾਣੀ ਕਿਉਂ ਲਿਖਦਾ? ਜਿਸ ਸਥਿਤੀ ਵਿਚ ਉਹ ਰਹਿ ਰਿਹਾ ਉਸ ਵਿਚ ਕੁਝ ਹੁੰਦਾ ਹੈ? ਉਸ ਨੂੰ ਕੁਝ ਚੁਭਦਾ ਹੈ ਹੋ ਸਕਦਾ ਉਹ ਚੁਭਣ ਤੁਹਾਡੇ ਲਈ ਕੋਈ ਮਹੱਤਵ ਨਾ ਰੱਖਦੀ ਹੋਵੇ। ਮੈਂ ਤੁਹਾਨੂੰ ਆਪਣੀ ਕਹਾਣੀ ਦੀ ਮਿਸਾਲ ਦਿੰਦਾ। ਇਥੇ ਇਸੇ ਗੋਸ਼ਟੀ ਵਿਚ ਚੌਦਾਂ ਸਾਲ ਪਹਿਲਾਂ ਮੇਰੀ ਕਹਾਣੀ ਪੜ੍ਹੀ ਗਈ ਸੀ। ਉਸ ਕਹਾਣੀ ਬਾਰੇ ਇਕ ਬੰਦੇ ਨੇ ਕਿਹਾ ਸੀ, ਕਿ ਸੁਕੀਰਤ ਵੀ ਇਸ ਕਹਾਣੀ ਵਿਚਲੀ ਸਮੱਸਿਆ ਪੰਜਾਬ ਦੀ ਨਹੀਂ ਹੈ। ਪਤਾ ਨਹੀਂ ਚੌਦਾਂ ਸਾਲਾ ਵਿਚ ਇਸ ਦਾ ਪ੍ਰਭਾਵ ਬਦਲਿਆ ਕਿ ਨਹੀਂ। ਭੰਡਾਲ ਨੇ ਕਿਹਾ ਸੀ ਕਿ ਸੁਕੀਰਤ ਨੇ ਕਹਾਣੀ ਲਿਖ ਦਿੱਤੀ ਹੈ, ਪੰਜਾਬ ਨਾਲ ਇਸ ਦਾ ਸੰਬੰਧ ਹੀ ਨਹੀਂ। ਉਸ ਸਮੇਂ ਇਹ ਕਹਾਣੀ ਮੇਰੇ ਅੰਦਰ ਉਬਲਦੀ ਸੀ। ਉਸ ਸਮੇਂ ਇਹ ਸਵਾਲ ਜਨਮੀਤ ਹੁਰੀਂ ਵੀ ਉਠਾ ਸਕਦੇ ਸਨ। ਇਸ ਲਈ ਇਹ ਗੱਲ ਉਹ ਕਹਾਣੀ ਕਿਉਂ ਲਿਖਦੇ ਹਨ? ਇਸ ਨਾਲ ਪੰਜਾਬੀ ਕਹਾਣੀ ਦਾ ਮੁਹਾਂਦਰਾ ਕੀ ਬਦਲਦਾ? ਕੋਈ ਮਹਾਂਦਰਾ ਬਦਲਣ ਲਈ ਕਹਾਣੀ ਨਹੀਂ ਲਿਖਦਾ। ਆਦਮੀ ਇਸ ਲਈ ਲਿਖਦਾ ਉਸ ਅੰਦਰ ਕੁਝ ਹੁੰਦਾ ਹੈ। ਪਰਚੇ ਵਿਚ ਇਹ ਗੱਲ ਮਹੱਤਵਪੂਰਨ ਹੈ ਕਿ ਜੋ ਕਹਾਣੀ ਪਰਵਾਸ ਵਿਚ ਲਿਖੀ ਜਾ ਰਹੇ  ਹਨ, ਇਕੋ ਥਾਂ ਬੈਠ ਕੇ ਉਸ ਦਾ ਮੁਲੰਕਣ ਕੀਤਾ ਹੈ। ਬਾਕੀ ਕਹਾਣੀਆਂ ਦੀ ਗੱਲ ਬਾਅਦ ਵਿਚ ਕਰਾਂਗਾ। ਹੁਣ ਮੈਂ ਇਕ ਗੱਲ ਕਰਨ ਲੱਗਾਂ ਹਰਪ੍ਰੀਤ ਅਤੇ ਹਰਪ੍ਰੀਤ ਜੀ ਬੈਠੇ ਹਨ। ਤੁਸੀਂ ਸਾਡੇ ਤੋਂ ਦੋ ਪੀੜ੍ਹੀਆਂ ਛੋਟੇ ਹੋ। ਮੈਂ ਤੁਹਾਡਾ ਧਿਆਨ ਇਸ ਗੱਲ ਵੱਲ ਦੁਆਣਾ ਚਾਹੁੰਦਾ ਪਹਿਲਾਂ ਵੀ ਕਈ ਵਾਰ ਮੈਂ ਗੱਲ ਕੀਤੀ ਹੈ। ਗੱਲ ਇਹ ਹੈ ਕਿ ਪੰਜਾਬੀ ਇਸ ਵੇਲੇ ਵਿਕਾਸ ਕਰਦੀ ਜੁਬਾਨ ਹੈ। ਸਾਨੂੰ ਵੀ ਬਹੁਤ ਕੁਝ ਅਨਲਰਨ ਕਰਨ ਦੀ ਲੋੜ ਹੈ। ਕਿਸੇ ਪ੍ਰੋਫੈਸ਼ਨ ਦਾ ਕੋਈ ਜੈਂਡਰ ਨਹੀਂ ਹੁੰਦਾ। ਪਹਿਲਾਂ ਡਾਕਟਰ ਦੀ ਘਰਵਾਲੀ ਨੂੰ ਡਾਕਟਰਨੀ ਕਹਿੰਦੇ ਸਨ। ਅੰਗਰੇਜ਼ੀ ਵਿਚ ਨਰਸ ਸ਼ਬਦ ਮਰਦ ਲਈ ਵੀ ਵਰਤਿਆ ਜਾਂਦਾ ਹੈ। ਇਥੇ ਸਿਰਫ਼ ਜੈਂਡਰ ਬਾਰੇ ਪ੍ਰਸੰਗ ਤੋਂ ਪਤਾ ਲਗਦਾ ਹੈ। ਇਥੇ ਧਨਵੰਤ ਹੁਰਾਂ ਨੇ ਸ਼ਬਦ ਵਰਤਿਆ। ਨਾਰੀ ਲੇਖਿਕਾਵਾਂ ਨੇ। ਮੈਂ ਲੇਖਿਕਾ ਲਿਖਣ ਦੇ ਵਿਰੁੱਧ ਹਾਂ। ਲੇਖਕ, ਲੇਖਕ ਹੁੰਦਾ ਹੈ। ਅੰਮ੍ਰਿਤਾ ਪ੍ਰੀਤਮ ਜੀ ਪਹਿਲੇ ਦਿਨ ਤੋਂ ਹੀ ਕਵੀ ਹਨ, ਬਾਕੀ ਕਵਿਤਰੀਆਂ  ਹਨ। ਪਰਵਾਨਾ ਪਹਿਲੇ ਦਿਨ ਤੋਂ ਹੀ ਕਵੀ ਹੈ। ਇਹ ਸੋਚ ਲਿਆ ਗਿਆ ਕਿ ਕਵੀ ਦਾ ਦਰਜਾ ਪ੍ਰਾਪਤ ਕਰਨ ਲਈ ਕਵਿਤਰੀ ਨੂੰ ਲੰਮਾ ਪੈਂਡਾ ਤਹਿ ਕਰਨਾ ਪੈਣਾ। ਇਸ ਲਈ ਸਾਨੂੰ ਆਪਣੀ ਭਾਸ਼ਾ ਚੋਂ ਇਹ ਸ਼ਬਦ ਖਾਰਜ ਕਰਨੇ ਪੈਣੇ ਹਨ। ਇਸ ਵਿਚ ਇਹ ਦੂਹਰਾ ਵੀ ਹੈ ਕਿ ਨਾਰੀ ਲੇਖਿਕਾ ਕੀ ਹੋਇਆ। ਮੈਂ ਕਹਿੰਦਾ ਤੁਸੀਂ ਨਾਰੀ ਲੇਖਕ ਕਹੋ।

ਮਨਮੋਹਨ ਬਾਵਾ:- ਬਹਿਸ ਹੋਰ ਪਾਸੇ ਜਾ ਰਹੀ ਹੈ। ਅਸੀਂ ਗੱਲ ਕਹਾਣੀ ਉੱਤੇ ਕਰ ਰਹੇ ਹਾਂ ਨਾ ਕਿ ਉਨ੍ਹਾਂ ਦੀਆਂ ਸਮੱਸਿਆਵਾਂ ਉੱਤੇ। ਤੁਹਾਡੇ ਪਰਚੇ ਵਿਚ ਕਿ ਪਰਵਾਸੀ ਉਥੇ ਕਿਵੇਂ ਰਹਿੰਦੇ ਹਨ, ਕੀ ਕਰਦੇ ਹਨ, ਇਹ ਬਹੁਤ ਚੰਗੀ ਤਰ੍ਹਾਂ ਆਇਆ। ਇਸ ਵਿਚ ਕੋਈ ਸ਼ੱਕ ਨਹੀਂ। ਕਹਾਣੀ ਇਕ ਕਲਾ ਹੈ। ਕਹਾਣੀ ਸਮੱਸਿਆਵਾਂ ਦੀ ਲਿਸਟ ਨਹੀਂ। ਜਿੰਨੀਆਂ ਵੀ ਕਹਾਣੀਆਂ ਮੈਂ ਪੜ੍ਹੀਆਂ ਹਨ, ਉਨ੍ਹਾਂ ਵਿਚ ਇਕ ਦੋ ਨੂੰ ਛੱਡ ਕੇ ਬਾਕੀ ਕਿਤੇ ਰੋ ਰਹੇ ਹਨ, ਕਿਤੇ ਦੁਖੀ ਹਨ। ਇਹ ਹੀ ਹੁੰਦਾ ਉਸ ਵਿਚ ਕਲਾ ਬਹੁਤ ਘੱਟ ਹੁੰਦੀ ਹੈ। ਚੰਗੀ ਕਹਾਣੀ ਵਿਚ ਸੌ ਪ੍ਰਤੀਸ਼ਤ ਉਸ ਸਮੱਸਿਆ ਦਾ ਜਿਕਰ ਸਿੱਧੇ ਰੂਪ ਵਿਚ ਨਹੀਂ ਹੁੰਦਾ। ਚਾਹੇ ਤੁਸੀਂ ਕਮਲੇਸ਼ਵਰ ਪੜ੍ਹ ਲਓ, ਪ੍ਰੇਮ ਪ੍ਰਕਾਸ਼ ਪੜ੍ਹ ਲਓ। ਉਨ੍ਹਾਂ ਦੀਆਂ ਕਹਾਣੀਆਂ ਵਿਚੋਂ ਸਮੱਸਿਆ ਨਿਕਲਦੀ ਹੈ। ਕੀ ਕਿਹਾ

ਜਾਂਦਾ, ਇਹ ਕਹਾਣੀ ਨਹੀਂ ਬਣਦੀ। ਕਿਸ ਤਰ੍ਹਾਂ ਕਿਹਾ ਜਾਂਦਾ? ਉਹ ਕਹਾਣੀ ਬਣਦੀ ਹੈ। ਸਾਡੇ ਵਿਚ ਆਲੋਚਕ ਵੱਧ ਹਨ ਕਹਾਣੀਕਾਰ ਘੱਟ। ਇਸ ਲਈ ਮੈਂ ਕਹਾਣੀਕਾਰ ਦੀ ਦ੍ਰਿਸ਼ਟੀ ਤੋਂ ਗੱਲ ਕੀਤੀ ਹੈ। ਕਹਾਣੀ ਵਿਚ ਰੌਚਿਕਤਾ ਬਹੁਤ ਜ਼ਰੂਰੀ ਹੈ। ਕਹਾਣੀ ਕਲਾ ਬਹੁਤ ਮੁਸ਼ਕਲ ਕਲਾ ਹੈ।

ਰਾਜ ਕੁਮਾਰः– ਕਹਾਣੀ ਮੈਨੂੰ ਬਹੁਤ ਚੰਗੀ ਲੱਗਦੀ ਹੈ। ਇਹ ਪੇਪਰ ਪਰਵਾਸੀ ਕਹਾਣੀ ਦਾ ਪੂਰਾ ਦਸਤਾਵੇਜ਼ ਹੈ।

ਸੁਖਪ੍ਰੀਤः– ਡਾ. ਧਨਵੰਤ ਕੌਰ ਹੁਰਾਂ ਦੇ ਪੇਪਰ ਪਰਵਾਸੀ ਪੰਜਾਬੀ ਕਹਾਣੀ ਦੇ ਉਚਾਰ ਜਦੋਂ ਮੈਂ ਪੜ੍ਹਿਆ ਤਾਂ ਮੇਰੇ ਮਨ ਵਿਚ ਸਵਾਲ ਸੀ ਕਿ ਪਰਵਾਸ ਵਿਚ ਰਚੀ ਕਹਾਣੀ ਨੂੰ ਇਕ ਪੇਪਰ ਵਿਚ ਕਿਵੇਂ ਸਮੇਟਿਆ ਜਾ ਸਕਦਾ। ਇਸ ਪੇਪਰ ਨੇ ਮੇਰੀ ਸਮੱਸਿਆ ਹੱਲ ਕਰ ਦਿੱਤੀ। ਮੈਂ ਮਹਿਸੂਸ ਕੀਤਾ ਕਿ ਦੁਨੀਆਂ ਵਿਚ ਲਿਖੀ ਕਹਾਣੀ ਨੂੰ ਇਸ ਤਰ੍ਹਾਂ ਪਰਖਿਆ ਜਾ ਸਕਦਾ ਹੈ। ਇਹ ਗੌਲਣਯੋਗ ਦਸਤਾਵੇਜ਼ ਹੈ। ਇਸ ਪਰਚੇ ਵਿਚ ਉਨ੍ਹਾਂ ਨੇ ਵੀਹਵੀਂ ਅਤੇ ਉਨੀਵੀਂ ਸਦੀ ਦੀ ਪਰਵਾਸੀ ਕਹਾਣੀ, ਵਿਸ਼ੇਸ਼ ਕਰ ਨੌਂ ਗਿਆਰਾ ਦੇ ਹਮਲੇ ਤੋਂ ਬਾਅਦ ਅਤੇ ਵਿਸ਼ਾਗਤ ਪਰਿਵਰਨਾ ਨੂੰ ਗਹੁ ਨਾਲ ਵਾਚਿਆ ਹੈ। ਪਹਿਲੇ ਭਾਗ ਵਿਚ ਉਨ੍ਹਾਂ ਬਿਰਤਾਂਤਾਂ ਦੀ ਚਰਚਾ ਕੀਤੀ ਹੈ ਜਿਹੜੇ ਬਾਹਰੀ ਪ੍ਰਭਾਵਾਂ ਕਾਰਨ ਹੋਂਦ ਵਿਚ ਆਏ ਹਨ। ਉਨ੍ਹਾਂ ਨੇ ਪਰਵਾਸ ਦੀਆਂ ਸਮੱਸਿਆਵਾਂ ਨੂੰ ਪ੍ਰਸ਼ਨ-ਉਤਰੀ ਵਿਧੀ ਰਾਹੀਂ ਸਮਝਿਆ। ਪੰਜਾਬੀ ਰਿਸ਼ਤਾ ਨਾਤਾ ਪ੍ਰਬੰਧਾਂ ਜਿਨ੍ਹਾਂ ਸਮੱਸਿਆਵਾਂ ਚੋਂ ਲੰਘ ਰਿਹਾ ਹੈ ਇਸ ਨੂੰ 'ਭਾਰ' ਅਤੇ ਹਰਜੀਤ ਅਟਵਾਲ ਦੀ ਕਹਾਣੀ ਵਿਚੋਂ ਲੱਭਣ ਦੀ ਕੋਸ਼ਿਸ਼ ਕੀਤੀ ਹੈ। ਪਰਵਾਸੀ ਬੰਦਾ ਉਹ ਕੁਝ ਗ੍ਰਹਿਣ ਕਰ ਰਿਹਾ ਹੈ ਜੋ ਉਸਨੂੰ ਠੀਕ ਬੈਠ ਰਿਹਾ ਹੈ। ਜਨਮੀਤ ਹੁਰਾਂ ਦਾ ਸਵਾਲ ਸੀ ਕਿ ਜੇ ਉਹੀ ਮਸਲੇ ਇਧਰ ਦੀ ਕਹਾਣੀ ਬਿਆਨ ਕਰ ਰਹੀ ਸੀ ਤਾਂ ਉਧਰ ਲਿਖੀ ਜਾ ਰਹੀ ਕਹਾਣੀ ਨੂੰ ਪਰਵਾਸੀ ਕਿਉਂ ਕਿਹਾ ਜਾਵੇ? ਪਰ ਪਰਵਾਸ ਦੀਆਂ ਮੁਸ਼ਕਲਾਂ ਇਥੋਂ ਦੀਆਂ ਮੁਸ਼ਕਲਾਂ ਤੋਂ ਭਿੰਨ ਹਨ। ਮੈਂ ਸੰਤੋਖ ਧਾਲੀਵਾਲ ਦੀ ਕਹਾਣੀ ਦੇ ਹਵਾਲੇ ਨਾਲ ਗੱਲ ਕਰਨੀ ਚਾਹੁੰਦਾ ਕਿ ਉਹ ਟਰਾਂਸਜੈਂਡਰ ਨਾਲ ਵਿਆਹ ਦੀ ਸਮੱਸਿਆ ਨਾਲ ਸਬੰਧਤ ਹੈ। ਮੈਨੂੰ ਨਹੀਂ ਲੱਗਦਾ ਪੰਜਾਬ ਵਿਚ ਇਸ ਥੀਮ ਨੂੰ ਲੈ ਕੇ ਗੱਲ ਕੀਤੀ ਗਈ ਹੈ। ਪੰਜਾਬੀ ਸਾਹਿਤ ਵਿਚ ਦੋ ਮਰਦਾਂ ਅਤੇ ਦੋ ਔਰਤਾਂ ਦੇ ਸੰਬੰਧਾਂ ਦੇ ਹਵਾਲੇ ਤਾਂ ਮਿਲ ਜਾਂਦੇ ਹਨ, ਜਿਵੇਂ ਸ਼ਾਹ ਹੁਸੈਨ ਅਤੇ ਮਾਧੋ ਲਾਲ ਬਾਰੇ ਕਿਹਾ ਜਾਂਦਾ ਹੈ। ਹੁਣ ਜਦੋਂ ਜੈਂਡਰ ਬਦਲੀ ਦੀ ਗੱਲ ਹੋ ਰਹੀ ਹੈ ਤਾਂ ਇਹ ਉਥੋਂ ਦੇ ਸਮਾਜ ਵਿਚ ਹੀ ਸੰਭਵ ਹੋ ਸਕਦਾ ਹੈ। ਇਹ ਉਥੋਂ ਦੇ ਸਮਾਜ ਦੀ ਪ੍ਰਾਪਤੀ ਹੈ। ਮੈਨੂੰ ਇਹ ਥੀਮ ਨਵਾਂ ਲੱਗਿਆ। ਤਕਨੀਕ ਬਾਰੇ ਗੱਲ ਬਾਅਦ ਵਿਚ ਕਰਾਂਗੇ।

ਮਨਮੋਹਨ ਬਾਵਾः– ਮੈਨੂੰ ਭੀਸ਼ਮ ਸਾਹਨੀ ਦੀ ਕਹਾਣੀ 'ਅੰਮ੍ਰਿਤਸਰ ਆ ਗਿਆ, ਯਾਦ ਆ ਗਈ' ਇਹ ਕਹਾਣੀ ਜ਼ਰੂਰ ਪੜ੍ਹਨੀ ਚਾਹੀਦੀ ਹੈ। ਇਹ ਕਹਾਣੀ ਰੇਲ ਗੱਡੀ ਦੇ ਸਫ਼ਰ ਵਿਚ ਵਾਪਰੀ ਉਸ ਸਮੇਂ ਦੀ ਘਟਨਾ ਨਾਲ ਸੰਬੰਧਿਤ ਹੈ ਜਿਹੜਾ ਪਾਕਿਸਤਾਨ ਬਣਨ ਦੀ ਗੱਲ ਤੁਰਨ ਦੇ ਸਮੇਂ ਨਾਲ ਸੰਬੰਧਿਤ ਹੈ। ਇਕ ਪਠਾਣ ਪਿਸ਼ਾਵਰ ਤੋਂ ਗੱਡੀ ਵਿਚ ਸਵਾਰ ਹੁੰਦਾ ਹੈ ਅਤੇ ਲੱਤਾਂ ਪਾਸਾਰ ਕੇ ਸੌਂ ਜਾਂਦਾ ਹੈ ਜਦੋਂ ਗੱਡੀ ਅੰਮ੍ਰਿਤਸਰ ਪਹੁੰਚ ਜਾਂਦੀ ਹੈ ਤਾਂ ਪਠਾਣ ਦਾ ਵਿਹਾਰ ਬਦਲ ਜਾਂਦਾ ਹੈ। ਇਸ ਕਹਾਣੀ ਵਿਚ ਕਿਸੇ ਦੇਸ਼ ਵੰਡ ਦੇ ਵਿਚਾਰ ਦਾ ਜ਼ਿਕਰ ਹੈ ਨਾ ਕਿਸੇ ਦੰਗੇ ਦਾ, ਬਸ ਮਨੁੱਖੀ ਵਿਹਾਰ ਦਾ ਜ਼ਿਕਰ ਹੈ। ਇਸੇ ਤਰ੍ਹਾਂ ਪ੍ਰੇਮ ਪ੍ਰਕਾਸ਼ ਦੀ ਕਹਾਣੀ ਹੈ 'ਇਹ ਉਹ ਜਸਬੀਰ ਨਹੀਂ'।

ਰਜਨੀਸ਼:- ਡਾ. ਧਨਵੰਤ ਨੇ ਪਰਵਾਸ ਦੀ ਸਮੱਸਿਆ ਨੂੰ ਇਤਿਹਾਸਕ ਪਰਿਵੇਸ਼ ਵਿਚ ਸਮਝਣ ਦੀ ਕੋਸ਼ਿਸ਼ ਕੀਤੀ ਹੈ। ਧਨਵੰਤ ਕੌਰ ਆਧੁਨਿਕ ਕਹਾਣੀ ਉੱਤੇ ਨਿੱਠ ਕੇ ਕੰਮ ਕਰਨ ਵਾਲੀ ਚਿੰਤਕ ਹੈ। ਪਿਛਲੇ ਸਮੇਂ ਵਿਚ ਡਾਇਸਪੋਰੇ ਦੀ ਸਮੱਸਿਆ ਨੂੰ ਲੈ ਕੇ ਜਿਹੜੀ ਇਨ੍ਹਾਂ ਦੀ ਦਸਤਾਵੇਜ਼ੀ ਪੁਸਤਕ ਸਾਹਮਣੇ ਆਈ ਹੈ, ਉਹ ਪੰਜਾਬੀ ਚਿੰਤਨ ਵਿਚ ਇਕ ਮਹੱਤਵਪੂਰਨ ਦਸਤਾਵੇਜ਼ ਹੈ। ਮੈਂ ਉਸਨੂੰ ਦਸਤਾਵੇਜ਼ ਇਸ ਕਰਕੇ ਨਹੀਂ ਕਹਿੰਦਾ ਕਿ ਉਸ ਵਿਚ ਬਹੁਤ ਤੱਥ ਹਨ, ਖੋਜ ਹੈ, ਬਹੁਤ ਸਾਰੀਆਂ ਕਹਾਣੀਆਂ ਅਤੇ ਕਹਾਣੀਕਾਰਾਂ ਦਾ ਜਿਕਰ ਕੀਤਾ ਅਸਲ ਵਿਚ ਉਹ ਪੰਜਾਬੀ ਚਿੰਤਨ ਜਗਤ ਵਿਚ ਇਕ ਸੰਵਾਦ ਖੜ੍ਹਾ ਕਰਦੀ ਹੈ। ਮੈਨੂੰ ਇਹ ਵੀ ਪਤਾ ਪੰਜਾਬੀ ਵਿਚ ਸੰਵਾਦ ਨਹੀਂ ਚਲਦਾ ਕਿਉਂਕਿ ਸੰਵਾਦ ਚਲਾਉਣ ਲਈ ਪੂਰਾ ਡਾਕੂਮੈਂਟ ਪੜ੍ਹਨਾ ਪੈਂਦਾ। ਫਿਰ ਕੁਝ ਨੁਕਤਿਆਂ ਦੀ ਨਿਸ਼ਾਨਦੇਹੀ ਕਰਨੀ ਪੈਂਦੀ ਹੈ, ਫਿਰ ਕੁਝ ਸੁਆਲ ਉਠਾਣੇ ਪੈਂਦੇ ਹਨ। ਫਿਰ ਸੁਆਲਾਂ ਦਾ ਜਵਾਬ ਦੇਣ ਲਈ ਧਨਵੰਤ ਹੁਰਾਂ ਨੂੰ ਹੋਰ ਕਿਤਾਬ ਲਿਖਣੀ ਪੈਂਦੀ ਹੈ। ਮੈਂ ਪਰਚੇ ਦੇ ਸਬੰਧ ਵਿਚ ਕੁਝ ਸੁਆਲ ਉਠਾਣੇ ਚਾਹੁੰਦਾ ਤਾਂ ਜੋ ਕੁਝ ਨੁਕਤੇ ਹੋਰ ਵਿਸਥਾਰ ਗ੍ਰਹਿਣ ਕਰ ਸਕਣ। ਇਕ ਪ੍ਰਸ਼ਨ ਤਾਂ ਜਨਮੀਤ ਨੇ ਉਠਾਇਆ ਅਤੇ ਕਈ ਪਰਵਾਸੀ ਲੇਖਕ ਵੀ ਚੁੱਕਦੇ ਹਨ ਕਿ ਸਾਨੂੰ ਪਰਵਾਸੀਆਂ ਦੇ ਖਾਨੇ ਵਿਚ ਰੱਖ ਕੇ ਕਿਉਂ ਵਿਚਾਰਿਆ ਜਾਂਦਾ। ਸਾਨੂੰ ਸਮੁੱਚੀ ਪੰਜਾਬੀ ਕਹਾਣੀ ਦੇ ਪਰਿਪੇਖ ਵਿਚ ਰੱਖ ਕੇ ਕਿਉਂ ਨਹੀਂ ਮੁਲੰਕਣ ਕੀਤਾ ਜਾਂਦਾ। ਇਹ ਸੁਆਲ ਵਾਰ-ਵਾਰ ਉੱਠਦਾ ਲੋਕ ਆਪਣੀ ਕਿਸਮ ਦਾ ਜਵਾਬ ਦਿੰਦੇ ਹਨ। ਮੈਂ ਉਸਦਾ ਆਪਣਾ ਜਵਾਬ ਘੜਿਆ ਹੋਇਆ। ਮੈਂ ਤਾਂ ਪੇਪਰ ਨਹੀਂ ਪੜ੍ਹ ਰਿਹਾ, ਲੇਕਿਨ ਮੈਂ ਸਮਝਦਾ ਇਕ ਮਹੱਤਵਪੂਰਨ ਸਵਾਲ ਹੈ ਇਸ ਨਾਲ ਦੋ ਚਾਰ ਹੋਣਾ ਪੈਣਾ। ਮੇਰੀ ਧਾਰਨਾ ਇਹ ਬਣਦੀ ਹੈ ਕਿ ਪਰਵਾਸੀ ਕਹਾਣੀਕਾਰਾਂ ਵਿਚੋਂ ਵੱਡੀ ਗਿਣਤੀ ਵਿਚੋਂ ਕਿਸਾਨੀ ਪਿਛੋਕੜ ਨਾਲ ਜੁੜੇ ਹੋਏ ਸਨ। ਜਦੋਂ ਲੋਕਾਂ ਨੇ ਪਰਵਾਸ ਧਾਰਨ ਕੀਤਾ ਤਾਂ ਕੁਝ ਲੋਕ ਤਾਂ ਇਥੋਂ ਹੀ ਲਿਖਦੇ ਗਏ ਸਨ, ਕਈਆਂ ਨੇ ਉੱਥੇ ਵੀ ਲਿਖਣਾ ਜਾਰੀ ਰੱਖਿਆ, ਪ੍ਰੰਤੂ ਉਨ੍ਹਾਂ ਦੀ ਸਿਰਜਣਕਾਰੀ ਦੇ ਪ੍ਰੇਰਕ ਇਥੋਂ ਹੀ ਗ੍ਰਹਿਣ ਕੀਤੇ ਸਨ ਉਦਾਹਰਣ ਦੇ ਤੌਰ ਤੇ ਜਿਹੜਾ ਉਨ੍ਹਾਂ ਦੇ ਮਨ ਵਿਚ ਪੰਜਾਬੀਅਤ ਦਾ ਸੰਕਲਪ ਸੀ ਉਹ ਤਿੜਕਿਆਂ ਹੋਇਆ ਸੀ। ਉਹ ਬੰਗਾਲੀਆਂ ਵਾਂਗ ਕੌਮੀਅਤ ਨੂੰ ਗ੍ਰਹਿਣ ਨਹੀਂ ਕਰ ਰਹੇ ਸਨ। ਇਹ ਪੰਜਾਬੀ ਕਹਾਣੀ ਦੀ ਸਿਰਜਣਕਾਰੀ ਵੀ ਸਮੱਸਿਆ ਵੀ ਸੀ। ਅਜ਼ਾਦੀ ਤੋਂ ਬਾਅਦ ਸਮੁੱਚੀ ਪੰਜਾਬੀ ਕਹਾਣੀ ਵਿਚੋਂ ਮੁਸਲਮਾਨ ਗੁੰਮ ਹੈ। ਕੋਈ ਪਾਤਰ ਜੋ ਆਉਂਦਾ ਤਾਂ ਸਿਰਫ਼ ਸਮਾਜਿਕ ਏਕਤਾ ਵਿਖਾਉਣ ਲਈ। ਹਰਨਾਮ ਸਿੰਘ ਨਰੂਲੇ ਦੀਆਂ ਕੁਝ ਕਹਾਣੀਆਂ ਲੱਭੀਆਂ ਸਨ। ਪੰਜਾਬ ਦਾ ਜੱਟ ਮੁਸਲਮਾਨ ਵੀ ਸੀ। ਕੁਝ ਧਾਰਮਿਕ ਮਾਨਤਾਵਾਂ ਛੱਡ ਕੇ ਸਮੁੱਚੀ ਕਿਸਾਨੀ ਇਕੋ ਜਿਹੀ ਹੈ। ਸਭਿਆਚਾਰਕ ਪੱਧਰ ਉੱਤੇ ਵਿਹਾਰ ਇਕੋ ਜਿਹਾ ਸੀ। ਇਥੇ ਮਹਾਜਨੀ ਸਭਿਆਚਾਰ ਹੈ, ਉਹ ਭਰਵੇਂ ਰੂਪ ਵਿਚ ਨਾ ਇਧਰ ਦੀ ਅਤੇ ਨਾ ਪਰਵਾਸ ਦੀ ਕਹਾਣੀ ਵਿਚੋਂ ਉਭਰਦਾ ਹੈ। ਇਹ ਸਮੱਸਿਆ ਅਲੋਚਨਾ ਵਿਚ ਵੀ ਹੈ। ਇਹ ਸਵਾਲ ਵਾਰ-ਵਾਰ ਤਾਂ ਉੱਠਦਾ ਕਿ ਪੰਜਾਬੀ ਕਹਾਣੀ ਦੇ ਨਿਭਾਅ, ਪਾਤਰਾਂ ਦੀ ਪੇਸ਼ਕਾਰੀ, ਕਹਾਣੀ ਦੇ ਦ੍ਰਿਸ਼ਟੀਗਤ ਪਾਸਾਰ ਵਿਚ ਇਥੋਂ ਦੀ ਅਤੇ ਪਰਵਾਸ ਦੀ ਕਹਾਣੀ ਇਹ ਅੰਤਰ ਨਜ਼ਰ ਨਹੀਂ ਆਉਂਦਾ। ਸਾਨੂੰ ਇਹ ਦੇਖਣਾ ਪੈਣਾ ਕਿ ਇਹ ਅੰਤਰ ਕਿਉਂ ਨਹੀਂ। ਧਨਵੰਤ ਹੁਰਾਂ ਜੋ ਇਸ ਗੱਲ ਵੱਲ ਇਸ਼ਾਰਾ ਕੀਤਾ ਕਿ ਉਥੇ ਦੇ ਮੂਲ ਵਾਸੀਆਂ ਦਾ ਤਾਂ ਛੱਡੋ ਬਾਕੀ ਭਾਰਤ ਦੇ ਸੂਬਿਆਂ ਚੋਂ ਗਏ ਬੰਦਿਆਂ ਨਾਲ ਵੀ ਸਾਡੇ ਪਰਵਾਸੀਆਂ ਦਾ ਕੋਈ ਸੰਪਰਕ ਨਹੀਂ। ਉਹ ਕਹਾਣੀ ਦਾ ਹਿੱਸਾ ਨਹੀਂ ਬਣ ਰਹੇ। ਜੇ ਗੋਰਾ

ਪਾਤਰ ਕਹਾਣੀ ਵਿਚ ਆਉਂਦਾ ਉਸਦਾ ਵਿਹਾਰ, ਭਾਸ਼ਾਈ ਉਚਾਰ ਸਾਡੇ ਪਾਤਰਾਂ ਵਰਗਾ ਸਿਰਫ਼ ਉਸ ਦਾ ਨਾਂ ਹੀ ਵੱਖਰਾ। ਸਾਨੂੰ ਇਸ ਦੇ ਕਾਰਨ ਵੀ ਤਲਾਸ਼ਣੇ ਪੈਣੇ ਹਨ। ਇਹ ਜਿਹੜਾ ਕਲਾ ਦਾ ਮਸਲਾ ਬਾਵਾ ਜੀ ਵਾਰ-ਵਾਰ ਉਠਾ ਰਹੇ ਹਨ, ਮੈਨੂੰ ਲੱਗਦਾ ਇਹ ਕੋਈ ਵਸਤੂ ਨਾਲੋਂ ਵੱਖਰਾ ਨਹੀਂ ਪਿਆ ਹੁੰਦਾ। ਜਿਹੜੀ ਕਹਾਣੀ ਵਰਿਆਮ ਸੰਧੂ, ਪ੍ਰੇਮ ਪ੍ਰਕਾਸ਼ ਜਾਂ ਬਲਬੀਰ ਪਰਵਾਨਾ ਵਿਚ ਕਿਹੜਾ ਤੱਤ ਕਿਵੇਂ ਕਹਾਣੀ ਨੂੰ ਕਹਾਣੀ ਬਣਾ ਜਾਂਦਾ ਹੈ, ਰਹੱਸ ਹੀ ਹੈ। ਭੀਸ਼ਮ ਸ਼ਾਹਨੀ ਦੀ ਕਹਾਣੀ ਮੈਂ ਪੜ੍ਹੀ ਹੈ। ਉਹ ਵਿਅਕਤੀ ਦੇ ਵਿਹਾਰ ਅਤੇ ਸਥਿਤੀਆਂ ਦੇ ਸੰਬੰਧ ਉਤੇ ਉਸਰੀ ਹੋਈ ਹੈ। ਛੋਟੀ ਜਿਹੀ ਗੱਲ ਹੈ ਗੱਡੀ ਵਿਚ ਜਾ ਰਿਹਾ ਵਿਅਕਤੀ ਅੰਬਾਲਾ ਟੱਪਦੇ ਹੀ ਬੀੜੀਆਂ ਪੀਣ ਲੱਗ ਜਾਂਦੇ ਹਨ। ਉਹ ਇਸੇ ਨੂੰ ਆਪਣੀ ਜਿੱਤ ਸਮਝਦੇ ਹਨ। ਇਹ ਮਾਨਸਿਕਤਾ ਦੀ ਇਲਾਕਾਈ ਪਛਾਣ ਦੀ ਸਮੱਸਿਆ ਹੈ। ਇਸ ਕਰਕੇ ਮੈਡਮ ਇਸ ਗੱਲ ਬਾਰੇ ਸੋਚਣਾ ਪੈਣਾ ਕਿ ਇਥੋਂ ਦੇ ਗਏ ਬੰਦੇ ਮਾਨਸਿਕ ਤੌਰ ਤੇ ਪੰਜਾਬ ਨਾਲ ਹੀ ਜੁੜੇ ਹੋਏ ਹਨ। ਉਥੇ ਜਾ ਕੇ ਉਨ੍ਹਾਂ ਕੋਲ ਕੁਝ ਤਜਰਬੇ ਵੱਖਰੇ ਹਨ, ਨਸਲਵਾਦ ਸਾਡੇ ਵੀ ਸੀ, ਉਹ ਹੋਰ ਕਿਸਮ ਦਾ ਸੀ। ਸਾਨੂੰ ਅਲੋਚਨਾ ਰਾਹੀਂ ਕੁਝ ਮੁੱਦਿਆਂ ਦੀ ਪਛਾਣ ਕਰਨੀ ਪੈਂਦੀ ਹੈ।

ਬਲਬੀਰ ਪਰਵਾਨਾਃ- ਧਨਵੰਤ ਕੌਰ ਨੇ ਜਿਵੇਂ ਵਰਗੀਕਰਨ ਕੀਤਾ, ਉਹ ਮੈਨੂੰ ਚੰਗਾ ਲੱਗਾ ਹੈ। ਇਕ ਤਾਂ ਲੋਕ ਇਥੋਂ ਲਿਖਦੇ ਗਏ ਅਤੇ ਦੂਜੇ ਹਰਪ੍ਰੀਤ ਸੇਖਾਂ ਵਰਗੇ ਉਥੇ ਪਲੇ ਤੇ ਉਥੇ ਹੀ ਲਿਖਣ ਲੱਗੇ, ਉਹ ਕਿਵੇਂ ਭਿੰਨ ਹਨ। ਇਨ੍ਹਾਂ ਗੱਲਾਂ ਦਾ ਜ਼ਿਕਰ ਹੋ ਜਾਵੇ ਤਾਂ ਜ਼ਿਆਦਾ ਚੰਗਾ।

ਹਰਵਿੰਦਰ ਭੰਡਾਲਃ- ਪੇਪਰ ਸਾਰੇ ਕਹਿ ਰਹੇ ਹਨ ਵਧੀਆ ਹੀ ਹੈ। ਮੈਨੂੰ ਤਾਂ ਚੰਗਾ ਲੱਗਿਆ ਇਸ ਵਿਚ ਹਰ ਗੱਲ ਸਾਫ਼ ਹੈ। ਸਾਰਾ ਪੇਪਰ ਸਪਸ਼ਟ ਹੈ ਕਿਤੇ ਵੀ ਆਪਾ-ਵਿਰੋਧੀ ਗੱਲਾਂ ਨਹੀਂ ਮਿਲੀਆਂ। ਕੁਝ ਗੱਲਾਂ ਹੋਰ ਸਪਸ਼ਟ ਹੋਣਗੀਆਂ। ਮੈਂ ਉਨ੍ਹਾਂ ਬਾਰੇ ਗੱਲਾਂ ਕਰਾਂਗਾ। ਇਹ ਸਵਾਲ ਵੀ ਆਇਆ ਕਿ ਇਸ ਨੂੰ ਪਰਵਾਸੀ ਕਹਾਣੀ ਕਿਹਾ ਵੀ ਜਾਏ ਕਿ ਨਾ। ਇਹ ਪਾਠਕ ਦਾ ਸਵਾਲ ਨਹੀਂ ਹੈ। ਕੋਈ ਪਾਠਕ ਪਰਵਾਸੀ ਸਮਝ ਕੇ ਕਹਾਣੀ ਨਹੀਂ ਪੜ੍ਹਦਾ। ਇਹ ਅਕਾਦਮਿਕ ਮਸਲਾ ਹੈ। ਇਹ ਉਨ੍ਹਾਂ ਦੀ ਸਹੂਲਤ ਦਾ ਹੈ। ਅਸੀਂ ਵੀ ਪਰਵਾਸੀ ਕਹਾਣੀ ਦੀ ਪਛਾਣ ਵਿਚ ਸ਼ਾਮਲ ਹਾਂ ਤਾਂ ਹੀ ਇਸ ਉੱਤੇ ਗੋਸ਼ਟੀ ਕਰ ਰਹੇ ਹਾਂ। ਇਥੇ ਇਹ ਗੱਲ ਵੀ ਆਈ ਹੈ ਕਿ ਪਰਵਾਸੀ ਲੇਖਕ ਪਰਵਾਸੀ ਵਰਗ ਵਿਚ ਨਹੀਂ ਆਉਣਾ ਚਾਹੁੰਦੇ। ਦੂਜੇ ਪਾਸੇ ਯੂਨੀਵਰਸਿਟੀਆਂ ਵਿਚ ਪਰਵਾਸੀ ਸਾਹਿਤ ਦਾ ਪਰਚਾ ਪੜ੍ਹਾਇਆ ਜਾ ਰਿਹਾ, ਇਹ ਸਹੂਲਤ ਨੂੰ ਪਰਵਾਸੀ ਸਾਹਿਤਕਾਰ ਮਾਣਦੇ ਹਨ। ਯੂਨੀਵਰਸਿਟੀਆਂ ਵਿਚ ਕਈ ਸੈਮੀਨਾਰ ਹੋਏ ਹਨ। ਮੈਡਮ ਨੇ ਵੀ ਡਾਇਸਪੋਰਾ ਸ਼ਬਦ ਵਰਤਿਆ। ਮੈਂ ਤਾਂ ਕਿਸੇ ਸੈਮੀਨਾਰ ਦਾ ਹਿੱਸਾ ਨਹੀਂ ਬਣਿਆ ਪ੍ਰੰਤੂ ਇਸ ਸ਼ਬਦ ਬਾਰੇ ਚਰਚਾ ਚਲਦੀ ਰਹੀ ਹੈ। ਡਾਇਸਪੋਰਾ ਨੂੰ ਯਹੂਦੀਆਂ ਦੇ ਪਰਵਾਸ ਲਈ ਵਰਤਿਆ ਜਾਂਦਾ ਸੀ। ਉਨ੍ਹਾਂ ਦੀਆਂ ਆਪਣੀਆਂ ਇਤਿਹਾਸਕ ਪ੍ਰਸਥਿਤੀਆਂ ਸਨ। ਉਨ੍ਹਾਂ ਦੇ ਮਨ ਵਿਚ ਪਵਿੱਤਰ ਧਰਤੀ ਵੱਲ ਪਰਤਣ ਦੀ ਖਾਹਿਸ਼ ਹਮੇਸ਼ਾ ਰਹੀ ਕਿ ਸਾਡਾ ਪਰਵਾਸ ਯਹੂਦੀਆਂ ਵਰਗਾ ਸੀ। ਇਹ ਅਕਾਮਿਕਤਾ ਦਾ ਮਸਲਾ ਹੈ। ਇਥੇ ਵੀ ਅਕਾਦਮਿਕ ਲੋਕ ਬੈਠੇ ਹਨ। ਇਹ ਮਸਲਾ ਵੀ ਬਹਿਸ ਦੀ ਮੰਗ ਕਰਦਾ ਹੈ। ਪੰਜਾਬੀ ਜਿਹੜੇ ਗ਼ਦਰ ਲਹਿਰ ਨਾਲ ਜੁੜੇ ਹੋਏ ਸਨ ਗੁਲਾਮੀ ਦੇ ਅਹਿਸਾਸ ਨੇ ਹੀ ਉਨ੍ਹਾਂ ਅੰਦਰ ਆਜ਼ਾਦੀ ਦੀ ਖਾਹਿਸ਼ ਪੈਦਾ ਕੀਤੀ। ਹੁਣ ਭਾਵੇਂ ਅਜ਼ਾਦੀ ਕਹਿ ਦਿੰਦੇ ਹਾਂ ਵਿਸ਼ਵੀਕਰਨ ਨੇ ਕਾਫੀ ਕੁਝ ਇਹੋ ਜਿਹਾ ਕਰ ਦਿੱਤਾ ਪ੍ਰੰਤੂ ਫਿਰ

ਇਥੋਂ ਦਾ ਵਿਅਕਤੀ, ਜਦੋਂ ਉਥੋਂ ਦੇ ਸਭਿਆਚਾਰਕ ਪਰਿਵੇਸ਼ ਵਿਚ ਵਿਚਰਦਾ ਤਾਂ ਉਸ ਲਈ ਸਮੱਸਿਆਵਾਂ ਆਉਂਦੀਆਂ ਹਨ। ਮੈਡਮ ਨੇ ਇਕ ਬੜਾ ਦਿਲਚਸਪ ਵੇਰਵਾ ਦਿੱਤਾ ਕਿ ਉਥੇ ਸੌ ਦੇ ਲਗਭਗ ਲੇਖਕ ਹਨ ਜਿਨ੍ਹਾਂ ਵਿਚ ਵੀਹ ਨਾਰੀ ਲੇਖਕ ਹਨ। ਸਾਡੇ ਇਹ ਅਨੁਪਾਤ ਘੱਟ ਹੈ। ਇਸ ਦਾ ਅਰਥ ਉਥੋਂ ਦੇ ਪਰਿਵੇਸ਼ ਵਿਚ ਔਰਤ ਨੂੰ ਜ਼ਿਆਦਾ ਖੁੱਲ੍ਹਾਂ ਹਨ। ਜੈਂਡਰ ਦੀ ਪੇਸ਼ਕਾਰੀ ਨੂੰ ਜਿਸ ਰੂਪ ਵਿਚ ਉਥੇ ਦੇਖਿਆ ਜਾ ਰਿਹਾ ਇਥੇ ਨਹੀਂ। ਇਕ ਹੋਰ ਤੱਥ ਇਨ੍ਹਾਂ ਨੇ ਪੇਸ਼ ਕੀਤਾ ਕਿ ਉਥੇ ਜੰਮੀ ਪਲੀ ਪੀੜ੍ਹੀ ਵਿਚ ਇਕ ਵੀ ਨਾਂ ਸ਼ਾਮਲ ਨਹੀਂ। ਪੇਪਰ ਦੇ ਵਿਚ ਇਹ ਵੀ ਆਇਆ ਕਿ ਉਥੋਂ ਦੀਆਂ ਪੀੜ੍ਹੀਆਂ ਨੇ ਇਥੇ ਦੇ ਮੂਲਵਾਸੀਆਂ ਨੂੰ ਆਪਣੇ ਵਿਚ ਸਮੋਇਆ ਨਹੀਂ ਬਾਅਦ ਵਾਲੀ ਪੀੜ੍ਹੀ ਨੂੰ ਸਮੋਇਆ। ਆਉਣ ਵਾਲੇ ਸਮੇਂ ਵਿਚ ਉਥੋਂ ਵਾਲੀ ਪੀੜ੍ਹੀ ਪੰਜਾਬੀ ਨਹੀਂ ਰਹਿਣੀ, ਇਹ ਇਕ ਚੁਣੌਤੀ ਜ਼ਰੂਰ ਹੈ।

ਸੁਕੀਰਤ:- ਇਹ ਜਿਹੜਾ ਮਸਲਾ ਨਵੀਂ ਪੀੜ੍ਹੀ ਦਾ ਹੈ ਇਹ ਇਕ ਦੋ ਪੀੜ੍ਹੀਆਂ ਤਕ ਹੀ ਚੱਲਦਾ ਹੈ। ਦੁਨੀਆਂ ਵਿਚ ਇੰਝ ਹੀ ਹੁੰਦਾ ਹੈ। ਚੀਨੀ ਆਪਣੀ ਜੁਬਾਨ ਪ੍ਰਤੀ ਬਹੁਤ ਚੇਤੰਨ ਹਨ ਪ੍ਰੰਤੂ ਅਗਲੀ ਪੀੜ੍ਹੀ ਵਿਚ ਸਮੱਸਿਆ ਬਣ ਰਹੀ ਹੈ। ਉਨ੍ਹਾਂ ਦੇ ਸਾਹਿਤ ਦੇ ਥੀਮ ਵਿਚ ਮੈਨੂੰ ਪਤਾ ਲੱਗਿਆ ਇੰਗਲੈਂਡ ਵਿਚ ਸ਼ਾਇਦ ਰੁਪਿੰਦਰ ਨਾਂ ਦਾ ਲੇਖਕ ਹੈ ਜਿਹੜਾ ਉਥੇ ਜੰਮਿਆ ਪਲਿਆ। ਪੰਜਾਬੀ ਵਿਚ ਲਿਖ ਰਿਹਾ ਹੈ। ਉਹ ਲਿਖਦਾ ਪਤਾ ਨਹੀਂ ਕਿਹੋ ਜਿਹਾ? ਦੋ ਤਿੰਨ ਪੀੜ੍ਹੀਆਂ ਬਾਅਦ ਜੁਬਾਨ ਤਾਂ ਬਦਲ ਹੀ ਜਾਂਦੀ ਹੈ।

ਡਾ. ਜਸਵਿੰਦਰ:- ਪਹਿਲਾਂ ਤਾਂ ਵਧੀਆ ਪੇਪਰ ਲਈ ਡਾ. ਧਨਵੰਤ ਹੁਰਾਂ ਨੂੰ ਮੁਬਾਰਕਾਂ। ਬਹੁਤ ਗੱਲਾਂ ਹੋ ਚੁੱਕੀਆਂ ਹਨ ਮੈਂ ਦੁਹਰਾਵਗਾਂ ਨਹੀਂ। ਮੈਂ ਸੰਖੇਪ ਜਿਹੀਆਂ ਤਿੰਨ ਗੱਲਾਂ ਕਰਾਂਗਾ। ਮੇਰਾ ਕੰਮ ਹਰਵਿੰਦਰ ਨੇ ਸੌਖਾ ਕਰ ਦਿੱਤਾ। ਜਿੰਨਾ ਸਾਹਿਤ ਲਿਖਿਆ ਜਾਂਦਾ, ਉਹ ਸਾਰਾ ਹੀ ਮਹਾਨ ਜਾਂ ਸਮੇਂ ਤੋਂ ਅੱਗੇ ਜਾਣ ਵਾਲਾ ਨਹੀਂ ਹੁੰਦਾ। ਜਦੋਂ ਅਸੀਂ ਗੱਲ ਕਰਦੇ ਹਾਂ ਤਾਂ ਇਕੋ ਵੇਲੇ ਰੱਦ ਕਰਨਾ ਚੰਗਾ ਨਹੀਂ। ਸਾਨੂੰ ਕੁਆਲੀਫਾਈ ਕਰਨਾ ਪੈਣਾ। ਮੈਂ ਪਰਵਾਸੀ ਕਹਾਣੀ ਬਾਰੇ ਗੱਲ ਕਰਾਂਗਾ। ਜੇ ਇਹ ਕਿਹਾ ਜਾਵੇ ਕਿ ਸਾਰੀ ਪਰਵਾਸੀ ਕਹਾਣੀ ਮਾੜੀ ਹੈ ਤਾਂ ਮੈਂ ਇਸ ਗੱਲ ਨਾਲ ਸਹਿਮਤ ਨਹੀਂ। ਇਸ ਵਿਚ ਕੁਝ ਕਹਾਣੀ ਹੈ ਜਿਹੜੇ ਭਾਵੇਂ ਥੀਮ ਦੇ ਹਵਾਲੇ ਨਾਲ ਹੋਏ ਜਾਂ ਬਹੁ-ਸਭਿਆਚਾਰ ਦੇ ਹਵਾਲੇ ਨਾਲ ਜਾਂ ਪੱਛਮੀ ਜੀਵਨ ਸ਼ੈਲੀ ਦੇ ਉਹ ਵਰਤਾਰੇ, ਜਿਹੜੇ ਪਹਿਲਾਂ ਨਹੀਂ ਆ ਰਹੇ ਸਨ ਹੁਣ ਆ ਰਹੇ, ਅਰਥਾਤ ਕੁਝ ਗੌਲਣਯੋਗ ਕਹਾਣੀ ਵੀ ਹੈ। ਵੱਡੀ ਪੱਧਰ ਤੇ ਕਹਾਣੀ ਦੇ ਸੰਕਟ ਹਨ ਪਰ ਮੈਂ ਚੰਗੀ ਕਹਾਣੀ ਦੇ ਹਵਾਲੇ ਨਾਲ ਹੀ ਗੱਲ ਕਰਾਂਗਾ। ਇੰਗਲੈਂਡ ਦੀ ਕਹਾਣੀ ਥੋੜ੍ਹੇ ਵੱਖਰੇ ਵਰਤਾਰੇ ਵਿਚੋਂ ਲੰਘੀ ਸੱਤਰਵਿਆਂ ਅੱਸੀਵਿਆਂ ਵਿਚ ਉਥੇ ਤਿੱਖੇ ਨਸਲੀ ਵਿਰੋਧ ਉੱਭਰੇ। ਕਨੇਡਾ ਵਿਚ ਕਾਮਾਗਾਟਾਮਾਰੂ ਤੋਂ ਬਾਅਦ ਉਨ੍ਹਾਂ ਨੂੰ ਸੰਭਲਣਾ ਪਿਆ, ਅਮਰੀਕਾ ਵਿਚ ਇਹ ਚੱਲ ਰਿਹਾ। ਟਾਵਰਾਂ ਉੱਤੇ ਹਮਲੇ ਤੋਂ ਬਾਅਦ ਇਹ ਤਿੱਖਾ ਹੋਇਆ। ਭਾਵੇਂ ਅਕਾਦਮਿਕ ਗੱਲਾਂ ਵੀ ਆਈਆਂ ਹਨ, ਪ੍ਰੰਤੂ ਸਾਨੂੰ ਧਾਰਾਵਾਂ ਦੀ ਪਛਾਣ ਤਾਂ ਕਰਨੀ ਹੀ ਪਏਗੀ, ਪਰ ਮੈਂ ਇਸ ਗੱਲ ਨਾਲ ਸਹਿਮਤ ਹਾਂ ਕਿ ਕਹਾਣੀ ਤਾਂ ਕਹਾਣੀ ਹੁੰਦੀ ਹੈ। ਜਦੋਂ ਅਸੀਂ ਪ੍ਰਗਤੀਵਾਦੀ ਕਹਾਣੀ ਕਹਿੰਦੇ ਹਾਂ ਤਾਂ ਸਾਨੂੰ ਇਕ ਵਿਚਾਰਧਾਰਕ ਨਿਖੇੜਾ ਤਾਂ ਕਰਨਾ ਹੀ ਪਏਗਾ। ਪਰਵਾਸੀ ਕਹਾਣੀ ਦਾ ਵੀ ਇਕ ਵੱਖਰਾ ਪਰਿਵੇਸ਼ ਜ਼ਰੂਰ ਹੈ। ਇਕ ਹੋਰ ਪਰਵਾਸ ਬਾਰੇ ਹੈ ਕਿ ਜਦੋਂ ਉਹ ਬਹੁ-ਸਭਿਆਚਾਰ ਵਿਚ ਜਿਉਂਦੇ ਹਨ। ਜਿਹੜੀ ਨਵੀਂ ਪੀੜ੍ਹੀ ਦੇ ਲਿਖਣ ਬਾਰੇ ਹੈ, ਮੈਂ ਪਿਛੇ ਇਕ ਸਤਨਾਮ, ਉਹ ਸਚਨਾਮ ਲਿਖਦਾ ਦਾ ਨਾਵਲ ਆਇਆ,

ਉਹ ਠੀਕ ਹੈ। ਉਹ ਵੁਲਵਰਹੈਪਟਨ ਦੇ ਜੀਵਨ ਬਾਰੇ ਹੈ। ਇੰਗਲੈਂਡ ਵਿਚ ਰਹਿੰਦਾ ਹੈ ਉਹ ਲੇਖਕ ਹੈ। ਪਰ ਇਹ ਸਮੱਸਿਆ ਤਾਂ ਰਹਿਣੀ ਹੀ ਹੈ ਉਥੇ ਜੰਮੀ ਪੀੜ੍ਹੀ ਪੰਜਾਬੀ ਨਹੀਂ ਲਿਖ ਰਹੀ। ਜਿਸ ਪ੍ਰਕਾਰ ਦੀ ਨਿੱਜਤਾ ਦੀ ਗਲੀ ਵਿਚ ਅਸੀਂ ਜਾ ਰਹੇ ਹਨ ਉਨ੍ਹਾਂ ਨੇ ਪਹਿਲਾਂ ਦੱਸ ਦਿੱਤਾ। ਇਕ ਗੱਲ ਪੇਪਰ ਵਿਚ ਹੋਣੀ ਚਾਹੀਦੀ ਸੀ ਕਿ ਪੰਜਾਬੀ ਸਨਾਖਤਾਂ ਨੇ ਵੀ ਸਮੱਸਿਆਵਾਂ ਪੈਦਾ ਕੀਤੀਆਂ ਹਨ। ਜਿਹੜੀ ਸਨਾਖਤਾਂ ਦੀ ਨਵੀਂ ਘਾੜਤ ਹੋਈ ਹੈ ਉਹ ਉਥੇ ਵੱਖਰੀ ਹੈ। ਉਥੋਂ ਦੀ ਕਹਾਣੀ ਬਾਰੇ ਕਈ ਸਮੱਸਿਆਵਾਂ ਹਨ ਉਹ ਕਹਾਣੀ ਦੇ ਹਵਾਲੇ ਨਾਲ ਕੁਝ ਗੱਲ ਕਰਾਂਗੇ। ਇਹ ਗੱਲ ਠੀਕ ਹੈ ਕਿ ਕਹਾਣੀ ਇਕ ਜੀਵਨ ਦਾ ਸੰਜੀਵ ਚਿੱਤਰ ਪੇਸ਼ ਕਰਦੀ ਹੈ।

ਡਾ. ਰਾਮਿੰਦਰਃ- ਮੈਂ ਪੇਪਰ ਤਾਂ ਸਾਰਾ ਸੁਣਿਆ ਨਹੀਂ ਪਰ ਜਿਹੜੀ ਗੱਲਬਾਤ ਸੁਣੀ ਹੈ ਕਿ ਪਰਵਾਸ ਵਿਚ ਬਹੁਤ ਸਾਰਾ ਸਾਹਿਤ ਰਚਿਆ ਜਾ ਰਿਹਾ। ਹਰ ਲੇਖਕ ਦੀ ਹਰ ਰਚਨਾ ਸਰਵੋਤਮ ਨਹੀਂ ਹੁੰਦਾ ਕੁਝ ਹੀ ਸਾਹਿਤ ਗੌਲਣਯੋਗ ਹੁੰਦਾ ਹੈ। ਪਰਵਾਸੀ ਕਹਾਣੀ ਬਾਰੇ ਵੀ ਇਹੀ ਹੈ। ਇਧਰਲੀ ਕਹਾਣੀ ਵਿਚ ਵੀ ਉਹੀ ਮਸਲੇ ਮਿਲਦੇ ਹਨ ਪ੍ਰੰਤੂ ਉਨ੍ਹਾਂ ਵਿਚ ਸ਼ਿੱਦਤ ਘੱਟ ਹੈ। ਪਰਵਾਸੀ ਕਹਾਣੀ ਵਿਚ ਲੋਕੇਲ ਦੀ ਘਾਟ ਹੈ। ਸਾਡੇ ਇਥੋਂ ਦੀ ਕਹਾਣੀ ਵਿਚ ਭੂਦ੍ਰਿਸ਼ ਸਾਫ਼ ਨਜ਼ਰ ਆਉਂਦਾ ਹੈ।

ਡਾ. ਧਨਵੰਤਃ- ਪਹਿਲਾਂ ਤਾਂ ਮੈਂ ਸ਼ੁਕਰੀਆ ਅਦਾ ਕਰਨਾ ਚਾਹਾਂਗੀ ਕਿ ਪੇਪਰ ਨੂੰ ਲੀਕ ਸੰਦਰਭ ਵਿਚ ਸਮਝਿਆ ਗਿਆ। ਜਿਵੇਂ ਡਾ. ਜਨਮੀਤ ਨੇ ਕਿਹਾ ਕਿ ਕੋਈ ਪੰਜਾਬੀ ਗੁਲਾਮ ਬਣ ਕੇ ਬਾਹਰ ਨਹੀਂ ਗਿਆ। ਉਹ ਜ਼ਿਆਦਾਤਰ ਰੁਜ਼ਗਾਰ ਦੀ ਪ੍ਰਾਪਤੀ ਲਈ ਗਏ। ਪਰਵਾਸੀ ਕਹਾਣੀ ਉਥੋਂ ਤਿੰਨ ਲੋਕੇਲ ਤੋਂ ਹੀ ਆਈ ਹੈ। ਪਰਵਾਸੀ ਦੀ ਬਹੁਤੀ ਕਹਾਣੀ ਮੂਲਵਾਸ ਵੱਲ ਨੂੰ ਤਾਂਘ ਦੀ ਕਹਾਣੀ ਹੈ। ਡਾ. ਰਜਨੀਸ਼ ਹੁਰਾਂ ਦੇ ਸਵਾਲ ਬਹੁਤ ਸਪੇਸਫਿਕ ਸਨ, ਸਭ ਕੁਝ ਉਨ੍ਹਾਂ ਵਿਚ ਹੀ ਆ ਜਾਂਦਾ ਹੈ। ਮੈਂ ਉਨ੍ਹਾਂ ਨੂੰ ਹੀ ਮੁਖਾਤਿਬ ਹਾਂ। ਇਕ ਤਾਂ ਪੰਜਾਬੀ ਕਹਾਣੀ ਵਿਚ ਕੌਮੀਅਤ ਦਾ ਮਸਲਾ ਹੈ। ਜਦੋਂ ਇਤਿਹਾਸਕਾਰੀ ਕਰਨ ਲੱਗਦੇ ਹਾਂ ਮੈਂ ਕਦੇ ਇਸ ਬਾਰੇ ਸੋਚਿਆ ਨਹੀਂ। ਪ੍ਰੰਤੂ ਮੁੱਢਲੀ ਪੰਜਾਬੀ ਕਹਾਣੀ ਵਿਚ ਜਯੋਆ ਫਜਲਦੀਨ ਦਾ ਨਾਂ ਆ ਰਿਹਾ ਹੈ, ਉਸੇ ਸਮੇਂ ਭਾਸ਼ਾ ਧਰਮ ਦੇ ਅਧਾਰ ਉਤੇ ਵੰਡੀ ਜਾ ਰਹੀ ਸੀ। ਪਾਕਿਸਤਾਨ ਵਾਲੇ ਜਾ ਕੇ ਉਥੇ ਕਹਾਣੀ ਲਿਖਣ ਲਗਦੇ ਹਨ, ਸੱਠ ਤੱਕ ਤਾਂ ਉਥੇ ਕੋਈ ਕਹਾਣੀ ਨਹੀਂ ਆਉਂਦੀ। ਜਦੋਂ ਉਹ ਪਿੱਛੇ ਜਾਂਦੇ ਹਨ ਤਾਂ ਜਯੋਆ ਫਜ਼ਲਦੀਨ ਅਤੇ ਸਤਨਾਮ ਮਹਿਮੂਦ ਦਾ ਨਾਂ ਲੈ ਲੈਂਦੇ ਹਨ। ਸਤਨਾਮ, ਸਤਨਾਮ ਸਿੰਘ ਤੋਂ ਮਹਿਮੂਦ ਬਣਿਆ, ਜਯੋਆ ਫਜਲਦੀਨ ਈਸਾਈ ਹੈ। ਸੱਤਰਵੇਂ ਦਹਾਕੇ ਦੇ ਆਸ ਪਾਸ ਇਕ ਪਾਸੇ ਪਰਵਾਸੀ ਕਹਾਣੀ ਆਉਣ ਲਗਦੀ ਹੈ ਦੂਜੇ ਪਾਸੇ ਪਾਕਿਸਤਾਨੀ ਕਹਾਣੀ। ਸਾਡੀ ਇਤਿਹਾਸਕਾਰੀ ਇਨ੍ਹਾਂ ਤਿੰਨਾਂ ਪ੍ਰਵਰਗਾਂ ਨੂੰ ਅਧਾਰ ਬਣਾ ਕੇ ਵਿਚਰਨ ਲੱਗਦੀ ਹੈ। ਇਸ ਤਰ੍ਹਾਂ ਕੌਮੀਅਤਾਂ ਦਾ ਮਸਲਾ ਸਾਡੀ ਕਹਾਣੀ ਦਾ ਵਿਸ਼ਾ ਨਹੀਂ ਬਣਦਾ। ਕਹਾਣੀ ਅਜਿਹੀ ਵਿਧਾ ਹੈ ਜਿਹੜੀ ਨੇੜੇ ਦੀ ਨਿਕਲੀ ਵਿਧਾ ਹੈ। ਕਹਾਣੀ ਬੰਦੇ ਦੇ ਨਾਲ ਨਾਲ ਤੁਰਦੀ ਹੈ। ਕਹਾਣੀ ਦੇ ਤੱਤ ਆਮ ਤੌਰ ਤੇ ਵੈਲੀਊ ਅਧਾਰਿਤ ਹੁੰਦੇ ਹਨ। ਪਰਵਾਸੀ ਕਹਾਣੀ ਨੂੰ ਵੇਖਣ ਵਾਲੀ ਅੱਖ ਭਾਰਤੀ ਅੱਖ ਹੈ। ਕਹਾਣੀ ਪਰਖਣ ਅਤੇ ਰਚਣਗਤ ਗੀਤੀਆਂ ਨਿਰੋਲ ਭਾਰਤੀ ਹਨ। ਉਸ ਬਾਰੇ ਮੈਂ ਸੰਕੇਤ ਕੀਤਾ ਸੀ। ਪਰ ਇਹ ਕਹਿ ਦੇਣਾ ਕਿ ਪਰਵਾਸੀ ਕਹਾਣੀ ਦਾ ਆਪਣਾ ਕੋਈ ਰੰਗ ਨਹੀਂ ਇਹ ਕਹਿਣਾ ਗਲਤ ਹੈ। ਇਕ ਗੱਲ ਪਰਵਾਸ ਅਤੇ ਡਾਇਸਪੋਰਾ ਦੀ ਆਈ ਸੀ। ਗੱਲਾਂ ਅੱਗੇ ਤੁਰਦੀਆਂ ਹਨ ਪਰਵਾਸ ਦੀ ਪ੍ਰੀਭਾਸ਼ਾ ਇਸ ਸਮੇਂ ਕੀ ਹੈ? ਜਿਹੜਾ

ਬੰਦਾ ਇਕ ਸਾਲ ਵੀ ਘਰ ਤੋਂ ਦੂਰ ਰਹਿੰਦਾ ਉਹ ਪਰਵਾਸੀ ਹੈ। ਜਿਹੜਾ ਬੰਦਾ ਘਰ ਤੋਂ ਆ ਕੇ ਦਿੱਲੀ ਵਸ ਗਿਆ। ਪਿੰਡ ਤੋਂ ਸ਼ਹਿਰ ਆ ਗਿਆ। ਬਿਹਾਰ ਤੋਂ ਆਈ ਲੇਬਰ ਨੂੰ ਵੀ ਅਸੀਂ ਪਰਵਾਸੀ ਕਹਿਣ ਲੱਗ ਪਏ। ਇਸ ਤਰ੍ਹਾਂ ਸ਼ਬਦਾਂ ਵਿਚ ਘਚੋਲੇ ਪੈਣ ਲਗਦੇ ਹਨ ਅਤੇ ਵਿਆਪਕਤਾ ਖਤਮ ਹੋਣ ਲੱਗਦੀ ਹੈ। ਅਕੈਡਮਿਕ ਅਤੇ ਸਭਿਆਚਾਰਕ ਸਟੱਡੀ ਨੇ ਜਿਹੜੇ ਲੋਕ ਘਰ ਤੋਂ ਦੂਰ ਸਨ, ਉਨ੍ਹਾਂ ਲੋਕਾਂ ਨੂੰ ਸਥਾਨਕ ਸਭਿਆਹਚਾਰ ਨੇ ਆਪਣੇ ਵਿਚ ਰਲੇਵੇਂ ਦੀ ਕੋਸ਼ਿਸ਼ ਕੀਤੀ ਅਤੇ ਇਨ੍ਹਾਂ ਨੇ ਵੀ ਕੀਤੀ। ਪ੍ਰੰਤੂ ਉਹ ਇਸ ਰਲੇਵੇਂ ਵਿਚ ਸ਼ਾਮਲ ਨਹੀਂ ਹੋ ਸਕੇ। ਇਸ ਵਿਚ ਭਾਸ਼ਾ ਤੋਂ ਲੈ ਕੇ ਵੱਖ-ਵੱਖ ਪਸਾਰਾਂ ਦਾ ਅਸਰ ਸੀ। ਇਸ ਸਥਿਤੀ ਵਿਚ ਸਾਡੇ ਸਮੇਤ ਕਈ ਸਭਿਆਚਾਰਕ ਸਮੂਹ ਫਸੇ ਹੋਏ ਹਨ। ਇਸ ਤਰ੍ਹਾਂ ਮੈਨੂੰ ਲਗਦਾ ਪੰਜਾਬੀ ਪਰਵਾਸ ਡਾਇਸਪੋਰਾ ਵਿਚ ਤਬਦੀਲ ਹੋ ਰਿਹਾ। ਮੈਂ ਇਸ ਗੱਲ ਨਾਲ ਸਹਿਮਤ ਹਾਂ ਕਿ ਅਜੇ ਡਾਇਸਪੋਰੇ ਦੀ ਕਹਾਣੀ ਸਾਡੇ ਕੋਲ ਨਹੀਂ ਆਈ। ਨਵੀਂ ਪੀੜ੍ਹੀ ਦੀ ਭਾਸ਼ਾ ਤਾਂ ਸ਼ਾਇਦ ਇਹ ਨਹੀਂ ਰਹੇਗੀ ਪ੍ਰੰਤੂ ਸਮੱਸਿਆਵਾਂ ਨਿਰੰਤਰਤਾ ਵਿਚ ਚਲਦੀਆਂ ਰਹਿਣਗੀਆਂ।

ਜਸ ਮੰਡਃ- ਪਰਚੇ ਦੀ ਕਾਮਯਾਬੀ ਇਸ ਉੱਤੇ ਹੋਈ ਭਰਪੂਰ ਬਹਿਸ ਵਿਚ ਹੈ। ਬਹਿਸ ਦੌਰਾਨ ਕਈ ਗੱਲਾਂ ਸਪਸ਼ਟ ਹੋਈਆਂ ਹਨ। ਪਹਿਲੀ ਗੱਲ ਤਾਂ ਇਹ ਸਾਫ਼ ਹੋ ਗਈ ਕਿ ਪਰਵਾਸੀ ਕਹਾਣੀ ਨੂੰ ਜੁਦਾ ਰੱਖਣ ਦੀ ਲੋੜ ਹੈ ਜਾਂ ਨਹੀਂ। ਇਹ ਵੀ ਸਾਫ਼ ਹੋ ਗਿਆ ਕਿ ਅਕਾਦਮਿਕ ਲੋੜ ਲਈ ਅਸੀਂ ਕਹਾਣੀ ਦੀ ਕਲਾਸੀਫਿਕੇਸ਼ਨ ਕਰਦੇ ਹਾਂ। ਜਿਵੇਂ ਦਲਿਤ ਕਹਾਣੀ, ਨਾਰੀ ਕਹਾਣੀ। ਇਸੇ ਤਰ੍ਹਾਂ ਅਸੀਂ ਅਧਿਐਨ ਦੀ ਸੌਖ ਲਈ ਇਸ ਨੂੰ ਪਰਵਾਸੀ ਖਾਨੇ ਵਿਚ ਰੱਖ ਲੈਂਦੇ ਹਾਂ। ਇਹ ਗੱਲ ਵੀ ਸਪੱਸ਼ਟ ਹੈ ਕਿ ਇਹ ਕਹਾਣੀਕਾਰ ਪਹਿਲੀ ਪੀੜ੍ਹੀ ਦੇ ਕਹਾਣੀਕਾਰ ਹਨ ਜਿਹੜੇ ਇਥੋਂ ਹੀ ਪੰਜਾਬੀ ਦੇ ਤੌਰ ਤੇ ਗਏ, ਪੰਜਾਬੀ ਸਭਿਆਚਾਰ ਨਾਲ ਲੋਕਾਂ ਨਾਲ ਜੁੜੇ ਰਹੇ। ਉਹ ਧਰਮ ਨਾਲ ਵੀ ਜੁੜੇ ਰਹੇ। ਅਸੀਂ ਜਦੋਂ ਰੂਸ ਗਏ ਤਾਂ ਸਾਨੂੰ ਪਹਿਲੇ ਦਿਨ ਤੋਂ ਹੀ ਰੂਸੀ ਸਿੱਖਣੀ ਪਈ। ਬਹੁ-ਸਭਿਆਚਾਰ ਸਨਾਖਤਾਂ ਵਾਲੇ ਲੋਕਾਂ ਵਿਚ ਰਹਿਣਾ ਪਿਆ। ਅਸੀਂ ਸਾਰੇ ਰੂਸੀ ਬੋਲਦੇ ਸੀ ਰੂਸੀ ਖਾਣਾ ਖਾ ਰਹੇ ਸੀ।

ਜਨਮੀਤਃ- ਪਰ ਤੁਸੀਂ ਲੇਖਕ ਤਾਂ ਪੰਜਾਬੀ ਦੇ ਹੀ ਬਣੇ।

ਜਸ ਮੰਡਃ ਉਥੇ ਲਿੰਗਕ ਬਰਾਬਰਤਾ ਦੀ ਗੱਲ, ਜਾਤ-ਪਾਤ ਦੀ ਗੱਲ, ਧਰਮਾਂ ਦੀ ਗੱਲ ਤੋਂ ਮੁਕਤ ਹੋਣ ਵੱਲ ਤੁਰੇ। ਜਿਵੇਂ ਮੈਡਮ ਨੇ ਕਿਹਾ ਦੋ ਤਿਹਾਈ ਕਹਾਣੀਆਂ ਤਾਂ ਪੰਜਾਬ ਬਾਰੇ ਹੀ ਹਨ। ਇਹ ਗੱਲ ਵੀ ਸਾਫ਼ ਹੋ ਗਈ, ਉਹੀ ਮੁੱਦੇ ਇਥੋਂ ਦੀ ਕਹਾਣੀ ਵਿਚ ਆ ਰਹੇ ਹਨ ਪ੍ਰੰਤੂ ਇਕ ਸ਼ਿੱਦਤ ਨਾਲ ਉਹ ਪੇਸ਼ ਕਰ ਰਹੇ ਹਨ ਇਥੋਂ ਦੇ ਕਹਾਣੀਕਾਰ ਨਹੀਂ। ਇਹ ਵੀ ਸਪਸ਼ਟ ਹੋ ਗਿਆ ਕਿ ਉਹ ਲੋਕ ਮੂਲ ਰੂਪ ਵਿਚ ਪੰਜਾਬੀ ਹਨ। ਨਵੀਂ ਪੀੜ੍ਹੀ ਇਕ ਭਾਸ਼ਾ ਤੋਂ ਹੌਲੀ-ਹੌਲੀ ਦੂਰ ਹੋ ਰਹੀ ਹੈ। ਜਿਹੜੀ ਗੱਲ ਰਜਨੀਸ਼ ਹੁਰਾਂ ਨੇ ਕਹੀ ਕਿ ਉਥੋਂ ਦੇ ਕਹਾਣੀਕਾਰ ਵੀ ਉਹੀ ਕੁਝ ਕਰ ਰਹੇ ਹਨ ਜੋ ਇਥੋਂ ਦੇ ਕਰ ਰਹੇ ਹਨ। ਬਾਕੀ ਇਹ ਗੱਲ ਵੀ ਸਾਫ਼ ਹੈ ਕਿ ਸਾਰੀਆਂ ਕਹਾਣੀਆਂ ਚੰਗੀਆਂ ਨਾ ਉਥੇ ਰਚੀਆਂ ਜਾ ਰਹੀਆਂ ਨਾ ਇਥੇ, ਲੋਕੇਲ ਵੱਖਰੀ ਹੋਣ ਕਰਕੇ ਪਰਵਾਸੀ ਕਹਾਣੀ ਵੱਖਰੀ ਤਾਂ ਹੈ। ਸਾਡੇ ਅਜੇ ਮਾਂ ਪਿਓ ਨੂੰ ਬਿਰਧ ਘਰਾਂ ਵਿਚ ਛੱਡਣ ਦਾ ਫੈਸਲਾ ਸੌਖਾ ਨਹੀਂ ਲੈ ਹੁੰਦਾ, ਟਰਾਂਸ ਜੈਂਡਰ ਦੀ ਮਾਨਤਾ ਸੁਭਾਵਕ ਨਹੀਂ ਹੈ। ਇਨ੍ਹਾਂ ਪੰਜ ਕਹਾਣੀਆਂ ਵਿਚ ਇਹ ਮਸਲੇ ਹਨ। ਬਾਕੀ ਗੱਲਾਂ ਕਹਾਣੀਆਂ ਉੱਤੇ ਬਹਿਸ ਦੌਰਾਨ ਸਪਸ਼ਟ ਹੋ ਜਾਣਗੀਆਂ।

✲✲✲

ਕਹਾਣੀ

# ਕ੍ਰਿਸਮਸ ਈਵ

–ਸੰਤੋਖ ਧਾਲੀਵਾਲ

24 ਦਸੰਬਰ.... ਕ੍ਰਿਸਮਸ ਈਵ

ਕ੍ਰਿਸਮਸ ਤੋਂ ਪਹਿਲੀ ਰਾਤ...

ਡੂੰਘੀਆਂ ਵਲੈਤੀ ਸਰਦੀਆਂ... ਅੱਜ ਸਾਰਾ ਦਿਨ ਹੱਡ ਭੰਨਵੀਂ ਠਾਰੀ ਚੜ੍ਹੀ ਰਹੀ ਸੀ। ਪਰ ਬਰਫ ਨਹੀਂ ਸੀ ਪਈ। ਬਰਫ ਜਿਹੜੀ ਚਿੱਟੀ ਕ੍ਰਿਸਮਸ ਬਣਾ ਕੇ ਖੁਸ਼ੀਆਂ 'ਚ ਹੋਰ ਵਾਧਾ ਕਰਦੀ ਹੈ। ਪਿਛਲੇ ਕਈ ਸਾਲਾਂ ਦੀ ਤਰ੍ਹਾਂ ਇਸ ਸਾਲ ਵੀ ਗੈਰ ਹਾਜ਼ਰ ਸੀ। ਤਾਪਮਾਨ ਮੁਤਾਬਿਕ ਬਰਫ ਪੈਣ ਦੀ ਕੋਈ ਸੰਭਾਵਨਾ ਹੀ ਨਹੀਂ ਸੀ। ਲੋਕਾਂ ਆਸਾਂ ਲਾਹੀਆਂ ਹੋਈਆਂ ਸਨ। ਗਲੋਬਲ ਵਾਰਮਿੰਗ ਨੂੰ ਨਿੰਦਿਆ ਜਾ ਰਿਹਾ ਸੀ। ਤਾਂ ਵੀ ਹਾਸੇ ਹਰ ਪਾਸੇ ਛਣਕਦੇ ਸਨ। ਬੋਤਲਾਂ ਦੇ ਡੱਟ ਖੁਲ੍ਹ ਰਹੇ ਸਨ। ਪੱਛਮੀ ਦੁਨੀਆ ਦਾ ਇਹ ਬਹੁਤ ਹੀ ਮਹੱਤਵਪੂਰਨ ਤਿਓਹਾਰ ਹੋਣ ਕਰਕੇ ਇਸ ਨੂੰ ਰੱਜ ਕੇ ਪਰਚਾਰਿਆ ਜਾ ਰਿਹਾ ਸੀ। ਇਹ ਪਰਚਾਰ ਟੈਲੀਵੀਯਨ ਤੇ ਕਈ ਮਹੀਨੇ ਪਹਿਲਾਂ ਹੀ ਹੋਣ ਲਗ ਪੈਂਦਾ ਹੈ। ਕਾਰਡਾਂ ਤੇ ਪੈਸੇ ਖਰਚੇ ਜਾਂਦੇ ਹਨ। ਕਾਰਡ ਕੰਪਨੀਆਂ ਵੀ ਆਪਣੀ ਲਾਹੇ ਦੀ ਪੰਡ ਵੱਡੀ ਕਰਨ ਲਈ ਲੋਕਾਂ ਨੂੰ ਬਹੁਤੀ ਘੋਖ ਤੋਂ ਬਿਨਾ ਹੀ ਖਰਚਾ ਕਰੀ ਜਾਣ ਦੇ ਰਹੀਆਂ ਸਨ। ਬੱਝਵੀਂ ਆਮਦਨ ਵਾਲੇ ਲੋਕ ਵੀ ਵਾਧੂ ਖਰਚਾ ਕਰੀ ਜਾ ਰਹੇ ਸਨ ਤੇ ਫੇਰ ਸਾਲ ਭਰ ਕਿਸ਼ਤਾਂ ਤਿੱਖੇ ਵਿਆਜ ਨਾਲ ਭਰਨਗੇ। ਸ਼ੌਪਿੰਗ ਦਾ ਕ੍ਰਿਸਮਸ ਦੀਆਂ ਛੁੱਟੀਆਂ ਤੋਂ ਪਹਿਲਾ ਆਖਰੀ ਦਿਨ...। ਭਾਵੇਂ ਪਾਕਿਸਤਾਨੀ ਅਤੇ ਭਾਰਤੀ ਦੁਕਾਨਦਾਰਾਂ ਕ੍ਰਿਸਮਸ ਦੀਆਂ ਛੁੱਟੀਆਂ 'ਚ ਆਪਣੀਆਂ ਦੁਕਾਨਾਂ ਦੇ ਛਟਰ ਖੁਲ੍ਹੇ ਰਖਣ ਵਾਰੇ ਵਡਿਆਂ ਵਡਿਆਂ ਅੱਖਰਾਂ 'ਚ ਨੋਟਿਸ ਲਾ ਰੱਖੇ ਸਨ ਪਰ ਤਾਂ ਵੀ ਵਲੈਤੀ ਸੁਪਰਮਾਰਕਿਟਾਂ ਗਾਹਕਾਂ ਨਾਲ ਬੂਥੀਆਂ ਪਈਆਂ ਸਨ ਜਿਵੇਂ ਛੀ ਮਹੀਨੇ ਕੋਈ ਖਾਣ ਪੀਣ ਦਾ ਸਾਮਾਨ ਮਿਲਣਾ ਹੀ ਨਹੀਂ ਹੁੰਦਾ। ਅਮਰੀਕ ਤੋਂ ਬਣਿਆ ਸਿਰਫ ਅਮਰ ਇਹੋ ਹੀ ਵਰਤਾਰਾ ਹਰ ਸਾਲ ਪਿਛਲੇ ਕਿੰਨੇ ਹੀ ਵਰ੍ਹਿਆਂ ਤੋਂ ਵੇਖਦਾ ਆਇਆ ਸੀ।

"ਪਤਾ ਨਹੀਂ ਇਸ ਕੌਮ ਦੇ ਸਿਰਾਂ 'ਚ ਕੀ ਪਾਇਆ ਗਿਆ ਹੈ ਕਿ ਲੋਕ ਸ਼ੌਪਿੰਗ ਤੋਂ ਥੱਕਦੇ–ਅੱਕਦੇ ਹੀ ਨਹੀਂ। ਸਿਰਫ ਇੱਕ ਦਿਨ ਸਾਰਾ ਕੁਝ ਬੰਦ ਰਹਿਣਾ ਹੈ ਤੇ ਉਸ ਦਿਨ ਵੀ ਏਸ਼ੀਅਨ ਦੁਕਾਨਾਂ ਖੁਲ੍ਹੀਆਂ ਰਹਿਣ ਬਾਰੇ ਸਭ ਨੂੰ ਜਾਣਕਾਰੀ ਹੋਣ ਤੇ ਵੀ ਇਹ ਲੋਕ ਮਹੀਨਿਆਂ ਤੱਕ ਦਾ ਸਾਮਾਨ ਫਰਿੱਜਾਂ ਫਰੀਜ਼ਰਾਂ 'ਚ ਤੁੰਨੀ ਜਾ ਰਹੇ ਹਨ।"

ਅਮਰੀਕ ਐਵੇਂ ਖਿਝ ਜਿਹਾ ਗਿਆ ਸੀ। ਉਹ ਨਾਲ ਹੀ ਇਹ ਸਾਰਾ ਕੁਝ ਆਪਣੀ ਪਾਰਟਨਰ ਸਾਂਡਰਾ ਨੂੰ ਵੀ ਸੁਣਾ ਰਿਹਾ ਸੀ ਜੋ ਆਪ ਓਹੋ ਕੁੱਝ ਕਰ ਰਹੀ ਸੀ ਜੋ ਬਾਕੀ ਦੁਨੀਆਂ ਕਰਦੀ ਸੀ। ਉਂਝ ਅੱਜ ਤਾਂ ਹਰ ਪਾਸੇ ਹਾਸੇ ਹੀ ਛਣਕਦੇ ਹਨ। ਸ਼ੌਪਿੰਗ ਤੋਂ ਮਸਾਂ ਧੂਹ ਕੇ ਲਿਆਂਦੇ ਹਮਸਫਰਾਂ ਦੇ ਚਿਹਰਿਆਂ ਤੇ ਇੱਕ ਤਸੱਲੀ, ਇੱਕ ਜਿੱਤ ਤੇ ਸਕੂਨ ਦੀ ਝਲਕ ਸੀ। ਭਾਵੇਂ ਤੋਹਫੇ ਰੈਪ ਕਰਨ ਦਾ ਫਿਕਰ ਵੀ ਚੂੰਢੀਆਂ ਵੱਢਦਾ ਸੀ ਪਰ ਇਹ ਇੱਕ ਖੁਸ਼ੀ ਜਹੀ ਸੀ ਨਾ ਕਿ ਕੋਈ ਬਹੁਤਾ ਔਖਾ ਕਰਨ ਵਾਲੀ ਗੱਲ ਸੀ।

ਸਾਂਡਰਾ ਦੇ ਕਲ੍ਹ ਨੂੰ ਕ੍ਰਿਸ ਡਿਨਰ ਤੇ ਆਉਣ ਵਾਲੇ ਲੋਕਾਂ ਵਾਰੇ ਸੋਚਕੇ ਸਾਹ ਸੁੱਕੇ ਪਏ ਸਨ। ਇਸ ਸਾਲ ਬਹੁਤੇ ਅਮਰ ਦੇ ਰਿਸ਼ਤੇਦਾਰਾਂ ਹੀ ਆਉਣਾ ਸੀ। ਇਸ ਵਾਰ ਸਾਂਡਰਾ ਦੇ ਮਾਂ ਪਿਓ ਉਸਦੀ ਦੂਜੀ ਭੈਣ ਕੋਲ ਕ੍ਰਿਸਮਸ ਮਨਾਉਣ ਕਨੇਡਾ ਚਲੇ ਗਏ ਸਨ। ਤੇ ਹੋਰ ਕੋਈ ਬਹੁਤਾ ਨੇੜਲਾ ਰਿਸ਼ਤੇਦਾਰ ਮਿਲਦਾ ਜੁਲਦਾ ਹੀ ਨਹੀਂ ਸੀ। ਕਦੀ ਕੋਈ ਆਇਆ ਹੀ ਨਹੀਂ ਦੁੱਖ-ਸੁੱਖ ਵੇਲੇ? ਸੱਭ ਦੂਰੀਆਂ ਬਣਾਈ ਬੈਠੇ ਹਨ। ਹਾਂ... ਕ੍ਰਿਸਮਸ ਜਾਂ ਸਾਂਡਰਾ ਦੇ ਜਨਮ ਦਿਨ ਤੇ ਕਈ ਕਾਰਡ ਜ਼ਰੂਰ ਆ ਜਾਂਦੇ ਹਨ।

"ਰੀਲੈਕਸ ਸਾਂਡਰਾ... ਐਵੇਂ ਕਿਉਂ ਤਣੀ ਪਈ ਹੈਂ ? ਇਹ ਸਾਰੇ ਆਪਣੇ ਹੀ ਹਨ। ਕੋਈ ਫਰਕ ਨਹੀਂ ਪੈਣਾ। ਕੋਈ ਕੁਝ ਨਹੀਂ ਕਹਿੰਦਾ। ਪੰਜਾਬੀ ਮੂਲ ਦਾ ਅਮਰੀਕ ਪੰਜਾਬੀਆਂ ਵਾਲੀ 'ਕੀ ਹੋ ਜੂ ਗਾ, ਕੁਛ ਨ੍ਹੀਂ ਹੁੰਦਾ, ਕੋਈ ਫਰਕ ਨ੍ਹੀਂ ਪੈਂਦਾ,' ਵਾਲੀ ਨੀਤੀ ਅਪਣਾਈ ਜੈਕੋਵਾਈਟ ਅਸਟ੍ਰੇਲੀਅਨ ਵਾਈਨ ਦੀ ਗਲਾਸੀ ਠੋਕੀ ਜਾ ਰਿਹਾ ਸੀ। ਬੋਤਲ ਅੱਧੋਂ ਵੱਧ ਖਾਲੀ ਕਰ ਦਿੱਤੀ ਸੀ।

ਸਾਂਡਰਾ ਕ੍ਰਿਸਮਸ ਵਾਲਾ ਦਿਨ ਪਰਫੈਕਟ ਚਾਹੁੰਦੀ ਸੀ ਕਿਉਂਕਿ ਅੱਜ ਉਹ ਆਪਣੇ ਸਟੀਵ ਤੋਂ ਸਾਂਡਰਾ ਬਨਣ ਦੇ ਸਫ਼ਰ ਦੇ ਫੈਸਲੇ ਤੇ ਉਸਦੀ ਪੂਰੀ ਕਾਮਯਾਬੀ ਵਾਰੇ ਹਰ ਪਖੋਂ ਪ੍ਰਦਰਸ਼ਣੀ ਕਰਨੀ ਤੇ ਪੱਕੀ ਮੋਹਰ ਲਾਉਣੀ ਚਾਹੁੰਦੀ ਸੀ ਤੇ ਦੱਸਣਾ ਚਾਹੁੰਦੀ ਸੀ ਕਿ ਉਹ ਪੂਰਣ ਔਰਤ ਹੈ। ਇਹ ਸਾਰਾ ਕੁੱਝ ਜਿਸਦੀ ਪੰਡ ਉਹ ਕਿੰਨੇ ਹੀ ਚਿਰਾਂ ਦੀ ਸਿਰਫ ਅਮਰ ਦੀ ਜਾਣਕਾਰੀ ਨਾਲ ਚੁੱਕੀ ਫਿਰਦੀ ਸੀ ਅੱਜ ਉਸਦੇ ਰਿਸ਼ਤੇਦਾਰਾਂ 'ਚ ਜੱਗ ਜ਼ਾਹਰ ਕਰਨ ਲਈ ਆਪਣੇ ਆਪ ਨੂੰ ਤਿਆਰ ਕਰ ਰਹੀ ਸੀ। ਹੁਣ ਤੱਕ ਤਾਂ ਅਮਰੀਕ ਦੇ ਪਰਵਾਰ ਨੂੰ ਉਸ ਬਾਰੇ ਕੁਝ ਪਤਾ ਹੀ ਨਹੀਂ ਸੀ। ਅਮਰੀਕ ਨੇ ਵੀ ਕਿਸੇ ਕੋਲ ਗੱਲ ਨਹੀਂ ਸੀ ਕੀਤੀ।

"ਕਿਵੇਂ ਸ਼ੁਰੂ ਕਰਾਂਗੀ..?" ਫਿਕਰ ਦੇ ਨਾਲ ਨਾਲ ਅਮਰ ਦੇ ਰਿਸ਼ਤੇਦਾਰਾਂ 'ਚ ਸਵੀਕਾਰੇ ਜਾਣ ਦਾ ਤੌਖਲਾ ਵੀ ਉਸਦੀ ਸੋਚ ਨੂੰ ਹਲੂਣਾ ਦੇ ਰਿਹਾ ਸੀ। ਤੇ ਉਹ ਮਨ ਹੀ ਮਨ 'ਚ ਰੀਹਰਸਲ ਕਰਨ ਲੱਗੀ ਤੇ ਸਾਰਾ ਕੁੱਝ ਬਿਆਨਣ ਦੀਆਂ ਵਿਉਂਤਾਂ ਬਣਾਉਣ ਲੱਗੀ।

"ਮੇਰਾ ਜਨਮ ਇੱਕ ਮੁੰਡੇ ਦਾ ਸੀ ਪਰ ਮੈਂ ਤਾਂ ਆਪਣੇ ਬਚਪਨ ਤੋਂ ਹੀ ਸਦਾ ਹੀ ਇਹ ਮਹਿਸੂਸ ਕਰਦੀ ਰਹੀ ਹਾਂ ਕਿ ਮੈਂ ਇੱਕ ਕੁੜੀ ਹਾਂ ਜਿਹੜੀ ਇੱਕ ਮੁੰਡੇ ਦੇ ਸਰੀਰ 'ਚ ਜਕੜੀ ਹੋਈ ਹਾਂ। ਭਾਵੇਂ ਮੈਂ ਜਨਮ ਤੋਂ ਇੱਕ ਮੁੰਡਾ ਸਾਂ ਪਰ ਮੇਰੀਆਂ ਰੁਚੀਆਂ, ਮੇਰੀ ਸੋਚਣੀ ਕਦੇ ਵੀ ਮੁੰਡਿਆਂ ਵਾਲੀ ਨਹੀਂ ਸੀ। ਮੈਂ ਸਦਾ ਹੀ ਬਹੁਤ ਅਡਰਾ ਤੇ ਨਿਆਰਾ ਜਿਹਾ ਮਹਿਸੂਸ ਕਰਦੀ ਸਾਂ ਕਿ ਮੇਰੀ ਮਾਂ ਮੈਨੂੰ ਮੁੰਡਿਆਂ ਵਾਲੇ ਕਪੜੇ ਪਹਿਨਾਉਂਦੀ ਹੈ ਅਤੇ ਮੈਨੂੰ ਸਟੀਵ ਕਹਿ ਕੇ ਬਲਾਉਂਦੀ ਹੈ।

ਮੈਂ ਹਮੇਸ਼ਾ ਬੜੀ ਗੰਭੀਰਤਾ ਨਾਲ ਸੋਚਦੀ ਰਹੀ ਸਾਂ ਕਿ ਮੇਰੀ ਮਾਂ ਕਿਉਂ ਮੈਨੂੰ ਕੋਈ ਹੋਰ ਦੀ ਜ਼ਿੰਦਗੀ ਜੀਉਣ ਲਈ ਕਹਿ ਰਹੀ ਹੈ ਜਦੋਂ ਕਿ ਮੇਰਾ ਅੰਦਰਲਾ ਜਾਣਦਾ ਸੀ ਕਿ ਮੈਂ ਮੁੰਡਾ ਨਹੀਂ ਇੱਕ ਕੁੜੀ ਹਾਂ। ਕਿੰਨੇ ਹੀ ਮੁਲਕ ਹੁਣ ਤੀਜਾ ਜੈਂਡਰ ਵੀ ਸਵੀਕਾਰ ਚੁੱਕੇ ਹਨ। ਦੁਨੀਆ ਦੀ ਕਿੰਨੀ ਹੀ ਆਬਾਦੀ ਇੰਟਰਸੈਕਸ ਵਰਤਾਰਿਆਂ ਵਾਲੀ ਹੈ। ਮੇਲ, ਫੀਮੇਲ ਅਤੇ ਇੰਟਰਸੈਕਸ ਦੋ ਨਹੀਂ ਤਿੰਨ ਵਰਤਾਰੇ ਸਵੀਕਾਰੇ ਜਾ ਚੁੱਕੇ ਹਨ। ਫੇਰ ਮੇਰੇ ਮਾਂ-ਬਾਪ ਨੂੰ ਕੀ ਤਕਲੀਫ ਹੈ ਜੇ ਮੈਂ ਆਪਣਾ ਜੈਂਡਰ ਬਦਲ ਰਿਹਾ ਹਾਂ।

ਮੈਂ ਰੋਜ਼ ਸਵੇਰੇ ਜਦੋਂ ਵੀ ਸ਼ਾਵਰ ਲੈਣ ਬਾਅਦ ਸ਼ੀਸ਼ੇ ਮੂਹਰੇ ਖਲੋਂਦਾ ਮੇਲ ਜੈਨੀਟਲ ਤੋਂ ਮੈਨੂੰ ਘਿਰਣਾ ਆਉਂਦੀ। ਮੇਰਾ ਵਸ ਚਲਦਾ ਹੁੰਦਾ ਤਾਂ ਮੈਂ ਓਸੇ ਵੇਲੇ ਤਿੱਖੇ ਚਾਕੂ ਨਾਲ ਕੱਟ

ਦਿੰਦਾ। ਮੈਂ ਕਿੰਨਾ ਕਿੰਨਾ ਚਿਰ ਸ਼ੀਸ਼ੇ ਮੂਹਰੇ ਆਪਣੀ ਕਿਸਮਤ ਨੂੰ ਕੋਸਦਾ। ਰੱਬ ਨੂੰ ਗਾਲਾਂ ਕੱਢਦਾ। ਕਿਉਂ ਕੀਤਾ ਹੈ ਮੇਰੇ ਨਾਲ ਇਹ ਧੋਖਾ? ਜਦੋਂ ਮੈਂ ਮੁੰਡਾ ਹੈ ਹੀ ਨਹੀਂ ਤਾਂ ਮੈਨੂੰ ਇਹ ਮੁੰਡਿਆਂ ਵਾਲੇ ਜੈਨੀਟਲਜ਼ ਕਿਉਂ ਦਿੱਤੇ ਹਨ? ਮੈਂ ਸਕੂਲ ਵਿਚ ਸਦਾ ਰੀਜ਼ਰਵ ਜਿਹਾ, ਇਕੱਲਾ ਇਕੱਲਾ ਹੀ ਰਹਿੰਦਾ ਸਾਂ। ਕਿਸੇ ਨਾਲ ਕੋਈ ਵਾਰਤਾਲਾਪ ਸਾਂਝੀ ਵੀ ਨਹੀਂ ਸਾਂ ਕਰਦਾ। ਇਕੱਲਤਾ ਮੈਨੂੰ ਸਕੂਨ ਦਿੰਦੀ ਸੀ। ਕਿਉਂਕਿ ਮੁੰਡਿਆਂ 'ਚ ਮੈਂ ਜਾਣਾ ਨਹੀਂ ਸੀ ਚਾਹੁੰਦਾ ਤੇ ਕੁੜੀਆਂ ਮੈਨੂੰ ਕੁੜੀ ਵਜੋਂ ਸਵੀਕਾਰਦੀਆਂ ਨਹੀਂ ਸਨ। ਮੈਂ ਸਕੂਲ ਦੀਆਂ ਸਾਰੀਆਂ ਖੇਲਾਂ ਨੂੰ ਵੀ ਘਿਰਣਾ ਕਰਨ ਲਗ ਪਿਆ ਸਾਂ। ਮੁੰਡਿਆਂ ਨਾਲ ਇੱਕੋ ਲੌਕਰ ਰੂਮ 'ਚ ਕੱਪੜੇ ਲਾਹੁਣੇ ਪੌਣੇ ਮੈਨੂੰ ਚੰਗੇ ਨਹੀਂ ਸੀ ਲਗਦੇ। ਜਿੱਥੇ ਮੇਰੇ ਹਾਣ ਦੇ ਮੁੰਡੇ ਕੁੜੀਆਂ ਸੌ ਸੌ ਸ਼ਰਾਰਤਾਂ ਕਰਦੇ। ਇੱਕ ਦੂਜੇ ਨੂੰ ਜੱਫੀਆਂ ਪਾਉਂਦੇ। ਕਿੱਸ ਕਰਦੇ। ਉੱਥੇ ਮੈਂ ਸਾਂ ਕਿ ਇਸ ਸਾਰੇ ਵਰਤਾਰੇ ਤੋਂ ਪਾਸਾ ਵੱਟ ਕੇ ਵਿਚਰਦਾ। ਮੇਰੇ ਹਾਣੀ ਮੈਨੂੰ ਵੀਅਰਡ ਕਹਿ ਕੇ ਮੈਨੂੰ ਇਕੱਲਿਆਂ ਰਹਿਣ ਦਿੰਦੇ। ਕੁੜੀਆਂ ਵੀ ਨੱਕ-ਬੁੱਲ ਚੜਾਉਂਦੀਆਂ। ਮੈਂ ਕੁੜੀਆਂ ਨੂੰ ਵੇਖ ਵੇਖ ਈਰਖਾ ਕਰਦਾ। ਮੈਂ ਵੀ ਕੁੜੀਆਂ ਵਾਲੇ ਕੱਪੜੇ ਪਾਉਣੇ ਚਾਹੁੰਦਾ। ਕੁੜੀਆਂ ਵਾਂਗੂੰ ਮੁੰਡਿਆਂ ਦੀਆਂ ਬਾਹਵਾਂ ਦੀ ਮੈਨੂੰ ਵੀ ਲਿਲਕ ਰਹਿੰਦੀ। ਕੁੜੀਆਂ ਨੂੰ ਮੁੰਡਿਆਂ ਦੀ ਬੁੱਕਲ 'ਚ ਕੱਸੀਆਂ ਵੇਖ ਮੇਰੇ ਅੰਦਰ ਹੌਲ ਜਿਹਾ ਪੈਂਦਾ। ਮੈਂ ਆਪਣੇ ਘਰਦਿਆਂ ਨੂੰ ਦਸਣ ਲਈ ਕਈ ਵਾਰ ਮਨ ਬਣਾਇਆ ਪਰ ਮੇਰਾ ਜੇਰਾ ਆਖਰੀ ਪਲਾਂ ਤੇ ਆ ਕੇ ਥਿੜਕ ਜਾਂਦਾ। ਘਰ 'ਚ ਬੜਾ ਕੁੱਝ ਅਣਸੁਖਾਵਾਂ ਵਾਪਰਦਾ ਰਹਿੰਦਾ ਸੀ। ਮੈਨੂੰ ਅਨੁਕੂਲ ਸਮਾਂ ਹੀ ਨਾ ਮਿਲਦਾ ਜਦੋਂ ਮੈਂ ਆਪਣੀ ਸਾਰੀ ਵੇਦਨਾ ਵਿਦਤ ਕਰ ਸਕਦਾ। ਮੇਰੀ ਦਾਦੀ ਨੂੰ ਦਿਲ ਦਾ ਦੌਰਾ ਪੈ ਗਿਆ। ਉਹ ਹਸਪਤਾਲ ਚਲੇ ਗਈ। ਮੇਰੀ ਇੱਕ ਭੂਆ ਕਾਰ ਐਕਸੀਡੈਂਟ 'ਚ ਮਾਰੀ ਗਈ। ਮੇਰੇ ਮਾਂ ਪਿਉ ਦਾ ਤਲਾਕ ਹੋ ਗਿਆ। ਮੈਂ ਉਸ ਸਮੇ ਸਿਰਫ 13 ਸਾਲਾਂ ਦਾ ਸਾਂ। ਮੈਂ ਆਪਣੀਆਂ ਸਾਰੀਆਂ ਖਾਹਸ਼ਾਂ ਤੇ ਭਾਵਨਾਵਾਂ ਦੀ ਸਿਰੀ ਦੱਬੀ ਰੱਖੀ। ਮੈਂ ਪਿਛਲੇ ਦੋਂਹ ਸਾਲਾਂ ਤੋਂ ਆਪਣੇ ਬਾਰੇ ਬਹੁਤਾ ਹੀ ਸੋਚਣ ਲਗ ਪਿਆ ਸਾਂ। ਮੈਨੂੰ ਜਿੱਥੋਂ ਕਿਤੋਂ ਵੀ ਇਸ ਬਾਰੇ ਜਾਣਕਾਰੀ ਦੀ ਭਿਣਕ ਪੈਂਦੀ ਮੈਂ ਉਸ ਤੱਕ ਪਹੁੰਚਣ ਦੀ ਕੋਸ਼ਸ਼ ਕਰਦਾ। ਟੈਲੀਵੀਯਨ ਤੇ ਜੈਂਡਰ ਚੇਂਜ ਬਾਰੇ ਕੋਈ ਪ੍ਰੋਗਰਾਮ ਬਾਰੇ ਜਾਣਕਾਰੀ ਮਿਲਦੀ ਤਾਂ ਮੈ ਉਸ ਪ੍ਰੋਗਰਾਮ ਨੂੰ ਵੇਖਣ ਲਈ ਤੀਬਰਤਾ ਨਾਲ ਉਡੀਕ ਕਰਦਾ। ਮੇਰੀਆਂ ਛਾਤੀਆਂ ਉੱਭਰ ਨਹੀਂ ਰਹੀਆਂ ਸਨ ਜਿਸਦਾ ਮੈਨੂੰ ਫਿਕਰ ਵੱਢ ਵੱਢ ਖਾਣ ਲੱਗਾ ਸੀ। ਪਰ ਜਿਸ ਦੀ ਮੈਨੂੰ ਬਹੁਤੀ ਚਿੰਤਾ ਸੀ ਕਿ ਪੁਰਸ਼ ਦੀ ਪਬਰਟੀ ਬਾਰੇ ਮੈਂ ਕੀ ਕਰਾਂਗਾ। ਜਦੋਂ ਇਹ ਇੱਕ ਵਾਰ ਆ ਗਈ ਤਾਂ ਮੈਂ ਸਾਰੀ ਉਮਰ ਇੱਕ ਪੁਰਸ਼ ਦੇ ਸਰੀਰ 'ਚ ਜਕੜਿਆ ਹੀ ਕਿਵੇਂ ਬਿਤਾਵਾਂਗਾ।

ਮੇਰਾ ਬਹੁਤਾ ਸਮਾਂ ਪੜ੍ਹਾਈ ਦੀ ਥਾਂ ਆਪਣੇ ਇਸ ਜਕੜ-ਜਾਲ 'ਚੋਂ ਨਿਕਲਣ ਲਈ ਰਾਹ ਤਲਾਸ਼ ਕਰਨ ਲਈ ਗੁਜ਼ਰਦਾ। ਮੈਂ 15 ਸਾਲਾਂ ਦਾ ਹੋਇਆ ਤਾਂ ਮੈਂ ਟੈਲੀਵੀਯਨ ਦੇ ਇੱਕ ਪ੍ਰੋਗਰਾਮ ਤੇ anti-androgen pills ਬਾਰੇ ਵੇਖਿਆ ਜਿਸ ਬਾਰੇ ਇਹ ਦਾਅਵਾ ਕੀਤਾ ਗਿਆ ਸੀ ਕਿ ਇਹ ਪਿਲਜ਼ ਪੁਰਸ਼ਾਂ ਵਾਲੇ ਹਾਰਮੋਨਜ਼ ਵਾਲੇ ਸਾਰੇ ਤੱਥਾਂ ਨੂੰ ਬਲੌਕ ਕਰ ਦਿੰਦੇ ਹਨ। ਮੈਂ ਇਹ ਪਿਲਜ਼ ਲੈਣ ਦਾ ਮਨ ਹੀ ਮਨ 'ਚ ਫੈਸਲਾ ਲੈ ਲਿਆ। ਮੇਰੇ ਸਾਰੇ ਦੋਸਤ ਮੇਰੀ ਉਮਰ ਦੇ ਹੀ ਸਨ। ਸਿਰਫ ਇੱਕ ਮਿੱਤਰ ਹੀ ਸੀ ਜਿਸਤੇ ਮੈਂ ਇਤਵਾਰ ਕਰ ਸਕਦਾ ਸਾਂ ਤੇ ਉਹ ਸੀ ਵੀ 18 ਸਾਲਾਂ ਦਾ।

ਮੈਂ ਉਸਨੂੰ ਬੜੇ ਤਰਲਿਆਂ ਨਾਲ ਮਨਾਇਆ। ਉਸਦੀਆਂ ਮੈਨੂੰ ਸੌ ਬੁੱਤੀਆਂ ਕਰਨੀਆਂ

ਪੈਂਦੀਆਂ। ਉਸਨੂੰ ਪੈਸੇ ਦੇਣੇ ਪੈਂਦੇ ਤਾਂਕਿ ਉਹ ਮੈਨੂੰ ਇਹ ਆਪਣੇ ਨਾਂ ਹੇਠ ਆਨਲਾਈਨਜ਼ ਮੰਗਵਾ ਕੇ ਦੇ ਸਕੇ। ਇਨ੍ਹਾਂ ਨੂੰ ਮੰਗਵਾਉਣ ਲਈ ਤੁਸੀਂ 18 ਸਾਲਾਂ ਤੋਂ ਘੱਟ ਨਹੀਂ ਹੋਣੇ ਚਾਹੀਦੇ ਸਨ।

ਮੈਨੂੰ ਇਹ ਹਾਰਮੋਨਜ਼ ਦੀ ਡੋਜ਼ ਮੰਗਵਾਉਣ ਲਈ ਲੁੜੀਂਦੇ ਪੈਸੇ ਇੱਕਠੇ ਕਰਨ ਲਈ ਅਖਬਾਰਾਂ ਸਾਈਕਲ ਤੇ ਤੜਕੇ ਉੱਠਕੇ ਘਰੀਂ ਪਹੁੰਚਾਉਣੀਆਂ, ਕਾਰਾਂ ਧੋਣੀਆਂ ਅਤੇ ਹੋਰ ਵੀ ਜੋ ਕੁਝ ਵੀ ਕਰਨਾ ਪਿਆ ਮੈਂ ਕੀਤਾ, ਤਾਂਕਿ ਮੈਂ ਜਿਵੇਂ ਜ਼ਿੰਦਗੀ ਜੀਉਣਾ ਚਾਹੁੰਦਾ ਹਾਂ, ਜੀ ਸਕਾਂ।

ਕੁਝ ਚਿਰ ਇਹ ਪਿਲਜ਼ ਲੈਣ ਬਾਅਦ ਮੈਨੂੰ ਆਪਣੇ ਸਰੀਰ ਵਿਚ ਤਬਦੀਲੀਆਂ ਆਉਂਦੀਆਂ ਮਹਿਸੂਸ ਹੋਈਆਂ। ਜਿਵੇਂ ਮੇਰੇ ਮੂੰਹ ਤੇ ਦਾਹੜੀ ਮੁੱਛਾਂ ਦਾ ਆਉਣਾ ਕਿਸੇ ਹੱਦ ਤੱਕ ਨਾ ਮਾਤਰ ਹੀ ਦਿਸਦਾ ਸੀ। ਮੇਰੀਆਂ ਛਾਤੀਆਂ ਦਾ ਵੱਡੀਆਂ ਹੋਣਾ। ਇਹ ਸਾਰਾ ਕੁਝ ਮੈਨੂੰ ਪੁਰਸ਼ ਤੋਂ ਔਰਤ ਹੋਣ ਵੱਲ ਲੈ ਜਾ ਰਿਹਾ ਸੀ ਤੇ ਇਹ ਸਾਰਾ ਕੁਝ ਮੋੜਿਆ ਨਹੀਂ ਸੀ ਜਾ ਸਕਦਾ ਤੇ ਮੈਂ ਹੁਣ ਇੱਕ ਔਰਤ ਹੋਣ ਵੱਲ ਨੂੰ ਡੂੰਘੇ ਪੈਰ ਪੁੱਟ ਲਏ ਸਨ। ਮੈਂ ਔਰਤਾਂ ਵਾਲੇ ਕੱਪੜਿਆਂ ਨਾਲ ਆਪਣੀ ਵਾਰਡਰੋਬ ਭਰਨੀ ਸ਼ੁਰੂ ਕਰ ਦਿੱਤੀ। ਮੇਕਅੱਪ ਦਾ ਸਾਮਾਨ ਵੀ ਔਰਤਾਂ ਵਾਲਾ ਇਕੱਠਾ ਕਰਨ ਲੱਗਿਆ। ਮੈਂ ਆਪਣੀਆਂ ਵਧੀਆਂ ਛਾਤੀਆਂ ਨੂੰ ਸਪੋਰਟ ਦੇਣ ਲਈ ਬਰਾ ਪਾਉਣੀ ਸ਼ੁਰੂ ਕਰ ਦਿੱਤੀ। ਹੁਣ ਕੁਝ ਵੀ ਲਕੋਇਆ ਨਹੀਂ ਸੀ ਜਾ ਸਕਦਾ ਤੇ ਮੈਂ ਆਪਣੇ ਮਾਂ ਪਿਓ ਨੂੰ ਇਹ ਸਾਰਾ ਕੁਝ ਦੱਸਣ ਲਈ ਮਨ ਬਣਾ ਲਿਆ।

ਹਰ ਵਾਰ ਜਦੋਂ ਵੀ ਮੈਂ ਆਪਣੀ ਇਹ ਹਾਲਤ ਬਿਆਨਣ ਲਈ ਮਨ ਬਣਾਉਂਦਾ ਮੇਰਾ ਜੇਰਾ ਥਿੜਕ ਜਾਂਦਾ। ਤੇ ਮੈਂ ਹਾਂ, ਹੂੰ ਕਰਕੇ ਖਾਮੋਸ਼ਿਆ ਜਾਂਦਾ। ਤੇ ਫੇਰ ਸਾਰਾ ਸਾਰਾ ਦਿਨ ਆਪਣੇ ਆਪ ਨੂੰ ਕੋਸਦਾ ਰਹਿੰਦਾ। ਆਖਰ ਇੱਕ ਦਿਨ ਮੈਂ ਟੁੱਟੇ-ਫੁੱਟੇ ਵਾਕਾਂ ਰਾਹੀਂ ਮਾਂ ਪਿਓ ਨੂੰ ਇਹ ਕਹਿ ਹੀ ਦਿੱਤਾ ਕਿ 'ਕਿ ਮੈਂ ਤੁਹਾਡਾ ਉਹ ਪੁੱਤ ਨਹੀਂ ਜਿਸਨੂੰ ਤੁਸੀਂ ਇੱਕ ਪੁੱਤ ਵਜੋਂ ਜਨਮ ਦਿੱਤਾ ਸੀ। ਮੈਂ ਤੁਹਾਡੀ ਧੀ ਹਾਂ। ਇਹ ਸਵੀਕਾਰਨਾ ਹੀ ਪਵੇਗਾ'। ਮੇਰੇ ਘਰਦਿਆਂ ਦਾ ਪਹਿਲਾ ਪ੍ਰਤੀਕਰਮ ਇੱਕ ਸ਼ੌਕ ਲਗਣ ਵਾਂਗ ਸੀ ਜਿਵੇਂ ਉਨ੍ਹਾਂ ਦਾ ਬਿਜਲੀ ਦੀ ਨੰਗੀ ਤਾਰ ਤੇ ਪੈਰ ਰਖਿਆ ਗਿਆ ਹੁੰਦਾ ਹੈ। ਭਾਵੇਂ ਉਹ ਮੇਰੀਆਂ ਰੁਚੀਆਂ ਵਲੋਂ ਅਵੇਸਲੇ ਨਹੀਂ ਸਨ ਪਰ ਉਨ੍ਹਾਂ ਇਹ ਬਿਲਕੁਲ ਕਦੇ ਸੋਚਿਆ ਵੀ ਨਹੀਂ ਸੀ ਕਿ ਉਨ੍ਹਾਂ ਦਾ ਪੁੱਤ ਸਟੀਵ ਇੱਕ ਕੁੜੀ ਬਣ ਰਿਹਾ ਹੈ। ਇਹ ਕਿਵੇਂ ਹੋ ਸਕਦਾ ਹੈ? ਇਹ ਕਿਵੇਂ ਬਦਲਾ ਆ ਸਕਦਾ ਹੈ? ਕੁਦਰਤ ਦੇ ਨਿਯਮਾਂ ਦੀ ਉਲੰਘਣਾ ਕਿਵੇਂ ਕੀਤੀ ਜਾ ਸਕਦੀ ਹੈ? ਇਹ ਸਵਾਲ ਉਨ੍ਹਾਂ ਦੀ ਸੋਚ ਦੀਆਂ ਤਲੀਆਂ ਖੁਰਚਦੇ ਰਹੇ ਸਨ ਕਈ ਦਿਨ। ਤੇ ਆਖਰ ਨੂੰ ਉਨ੍ਹਾਂ ਦੇ ਇੱਕ ਦੋਸਤ ਦੀ ਜਾਣ ਪਛਾਣ ਵਾਲੇ ਦਾ ਮੁੰਡਾ ਵੀ ਇਨ੍ਹਾਂ ਹੀ ਵਰਤਾਰਿਆਂ 'ਚੋਂ ਗੁਜ਼ਰ ਰਿਹਾ ਸੀ ਤੇ ਅਪ੍ਰੇਸ਼ਨ ਕਰਵਾਉਣ ਜਾ ਰਿਹਾ ਸੀ। ਉਸ ਨਾਲ ਵਿਚਾਰ ਵਟਾਂਦਰਾ ਕਰਨ ਤੋਂ ਬਾਅਦ ਉਨ੍ਹਾਂ ਦੀ ਸੋਚ ਬਦਲੀ ਤੇ ਉਨ੍ਹਾਂ ਮੈਥੋਂ ਪੂਰੀ ਸ਼ਾਂਤੀ ਨਾਲ ਬਿਠਾ ਕੇ ਪੂਰੀ ਪੂਰੀ ਜਾਣਕਾਰੀ ਲਈ ਤੇ ਇਸਤੋਂ ਮਗਰੋਂ ਉਹ ਹਰ ਮੋੜ, ਸਟੀਵ ਤੋਂ ਸਾਂਡਰਾ ਬਨਣ ਦੇ ਹਰ ਪੜਾਅ ਤੇ ਉਹ ਮੇਰੇ ਨਾਲ ਪੂਰੀ ਤਰ੍ਹਾਂ ਸਹਿਮਤ ਰਹੇ ਤੇ ਮੇਰੀ ਹਰ ਤਰ੍ਹਾਂ ਨਾਲ ਮਦਦ ਵੀ ਕੀਤੀ।

ਦੂਸਰੀ ਮੇਰੀ ਮਦਦ ਕੈਰੋਲਾਈਨ ਨੇ ਕੀਤੀ ਜਿਹੜੀ ਆਪ ਇਹ ਸਾਰਾ ਕੁਝ ਕਰ ਚੁੱਕੀ ਸੀ। ਮਾਨਸਿਕ, ਸਰੀਰਕ ਤੇ ਜਜ਼ਬਾਤੀ ਹਾਲਾਤਾਂ ਹੰਢਾ ਚੁੱਕੀ ਸੀ। ਉਹ ਮੈਨੂੰ ਸਕੈਗਨਿਸ

ਛੁੱਟੀਆਂ ਦੇ ਦੌਰਾਨ ਇੱਕ ਕੈਫਟੀਰੀਆ 'ਚ ਐਵੇਂ ਹੀ ਮਿਲੀ ਸੀ ਤੇ ਅਸੀਂ ਗੱਲੀਂ ਜੁਟ ਗਈਆਂ। ਉਸਨੇ ਪਤਾ ਨਹੀਂ ਕਿਵੇਂ ਆਪਣੀ ਕਹਾਣੀ ਏਡੀ ਛੇਤੀਂ ਮੈਨੂੰ ਸੁਣਾਉਣੀ ਸ਼ੁਰੂ ਕਰ ਦਿੱਤੀ ਸੀ, ਮੈਂ ਹੈਰਾਨ ਵੀ ਸਾਂ ਤੇ ਉਸਦੀ ਦਲੇਰੀ ਤੇ ਮੈਨੂੰ ਰਸ਼ਕ ਜਿਹਾ ਵੀ ਹੋਇਆ ਤੇ ਮੈਂ ਸੋਚਣ ਲੱਗ ਪਿਆ ਸਾਂ ਕਿ ਉਸ 'ਚ ਕਿੰਨਾ ਠਰ੍ਹੰਮਾ ਹੈ। ਕਿੰਨਾ ਆਤਮ-ਵਿਸ਼ਵਾਸ ਹੈ ਕਿ ਉਹ ਕਿਸੇ ਨੂੰ ਪਹਿਲੀ ਵਾਰ ਮਿਲਣ ਤੇ ਹੀ ਆਪਣੀ ਇਸ ਨਵੀਂ ਖੁਸ਼ੀ ਨੂੰ ਸਾਂਝਿਆਂ ਕਰਨ ਲਈ ਬਿਨਾ ਝਿਜਕ ਕਿੰਨੀ ਉਤਾਵਲੀ ਹੈ ਤੇ ਰਤਾ ਭਰ ਵੀ ਸੰਕੋਚ ਨਹੀਂ। ਇਸ ਤੋਂ ਬਾਅਦ ਉਹ ਮੇਰੀ ਗੂੜ੍ਹੀ ਦੋਸਤ ਬਣ ਗਈ ਸੀ। ਮੇਰੀ ਚੰਗੀ ਦੋਸਤ ਜਿਸਨੇ ਮੇਰੀ ਇਸ ਤਬਦੀਲੀ ਦੇ ਹਰ ਪੜਾਅ ਤੇ ਮਦਦ ਕੀਤੀ। ਉਸਨੇ ਅਪ੍ਰੇਸ਼ਨ ਬਾਰੇ ਮੇਰੇ ਸਾਰੇ ਸ਼ੰਕੇ, ਡਰ ਤੇ ਫਿਕਰ ਪੂਰੀ ਤਰ੍ਹਾਂ ਮੈਨੂੰ ਸਮਝਾ ਕੇ ਦੂਰ ਕਰ ਦਿੱਤੇ ਕਿ ਕਿਸ ਤਰ੍ਹਾਂ ਉਹ ਮੇਲ ਜੈਨੀਟਲਜ਼ ਦਾ ਅਪ੍ਰੇਸ਼ਨ ਕਰਕੇ ਤੁਹਾਨੂੰ ਸੁਰਖਰੂ ਕਰ ਦਿੰਦੇ ਹਨ ਤੇ ਫੀਮੇਲ ਜੈਨੀਟਲਜ਼ ਨਾਲ ਤੁਹਾਡਾ ਸੱਭ ਕੁੱਝ ਔਰਤਾਂ ਵਾਲਾ ਹੋ ਜਾਂਦਾ ਹੈ। ਸਾਇੰਸ ਬਹੁਤ ਤਰੱਕੀ ਕਰ ਚੁੱਕੀ ਹੈ। ਸਰਜਰੀ ਅੱਜਕਲ੍ਹ ਬਹੁਤ ਵੱਡੀਆਂ ਵੱਡੀਆਂ ਮੱਲਾਂ ਮਾਰ ਰਹੀ ਹੈ। ਤੇ ਮੈਨੂੰ ਪੂਰੀ ਤਰ੍ਹਾਂ ਤਸੱਲੀ ਦਵਾਈ ਕਿ ਅਪ੍ਰੇਸ਼ਨ ਤੋਂ ਬਾਅਦ ਉਹ 100% ਔਰਤ ਲਗਣ ਤੇ ਮਹਿਸੂਸ ਕਰਨ ਲਗ ਪਵੇਗਾ। ਕੈਰੋਲਾਈਨ ਦੀ ਇਸ ਤਸੱਲੀ ਨੇ ਮੇਰੇ ਹੌਸਲੇ ਨੂੰ ਠਰੰਮਾ ਦਿੱਤਾ ਪਰ ਤਾਂ ਵੀ ਮੈਂ ਅੰਦਰੋਂ ਕੰਬਦਾ ਰਿਹਾ, ਡਰਦਾ ਰਿਹਾ।

ਮੈਨੂੰ 6 ਪ੍ਰੋਫੈਸ਼ਨਲਜ਼ ਨਾਲ ਮੁਲਾਕਾਤਾਂ ਕਰਨੀਆਂ ਪਈਆਂ। ਮਨੋਵਿਗਿਆਨੀ, ਸਰਜਨ ਤੋਂ ਲੈ ਕੇ ਸੋਸ਼ਲ ਵਰਕਰ ਤੱਕ। ਮਿਡਲੈਂਡ 'ਚ ਦੋ ਸਾਲਾਂ ਲਈ ਮੈਨੂੰ ਮੇਰੀ ਨਵੀਂ ਹੋਂਦ 'ਚ ਵਿਚਰਨ ਲਈ ਤਿਆਰੀ ਵਾਸਤੇ ਰਹਿਣਾ ਪੈਣਾ ਸੀ। ਤੇ ਮਿਡਲੈਂਡ ਦਾ ਇਹ ਵਾਲਸਾਲ ਸ਼ਹਿਰ ਸਭ ਤੋਂ ਇਨ੍ਹਾਂ ਮਾਮਲਿਆਂ 'ਚ ਪਿਛਾਂਹ ਖਿੱਚੂ ਹੈ। ਲੋਕਾਂ ਮੈਨੂੰ ਕੀ ਕੀ ਨਹੀਂ ਕਿਹਾ—ਸਿਰ ਫਿਰਿਆ, ਬੀਮਾਰ, ਕੁੜੀ ਮੁੰਡਾ, ਚੀਚੀ ਆਦਿ। ਮੈਂ ਕਈ ਵੇਰ ਆਪਣੇ ਲਏ ਫੈਸਲੇ ਤੋਂ ਥਿੜਕਦਾ ਵੀ ਮਹਿਸੂਸ ਹੁੰਦਾ। ਮੇਰਾ ਜੇਰਾ ਬਹੁਤ ਵਾਰ ਮੈਨੂੰ ਘਬਰਾਹਟ ਤੱਕ ਵੀ ਲੈ ਜਾਂਦਾ ਰਿਹਾ। ਪਰ ਮੈਂ ਨਾਲ ਦੀ ਨਾਲ ਇਨ੍ਹਾਂ ਪਿਛਲੇ ਕਈ ਸਾਲਾਂ 'ਚ ਸਵੈ-ਭਰੋਸਾ ਬਣਾ ਲਿਆ ਸੀ ਕਿ ਮੈਂ ਇਸ ਚੁੰਗਲ ਤੋਂ ਛੁਟਕਰਾ ਲੈਣਾ ਹੀ ਲੈਣਾ ਹੈ ਜਿਸ ਕਰਕੇ ਮੈਂ ਇਹ ਸਾਰਾ ਕੁਝ ਕਰਨ ਦੇ ਯੋਗ ਹੋਇਆ ਸਾਂ।

ਆਖਰ ਉਹ ਦਿਨ ਵੀ ਆ ਗਿਆ ਜਿਸ ਦਿਨ ਮੇਰਾ ਅਪ੍ਰੇਸ਼ਨ ਹੋਣਾ ਸੀ। ਇਹ ਦਿਨ ਤਾਂ ਆਉਣਾ ਹੀ ਸੀ। ਪਰ ਮੈਂ ਬਹੁਤ ਡਰਿਆ ਹੋਇਆ ਸਾਂ। ਮੇਰਾ ਪਰਵਾਰ ਹੁਣ ਮੇਰੇ ਨਾਲ ਪੂਰੀ ਤਰ੍ਹਾਂ ਸਹਿਮਤ ਸੀ। ਸਾਰਾ ਪਰਵਾਰ ਇੱਕ ਕਿੱਲਾ ਗੱਡਵੀਂ ਨਾਂਹ ਤੋਂ ਹੁਣ ਪੂਰਾ ਚੱਕਰ ਕੱਟ ਕੇ ਮੇਰੀ ਖੁਸ਼ੀ ਲਈ ਹਰ ਤਰ੍ਹਾਂ ਨਾਲ ਸਹਿਮਤ ਸਨ। ਸਾਰਾ ਪਰਵਾਰ ਮੇਰੇ ਨਾਲ ਸੀ। ਤੇ ਇਹ ਪੰਜ ਘੰਟੇ ਦੇ ਅਪ੍ਰੇਸ਼ਨ ਦੌਰਾਨ ਮੇਰੀਆਂ ਸੋਚਾਂ 'ਚ ਨਾਲ ਰਿਹਾ ਤੇ ਮੈਨੂੰ ਇਸ ਲੰਮੇ ਅਪ੍ਰੇਸ਼ਨ ਦੀਆਂ ਸਾਰੀਆਂ ਔਖਿਆਈਆਂ ਨੂੰ ਨਿੱਕੀਆਂ ਕਰਨ ਲਈ ਮੇਰੀ ਹਰ ਹੀਲੇ ਮਦਦ ਕਰਦਾ ਰਿਹਾ ਸੀ।

ਅਪ੍ਰੇਸ਼ਨ ਲੰਮਾ ਤੇ ਪੇਚੀਦਾ ਸੀ। ਜਿਸ 'ਚੋਂ ਮੈਂ ਪੂਰੀ ਨਾਲ ਸਫਲਤਾ ਨਾਲ ਨਿਕਲਿਆ ਸਾਂ। ਮੇਰਾ ਪੁਨਰ ਜਨਮ ਹੋਇਆ ਸੀ। ਮੈਂ ਮਹਿਸੂਸ ਕਰ ਰਿਹਾ ਸਾਂ ਜਿਵੇਂ ਮੈਨੂੰ ਦੁਨੀਆਂ ਦੀਆਂ ਸਾਰੀਆਂ ਨਿਹਮਤਾਂ ਮਿਲ ਗਈਆਂ ਹਨ। ਮੈਨੂੰ 12 ਹਫਤਿਆਂ ਲਈ ਯੋਨੀ ਦੀ ਕੈਵਿਟੀ ਖੁਲ੍ਹੀ ਰਖਣੀ ਜ਼ਰੂਰੀ ਸੀ। ਇਸ ਲਈ ਦਿੱਤੀ ਗਈ ਰੌਡ ਰੋਜ਼ ਵਰਤਣੀ ਪੈ ਰਹੀ ਸੀ। ਇਹ ਸਮਾਂ ਮੇਰੇ ਲਈ ਬਹੁਤ ਹੀ ਮਹੱਤਵਪੂਰਨ ਸੀ। ਇਸ ਵਰਤਾਰੇ ਕਰਕੇ ਹੀ ਮੈਂ ਆਪਣੇ ਆਪ ਨੂੰ ਪਾਉਣਾ ਸੀ।

ਜਿਸ ਦਿਨ ਮੈਂ ਪਹਿਲੀ ਵੇਰ ਇੱਕ ਔਰਤ ਵਜੋਂ ਸੈਕਸ ਕੀਤਾ ਇਹ ਅਨੁਭਵ ਬਿਆਨ ਨਹੀਂ ਕੀਤਾ ਜਾ ਸਕਦਾ। ਇੱਕ ਕਹਾਣੀ ਜਿਵੇਂ ਸਿਖਰਾਂ 'ਤੇ ਪਹੁੰਚ ਗਈ ਸੀ। ਮੈਂ ਹੁਣ ਸਟੀਵ ਨਹੀਂ ਸਾਂਡਰਾ ਬਣ ਗਈ ਸਾਂ ਜਿਹੜੀ ਮੈਂ ਜਨਮ ਤੋਂ ਸਾਂ ਪਰ ਕੁਦਰਤ ਨੇ ਮੈਨੂੰ ਸਟੀਵ ਬਣਾ ਦਿੱਤਾ ਸੀ। ਮੇਰੇ ਦ੍ਰਿੜ ਇਰਾਦੇ ਤੇ ਆਪਣੀ ਸਹੀ ਭਾਲ ਨੇ ਮੈਨੂੰ ਇੱਥੇ ਇਸ ਪੜਾਅ ਤੇ ਲੈ ਆਂਦਾ ਜਿੱਥੇ ਮੈਂ ਆਪਣੇ ਆਪ ਨਾਲ ਸੰਤੁਸ਼ਟ ਸਾਂ। ਦੁਨੀਆਂ ਕੀ ਕਹਿੰਦੀ ਹੈ ਇਸਦੀ ਮੈਨੂੰ ਹੁਣ ਕੋਈ ਪਰਵਾਹ ਨਹੀ ਸੀ। ਮੈਂ ਕਾਨੂੰਨੀ ਤੌਰ ਤੇ ਵੀ ਆਪਣਾ ਨਾਂ ਤੇ ਜੈਂਡਰ ਬਦਲ ਲਿਆ ਸੀ। ਹੁਣ ਕਾਨੂੰ ਦੀਆਂ ਨਜ਼ਰਾਂ 'ਚ ਵੀ ਮੈਂ ਔਰਤ ਸਾਂ। ਮੈਨੂੰ ਇੱਕ ਹੀ ਅਫਸੋਸ ਰਹੇਗਾ ਕਿ ਮੈਂ ਮਾਂ ਨਹੀਂ ਬਣ ਸਕਣਾ। ਸਾਇੰਸ ਹਾਲੀ ਤੀਕ ਇਸ ਟੀਸੀ ਤੇ ਪੈਰ ਨਹੀਂ ਰੱਖ ਸਕੀ। ਮੈਂ ਅਪ੍ਰੇਸ਼ਨ ਤੋਂ ਪਹਿਲਾਂ ਆਪਣਾ ਸਪਰਮ ਸਾਂਭਣ ਬਾਰੇ ਵੀ ਸੋਚ ਨਾ ਸਕੀ। ਹੁਣ ਮੈਂ ਸਕਿਆ ਨਹੀਂ, ਸਕੀ ਹੀ ਕਹਾਂਗੀ।

ਸੋਚਾਂ ਦੇ ਇਸ ਸਾਰੇ ਮਕੜਜਾਲ 'ਚੋਂ ਗੁਜ਼ਰਨ ਬਾਅਦ ਸਾਂਡਰਾ ਹੌਲੀ ਫੁੱਲ ਹੋ ਗਈ ਸੀ। ਉਸਨੇ ਆਪਣਾ ਸਾਰਾ ਪਲੈਨ ਅਮਰ ਨਾਲ ਵੀ ਸਾਂਝਾ ਕਰਨਾ ਚਾਹਿਆ ਕਿ ਉਹ ਕਲ੍ਹ ਨੂੰ ਉਸਦੇ ਪਰਵਾਰ ਨੂੰ ਸਾਰੀ ਵਿਥਿਆ ਸੁਣਾਵੇਗੀ। ਪਰ ਅਮਰ ਨੂੰ ਇਹ ਬਿਲਕੁਲ ਪਸੰਦ ਨਹੀਂ ਸੀ। ਉਸਨੂੰ ਪੰਜਾਬੀ ਭਾਈਚਾਰੇ ਤੇ ਉਸਦੇ ਪਰਵਾਰ ਦੀ ਸੋਚਣੀ ਬਾਰੇ ਪੂਰਾ ਅਹਿਸਾਸ ਸੀ।

"ਕੀ ਲੋੜ ਹੈ ਸਾਂਡਰਾ ਇਹ ਸਾਰਾ ਕੁੱਝ ਦੱਸਣ ਦੀ...?" ਅਮਰ ਦੇ ਬੋਲਾਂ 'ਚ ਫਿਕਰ ਸੀ।

"ਲੋੜ ਹੈ... ਉਨ੍ਹਾਂ ਨੂੰ ਸੱਚ ਦਾ ਪਤਾ ਹੋਣਾ ਚਾਹੀਦਾ ਹੈ...।" ਸਾਂਡਰਾ ਨੇ ਤਿੱਖੇ ਬੋਲਾਂ 'ਚ ਕਿਹਾ।

"ਮੇਰੇ ਪਰਵਾਰ ਦਾ ਮੈਨੂੰ ਪਤੈ... ਉਨ੍ਹਾਂ ਨੂੰ ਇਹ ਚੰਗਾ ਨਹੀਂ ਲਗਣਾ।" ਅਮਰ ਨੇ ਦੱਬਵੀਂ ਜੀਭੇ ਕਿਹਾ ਪਰ ਸਾਂਡਰਾ ਸਮਝ ਗਈ ਸੀ ਕਿ ਅਮਰ ਨਹੀਂ ਚਾਹੁੰਦਾ ਕਿ ਉਹ ਇਹ ਸਾਰਾ ਕੁੱਝ ਉਸਦੇ ਪਰਵਾਰ ਨਾਲ ਸਾਂਝਾ ਕਰੇ। ਪਰ ਉਹ ਸਾਂਡਰਾਂ ਦੇ ਇਸ ਫੈਸਲੇ ਖਿਲਾਫ ਕੋਈ ਲਕੀਰ ਨਾ ਖਿਚ ਸਕਿਆ।

ਕ੍ਰਿਸਮਸ ਈਵ ਉਹ ਡੂੰਘੀ ਰਾਤ ਤੱਕ ਸੁਖਾਵੀਆਂ ਘੜੀਆਂ ਦੀ ਬੁਕਲ 'ਚ ਇੱਕ ਦੂਜੇ ਨਾਲ ਲਿਪਟੇ ਮੁਹੱਬਤਾਂ ਦੇ ਨਿੱਘ 'ਚ ਵਿਚਰਦੇ ਰਹੇ। ਇਨ੍ਹਾਂ ਤਲੱਸਮੀ ਪਲਾਂ ਦਾ ਅਨੰਦ ਮਾਣਦੇ ਰਹੇ। ਨੀਂਦ ਨੇ ਆਪਣੇ ਪਹਿਲੂ 'ਚ ਦੋਨਾਂ ਨੂੰ ਕਦੋਂ ਆਪਣੇ 'ਚ ਸਮੇਟ ਲਿਆ ਉਨ੍ਹਾਂ ਨੂੰ ਪਤਾ ਵੀ ਨਾ ਲਗਿਆ।

ਸਾਂਡਰਾ ਦੀ ਅੱਖ ਖੁਲ੍ਹੀ ਤਾਂ ਸਵੇਰ ਦੇ ਅੱਠ ਵੱਜ ਚੁੱਕੇ ਸਨ। ਕੰਧ ਤੇ ਲਟਕਦੀ ਘੜੀ ਤੇ ਨਜ਼ਰ ਮਾਰੀ ਤਾਂ ਉਸਨੇ ਕਾਹਲੀ 'ਚ ਉੱਠ ਡਰੈਸਿੰਗ ਗਾਊਨ ਫਸਾਇਆ ਤੇ ਤਣੀਆਂ ਕਸਦੀ ਇੱਕ ਵਾਰ ਫੇਰ ਆਪਣੇ ਆਪ ਨੂੰ ਔਰਤ ਮਹਿਸੂਸ ਕੇ ਹੰਕਾਰੀ ਗਈ। ਕਿਸੇ ਅਥਾਹ ਪ੍ਰਾਪਤੀ ਕਾਰਨ ਸਰੂਰੀ ਗਈ।

"ਮੈਂ ਸੰਪੂਰਣ ਔਰਤ ਹਾਂ...।" ਉਸਨੇ ਇਹ ਪਹਿਲਾਂ ਵੀ ਬਹੁਤ ਵਾਰ ਕਿਹਾ ਸੀ ਪਰ ਅੱਜ ਫੇਰ ਬੜੀ ਸ਼ਿੱਦਤ ਨਾਲ ਮਹਿਸੂਸ ਕੀਤਾ। ਸ਼ਾਇਦ ਉਹ ਅੱਜ ਇਸ ਪ੍ਰਾਪਤੀ ਨੂੰ ਅਮਰ ਦੇ ਪਰਵਾਰ 'ਚ ਵੀ ਜੱਗ ਜ਼ਾਹਰ ਕਰਨ ਜਾ ਰਹੀ ਸੀ ਇਸ ਲਈ ਨਿੱਕੇ ਜਹੇ ਡਰ ਤੋਂ ਉਹ ਸੁਰਖਰੂ ਹੋਣ ਲਈ ਆਪਣੇ ਆਪ ਨੂੰ ਤਿਆਰ ਵੀ ਕਰ ਰਹੀ ਸੀ।

"ਅਮਰ ਉੱਠ ਹੁਣ ਕਿ ਰਜਾਈ ਨੂੰ ਜੱਫੀ ਪਾਈ ਰੱਖਣੀ ਹੈ ਸਾਰਾ ਦਿਨ...?" ਸਾਂਡਰਾ

ਨੂੰ ਆਉਣ ਵਾਲੀਆਂ ਘੜੀਆਂ ਨੇ ਕਾਹਲੇ ਪੈਰੀਂ ਤੋਰਨ ਲਾਇਆ ਹੋਇਆ ਸੀ।

"ਜਦੋਂ ਤੂੰ ਜੱਫੀ ਪਾਉਣ ਲਈ ਕੋਲੇ ਨਹੀਂ ਫੇਰ ਰਜਾਈ ਵਿਚਾਰੀ ਨੂੰ ਹੀ ਇਹ ਕੰਮ ਕਰਨਾ ਪਵੇਗਾ।"

"ਉੱਠ ਯਾਰ...।" ਸਾਂਡਰਾ ਨੇ ਅਮਰ ਤੋਂ ਰਜਾਈ ਖਿਚਦਿਆਂ ਮਹੁੱਬਤਾਂ 'ਚ ਵਿਸਮਾਦੀ ਨੇ ਕਿਹਾ।

"ਉਹ ਕਿਉਂ ਮੇਰਾ ਨੰਗ ਵੇਖਦੀ ਹੈਂ...?" ਅਮਰ ਨੇ ਰਜਾਈ ਨੂੰ ਆਪਣੇ ਉੱਪਰ ਲੈਣ ਦੀ ਬੇਅਰਥ ਜਹੀ ਕੋਸ਼ਸ਼ ਕੀਤੀ।

"ਤੇਰਾ ਨੰਗ ਭਲਾ ਲੁਕਿਆ ਮੈਥੋਂ...?" ਸਾਂਡਰਾ ਲਾਚੜੀ ਪਈ ਸੀ।

ਸਾਰੀ ਸਵੇਰ ਉਹ ਦੋਨੋ ਘਰ ਸੰਵਾਰਦੇ ਰਹੇ। ਅਮਰ ਨੇ ਹੂਵਰ ਕੀਤਾ। ਸਾਂਡਰਾ ਨੇ ਟੇਬਲ ਸੈਟ ਕੀਤਾ। ਚਿੱਟੀ ਵਾਈਨ ਠੰਡੀ ਕਰਨ ਲਈ ਫਰਿਜ 'ਚ ਥਾਂ ਬਣਾਈ। ਲਾਲ ਵਾਈਨ ਨੂੰ ਕਮਰੇ ਦੇ ਤਾਪਮਾਨ 'ਚ ਹੀ ਰੱਖਣਾ ਸੀ ਸੋਈ ਮੇਜ਼ ਤੇ ਹੀ ਸਜਾ ਦਿੱਤੀ। ਪਲੇਟਾਂ ਕਟਲਰੀ ਸਾਰਾ ਕੁੱਝ ਸਲੀਕੇ ਨਾਲ ਤਰਤੀਬਿਆ।

ਕ੍ਰਿਸਮਸ ਪਾਰਟੀ

ਆਖਰ 11 ਕੁ ਵਜੇ ਅਮਰ ਦੇ ਪਰਵਾਰ ਨੇ ਆਣ ਬੂਹਾ ਖੜਕਾਇਆ। ਪਰਵਾਰ ਪਹਿਲੀ ਵਾਰ ਅਮਰ ਤੇ ਸਾਂਡਰਾ ਦੇ ਨਵੇਂ ਘਰ ਆਇਆ ਸੀ ਜਿਹੜਾ ਉਨ੍ਹਾਂ ਹੁਣੇ ਹੁਣੇ ਹੀ ਖਰੀਦਿਆ ਸੀ। ਕ੍ਰਿਸਮਸ ਦੀਆਂ ਵਧਾਈਆਂ ਨਾਲ ਸੰਕੋਚਵੇਂ ਜਹੇ ਹਾਸੇ ਵੀ ਖਿਲਰੇ। ਅਮਰ ਦੀਆਂ ਦੋਵੇਂ ਭੈਣਾਂ ਜਿਹੜੀਆਂ ਹਾਲੀ ਅਣਵਿਆਹੀਆਂ ਸਨ ਸਾਂਡਰਾ ਨੂੰ ਮੋਹ ਨਾਲ ਮਿਲੀਆਂ ਤੇ ਉਸਦੇ ਨਾਲ ਹੀ ਕਿਚਨ 'ਚ ਜਾ ਸਾਂਡਰਾ ਦਾ ਹੱਥ ਵਟਾਉਣ ਲੱਗੀਆਂ। ਖਾਣੇ ਵਾਲੇ ਮੇਜ਼ ਤੇ ਹੀ ਸਾਰਾ ਕੁਝ ਰਖਿਆ ਗਿਆ ਸੀ। ਸਾਂਡਰਾ ਨੇ ਅਮਰ ਨੂੰ ਸ਼ੈਮਪੇਨ ਖੋਲ੍ਹਣ ਲਈ ਕਿਹਾ। ਅਮਰ ਨੇ ਝੱਟ ਪਟਾਕਾ ਪੁਆ ਦਿੱਤਾ। ਸਾਂਡਰਾ ਨੇ ਸਾਰਿਆਂ ਲਈ ਸ਼ੈਮਪੇਨ ਦੇ ਗਲਾਸ ਆਫਰ ਕੀਤੇ। ਅਮਰ ਦੀ ਮੰਮ ਤੋਂ ਬਿਨਾ ਸਾਰਿਆਂ ਨੇ ਆਪੋ ਆਪਣੇ ਗਲਾਸ ਟਕਰਾਏ ਤੇ ਕ੍ਰਿਸਮਸ ਪਾਰਟੀ ਦੀ ਸ਼ੁਰੂਆਤ ਹੋ ਗਈ।

ਹਾਲੀ ਅਮਰ ਦੇ ਪਰਵਾਰ ਨੂੰ ਆਇਆਂ ਮਸਾਂ ਅੱਧਾ ਘੰਟਾ ਹੀ ਹੋਇਆ ਸੀ ਕਿ ਮੰਮ ਨੇ ਅਮਰ ਤੇ ਸਵਾਲ ਦਾਗਣੇ ਸ਼ੁਰੂ ਕਰ ਦਿੱਤੇ।

"ਇਹ ਸਾਂਡਰਾ ਕਦੋਂ ਕੁ ਦੀ ਤੇਰੇ ਨਾਲ ਰਹਿੰਦੀ ਹੈ...? ਪਹਿਲੀ ਜਿਹੜੀ ਤੂੰ ਇੱਕ ਵਾਰ ਘਰੇ ਵੀ ਲੈ ਕੇ ਆਇਆ ਸੀ ਉਸਦਾ ਨਾਂ ਤਾਂ ਸ਼ਾਇਦ ਜੂਲੀ ਸੀ?" ਅਮਰ ਦੀ ਮੰਮ ਹਿਰਖੀ ਜਹੀ ਨੇ ਪੁਛਿਆ।

"ਬਹੁਤਾ ਚਿਰ ਨਹੀਂ ਹੋਇਆ...।" ਅਮਰ ਨੇ ਸੰਖੇਪ ਜਿਹਾ ਜਵਾਬ ਦਿੱਤਾ।

"ਕੀ ਕਰਦੀ ਹੈ...?"

"ਮੇਰੇ ਨਾਲ ਹੀ ਦਫਤਰ 'ਚ ਕੰਮ ਕਰਦੀ ਹੈ।"

ਸਾਂਡਰਾ ਬੜੇ ਗੌਹ ਨਾਲ ਮਾਂ-ਪੁੱਤ 'ਚ ਵਾਰਤਾਲਾਪ ਨੂੰ ਸੁਣ ਰਹੀ ਸੀ। ਭਾਵੇਂ ਉਹ ਗੱਲਾਂ ਅਮਰ ਦੀਆਂ ਭੈਣਾਂ ਨਾਲ ਕਰ ਰਹੀ ਸੀ ਪਰ ਉਸਦਾ ਇੱਕ ਕੰਨ ਇੱਧਰ ਹੀ ਸੀ।

"ਉਮਰ ਦੀ ਕਿੰਨੀ ਕੁ ਹੈ...?"

"ਤੂੰ ਕੀ ਲੈਣਾ ਉਸਦੀ ਉਮਰ ਤੋਂ...?" ਕੋਲੇ ਬੈਠੇ ਅਮਰ ਦੇ ਡੈਡੀ ਨੇ ਕੱਸੇ ਜਹੇ ਬੋਲਾਂ

’ਚ ਮਸਾਂ ਕਿਹਾ। ਉਹ ਅਮਰ ਦੀ ਮੰਮ ਦੀ ਆਦਤ ਤੋਂ ਵਾਕਫ ਸੀ ਤੇ ਉਹ ਜਾਣਦਾ ਸੀ ਕਿ ਇਹ ਤਾਂ ਐਵੇਂ ਹੀ ਹਰ ਕਿਸੇ ਦੇ ਪੋਤੜੇ ਫਰੋਲਣ ਬੈਠ ਜਾਂਦੀ ਹੈ।

“ਮੇਰੀ ਉਮਰ ਦੀ ਹੀ ਹੈ...।”

ਉਧਰ ਗੱਲਾਂ ਗੱਲਾਂ ’ਚ ਸਾਂਡਰਾ ਨੇ ਆਪਣੀ ਕਹਾਣੀ ਕੁੜੀਆਂ ਨਾਲ ਤੋਰ ਲਈ ਸੀ ਜਿਸਦੀ ਉਹ ਕੱਲ੍ਹ ਦੀ ਤਿਆਰੀ ਕਰ ਰਹੀ ਸੀ।

“ਕੀ...?” ਅਮਰ ਦੀ ਭੈਣ ਰੀਟਾ ਨੇ ਏਨੀ ਉੱਚੀ ਕਿਹਾ ਕਿ ਸਾਰਿਆਂ ਦਾ ਧਿਆਨ ਉਸ ਵੱਲ ਖਿਚਿਆ ਗਿਆ।

“ਕੀ ਹੋਇਆ...?”

“ਮੰਮ ਇਹ ਤਾਂ ਪਹਿਲਾਂ ਮੁੰਡਾ ਸੀ...।”

“ਕੀ...?”

“ਮੰਮ ਮੈਂ ਤੈਨੂੰ ਸਾਰਾ ਕੁੱਝ ਫੇਰ ਕਦੇ ਦੱਸਾਂਗਾ। ਅੱਜ ਤੁਸੀਂ ਪਹਿਲੀ ਵਾਰ ਇਸਨੂੰ ਮਿਲੇ ਹੋ। ਅੱਜ ਆਪਾਂ ਸਾਰੇ ਕ੍ਰਿਸਮਸ ਦੇ ਤਿਉਹਾਰ ਨੂੰ ਮਨਾਈਏ...?”

“ਤਾਂ ਵੀ ਦਸ ਤਾਂ ਸਹੀ... ਰੀਟਾ ਕੀ ਕਹਿੰਦੀ ਹੈ?” ਮੰਮ ਨੇ ਚਿੰਤਾ ਕਰਦਿਆਂ ਕਿਹਾ।

“ਕੀ ਤੁਸੀਂ ਮੇਰੇ ਬਾਰੇ ਪੁੱਛ ਰਹੇ ਹੋ...?” ਸਾਂਡਰਾ ਨੇ ਜਾਨਣਾ ਚਾਹਿਆ। ਉਹ ਸ਼ਾਇਦ ਰੀਟਾ ਦੇ ਉੱਚੇ ਬੋਲਾਂ ਕਾਰਨ ਸਮਝ ਗਈ ਸੀ ਕਿ ਗੱਲ ਉਸ ਵਾਰੇ ਹੀ ਹੋ ਰਹੀ ਹੈ।

“ਹਾਂ... ਮੈਂ ਮੁੰਡਾ ਹੀ ਪੈਦਾ ਹੋਈ ਸਾਂ। ਤੇ ਹੁਣ ਅਪਰੇਸ਼ਨ ਤੋਂ ਬਾਅਦ ਇੱਕ ਔਰਤ ਬਣੀ ਹਾਂ।” ਸਾਂਡਰਾ ਨੇ ਵਿਸਥਾਰ ਦੇਣਾ ਚਾਹਿਆ।

“ਸਾਂਡਰਾ ਇਹ ਕਦੇ ਫੇਰ ਦੱਸਾਂਗੇ...?” ਅਮਰ ਨੇ ਡਰੇ ਜਹੇ ਨੇ ਕਿਹਾ। ਉਸਨੂੰ ਮਹਿਸੂਸ ਹੋਣ ਲੱਗ ਪਿਆ ਸੀ ਕਿ ਅੱਜ ਦੀ ਇਹ ਪਾਰਟੀ ਖਰਾਬ ਹੋ ਜਾਣੀ ਹੈ।

“ਨਹੀਂ ਅਮਰ ਤੇਰੇ ਪਰਵਾਰ ਨੂੰ ਮੇਰੇ ਬਾਰੇ ਪਤਾ ਲਗਣਾ ਚਾਹੀਦੈ...?” ਸਾਂਡਰਾ ਸਾਰਾ ਕੁਝ ਦਸਣਾ ਚਾਹੁੰਦੀ ਸੀ।

“ਇਹ ਕਿਵੇਂ ਹੋ ਸਕਦਾ ਹੈ...?” ਅਮਰ ਦੀ ਮਾਂ ਤੜਫ ਰਹੀ ਸੀ।

“ਅੱਜ ਕੱਲ੍ਹ ਸਾਰਾ ਕੁਝ ਹੋ ਜਾਂਦਾ ਹੈ। ਸਾਇੰਸ ਨੇ ਬਹੁਤ ਤਰੱਕੀਆਂ ਕੀਤੀਆਂ ਹਨ?” ਅਮਰ ਦੇ ਡੈਡੀ ਨੇ ਮੱਚਦੀ ਪਤਨੀ ਤੇ ਸਾਧਾਰਨ ਜਹੇ ਬੋਲਾਂ ਨਾਲ਼ ਸੀਤ ਛਿੱਟੇ ਮਾਰਨੇ ਚਾਹੇ।

“ਇਹ ਕਿਹੋ ਜਹੀਆਂ ਤਰੱਕੀਆਂ ਕੀਤੀਆਂ ਹਨ ਤੁਹਾਡੀ ਸਾਇੰਸ ਨੇ...? ਕੁਦਰਤ ਨਾਲ ਵੀ ਖਿਲਵਾੜ ਕਰਨ ਲੱਗੀ ਹੈ?”

“ਸੁਣ ਲੈ ਕੰਨ ਖੋਲ੍ਹ ਕੇ ਅਮਰ... ਮੈਂ ਜੇ ਤੂੰ ਕਹੇਂ ਕਿ ਮੰਮ ਨੂੰ ਆਪਣੀਆਂ ਮੋਮੋਠਗਣੀਆਂ ਨਾਲ ਮਨਾ ਲਵੇਂਗਾ ਤਾਂ ਭੁੱਲ ਜਾਹ ਇਹ। ਇਹ ਤੂੰ ਬਹੁਤ ਵੱਡੀ ਗਲਤੀ ਕਰ ਰਿਹੈਂ... ਪਰ ਕਰਨੀ ਤਾਂ ਤੂੰ ਆਪਣੀ ਮਰਜ਼ੀ ਹੀ ਹੈ, ਮੈਂ ਇਹ ਕਦੇ ਵੀ ਸਵੀਕਾਰ ਨਹੀਂ ਕਰ ਸਕਦੀ। ਕੀ ਮੈਨੂੰ ਪੋਤਾ/ਪੋਤਰੀ ਦੇ ਸਕਦੀ ਹੈ ਤੇਰੀ ਇਹ ਸਾਂਡਰਾ?” ਅਮਰ ਦੀ ਮਾਂ ਨੇ ਲਕੀਰਾਂ ਵਾਹ ਦਿੱਤੀਆਂ।

ਕੁੱਝ ਚਿਰ ਲਈ ਕਮਰੇ ’ਚ ਖਾਮੋਸ਼ੀ ਨੇ ਸਾਹ ਲੈਣ ਜੋਗਰੀ ਵੀ ਸਪੇਸ ਮੱਲ ਲਈ। ਅਮਰ ਚੁੱਪ ਸੀ, ਸਾਂਡਰਾ ਚੁੱਪ ਸੀ। ਆਖਰ ਨੂੰ ਅਮਰ ਦੀ ਭੈਣ ਨੇ ਇਸ ਡੂੰਘੀ ਖਾਮੋਸ਼ੀ ਦੀ ਸਿਲ੍ਹ ’ਚ ਸੂਆ ਖੋਭਿਆ। ਛੋਟੀ ਚਰਨ ਹੈਰਾਨ ਹੋਈ ਖਾਮੋਸ਼ ਹੀ ਰਹੀ।

“ਮੰਮ ਤੈਨੂੰ ਤੀਹਾਂ ਸਾਲਾਂ ਤੋਂ ਵੀ ਉੱਪਰ ਹੋ ਗਏ ਹਨ ਇੱਥੇ ਇਸ ਮੁਲਕ ’ਚ ਆਇਆਂ

ਤੇ ਤੂੰ ਹਾਲੀ ਵੀ ਆਪਣੀ ਉਹੀ ਦਕਿਆਨੂਸੀ ਸੋਚ ਨੂੰ ਜੱਫੀ ਪਾਈ ਬੈਠੀ ਹੈਂ। ਜੇ ਅਮਰ ਇਸ 'ਚ ਖੁਸ਼ ਹੈ ਤਾਂ ਤੈਨੂੰ ਹੋਰ ਕੀ ਚਾਹੀਦਾ ਹੈ...?"

"ਚੁੱਪ ਕਰ ਤੂੰ ਵੀ... ਮੈਨੂੰ ਬਹੁਤੀਆਂ ਮੱਤਾਂ ਨਾ ਦੇਹ। ਮੈਨੂੰ ਪਤੈ ਤੂੰ ਵੀ ਇੱਕ ਦਿਨ ਇਹੋ ਜਿਹਾ ਚੰਦ ਹੀ ਚੜ੍ਹਾਏਂਗੀ।"

"ਵੇਖ ਮੰਮ... ਅਸੀਂ ਇਹ ਫੈਸਲਾ ਬਹੁਤ ਸੋਚ ਸਮਝ ਕੇ ਲਿਆ ਹੈ। ਮੈਨੂੰ ਇਹ ਵੀ ਸਵੀਕਾਰ ਹੈ ਤੇ ਪਤਾ ਵੀ ਹੈ ਕਿ ਸਾਂਡਰਾ ਬੱਚਾ ਪੈਦਾ ਨਹੀਂ ਕਰ ਸਕਦੀ। ਪਰ ਅਸੀਂ ਇੱਕ ਦੂਜੇ ਨੂੰ ਬੇਹੱਦ ਪਿਆਰ ਕਰਦੇ ਹਾਂ ਤੇ ਸਾਰਾ ਕੁੱਝ ਸਮਝਦੇ ਵੀ ਹਾਂ।" ਅਮਰ ਨੇ ਆਪਣੀ ਦਲੀਲ ਨਾਲ ਮੰਮ ਦੀ ਤਸੱਲੀ ਕਰਵਾਉਣੀ ਚਾਹੀ।

"ਤੁਸੀਂ ਜਿਵੇਂ ਕਰਨਾ ਹੈ ਕਰੋ ਪਰ ਮੈਂ ਖੁਸਰੇ, ਨਾ ਮਰਦ ਨਾ ਔਰਤ ਦੇ ਹੱਥੋਂ ਪਾਣੀ ਵੀ ਨਹੀਂ ਪੀ ਸਕਦੀ।" ਅਮਰ ਦੀ ਮਾਂ ਨੇ ਲਕੀਰ ਖਿਚ ਦਿੱਤੀ।

"ਮੰਮ ਇਹ 'ਖੁਸਰਾ' ਨਹੀਂ, ਪੂਰੀ ਔਰਤ ਹੈ, ਸਿਰਫ ਔਲਾਦ ਹੀ ਪੈਦਾ ਨਹੀਂ ਕਰ ਸਕਦੀ।" ਅਮਰ ਨੇ ਸਾਂਡਰਾ ਦਾ ਪੱਖ ਲੈਂਦਿਆਂ ਸਫਾਈ ਦੇਣੀ ਚਾਹੀ।

"ਉਹ ਔਰਤ ਕਿਵੇਂ ਹੋਈ ਜਿਹੜੀ ਬੱਚਾ ਨਹੀਂ ਜੰਮ ਸਕਦੀ। ਔਰਤ ਦੀ ਤਾਂ ਪਛਾਣ ਹੀ ਔਲਾਦ ਹੁੰਦੀ ਹੈ।" ਅਮਰ ਦੀ ਮੰਮ ਗੁੱਸੇ 'ਚ ਤਪ ਰਹੀ ਸੀ ਤੇ ਉਸਦੇ ਬੋਲ ਕੁੜੱਤਣ ਨਾਲ ਭਰੇ ਹੋਏ ਸਨ।

ਹਾਲੀ ਕ੍ਰਿਸਮਸ ਖਾਣੇ ਦੀ ਮੇਜ਼ ਤੇ ਚੰਗੀ ਤਰ੍ਹਾਂ ਬੈਠੇ ਵੀ ਨਹੀਂ ਸਨ ਕਿ ਅਮਰ ਦੀ ਮੰਮ ਨੇ ਆਪਣਾ ਕੋਟ ਚੁੱਕਿਆ ਤੇ ਜਾਣ ਲਈ ਤਿਆਰੀਆਂ ਕੱਸ ਲਈਆਂ।

"ਮੰਮ ਸਾਂਡਰਾ ਨੇ ਬਹੁਤ ਮਿਹਨਤ ਨਾਲ ਇਹ ਫੈਮੇਲੀ ਡਿਨਰ ਤਿਆਰ ਕੀਤਾ ਹੈ। ਚਲੇ ਜਾਇਉ ਪਰ ਇਸ ਤਰ੍ਹਾਂ ਨਹੀਂ...।"

"ਇਹ ਸਾਂਡਰਾ ਦੇ ਪਰਵਾਰ ਨੂੰ ਖੁਆ ਦਵੀਂ। ਮੇਰੇ ਸੰਘੋਂ ਇੱਕ ਵੀ ਗਰਾਹੀ ਨਹੀਂ ਉੱਤਰਨੀ। ਮੈਨੂੰ ਨਹੀਂ ਸੀ ਪਤਾ ਕਿ ਮੇਰੀ ਔਲਾਦ ਏਡੀ ਨਿੱਘਰ ਜਾਵੇਗੀ। ਕੀ ਕਸਰ ਛੱਡੀ ਸੀ ਮੈਂ ਤੇਰੀ ਪਰਵਰਿਸ਼ 'ਚ?" ਭਰੇ ਗਲੇ ਤੇ ਸਿੱਲ੍ਹੀਆਂ ਅੱਖਾਂ ਨਾਲ ਅਮਰ ਦੀ ਮੰਮ ਨੇ ਕਿਹਾ ਤੇ ਦਰੋਂ ਬਾਹਰ ਹੋਣ ਲਈ ਬਾਹਰ ਵੱਲ ਨੂੰ ਔਹਲੀ। ਸਾਰਿਆਂ ਉਸ ਨੂੰ ਠਹਿਰਨ ਲਈ ਤਰਲੇ ਕੀਤੇ ਪਰ ਉਹ ਟੱਸ ਤੋਂ ਮੱਸ ਨਾ ਹੋਈ।

"ਤੁਸੀਂ ਸਾਰੇ ਇਸ ਪਾਰਟੀ ਦਾ ਅਨੰਦ ਮਾਣੋ ਪਰ ਮੈਂ ਇੱਥੇ ਇੱਕ ਪਲ ਵੀ ਹੋਰ ਨਹੀਂ ਠਹਿਰ ਸਕਦੀ...।"

ਸਾਰਿਆਂ ਇੱਕ ਪਲ ਇੱਕ ਦੂਜੇ ਨੂੰ ਘੋਖਵੀਆਂ ਨਜ਼ਰਾਂ ਨਾਲ ਵੇਖਿਆ ਤੇ ਜਾਨਣਾ ਚਾਹਿਆ ਕਿ ਕੌਣ ਕਿਸ ਨਾਲ ਸਾਂਝਾਂ ਰੱਖਣੀਆਂ ਤੇ ਵਿਚਰਨਾ ਚਾਹੁੰਦਾ ਸੀ। ਤੇ ਹੌਲੀ ਹੌਲੀ ਸਾਰਾ ਪਰਵਾਰ ਅਮਰ ਦੀ ਮੰਮ ਪਿੱਛੇ ਪਿੱਛੇ ਪੈਰ ਘੜੀਸਦਾ ਉਸਦੇ ਨਾਲ ਜਾ ਰਲਿਆ।

ਅਮਰ ਖਾਮੋਸ਼ ਸੀ।

ਸਾਰਿਆਂ ਨੂੰ ਬਾਹਰਲੇ ਬੂਹੇ ਵੱਲ ਜਾਂਦਿਆਂ ਵੇਖ ਇੱਕ ਡੂੰਘਾ ਹਓਕਾ ਲਿਆ। ਉਸਨੂੰ ਪਰਵਾਰਿਕ ਸਾਂਝ ਖੱਖੜੀਆਂ ਹੁੰਦੀ ਮਹਿਸੂਸ ਹੋਈ। ਤੇ ਉਸਨੇ ਭਰੇ ਮਨ ਨਾਲ ਏਨਾ ਮਸਾਂ ਕਿਹਾ, "ਡੈਡ ਤੁਸੀਂ ਵੀ... ਸਾਨੂੰ ਸਮਝਣ ਦੀ ਕੋਸ਼ਸ਼ ਜ਼ਰੂਰ ਕਰਿਉ?"

ਸਾਂਡਰਾ ਚੁੱਪ ਸੀ। ਜਾ ਰਹੀ ਰੀਟਾ ਦੇ ਕਲਾਵੇ ਨੇ ਕੁੱਝ ਤਸੱਲੀਆਂ ਤਾਂ ਦੇਣੀਆਂ ਚਾਹੀਆਂ

ਪਰ...।

"ਤੂੰ ਬਹੁਤਾ ਫਿਕਰ ਨਾ ਕਰ... ਮੰਮ ਨੇ ਵੀ ਆਪੇ ਠੀਕ ਹੋ ਜਾਣਾ। ਸਾਨੂੰ ਤੇਰੀ ਤੇ ਅਮਰ ਦੀ ਖੁਸ਼ੀ ਚਾਹੀਦੀ ਹੈ।"

ਰੀਟਾ ਦੀ ਗਲਵੱਕੜੀ ਤੇ ਬੋਲਾਂ ਨੇ ਸਾਂਡਰਾ ਨੂੰ ਕੁੱਝ ਧਰਵਾਸ ਦਵਾਇਆ ਪਰ ਉਹ ਅੰਦਰੋਂ ਸਾਰੀ ਟੁੱਟ ਚੁੱਕੀ ਸੀ। ਤੇ ਧਾਅ ਕੇ ਅਮਰ ਨੂੰ ਜਾ ਚਿੰਬੜੀ ਤੇ ਵਿਲਕਦੀ ਨੇ ਏਨਾ ਮਸਾਂ ਕਿਹਾ, "ਅਮਰ ਇਹ ਕੀ ਹੋ ਗਿਆ...?"

ਨਿਰਵਾਕ ਹੋਏ ਅਮਰ ਨੇ ਜੱਫੀ ਦੀ ਕੱਸ ਹੋਰ ਪੀਢੀ ਕਰ ਦਿੱਤੀ।

✲ ✲ ✲

## ਸੰਤੋਖ ਧਾਲੀਵਾਲ ਦੀ ਕਹਾਣੀ 'ਕਿਸਮਸ ਈਵ' ਉੱਤੇ ਹੋਈ ਵਿਚਾਰ-ਚਰਚਾ

ਡਾ. ਜਸਵਿੰਦਰ:- ਦੋਸਤੋ ! ਸੰਤੋਖ ਧਾਲੀਵਾਲ ਹੁਰਾਂ ਦੀ ਕਹਾਣੀ 'ਕਿਸਮਸ ਈਵ' ਆਮ ਪੰਜਾਬੀ ਕਹਾਣੀ ਦੇ ਵਿਸ਼ਿਆਂ ਤੋਂ ਹਟ ਕੇ ਹੈ। ਇਹ ਇਕ ਵੱਖਰੇ ਕਿਸਮ ਦੇ ਜੀਵਨ ਸਭਿਆਚਾਰ ਪਰਵਾਨਗੀ ਅਤੇ ਅਪ੍ਰਵਾਨਗੀ ਦਾ ਵਿਸ਼ਾ ਹੈ। ਥਰਡ ਜੈਂਡਰ ਦੀ ਤਬਦੀਲੀ ਬਾਰੇ ਜਿਸ ਤਰ੍ਹਾਂ ਧਾਲੀਵਾਲ ਹੁਰਾਂ ਨੇ ਕਹਾਣੀ ਬੁਣੀ ਹੈ। ਇਸ ਦੀ ਮੁੱਖ ਪਾਤਰ ਸਾਂਡਰਾ ਸਟੀਵ ਤੋਂ ਬਣੀ ਉਹਦੇ ਦੁਆਲੇ ਘੁੰਮਦੀ ਹੈ। ਜੇ ਮੈਂ ਇਸ ਕਹਾਣੀ ਦੀ ਮੁੱਖ ਸੁਰ ਦੀ ਗੱਲ ਕਰਾਂ ਤਾਂ ਮੈਂ ਸਮਝਦਾ ਕਿ ਇਹ ਕਹਾਣੀ ਕਈ ਵੱਡੇ ਸਵਾਲ ਖੜ੍ਹੇ ਕਰਦੀ ਹੈ। ਸਾਡੇ ਸਮਾਜ ਵਿਚ ਪਹਿਲਾਂ ਹੀ ਮੌਜੂਦ ਔਰਤ ਮਰਦ ਪਛਾਣਾ ਦਾ ਮਸਲਾ ਇਹ ਵੱਖਰੀ ਪਛਾਣ ਦਾ ਸਵਾਲ ਲੈ ਕੇ ਆਉਂਦਾ ਹੈ। ਉਸ ਪਾਤਰ ਦੇ ਅੰਦਰੂਨੀ ਵਿਕਾਸ ਅਤੇ ਜੀਨਜ਼ ਦੇ ਜੈਂਡਰ ਦੇ ਸਵਾਲ ਨੂੰ ਕਿਵੇਂ ਧਾਲੀਵਾਲ ਲੈਂਦਾ ਇਸ ਦੇ ਸੰਕੇਤ ਹਨ। ਛੇਕੜ ਤੇ ਜਿਹੜਾ ਕਹਾਣੀ ਦਾ ਮੁੱਖ ਕਨਫਲੀਕਟ ਬਣਦਾ, ਉਹ ਵੀ ਅਮਰ ਦੇ ਪਰਿਵਾਰ ਨਾਲ ਕਿਸਮਿਸ ਲੀਵ ਦੀ ਪਾਰਟੀ ਦੇ ਹਵਾਲੇ ਨਾਲ ਮੁੱਦਾ ਉਦੋਂ ਬਣਦਾ, ਜਦੋਂ ਉਹ ਆਪ ਹੀ ਦੱਸਦੀ ਹੈ ਕਿ ਉਹ ਮੁੰਡਾ ਸੀ ਅਤੇ ਕੁੜੀ ਬਣੀ ਹੈ। ਧਾਲੀਵਾਲ ਨੇ ਵਿਗਿਆਨ ਦੇ ਹਵਾਲੇ ਨਾਲ ਜੀਵਨ ਦੀਆਂ ਮੂਲ ਪ੍ਰਵਿਰਤੀਆਂ ਦੇ ਹਵਾਲੇ ਨਾਲ ਇਕ ਵੱਖਰੇ ਪਾਸਾਰ ਨੂੰ ਛੋਹਿਆ। ਤਣਾਅ ਭਾਵੇਂ ਨਵਾਂ ਨਹੀਂ ਹੈ। ਵਿਰੋਧ ਵਿਚ ਮੁਖ ਧਿਰ ਅਮਰ ਦੀ ਮਾਂ ਹੈ। ਜਿਸ ਵਿਅਕਤੀ ਨਾਲ ਸਾਂਡਰਾ ਨੇ ਉਮਰ ਗੁਜਾਰਨੀ ਹੈ ਉਹ ਧਿਰ ਅਮਰ ਸਾਂਡਰਾ ਨਾਲ ਹੈ। ਅਮਰ ਦੀ ਮਾਂ ਔਰਤ ਦੀ ਪਰੰਪਰਾਗਤ ਸੋਚ ਦੀ ਪ੍ਰਤਿਨਿਧਤਾ ਕਰਦੀ ਹੈ। ਪਰ ਸਾਂਡਰਾ ਅਤੇ ਅਮਰ ਦੇ ਹਵਾਲੇ ਨਾਲ ਇਹ ਕਹਾਣੀ ਵੱਖਰੀ ਸੁਰ ਅਪਣਾਉਂਦੀ ਹੈ। ਮੇਰੀ ਇਸ ਬਾਰੇ ਸਟੱਡੀ ਨਹੀਂ ਕਿ ਮੈਂ ਇਸ ਬਾਰੇ ਡੂੰਘੀ ਗੱਲ ਕਰ ਸਕਾਂ। ਧਾਲੀਵਾਲ ਨੇ ਵੱਖਰੇ ਵਿਸ਼ਿਆਂ ਨੂੰ ਪਹਿਲਾਂ ਵੀ ਛੋਹਿਆ। ਇਹ ਕਹਾਣੀ ਵੀ ਵੱਖਰੀ ਹੈ। ਕਹਾਣੀ ਦੇ ਬਿਰਤਾਂਤ ਅਤੇ ਤਰਤੀਬ ਬਾਰੇ ਮੇਰੇ ਮਨ ਚੋਂ ਕੁਝ ਸਵਾਲ ਹਨ। ਕਹਾਣੀ ਦਾ ਪਹਿਲਾਂ ਪੈਰ੍ਹਾ ਆਮ ਜਾਣਕਾਰੀ ਹੈ। ਪੱਛਮੀ ਸਮਾਜਾਂ ਵਿਚ ਤਿਉਹਾਰਾਂ ਬਾਰੇ। ਮੁੱਖ ਬਿਰਤਾਂਤ ਸਾਂਡਰਾ ਨਾਲ ਸਬੰਧਿਤ ਹੈ ਪਹਿਲਾਂ ਉਹ ਮੇਲ ਵੋਇਸ ਵਿਚ ਅਤੇ ਬਾਅਦ ਵਿਚ ਫੀਮੇਲ ਵੋਇਸ ਵਿਚ ਆਪਣਾ ਆਪਾ ਬਿਆਨ ਕਰਦੀ ਹੈ। ਇਹ ਦਿਲਚਸਪ

ਹੈ ਕਿ ਉਸ ਦੀ ਬਾਹਰਲੀ ਬਣਤਰ ਮਰਦਾਵੀਂ ਹੈ ਅਤੇ ਭਾਵਨਾਤਮਕ ਪੱਧਰ ਉੱਤੇ ਉਹ ਔਰਤ ਹੈ। ਅਮਰ ਉਸ ਦੀਆਂ ਭਾਵਨਾਵਾਂ ਨੂੰ ਸਪੇਸ ਦਿੰਦਾ ਹੈ। ਇਹ ਖੁੱਲ੍ਹੇ ਸਮਾਜਾਂ ਦਾ ਪਰਿਪੇਖ ਹੈ ਜਿਸ ਨੂੰ ਧਾਲੀਵਾਲ ਨੇ ਬਿਆਨ ਕੀਤਾ ਹੈ। ਪੱਛਮੀ ਸਮਾਜ ਵਿਚ ਬੰਦ ਅਤੇ ਖੁੱਲ੍ਹੇ ਸਭਿਆਚਾਰ ਦਾ ਟਕਰਾਅ ਆਮ ਹੈ। ਕਹਾਣੀ ਦੇ ਬਿਆਨ ਮੋਨੋਲਾਗ  ਸਮੱਸਿਆ ਪੈਦਾ ਕਰਦਾ ਹੈ। ਉਹ ਕਿਥੋਂ ਸ਼ੁਰੂ ਹੁੰਦਾ ਅਤੇ ਕਿੱਥੇ ਖ਼ਤਮ ਹੁੰਦਾ, ਇਹ ਸਮਝਣ ਵਿਚ ਸਮੱਸਿਆ ਆਉਂਦੀ ਹੈ। ਇਸ ਵਿਚ ਵਿਆਕਰਣ ਦੀਆਂ ਸਮੱਸਿਆਵਾਂ ਵੀ ਹਨ। ਕਿਸਮਸ ਈਵ ਇਸ ਕਹਾਣੀ ਵਿਚ ਮੌਕਾ ਹੈ, ਕੇਂਦਰੀ ਥੀਮ ਨਹੀਂ ਹੈ। ਇਸ ਮੌਕੇ ਤੇ ਸਾਂਡਰਾ ਆਪਣਾ ਅੰਦਰ ਸਾਫ਼ ਕਰਨਾ ਚਾਹੁੰਦੀ ਹੈ। ਇਥੇ ਹੀ ਮੁੱਖ ਟਕਰਾਅ ਬਣਦਾ। ਇਹ ਕਹਾਣੀ ਕਿਸਮਸ ਬਾਰੇ ਨਹੀਂ ਹੈ। ਕਹਾਣੀ ਦੀ ਖ਼ੂਬਸੂਰਤੀ ਇਹ ਹੈ ਕਿ ਬੰਦ ਜਮਾਤੀ ਪਿਛੋਕੜ ਵਾਲੀ ਅਮਰ ਦੀ ਮਾਂ ਇਸ ਰਿਸ਼ਤੇ ਨੂੰ ਅਸਵੀਕਾਰ ਕਰਦਾ ਹੈ। ਜਿਹੜੇ ਰਿਸ਼ਤੇ ਸਾਡੇ ਲਈ ਸਮੱਸਿਆ ਪੈਦਾ ਕਰਦੇ ਹਨ ਉਨ੍ਹਾਂ ਸਮਾਜਾਂ ਵਿਚ ਇਸ ਲਈ ਸਪੇਸ ਬਣ ਰਹੀ ਹੈ। ਸਾਡੀ ਕਬੀਲਾਈ ਮਾਨਸਿਕਤਾ ਉਥੇ ਹੀ ਤੁਰੀ ਫਿਰ ਰਹੀ ਹੈ। ਇਸ ਮਾਨਸਿਕਤਾ ਨੂੰ ਧਾਲੀਵਾਲ ਨੇ ਠੀਕ ਪਕੜਿਆ। ਥੀਮ ਸਬੰਧੀ ਕਾਫੀ ਕੁਝ ਨਵਾਂ ਹੈ, ਪ੍ਰੰਤੂ ਸਿਰਲੇਖ ਸਮੱਸਿਆ ਪੈਦਾ ਕਰਦਾ ਹੈ।

ਧਨਵੰਤਃ- ਕਹਾਣੀ ਦੇ ਵਿਸ਼ੇ ਬਾਰੇ ਗੱਲ ਹੋ ਗਈ। ਨਵੀਆਂ ਜੈਂਡਰ ਪਛਾਣਾ ਦੀ ਸਭਿਆਚਾਰਕ ਪਰਵਾਸੀ ਵਿਸ਼ੇ ਉੱਤੇ ਵੀਨਾ ਵਰਮਾ ਦੀ ਕਿਤਾਬ ਵਿਚ ਇਕ ਕਹਾਣੀ ਹੈ 'ਹਾਫ਼ ਗਰਲ' ਉਹ ਇਸੇ ਵਿਸ਼ੇ ਨਾਲ ਸਬੰਧਿਤ ਹੈ। ਫਰਕ ਸਿਰਫ ਇੰਨਾ ਕਿ ਇਥੇ ਕੁੜੀ ਦਾ ਸਬੰਧ ਗੋਰੇ ਪਰਿਵਾਰ ਨਾਲ ਹੈ, ਉਥੇ ਪੰਜਾਬੀ ਪਰਿਵਾਰ ਨਾਲ। ਦੋਹਾਂ ਕਹਾਣੀਆਂ ਵਿਚ ਜਾਣਕਾਰੀ ਇਕੋ ਜਿਹੀ ਹੈ। ਇਹ ਕਹਾਣੀਆਂ ਆਪਣਾ ਸਰੋਤ ਮੈਡੀਕਲ ਜਾਣਕਾਰੀ ਨੂੰ ਬਣਾ ਰਹੀਆਂ ਹਨ। ਕਹਾਣੀ ਇਸ ਗੱਲ ਉੱਤੇ ਕੇਂਦਰਿਤ ਹੈ ਕਿ ਨਵੇਂ ਵਰਤਾਰਿਆਂ ਨੂੰ ਸਭਿਆਚਾਰਕ ਪ੍ਰਵਾਨਗੀ ਕਿਵੇਂ ਮਿਲੇਗੀ। ਨਵੀਂ ਪੀੜ੍ਹੀ ਤੋਂ ਤਾਂ ਪ੍ਰਵਾਨਗੀ ਮਿਲ ਰਹੀ ਹੈ ਪੁਰਾਣੀ ਪੀੜ੍ਹੀ ਉਸੇ ਰੂਪ ਵਿਚ ਹੁੰਗਾਰਾ ਭਰ ਰਹੀ ਹੈ। ਕਹਾਣੀ ਕੁਝ ਅਜਿਹਾ ਰਹੱਸ ਨਹੀਂ ਬਣਾਉਂਦੀ ਕਿ ਕੁਝ ਨਵਾਂ ਵਾਪਰ ਗਿਆ। ਬਿਰਤਾਂਤ ਦੀਆਂ ਸਮੱਸਿਆਵਾਂ ਕਹਾਣੀ ਵਿਚ ਮੌਜੂਦ ਹਨ।

ਹਰਪ੍ਰੀਤਃ- ਮੈਂ ਸਭ ਤੋਂ ਪਹਿਲਾਂ ਕਹਾਣੀ ਦੀ ਭਾਸ਼ਾ ਬਾਰੇ ਗੱਲ ਕਰਾਂਗੀ। ਇਥੇ ਵੀ ਬਾਕੀ ਕਹਾਣੀਆਂ ਵਾਂਗ ਸਮੱਸਿਆ ਹੈ। ਸਾਂਡਰਾ ਨੂੰ  ਪੰਜਾਬੀ ਨਹੀਂ ਆਉਂਦੀ, ਉਹ ਬੋਲਣ ਤੋਂ ਅੰਦਾਜ਼ਾ ਲਾਉਂਦੀ ਹੈ ਕਿ ਗੱਲ ਉਸ ਬਾਰੇ ਹੋ ਰਹੀ ਹੈ। ਕਹਾਣੀਕਾਰ ਬੰਦ ਕੌਮਿਆਂ ਵਿਚ ਸਾਂਡਰਾ ਦੇ ਮੂੰਹ ਤੋਂ ਅਖਵਾ ਰਿਹਾ ਕਿ 'ਹਾਂ ਮੈਂ ਮੁੰਡਾ ਹੀ ਪੈਦਾ ਹੋਈ ਸੀ।" ਮਤਲਬ ਸਾਂਡਰਾ ਪੰਜਾਬੀ ਬੋਲ ਰਹੀ ਹੈ। ਮੈਨੂੰ ਇਹ ਸਮਝ ਨਹੀਂ ਆਈ ਕਿ ਉਹ ਪੰਜਾਬੀ ਕਿਵੇਂ ਬੋਲ ਸਕਦੀ ਹੈ। ਇਥੋਂ ਕਹਾਣੀ ਵਿਚ ਕ੍ਰਿਸਮਸ ਈਵ ਅਰਥਾਤ ਕ੍ਰਿਸਮਸ ਤੋਂ ਪਹਿਲੀ ਰਾਤ ਦੀ ਗੱਲ ਹੋ ਰਹੀ ਹੈ। ਕਹਾਣੀ ਵਿਚ ਇੰਨੀ ਜਟਿਲਤਾ ਦੇਣ ਦੀ ਲੋੜ ਨਹੀਂ ਸੀ। ਇਸ ਸਬੰਧੀ ਮੈਂ ਡਾ. ਰਾਹੀ ਦੀ ਪੁਸਤਕ ਪੜ੍ਹ ਰਹੀ ਸੀ ਉਹ ਕਹਿੰਦੇ ਹਨ ਕਿ ਕਹਾਣੀ ਵਿਚ ਅਜਿਹੇ ਜਟਿਲ ਮਸਲੇ ਸਾਹਮਣੇ ਆਉਣਗੇ ਹੀ। ਇਨ੍ਹਾਂ ਦੀ ਨਿਖੇਧੀ ਨਹੀਂ, ਇਨ੍ਹਾਂ ਨੂੰ ਸਮਝਣ ਦੀ ਲੋੜ ਹੈ। ਇਹ ਕਹਾਣੀ ਅਜਿਹੀ ਹੀ ਸਮੱਸਿਆ ਬਾਰੇ ਹੈ ਪ੍ਰੰਤੂ ਸ਼ਿਲਪ ਪੱਖੋਂ ਇਹ ਕੱਚਾ ਮਸਾਲਾ ਜਿਹਾ ਲਗਦੀ ਹੈ। ਇਹ ਕਈ ਵਾਰੀ ਕਹਾਣੀ ਤੋਂ ਲੇਖ ਦੇ ਨੇੜੇ ਵਧੇਰੇ ਲੱਗਦੀ ਹੈ।

ਸੁਕੀਰਤ:- ਮੈਂ ਇਸ ਕਹਾਣੀ ਦੇ ਵੱਖਰੇ ਪੱਖ ਬਾਰੇ ਗੱਲ ਕਰਾਂਗਾ। ਜਦੋਂ ਤੁਸੀਂ ਅਜਿਹੇ ਵਿਸ਼ੇ ਲੈਂਦੇ ਹੋ ਤਾਂ ਤੁਹਾਨੂੰ ਕਈ ਗੱਲਾਂ ਦੀ ਡੂਘੇਰੀ ਜਾਣਕਾਰੀ ਹੋਣੀ ਚਾਹੀਦੀ ਹੈ। ਇਸ ਦਾ ਨਾਂ ਕ੍ਰਿਸਮਸ ਈਵ ਅਤੇ ਥਰਡ ਜੈਂਡਰ ਦੋਵੇਂ ਗਲਤ ਹਨ। ਥਰਡ ਜੈਂਡਰ ਉਹ ਹਨ ਜਿਨ੍ਹਾਂ ਅੰਦਰ ਜਨਣ ਅੰਗ ਵਿਕਸਤ ਨਹੀਂ ਹੋਏ ਹੁੰਦੇ, ਜਿਨ੍ਹਾਂ ਨੂੰ ਖੁਸਰਾ ਕਿਹਾ ਜਾਂਦਾ ਹੈ। ਪਿਛਲੇ ਸਮੇਂ ਮੈਂ ਆਪਣੀ ਭਣੇਵੀ ਬਾਰੇ ਲਿਖਿਆ ਸੀ ਜਿਹੜੀ ਮੁੰਡੇ ਦੇ ਰੂਪ ਵਿਚ ਪੈਦਾ ਹੋਈ। ਬਾਅਦ ਵਿਚ ਜੈਂਡਰ ਬਦਲਵਾ ਕੇ ਕੁੜੀ ਬਣ ਗਈ। ਮੈਂ ਆਰਟੀਕਲ ਲਿਖਿਆ ਸੀ 'ਤੇਰੇ ਸਫ਼ਰ ਨੂੰ ਕੀ ਨਾਂ ਦਿਆਂ।' ਨਵਾਂ ਜ਼ਮਾਨਾ ਵਿਚ। ਗੱਲ ਇਹ ਹੈ ਕਿ ਸਮਝਣ ਦੀ ਲੋੜ ਹੈ ਕਿ ਤੁਹਾਡੇ ਘਰੇ ਕੁੜੀ ਪੈਦਾ ਹੋਏ ਅਤੇ ਉਹ ਆਪਣੇ ਆਪ ਨੂੰ ਮੁੰਡੇ ਦੇ ਰੂਪ ਵਿਚ ਪਛਾਣੇ ਜਾਂ ਤੁਹਾਡੇ ਘਰ ਮੁੰਡਾ ਪੈਦਾ ਹੋਏ ਅਤੇ ਉਹ ਆਪਣੇ ਆਪ ਨੂੰ ਕੁੜੀ ਦੇ ਰੂਪ ਵਿਚ ਪਛਾਣੇ। ਇਹ ਆਪਣੇ ਆਪ ਨੂੰ ਗਲਤ ਜੈਂਡਰ ਦੇ ਸਰੀਰ ਵਿਚ ਜਕੜਿਆ ਮਹਿਸੂਸ ਕਰਦੇ ਹਨ। ਅਖ਼ਬਾਰੀ ਤੌਰ ਤੇ ਸੈਕਸ ਬਦਲਣ ਦੀਆਂ ਗੱਲਾਂ ਅਸੀਂ ਭਾਰਤ ਵਿਚ ਵੀ ਪੜ੍ਹਦੇ ਹਾਂ। ਕਹਾਣੀ ਦੀ ਸਮੱਸਿਆ ਇਹ ਹੈ ਕਿ ਅਖਬਾਰੀ ਖ਼ਬਰ ਦੀ ਪੈਤਲੀ ਜਹੀ ਜਾਣਕਾਰੀ ਲੈ ਕੇ ਲਿਖੀ ਗਈ ਹੈ। ਮੈਨੂੰ ਤਾਂ ਇਹ ਵੀ ਲਗਦਾ ਹੈ ਕਿ ਅਜਿਹਾ ਪਾਤਰ ਜਦੋਂ ਆਪਣੇ ਪਿਛੋਕੜ ਉਥੇ ਝਾਤ ਮਾਰੇਗੀ ਤਾਂ ਉਹ ਆਪਣੇ ਆਪ ਨੂੰ 'ਗੀ, ਕਹੇਗੀ। ਸਾਂਡਰਾ ਦਾ ਅਮਰ ਦੀ ਮਾਂ ਨਾਲ ਤਣਾਅ ਗੋਰੀ ਹੋਣ ਕਰਕੇ ਵੀ ਆ ਸਕਦਾ ਹੈ। ਅਮਰ ਦੇ ਮਨ ਵਿਚ ਸਮੱਸਿਆ ਆ ਸਕਦੀ ਹੈ। ਜਦੋਂ ਤੁਸੀਂ ਇਕੋ ਥਾਂ ਉੱਤੇ ਕੰਮ ਕਰਦੀ ਕਿਸੇ ਕੁੜੀ ਨੂੰ ਪਿਆਰ ਕਰਦੇ ਹੋ ਅਤੇ ਜਦੋਂ ਆਪਣੀ ਸਰੀਰਕ ਸਮੱਸਿਆ ਸਾਂਝੀ ਕਰਨੀ ਹੈ ਤਾਂ ਸਮੱਸਿਆ ਅਮਰ ਦੇ ਮਨ ਵਿਚ ਵੀ ਆ ਸਕਦੀ ਹੈ। ਜੇ ਇਨ੍ਹਾਂ ਦੋਵਾਂ ਦੇ ਰਿਸ਼ਤੇ ਵਿਚ ਤਣਾਅ ਆਉਂਦਾ ਸੀ ਤਾਂ ਕਹਾਣੀ ਜ਼ਿਆਦਾ ਚੰਗੀ ਹੋ ਸਕਦੀ ਸੀ।

ਮਹਿਲ ਸਿੰਘ:- ਮੇਰੇ ਮਨ ਵਿਚ ਵੀ ਅਜਿਹੀਆਂ ਗੱਲਾਂ ਸਨ ਕਿ ਅਪਰੇਸ਼ਨ ਹੋਣ ਤੋਂ ਬਾਅਦ ਪਾਤਰ ਦੇ ਮਨ ਵਿਚ ਰਾਤੋਂ ਰਾਤ ਤਬਦੀਲੀ ਆ ਜਾਵੇ। ਮਾਨਸਿਕਤਾ ਇਕ ਲੰਮੇ ਵਰਤਾਰੇ ਵਿਚ ਪੈ ਕੇ ਬਦਲਦੀ ਹੈ। ਕਹਾਣੀ ਵਿਚ ਟੈਨਸ਼ਨ ਫਰੀ ਬਣਦੀ ਨਾਟਕੀਅਤਾ ਦੀ ਕਮੀ ਖਟਕਦੀ ਹੈ।

ਮਨਮੋਹਨ ਬਾਵਾ:- ਮੈਂ ਤਾਂ ਪਹਿਲੀ ਗੱਲ ਹੀ ਰਪੀਟ ਕਰਾਂਗਾ। ਸਬਜੈਕਟ ਬੜਾ ਮੁਸ਼ਕਲ ਹੈ, ਲਿਖਣਾ ਵੀ ਮੁਸ਼ਕਲ ਹੈ। ਇਹ ਦੇਖਣਾ ਜ਼ਰੂਰੀ ਹੈ ਕਿ ਕਹਾਣੀ ਨੂੰ ਕਿੱਥੋਂ ਸ਼ੁਰੂ ਕੀਤਾ ਜਾਵੇ। ਇਸ ਵਿਚ ਅਸੀਂ ਕਹਾਣੀ ਬਣਨ ਦੀ ਸਮਰੱਥਾ ਬਹੁਤ ਸੀ।

ਸੁਖਪ੍ਰੀਤ:- ਕਹਾਣੀ ਬਾਰੇ ਕਾਫੀ ਗੱਲਾਂ ਹੋ ਗਈਆਂ। ਮੈਂ ਜਦੋਂ ਇਹ ਕਹਾਣੀ ਪੜ੍ਹਦਾ ਤਾਂ ਮੈਨੂੰ ਲਗਦਾ ਇਹ ਕਹਾਣੀ ਕਈ ਸਵਾਲ ਪੈਦਾ ਕਰਦੀ ਹੈ। ਔਰਤ ਸਬੰਧੀ ਸਵਾਲ ਕਿ ਉਹੀ ਔਰਤ ਸੰਪੂਰਨ ਔਰਤ ਹੈ ਜਿਹੜੀ ਬੱਚਾ ਪੈਦਾ ਕਰ ਸਕਦੀ ਹੈ। ਕਿ ਜਿਹੜੀ ਔਰਤ ਮਾਂ ਨਹੀਂ ਨਹੀਂ ਬਣ ਸਕਦੀ ਉਹ ਔਰਤ ਨਹੀਂ ਹੈ? ਔਰਤ ਰੂਪ ਵਿਚ ਪੈਦਾ ਹੋਈਆਂ ਬੱਚੀਆਂ ਵਿਚ ਵੀ ਸਰੀਰਕ ਕਮਜ਼ੋਰੀਆਂ ਹੋ ਜਾਂਦੀਆਂ ਹਨ। ਅਜਿਹੇ ਕਈ ਸਵਾਲ ਇਹ ਕਹਾਣੀ ਪੈਦਾ ਕਰਦੀ ਹੈ। ਦੂਜੀ ਗੱਲ ਇਹ ਹੈ ਕਿ ਪੰਜਾਬੀ ਸਮਾਜ ਇਨ੍ਹਾਂ ਮੁੱਲਾਂ ਨੂੰ ਸਵੀਕਾਰ ਨਹੀਂ ਕਰਦਾ। ਇਹ ਸਹਿਜਤਾ ਉਥੋਂ ਦੇ ਸਮਾਜ ਵਿਚ ਵੀ ਨਹੀਂ। ਇਹ ਗੱਲ ਜਦੋਂ ਸਾਂਡਰਾ ਦੇ ਮਾਪਿਆਂ ਨੂੰ ਪਤਾ ਲੱਗਦੀ ਹੈ ਤਾਂ ਉਨ੍ਹਾਂ ਦੇ ਪੈਰਾਂ ਹੇਠੋਂ ਜ਼ਮੀਨ ਨਿਕਲ ਜਾਂਦੀ ਹੈ। ਸਾਂਡਰਾ ਨੂੰ ਸਾਥੀਆਂ ਦੀਆਂ

ਫਬਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਲਈ ਵੀ ਇਹ ਸਹਿਜ ਵਰਤਾਰਾ ਨਹੀਂ। ਇਕ ਮਸਲਾ ਹੋਰ ਹੈ ਜਿਹੜਾ ਹਰਪ੍ਰੀਤ ਨੇ ਵੀ ਉਠਾਇਆ ਸੀ ਕਿ ਪੰਜਾਬੀ ਕਹਾਣੀ ਵਿਚ ਜਿਹੜੇ ਗੋਰੇ ਪਾਤਰ ਹੋਣਗੇ ਉਹ ਕਿਹੜੀ ਭਾਸ਼ਾ ਬੋਲਣਗੇ? ਇਹ ਗੱਲ ਅਸੀਂ ਰਸਤੇ ਵਿਚ ਵੀ ਵਿਚਾਰੀ ਸੀ ਕਿ ਕਹਾਣੀਕਾਰ ਭਾਵੇਂ ਕਹਾਣੀ ਪੰਜਾਬੀ ਪਾਠਕ ਲਈ ਲਿਖ ਰਿਹਾ ਹੈ ਪ੍ਰੰਤੂ ਜਦੋਂ ਵਿਦੇਸ਼ੀ ਪਾਤਰ ਪੇਸ਼ ਕੀਤਾ ਜਾ ਰਿਹਾ ਉਸਦੀ ਭਾਸ਼ਾ ਕਿਹੜੀ ਹੋਵੇ ਕਿ ਉਨ੍ਹਾਂ ਦੀ ਭਾਸ਼ਾ ਨੂੰ ਅਨੁਵਾਦ ਕਰਕੇ ਲਿਖਿਆ ਜਾਵੇ ਪਰਵਾਸੀ ਸਾਹਿਤ ਦਾ ਇਹ ਮਸਲਾ ਉਚੇਚੇ ਤੌਰ ਉੱਤੇ ਨਜਿੱਠਣਾ ਚਾਹੀਦਾ ਹੈ। ਮੈਨੂੰ ਲੱਗਦਾ ਹੈ ਕਿ ਇਹ ਮਸਲੇ ਇਹੋ ਜਿਹੀਆਂ ਗੋਸ਼ਟੀਆਂ ਵਿਚ ਹੀ ਉਠਾਏ ਜਾ ਸਕਦੇ ਹਨ ਅਤੇ ਸੰਵਾਦ ਤੁਰ ਸਕਦਾ ਹੈ।

ਰਜਨੀਸ਼ਃ- ਇਨ੍ਹਾਂ ਸਵਾਲਾਂ ਦੇ ਜਵਾਬ ਤਾਂ ਕਹਾਣੀਕਾਰ ਹੀ ਦੇ ਸਕਦੇ ਹਨ, ਪ੍ਰੰਤੂ ਅਸੀਂ ਵਿਚਾਰ ਤਾਂ ਕਰ ਹੀ ਸਕਦੇ ਹਾਂ। ਹਰ ਅਲੋਚਕ ਨੇ ਕਹਾਣੀ ਨੂੰ ਆਪਣੀ ਦ੍ਰਿਸ਼ਟੀ ਤੋਂ ਦੇਖਣਾ ਹੁੰਦਾ ਹੈ। ਹਰ ਆਲੋਚਕ ਦਾ ਆਪਣਾ ਕੇਂਦਰਿਤ ਖੇਤਰ ਹੁੰਦਾ ਹੈ। ਉਹ ਆਪਣੀ ਦ੍ਰਿਸ਼ਟੀ ਅਨੁਸਾਰ ਕਹਾਣੀ ਵਿਚੋਂ ਕੁਝ ਤਲਾਸ਼ਦਾ ਹੈ। ਇਹੀ ਗੱਲ ਕਹਾਣੀਕਾਰ ਉੱਤੇ ਵੀ ਲਾਗੂ ਹੁੰਦੀ ਹੈ। ਜਦੋਂ ਸੰਤੋਖ ਧਾਲੀਵਾਲ ਕਹਾਣੀ ਲਿਖ ਰਿਹਾ ਤਾਂ ਉਸ ਦੇ ਸਾਹਮਣੇ ਦੋ ਸਭਿਆਚਾਰਕ ਇਕਾਈਆਂ ਹਨ। ਇਕ ਉਥੋਂ ਦੀ ਸਭਿਆਚਾਰ ਵਿਚ ਪਲੀ ਹੋਈ ਔਰਤ ਅਤੇ ਇਥੋਂ ਦੇ ਮੂਲ ਨਿਵਾਸੀਆਂ ਜਾਂ ਪਰਵਾਸ ਧਾਰਨ ਕਰ ਚੁੱਕੇ ਹਨ ਉਨ੍ਹਾਂ ਵਿਚਲਾ ਟਕਰਾਅ। ਇਸ ਟਕਰਾਅ ਦੇ ਕੇਂਦਰ ਵਿਚ ਕੀ ਹੈ। ਇਹ ਭਾਰਤੀ ਸਭਿਆਚਾਰ ਵਿਚਲੇ ਉਪ-ਸਭਿਆਚਾਰ ਦੀ ਇਕਾਈ ਹੈ, ਯਾਨੀ ਸਭਿਆਚਾਰਕ ਇਕਾਈ ਵਿਚ ਪ੍ਰਕ੍ਰਿਤਕ ਮਨੁੱਖ ਤੋਂ ਸਭਿਅਕ ਮਨੁੱਖ ਬਣਦੇ ਹੋਏ ਮੌਤ ਦਾ ਸੰਕਲਪ ਹੈ ਜਿਹੜਾ ਮੁਕਤੀ ਨਾਲ ਜੁੜਿਆ ਹੋਇਆ ਹੈ। ਸਾਡੀ ਸੰਸਕ੍ਰਿਤੀ ਵਿਚ ਵਿਅਕਤੀ ਦੀ ਮੁਕਤੀ ਦਾ ਵਾਹਕ ਪੁੱਤਰ ਬਣਦਾ ਹੈ। ਇਸੇ ਤਰ੍ਹਾਂ ਪੁੱਤਰ ਤੁਹਾਡੀ ਜਾਇਦਾਦ ਦਾ ਵਾਰਸ ਅਤੇ ਵੰਸ਼ ਨੂੰ ਅੱਗੇ ਤੋਰਨ ਦਾ ਵਾਹਕ ਹੈ। ਇਹ ਸਾਂਸਕ੍ਰਿਤਕ ਵਰਤਾਰਾ ਹੈ। ਪਿਛੇ ਐਨ.ਡੀ.ਟੀ.ਵੀ. ਨੇ ਇਕ ਪ੍ਰੋਗਰਾਮ ਦਿਖਾਇਆ। ਕਾਲ ਸੈਂਟਰ ਦੇ ਨਾਂ ਉਹੋ ਲਿੰਗ ਨਿਰਧਾਰਨ ਟੈਸਟ ਹੁੰਦਾ ਸੀ। ਉਸ ਵਿਚ ਟੈਸਟ ਦਾ ਖਰਚਾ ਲੱਖਾਂ ਵਿਚ ਸੀ ਅਤੇ ਲੱਖਾਂ ਲੋਕ ਉਸਨੂੰ ਫਾਲੋ ਕਰਦੇ ਹਨ। ਉਹ ਸਾਰੇ ਲੋਕ ਉਪਰਲੇ ਮੱਧ-ਵਰਗ ਵਿਚੋਂ ਸਨ। ਉਸ ਟੈਸਟ ਵਿਚ ਸ਼ਰਤੀਆ ਪੁੱਤਰ ਪ੍ਰਾਪਤੀ ਦੀ ਗਰੰਟੀ ਵੀ ਸੀ। ਭਾਰਤ ਵਿਚ ਹਰ ਔਰਤ ਬੱਚਾ ਜੰਮਣ ਤੋਂ ਪਹਿਲਾਂ ਪੁੱਤਰ ਦੀ ਮਾਂ ਹੀ ਹੁੰਦੀ ਹੈ। ਇਹ ਭਾਵੇਂ ਸੌ ਪ੍ਰਤੀਸ਼ਤ ਨਾ ਹੋਏ, ਪ੍ਰੰਤੂ ਭਾਰੂ ਸੋਚ ਹੈ। ਇਹ ਭਾਵੇਂ ਹੈ ਤਾਂ ਹਿੰਦੂ ਸਾਂਸਕ੍ਰਿਤੀ ਪਰੰਤੂ ਬਾਅਦ ਵਿਚ ਜੈਨ, ਬੁੱਧ, ਸਿੱਖ ਅਤੇ ਇਸਲਾਮ ਵੀ ਇਸ ਸਾਂਸਕ੍ਰਿਤੀ ਨੂੰ ਤੋੜ ਨਹੀਂ ਸਕੀਆਂ। ਇਸ ਕਹਾਣੀ ਵਿਚ ਅਮਰ ਦੀ ਮਾਂ ਇਹ ਸਵਾਲ ਉਠਾਉਂਦੀ ਹੈ ਕਿ ਸਾਂਡਰਾ ਉਸ ਦਾ ਵਾਰਸ ਪੈਦਾ ਕਰ ਸਕੇਗੀ। ਇਹ ਮਸਲਾ ਹੈ ਪ੍ਰੰਤੂ ਅਸੀਂ ਇਸ ਮਸਲੇ ਦੀ ਪਛਾਣ ਨਹੀਂ ਕਰਦੇ। ਦੂਜੇ ਪਾਸੇ ਆਧੁਨਿਕ ਸੰਵੇਦਨਾ ਦੀ ਹੈ। ਇਸ ਵਿਚ ਅਸੀਂ ਕੁਝ ਗੱਲਾਂ ਅਤੇ ਸਮਾਜਿਕ ਮੁੱਲਾਂ ਤੋਂ ਮੁਕਤ ਹੋ ਰਹੇ ਹਾਂ। ਪ੍ਰੰਤੂ ਇਕ ਪੀੜ੍ਹੀ ਵਿਚ ਇਹ ਮਸਲਾ ਅਜੇ ਵੀ ਮੌਜੂਦ ਹੈ। ਇਹ ਕਹਾਣੀ ਇਸ ਮਸਲੇ ਨੂੰ ਹੱਥ ਪਾਉਂਦੀ ਹੈ। ਇਥੋਂ ਗਏ ਹੋਏ ਲੋਕ ਵਿਕਸਤ ਸਾਂਸਕ੍ਰਿਤੀ ਵਿਚ ਜਾ ਕੇ ਪੁਰਾਣੀ ਸੋਚ ਨਾਲ ਘਿਰੇ ਹੋਏ ਹਨ। ਇਸ ਵਿਚ ਸੰਕਟ ਉਸ ਪੀੜ੍ਹੀ ਲਈ ਬਣਦਾ ਹੈ, ਜਿਹੜੀ ਪਰਿਵਾਰਕ ਇਕਾਈ ਵੀ ਕਾਇਮ ਰੱਖਣਾ ਚਾਹੁੰਦੀ ਹੈ। ਉਹ ਪੁੱਤਰ

ਆਪਣੀ ਮਾਂ ਵਿਰੁੱਧ ਬਗਾਵਤ ਵੀ ਕਰ ਸਕਦਾ।

ਮਹਿਲ:– ਉਹ ਪੁਰਾਣੀ ਪੀੜ੍ਹੀ ਦੀ ਪ੍ਰਵਾਨਗੀ ਵੀ ਚਾਹੁੰਦੀ ਹੈ।

ਰਜਨੀਸ਼:– ਨਾਂ ਨੂੰ ਲੈ ਕੇ ਮਸਲਾ ਹੈ ਪੱਛਮ ਵਿਚ ਕ੍ਰਿਸਮਸ ਤਿਉਹਾਰ ਦੀ ਆਪਣੀ ਮਹੱਤਤਾ ਹੈ। ਉਹ ਪਰਿਵਾਰ ਕ੍ਰਿਸਮਸ ਮਨਾਉਣ ਦੀ ਖੁਸ਼ੀ ਵਿਚ ਭਰਿਆ ਹੋਇਆ ਹੈ। ਸਾਂਡਰਾ ਦਾ ਮਸਲਾ ਇਸ ਖੁਸ਼ੀ ਨੂੰ ਪੰਕਚਰ ਕਰ ਦਿੰਦਾ ਹੈ। ਖੁਸ਼ੀ ਗ਼ਮੀ ਵਿਚ ਬਦਲ ਜਾਂਦੀ ਹੈ। ਇਸ ਪ੍ਰਕਾਰ ਦਾ ਮਸਲਾ ਜਿਹੜਾ ਸਾਂਸਕ੍ਰਿਤੀ ਨਾਲ ਸਬੰਧਿਤ ਹੈ, ਪੰਜੇ ਕਹਾਣੀਆਂ ਵਿਚ ਮੌਜੂਦ ਹੈ। ਇਹ ਕਹਾਣੀ ਮੈਕਨੀਕਲੀ ਲਿੰਗ ਤਬਦੀਲੀ ਉੱਤੇ ਕੇਂਦਰਿਤ ਨਹੀਂ ਹੈ। ਕਹਾਣੀ ਵਿਚ ਮੁੱਖ ਮਾਨਸਿਕ ਟਕਰਾਅ ਨੂੰ ਫੜਨ ਦੀ ਕੋਸ਼ਿਸ਼ ਕਰਦਾ। ਇਹ ਮਸਲਾ ਪਹਿਲਾਂ ਵੀ ਆਇਆ ਸੀ ਜੇ ਪਰਵਾਸ ਵਿਚ ਰਹਿੰਦਾ ਵਿਅਕਤੀ ਜੇ ਅੰਗਰੇਜ਼ੀ ਵਿਚ ਪੰਜਾਬੀ ਪਰਵਾਸ ਦੀ ਕਹਾਣੀ ਲਿਖਦਾ ਤਾਂ ਉਸਨੂੰ ਪੰਜਾਬੀ ਦੀ ਕਹਾਣੀ ਮੰਨੋਗੇ। ਇਹ ਕਹਾਣੀ ਪੰਜਾਬੀ ਦੀ ਤਾਂ ਨਾ ਹੋ ਕੇ ਪ੍ਰੰਤੂ ਪਰਵਾਸੀ ਪੰਜਾਬੀ ਜੀਵਨ ਦੀ ਹੋ ਸਕਦੀ ਹੈ ਜਿਹੜਾ ਮਸਲਾ ਸਾਡੇ ਨਵੇਂ ਸਕਾਲਰ ਤੇ ਪਾਤਰਾਂ ਦੀ ਭਾਸ਼ਾ ਦਾ ਉਠਾਇਆ, ਉਹ ਮਹੱਤਵਪੂਰਨ ਹੈ।

ਜਸ ਮੰਡ:– ਰਜਨੀਸ਼ ਹੁਰਾਂ ਨੇ ਸੁਖਪ੍ਰੀਤ ਅਤੇ ਹਰਪ੍ਰੀਤ ਦੇ ਪਾਤਰਾਂ ਦੀ ਭਾਸ਼ਾ ਵਾਲੇ ਸਵਾਲ ਨੂੰ ਗੰਭੀਰਤਾ ਨਾਲ ਲਿਆ। ਅੰਗਰੇਜ਼ ਪਾਤਰ ਜਿਸਨੂੰ ਕਹਾਣੀਕਾਰ ਲੈ ਕੇ ਆ ਰਿਹਾ ਉਹ ਪੰਜਾਬੀ ਵਿਚ ਬੋਲੇ ਜਾਂ ਅੰਗਰੇਜ਼ੀ ਵਿਚ। ਹੁਣ ਜੇ ਉਹ ਅੰਗਰੇਜ਼ੀ ਵਿਚ ਬੋਲੇ ਤਾਂ ਪੰਜਾਬੀ ਪਾਠਕ ਨੂੰ ਸਮਝ ਨਹੀਂ ਆਏਗਾ, ਜੇ ਪੰਜਾਬੀ ਵਿਚ ਬੋਲੇ ਤਾਂ ਤਾਂ ਤੁਸੀਂ ਕਹਿੰਦੇ ਹੋ ਇਸ ਦਾ ਫਲੇਵਰ ਨਹੀਂ। ਮੈਂ ਅੰਗਰੇਜ਼ੀ ਦੇ ਕਈ ਨਾਵਲਾਂ ਵਿਚ ਦੇਖਿਆ ਕਿ ਜੇ ਨਾਵਲ ਵਿਚ ਅਫ਼ਗਾਨੀ ਪਾਤਰ ਆਉਂਦੇ ਤਾਂ ਉਸ ਤੋਂ ਉਹ ਅਫ਼ਗਾਨੀ ਸ਼ਬਦ ਵੀ ਬੁਲਾ ਦਿੰਦਾ, ਪ੍ਰੰਤੂ ਉਹ ਨਾਲ ਉਸ ਦਾ ਅੰਗਰੇਜ਼ੀ ਰੂਪ ਵੀ ਲਿਖ ਦਿੰਦਾ। ਇਸ ਨਾਲ ਪਾਠਕ ਤੱਕ ਇਕ ਫਲੇਵਰ ਪਹੁੰਚ ਜਾਂਦਾ। ਮੈਂ ਵੀ ਕਦੀ ਕਦੀ ਇੰਜ ਕਰਦਾਂ। ਗੀਤਾ ਮੇਰੇ ਨਾਲ ਯਾਤਰਾ ਤੇ ਜਾਂਦੀ ਹੈ ਮੈਂ ਗੀਤਾ ਦੇ ਮੂੰਹੋਂ ਹਿੰਦੀ ਦੇ ਵਾਕ ਬੁਲਾ ਦਿੰਦਾ। ਪ੍ਰੰਤੂ ਜੇ ਵਾਰਤਾਲਾਪ ਲੰਮੀ ਹੋਵੇ ਤਾਂ ਪੰਜਾਬੀ ਵਿਚ ਚਲਾਉਂਦਾ। ਕਹਾਣੀ ਵਿਚ ਵੀ ਕਈ ਥਾਂ ਅੰਗਰੇਜ਼ੀ ਵਰਤੀ ਹੈ। ਕਈ ਕਹਾਣੀਆਂ ਦੇ ਨਾਂ ਉਸੇ ਰੂਪ ਵਿਚ ਹਨ, ਇਹ ਕੋਈ ਨਾ-ਪੱਖੀ ਗੱਲ ਨਹੀਂ ਹੈ। ਇਹ ਲੇਖਕ ਨੇ ਫੈਸਲਾ ਕਰਨਾ ਕਿ ਉਹ ਕਿਹੋ ਜਿਹੇ ਪਾਠਕ ਨੂੰ ਸੰਬੋਧਿਤ ਹੋ ਰਿਹਾ। ਫਰਜ ਕਰੋ ਸੁਕੀਰਤ ਕਹਾਣੀ ਲਿਖ ਰਿਹਾ ਹੈ, ਉਹ ਰੂਸੀ ਪਾਤਰ ਤੋਂ ਰੂਸੀ ਬੁਲਾਏ ਤੁਹਾਨੂੰ ਸਮਝ ਹੀ ਨਹੀਂ ਆਉਣੀ। ਸਾਨੂੰ ਪਤਾ ਕਿ ਸਾਂਡਰਾ ਨੂੰ ਪੰਜਾਬੀ ਸਮਝ ਨਹੀਂ ਆ ਰਹੀ ਪ੍ਰੰਤੂ ਸੰਤੋਖ ਧਾਲੀਵਾਲ ਸਾਹਮਣੇ ਪੰਜਾਬੀ ਦਾ ਪਾਠਕ ਹੈ। ਰਜਨੀਸ਼ ਹੁਰਾਂ ਨੇ ਸਾਂਸਕ੍ਰਿਤੀ ਦੇ ਮੁੱਦੇ ਨੂੰ ਵੱਡਾ ਮੁੱਦਾ ਬਣਾਇਆ ਇਹ ਹੈ ਤਾਂ ਹੈ ਪ੍ਰੰਤੂ ਸਾਨੂੰ ਅੱਗੇ ਵੀ ਤੁਰਨਾ ਪੈਣਾ। ਲੇਖਕ ਤੀਹ ਸਾਲ ਤੋਂ ਉੱਥੇ ਰਹਿ ਰਿਹਾ ਪ੍ਰੰਤੂ ਅੰਤ ਉਹ ਪੰਜਾਬ ਵਾਂਗ ਹੀ ਕਰ ਰਿਹਾ। ਸਾਨੂੰ ਹੈਰਾਨੀ ਹੁੰਦੀ ਹੈ ਕਿ ਜਿਹੜੇ ਬੰਦੇ ਸੱਠਵਿਆਂ ਵਿਚ ਇੰਗਲੈਂਡ ਗਏ ਸਨ ਉਹ ਉਥੇ ਹੀ ਖੜ੍ਹੇ ਹਨ। ਕ੍ਰਿਸਮਸ ਈਵ ਉੱਤੇ ਨਹੀਂ ਸਗੋਂ ਇਹ ਸਭ ਕ੍ਰਿਸਮਸ ਦੀ ਪਾਰਟੀ ਉੱਤੇ ਵਾਪਰਦਾ ਹੈ। ਇਸ ਕਰਕੇ ਨਾ ਕ੍ਰਿਸਮਸ ਈਵ ਹੈ ਅਤੇ ਥਰਡ ਜੈਂਡਰ ਤਾਂ ਬਿਲਕੁਲ ਨਹੀਂ। ਬ, ਵ ਦੀ ਗਲਤੀ ਬਹੁਤ ਮਿਲਦੀ ਹੈ।

ਰਾਮਿੰਦਰ:– ਬਹੁਤੀਆਂ ਗੱਲਾਂ ਤਾਂ ਹੋ ਗਈਆਂ ਨੇ। ਕਹਾਣੀ ਦਾ ਆਰੰਭ ਤਾਂ ਆਮ ਜਿਹਾ ਹੀ ਹੈ। ਰਹੱਸ ਮਾੜਾ ਜਿਹਾ ਬਣਨ ਹੀ ਲੱਗਦਾ ਉਥੇ ਹੀ ਖੁੱਲ੍ਹ ਜਾਂਦਾ। ਅੱਗੇ ਚਲ ਕੇ

ਲੇਖਕ ਜਾਣਕਾਰੀ ਦਿੰਦਾ ਕਿ ਕਹਾਣੀ ਵਿਚ ਸੈਕਸ ਬਦਲਿਆ ਜਾਂਦਾ। ਜਦੋਂ ਮੁੰਡਾ ਬਣ ਕੇ ਆਉਂਦਾ ਆਦਤਾਂ ਔਰਤਾਂ ਵਰਗੀਆਂ ਜਾਂ ਉਲਟ ਇਹ ਕੁਦਰਤੀ ਵਰਤਾਰਾ ਹੈ। ਵੱਡਾ ਉਹ ਕੀ ਵਾਪਰਦਾ ਹੈ, ਕਹਾਣੀ ਦੇ ਕੇਂਦਰ ਵਿਚ ਇਹ ਸਮੱਸਿਆ ਹੈ। ਕਹਾਣੀ ਵਿਚ ਇਸ ਵਰਤਾਰੇ ਦੇ ਸਭਿਆਚਾਰਕ ਪਰਿਪੇਖ ਵੀ ਆ ਰਹੇ ਹਨ। ਜਿਵੇਂ ਸੁਕੀਰਤ ਨੇ ਕਿਹਾ ਕਿ ਸਾਂਡਰਾ ਨੂੰ ਅਪਣਾਉਣਾ ਅਮਰ ਲਈ ਵੀ ਸੌਖਾ ਨਹੀਂ, ਜਿੰਨਾ ਕਹਾਣੀਕਾਰ ਨੇ ਵਿਖਾ ਦਿੱਤਾ। ਦੋਹਾਂ ਸਭਿਆਚਾਰਾਂ ਨੂੰ ਆਮੋ ਸਾਹਮਣੇ ਦਿਖਾਉਂਦਾ ਕਹਾਣੀ ਦਾ ਸੁਹਜ ਹੈ ਦੋਹਾਂ ਸਭਿਆਚਾਰਾਂ ਵਿਚ ਇਸ ਵਰਤਾਰੇ ਨੂੰ ਕਿਵੇਂ ਲਿਆ ਜਾ ਰਿਹਾ ਹੈ ਇਹ ਕਹਾਣੀ ਦਾ ਕੇਂਦਰੀ ਨੁਕਤਾ ਹੈ। ਕਹਾਣੀ ਸਾਂਡਰਾ ਦੇ ਮਨ ਵਿਚ ਚਲ ਰਹੀ ਹੈ ਉਹ ਸਭ ਕੁਝ ਦਸ ਦੇਣਾ ਚਾਹੁੰਦੀ ਹੈ। ਇਹ ਉਥੋਂ ਦੇ ਸਭਿਆਚਾਰ ਦੀ ਖੁੱਲ੍ਹ ਹੈ। ਸਾਂਡਰਾ ਵੀ ਸ਼ਬਦ ਚੋਣ ਬਹੁਤ ਧਿਆਨ ਦੀ ਮੰਗ ਕਰਦੇ ਹਨ। ਮੈਂ ਇਕ ਗੱਲ ਨਾਲ ਸਹਿਮਤ ਹਾਂ ਕਿ ਇਸ ਕਹਾਣੀ ਦਾ ਅੰਤ ਆਮ ਵਰਗਾ ਹੀ ਹੈ।

ਭੰਡਾਲਃ- ਬਹੁਤ ਸਾਰੀਆਂ ਗੱਲਾਂ ਹੋ ਚੁੱਕੀਆਂ ਉਨ੍ਹਾਂ ਵਿਚੋਂ ਮੈਂ ਸਿਰਫ਼ ਏਨਾ ਕਹਿਣਾ ਚਾਹਾਂਗਾ ਕਿ ਵਿਸ਼ਾ ਬਹੁਤ ਵੱਡਾ ਹੈ ਨਿਭਾ ਉਸਦੇ ਹਾਣ ਦਾ ਨਹੀਂ ਹੋ ਸਕਿਆ। ਰਜਨੀਸ਼ ਹੁਰਾਂ ਨੇ ਵੱਡੀ ਵਿਆਖਿਆ ਪੇਸ਼ ਕੀਤੀ, ਪ੍ਰੰਤੂ ਬਿਰਤਾਂਤ ਵਿਚੋਂ ਉਹ ਅਰਥ ਨਹੀਂ ਲੱਭਦੇ। ਜਿਵੇਂ ਅਮਰ ਦੀ ਮਾਂ ਕਹਿੰਦੀ ਹੈ ਕਿ ਮੈਨੂੰ ਇਹ ਪੋਤਰਾ ਪੋਤਰੀ ਦੇ ਸਕਦੀ ਹੈ ਜਾਂ ਉਹ ਔਰਤ ਹੀ ਕੀ ਹੋਈ ਜਿਹੜੀ ਬੱਚਾ ਨਹੀਂ ਜੰਮ ਸਕਦੀ। ਜਿਹੜੀ ਚੌਦਾਂ ਸਾਲ ਪੁਰਾਣੀ ਗੱਲ ਸੁਕੀਰਤ ਹੁਰੀਂ ਕਰ ਰਹੇ ਹਨ, ਉਹ ਵੀ ਵੱਖਰੇ ਵਿਸ਼ੇ ਦੀ ਕਹਾਣੀ ਸੀ। ਉਸ ਕਹਾਣੀ ਵਿਚ ਵੀ ਉਹੀ ਵੇਰਵੇ ਹਨ ਜਿਹੜੇ ਇਸ ਕਹਾਣੀ ਵਿਚ ਆਏ ਹਨ। ਰਾਹੀ ਸਾਹਿਬ ਨੇ ਉਸ ਕਹਾਣੀ ਨੂੰ ਗਿਆਨ ਮੰਤਵੀ ਕਹਾਣੀ ਕਿਹਾ ਸੀ। ਉਸ ਕਹਾਣੀ ਦਾ ਕਰਾਫ਼ਟ ਬਹੁਤ ਕਮਾਲ ਦਾ ਸੀ। ਇਹ ਕਹਾਣੀ ਕਰਾਫਟ ਪੱਖੋਂ ਕਮਜ਼ੋਰ ਹੈ। ਪਰਵਾਸੀ ਕਹਾਣੀਕਾਰ ਚਾਹੇ ਉਹ ਅੰਗਰੇਜ਼ੀ ਵਿਚ ਲਿਖਣ ਜਾਂ ਪੰਜਾਬੀ ਵਿਚ ਅਚੰਭਿਤ ਕਰਨ ਦੀ ਮਾਨਸਿਕਤਾ ਹੁੰਦੀ ਹੈ। ਅਰੁੰਧਤੀ ਵੀ ਆਪਣੇ ਨਾਵਲਾਂ ਵਿਚ ਇਵੇਂ ਹੀ ਕਰਦੀ ਹੈ। ਜੇ ਅਸੀਂ ਕੁਦਰਤੀ ਵਿਗਾੜਾਂ ਨੂੰ ਸਾਇੰਸ ਦੀ ਸਹਾਇਤਾ ਨਾਲ ਹੱਲ ਕਰਦੇ ਹਾਂ ਤਾਂ ਐਥਕਸ ਕਿੰਨਾ ਨੂੰ ਰਾਹ ਵਿਚ ਆਉਂਦਾ ਹੈ, ਇਸ ਬਾਰੇ ਵਿਚਾਰ ਕਰਨ ਦੀ ਲੋੜ ਸੀ।

ਬਲਬੀਰ ਪਰਵਾਨਾਃ- ਮੈਨੂੰ ਇਸ ਕਹਾਣੀ ਵਿਚ ਅਸਹਿਜਤਾ ਦੀ ਸਮੱਸਿਆ ਵੱਡੇ ਰੂਪ ਵਿਚ ਨਜ਼ਰ ਆਉਂਦੀ ਹੈ। ਅਮਰ ਦੀ ਜੀਵਨ ਜਾਚ ਪਰਿਵਰ ਲਈ ਪਹਿਲਾਂ ਕਿਤੇ ਵੀ ਸਮੱਸਿਆ ਖੜ੍ਹੀ ਨਹੀਂ ਕਰਦੀ। ਜਦੋਂ ਉਹ ਨਵਾਂ ਲੈ ਕੇ ਆਉਂਦਾ ਤਾਂ ਉਸ ਨੂੰ ਤਿਆਰ ਪਹਿਲਾਂ ਹੀ ਹੋਣਾ ਚਾਹੀਦਾ ਸੀ। ਇਹ ਕਹਾਣੀ ਕਿਤੇ ਅੰਦਰਲੇ ਡਿਸਪਲਿਨ ਤੇ ਪੂਰੀ ਨਹੀਂ ਉਤਰਦੀ।

ਜਨਮੀਤਃ- ਕਹਾਣੀ ਉੱਤੇ ਸਾਰਿਆਂ ਨੇ ਗੱਲਾਂ ਬਹੁਤ ਕੀਤੀਆਂ। ਕਰਾਫਟ ਉੱਤੇ ਗੱਲਾਂ ਹੋਈਆਂ। ਇਹ ਹੋਣਾ ਚਾਹੀਦਾ, ਇਹ ਨਹੀਂ ਹੋਣਾ ਚਾਹੀਦਾ। ਰਜਨੀਸ਼ ਹੁਰਾਂ ਨੇ ਸਾਂਸਕ੍ਰਿਤੀ ਦੀਆਂ ਗੱਲਾਂ ਕੀਤੀਆਂ। ਇਸ ਕਹਾਣੀ ਦੇ ਮਸਲੇ ਕੁਝ ਵੱਖਰੇ ਹਨ। ਇਸ ਕਹਾਣੀ ਵਿਚ ਵੱਡਾ ਸੁਆਲ ਮਨੁੱਖੀ ਹੋਂਦ ਦਾ ਹੈ। ਇਸ ਕਹਾਣੀ ਦੀ ਪਾਤਰ ਪੈਦਾ ਮੁੰਡਾ ਹੋਈ ਹੈ ਸੋਚਦੀ ਕੁੜੀਆਂ ਵਾਂਗ ਹੈ। ਉਹ ਦੁਰਕਾਰੀ ਜਾਂਦੀ ਹੈ। ਉਹ ਮੁੰਡਾ ਚੇਤੰਨ ਤੌਰਤੇ ਕੁੜੀ ਬਣਨਾ ਚਾਹੁੰਦਾ। ਅਜਿਹੀ ਸਮੱਸਿਆਵਾਂ ਚਾਲੀ ਸਾਲ ਪਹਿਲਾਂ ਇਥੇ ਵੀ ਵਾਪਰੀਆਂ ਹਨ। ਕਹਾਣੀ ਵਿਚ ਮਸਲਾ ਸਾਂਡਰਾ ਦੀ ਹੋਂਦ ਦਾ ਹੈ। ਇਥੇ ਕਿਸੇ ਨੇ ਕਿਹਾ ਇਸ ਵਿਚ ਨਾਟਕੀਅਤਾ ਨਹੀਂ, ਮੈਂ ਕਹਿੰਦਾ ਇਸ ਵਿਚ ਟੋਟਲ ਨਾਟਕੀ ਮਟੀਰੀਅਲ ਹੈ। ਇਸ ਕਹਾਣੀ ਦਾ ਥੀਮ ਬਹੁਤ ਵੱਡਾ ਹੈ।

ਕਹਾਣੀ

# ਵਰ੍ਹੇ-ਗੰਢ ਮੁਬਾਰਕ !

-ਹਰਜੀਤ ਅਟਵਾਲ

ਮੁਬਾਈਲ ਉਪਰ ਸੁਨੇਹੇ ਦੀ 'ਟੂੰ-ਟੂੰ ਹੁੰਦੀ ਹੈ। ਸਤਨਾਮ ਸਿੰਘ ਐਨਕਾਂ ਲਾ ਕੇ ਫੋਨ ਔਨ ਕਰ ਲੈਂਦਾ ਹੈ। ਪਿਆ-ਪਿਆ ਹੀ ਦੇਖਦਾ ਹੈ। ਲਿਖਿਆ ਹੈ, 'ਵਰ੍ਹੇਗੰਢ ਮੁਬਾਰਕ ਮੌਮ ਐਂਡ ਡੈਡ ! ਇੰਦਰ ਕੌਰ ਪੁੱਛਦੀ ਹੈ, "ਕਿਹਦਾ ਫੋਨ ਐ?"

"ਤੇਰੇ ਲਾਡਲੇ ਨੇ ਵਧਾਈਆਂ ਭੇਜੀਆਂ।"

"ਕੰਮ 'ਤੇ ਜਾਣ ਲੱਗਾ ਹੋਣਾ। ਕਹਿੰਦਾ ਸੀ ਤੁਹਾਡੀ ਪੰਜਾਹਵੀਂ ਵੈਡਿੰਗ ਐਨੀਵਰਸਰੀ ਮਨਾਉਣੀ ਆਂ। ਅੱਜ ਆਉਣਗੇ ਸਾਰੇ ਹੀ।"

ਸਤਨਾਮ ਸਿੰਘ ਕੁਝ ਕਹੇ ਬਿਨਾਂ ਉਠ ਕੇ ਬਹਿ ਜਾਂਦਾ ਹੈ ਤੇ ਕਪੜੇ ਪਾਉਣ ਲੱਗਦਾ ਹੈ। ਇੰਦਰ ਕੌਰ ਬੋਲਦੀ ਹੈ, "ਪਏ ਰਹੋ ਹਾਲੇ।"

"ਸੱਤ ਵੱਜ ਗਏ, ਤੂੰ ਸੌਂ, ਜੇ ਸੌਣਾਂ।" ਉਹ ਬਾਥਰੂਮ ਵਿੱਚ ਜਾ ਵੜਦਾ ਹੈ।

ਇੰਦਰ ਕੌਰ ਦਾ ਦਿਲ ਕਰਦਾ ਹੈ ਕਿ ਉਹ ਵੀ ਉਠ ਖੜੇ। ਉਹ ਬੈਠਣ ਦੀ ਕੋਸ਼ਿਸ਼ ਕਰਦੀ ਹੈ ਪਰ ਫੇਹਲ ਹੋ ਜਾਂਦੀ ਹੈ, ਪਤੀ ਨੂੰ ਉਡੀਕਣ ਲੱਗਦੀ ਹੈ। ਸਤਨਾਮ ਸਿੰਘ ਬਾਥਰੂਮ ਵਿੱਚੋਂ ਆ ਉਸ ਨੂੰ ਬੈਠਦੀ ਕਰ ਦਿੰਦਾ ਹੈ। ਇੰਦਰ ਕੌਰ ਨਾਈਟੀ ਠੀਕ ਕਰਦੀ ਪੈਰੀਂ ਚੱਪਲਾਂ ਪਾ ਕੇ ਆਪਣਾ ਫਰੇਮ ਲੱਭਣ ਲੱਗਦੀ ਹੈ। ਫਰੇਮ ਉਹ ਰਾਤੀਂ ਲਿਵਿੰਗ ਰੂਮ ਵਿੱਚ ਹੀ ਭੁੱਲ ਆਈ ਸੀ। ਉਹ ਸਤਨਾਮ ਸਿੰਘ ਵੱਲ ਹੱਥ ਵਧਾਉਂਦੀ ਹੈ ਕਿ ਉਹ ਉਸ ਨੂੰ ਉਠਾਵੇ। ਉਹ ਆਖਦਾ ਹੈ,

"ਤੈਨੂੰ ਚੁੱਕਦਾ-ਚੁੱਕਦਾ ਕਿਤੇ ਮੈਂ ਹੀ ਨਾ ਡਿੱਗ ਪਵਾਂ, ਫੇਰ ਸਾਨੂੰ ਦੋਨਾਂ ਨੂੰ ਕੌਣ ਚੁੱਕੂ ! ਚੰਗਾ ਇਹੋ ਐ ਕਿ ਤੇਰਾ ਫਰੇਮ ਤੈਨੂੰ ਲਿਆ ਦੇਵਾਂ।"

ਇਸੇ ਫਰੇਮ ਆਸਰੇ ਇੰਦਰ ਕੌਰ ਬਿਸਤਰ, ਸੋਫਾ ਜਾਂ ਟੁਆਇਲਟ ਤੋਂ ਉਠਿਆ ਕਰਦੀ ਹੈ ਤੇ ਥੋੜ੍ਹਾ-ਬਹੁਤ ਤੁਰਦੀ ਹੈ।ਸਤਨਾਮ ਸਿੰਘ ਫਰੇਮ ਉਹਦੇ ਮੁਹਰੇ ਲਿਆ ਰੱਖਦਾ ਹੈ। ਉਹ ਆਖਦੀ ਹੈ,

"ਹੁਣ ਤਾਂ ਹਿੱਲ ਵੀ ਨਹੀਂ ਹੁੰਦਾ, ਉਹ ਕੇਅਰਰ ਵੀ ਨਹੀਂ ਭੇਜਦੇ ਕਿ ਥੋੜੀ ਮੱਦਦ ਹੀ ਹੋ ਜਾਵੇ।"

"ਅਸੀਂ ਕੇਅਰਰ ਲਈ ਅਪਲਾਈ ਹੀ ਲੇਟ ਕੀਤਾ, ਹੋਰ ਦੋ ਹਫਤਿਆਂ ਤੱਕ ਆਉਣੀ ਸ਼ੁਰੂ ਹੋ ਜਾਣੀ ਆਂ।"

ਆਖਦਾ ਸਤਨਾਮ ਸਿੰਘ ਜੈਕਟ ਪਾਉਂਦਾ ਹੈ ਤੇ ਸਿਰ ਉਪਰ ਕੈਪ ਲੈ ਕੇਬਾਹਰ ਗਾਰਡਨ ਵਿੱਚ ਨਿਕਲ ਜਾਂਦਾ ਹੈ। ਸੂਰਜ ਚੜ੍ਹ ਆਇਆ ਹੈ। ਧੁੱਪ ਦੇ ਬਾਵਜੂਦ ਠੰਡਕ ਚੁੱਭ ਰਹੀ ਹੈ। ਉਹ ਆਪਣੇ ਲਾਏ ਬੂਟਿਆਂ ਵੱਲ ਝੁਕ ਕੇ ਦੇਖਦਾ ਹੈ। ਹੁਣ ਇਹ ਪਾਣੀ ਮੰਗਦੇ ਨੇ। ਪਿਛਲੇ ਕੁਝ ਸਾਲਾਂ ਤੋਂ ਉਸ ਨੇ ਬਾਗਬਾਨੀ ਦਾ ਸ਼ੌਂਕ ਪਾਲਿਆ ਹੋਇਆ ਹੈ। ਮਿਰਚਾਂ ਦੇ ਕੁਝ ਬੂਟੇ, ਟਮਾਟਰਾਂ ਦੇ ਵੀ। ਕੁਝ ਆਲੂ ਵੀ ਲਾਏ ਹੋਏ ਹਨ। ਭਾਵੇਂ ਬਾਜ਼ਾਰ ਵਿੱਚੋਂ ਇਹ ਚੀਜ਼ਾਂ ਸਸਤੀਆਂ ਮਿਲ ਜਾਂਦੀਆਂ ਹਨ ਪਰ ਇਹ ਉਸ ਨੇ ਆਪਣੇ ਆਪ ਨੂੰ ਰੁਝਾਉਣ ਦਾ ਜ਼ਰੀਆ ਬਣਾਇਆ ਹੋਇਆ

ਹੈ। ਮਿਰਚਾਂ ਦੇ ਨਿਕਲੇ ਫੁੱਲਾਂ ਨੂੰ ਉਹ ਛੋਹ ਕੇ ਦੇਖਦਾ ਹੈ। ਗਵਾਂਡਣ ਗੋਰੀ ਗਾਰਡਨ ਵਿੱਚ ਸੋਟੀ ਸਹਾਰੇ ਗੇੜੇ ਦੇ ਰਹੀ ਹੈ। ਉਹ ਦੂਰੋਂ ਹੀ ਸੋਟੀ ਚੁੱਕਦੀ ਹੋਈ ਸਤਨਾਮ ਸਿੰਘ ਨੂੰ 'ਹੈਲੋ' ਆਖਦੀ ਹੈ। ਇੰਦਰ ਕੌਰ ਤੋਂ ਤਾਂ ਇਹੀ ਤਕੜੀ ਐ, ਤੁਰੀ ਤਾਂ ਫਿਰਦੀ ਐ। ਕੁਦਰਤੀ ਹੁੰਦੈ, ਕੁਝ ਜੀਨਜ਼ ਵੀ ਹੁੰਦੇ ਆ।

ਉਹ ਆਪਣੇ ਜੀਨਜ ਬਾਰੇ ਅਕਸਰ ਸੋਚਦਾ ਰਹਿੰਦਾ ਹੈ। ਉਸ ਦੇ ਖਾਨਦਾਨ ਵਿੱਚ ਸਾਰੇ ਮਰਦਲੰਮੀ ਉਮਰ ਭੋਗਦੇ ਹਨ। ਉਸ ਦਾ ਪੜਦਾਦਾ ਇਕ ਸੌ ਪੰਜ ਸਾਲ, ਉਸ ਦਾ ਬਾਬਾ ਇਕ ਸੌ ਦੋ ਸਾਲ, ਉਸ ਦਾ ਬਾਪੂ ਵੀ ਸੌ ਨੂੰ ਢੁੱਕ ਹੀ ਗਿਆ ਸੀ। ਜੇ ਉਸ ਦਾ ਬੈੱਡ ਤੋਂ ਡਿਗ ਕੇ ਚੂਲ਼ਾਕਰੈਕ ਨਾ ਹੋਇਆ ਹੁੰਦਾ ਤਾਂ ਉਹ ਨੇ ਹਾਲੇ ਦੱਸ ਸਾਲ ਤੱਕ ਕਿਤੇ ਨਹੀਂ ਸੀ ਜਾਣਾ। ਇੰਗਲੈਂਡ ਦਾ ਸਿਹਤ ਵਿਭਾਗ ਬੰਦੇ ਨੂੰ ਮਰਨ ਵੀ ਤਾਂ ਨਹੀਂ ਦਿੰਦਾ। ਉਸ ਤੋਂ ਹੱਡ-ਗੋਡੇ ਚੰਗੀ ਤਰ੍ਹਾਂ ਰਗੜਾਉਂਦੇ ਹਨ। ਉਸ ਦੇ ਖਾਨਦਾਨ ਵਿੱਚ ਜੇ ਉਮਰਾਂ ਲੰਮੀਆਂ ਹਨ ਉਥੇ ਇਹ ਵੀ ਹੈ ਕਿ ਅੰਤ ਬਹੁਤ ਮਾੜਾ ਆਉਂਦਾ ਹੈ। ਪੜਦਾਦਾ ਇਕ ਸਾਲ ਮੰਜੇ 'ਤੇ ਰਿਹਾ। ਬਾਬਾ ਦੱਸਿਆ ਕਰਦਾ ਸੀ ਕਿ ਬਹੁਤ ਔਖੀ ਮੌਤ ਆਈ ਸੀ। ਇਵੇਂ ਹੀ ਬਾਬਾ ਵੀ ਦੋ ਸਾਲ ਤੱਕ ਮੰਜੇ 'ਤੇ ਰਿਹਾ। ਮੰਜੇ 'ਤੇ ਹੀ ਟੱਟੀ-ਪਿਸ਼ਾਬ। ਉਸ ਨੂੰ ਸੰਭਾਲਣ ਵਾਲੇ ਵੀ ਅੱਕ ਗਏ ਸਨ। ਬਾਪੂ ਦਾ ਵੀ ਇਹੋ ਹਾਲ ਸੀ। ਜਦ ਤਕ ਕੇਅਰਰ ਨਹੀਂ ਸੀ ਮਿਲੀ ਬਾਪੂ ਨੂੰ ਉਹ ਆਪ ਹੀ ਸਾਂਭਦਾ ਰਿਹਾ ਸੀ। ਕੇਅਰਰ ਔਰਤ ਮਿਲੀ ਤਾਂ ਬਾਪੂ ਨੇ ਔਰਤ ਕੋਲੋਂ ਆਪਣੀ ਸੰਭਾਲ ਕਰਾਉਣ ਤੋਂ ਨਾਂਹ ਕਰ ਦਿੱਤੀ ਸੀ। ਜਦ ਤਕ ਮਰਦ ਕੇਅਰਰ ਨਹੀਂ ਮਿਲਿਆ ਬਾਪੂ ਨੂੰ ਉਹਨੇ ਹੀ ਸੰਭਾਲਿਆ। ਅੰਤਲੇ ਦਿਨਾਂ ਵਿੱਚ ਮੌਤ ਨਾਲ ਘੁਲਦੇ ਬਾਪੂ ਨੂੰ ਦੇਖ ਕੇ ਉਸ ਨੂੰ ਬਹੁਤ ਤਰਸ ਆਉਂਦਾ ਤੇ ਡਰ ਵੀ ਲੱਗਦਾ। ਡਰ ਇਸ ਕਰਕੇ ਕਿ ਇਕ ਦਿਨ ਉਸ ਦਾ ਵੀ ਇਹੋ ਹਸ਼ਰ ਹੋਣਾ ਹੈ। ਇਵੇਂ ਹੀ ਰਗੜ-ਰਗੜ ਕੇ ਮੌਤ ਵੱਲ ਵਧਣਾ ਹੋਵੇਗਾ। ਕੁੜਮ ਮਹਿੰਦਰ ਸਿੰਘ ਵਾਂਗ ਤੁਰਦਿਆਂ-ਫਿਰਦਿਆਂ ਮੌਤ ਆ ਜਾਵੇ ਤਾਂ ਕਿੰਨਾ ਚੰਗਾ ਹੋਵੇ। ਇਕ ਗੱਲ ਫਿਰ ਵੀ ਚੰਗੀ ਏ ਕਿ ਇੱਥੇ ਨਰਸਿੰਗ ਹੋਮ ਤਾਂ ਹੈਗੇ ਜਿਹੜੇ ਬੁਢਾਪੇ ਨੂੰ ਰੁਲਣ ਤੋਂ ਕਿਸੇ ਹੱਦ ਤੱਕ ਬਚਾ ਲੈਂਦੇ ਨੇ।

ਉਸ ਦਾ ਪੇਂਡੂ ਤੀਰਥ ਸਿੰਘ ਕਈ ਮਹੀਨਿਆਂ ਤੋਂ ਬੂਪਾ ਨਰਸਿੰਗ ਹੋਮ ਵਿੱਚ ਹੈ।ਉਹ ਉਸ ਨੂੰ ਅਕਸਰ ਮਿਲਣ ਜਾਂਦਾ ਰਹਿੰਦਾ ਹੈ। ਨਰਸਿੰਗ ਹੋਮ ਵਿੱਚ ਹੁੰਦੀ ਸੇਵਾ ਤੋਂ ਉਹ ਕਾਫੀ ਮੁਤਾਸਰ ਹੈ। ਤੀਰਥ ਸਿੰਘ ਦੀ ਘਰ ਵਿੱਚ ਭਲਾ ਏਨੀ ਸਾਂਭ ਹੋ ਸਕਣੀ ਸੀ?

ਅੱਜ-ਕੱਲ ਉਹਨੂੰ ਇੰਦਰ ਕੌਰ ਦਾ ਬਹੁਤ ਫਿਕਰ ਹੈ। ਉਹ ਵੀ ਉਸੇ ਸਥਿਤੀ ਵੱਲ ਵੱਧ ਰਹੀ ਹੈ ਜਿਸ ਨੂੰ ਉਹ ਹੱਡ-ਗੋਡੇ ਰਗੜਾਉਣਾ ਆਖਦਾ ਹੈ। ਕੇਅਰਰ ਆਉਣ ਵੀ ਲੱਗ ਪਵੇ ਤਾਂ ਸਾਰਾ ਦਿਨ ਤਾਂ ਉਹ ਨਹੀਂ ਸੰਭਾਲ ਸਕੇਗੀ। ਅਖੀਰ ਨਰਸਿੰਗ ਹੋਮ ਹੀ ਇੰਦਰ ਕੌਰ ਦਾ ਹੱਲ ਹੋਵੇਗਾ। ਇਕ ਦਿਨ ਉਸ ਦਾ ਪੁੱਤਰ ਅਵਤਾਰ ਸਿੰਘ ਆਇਆ ਤਾਂ ਸਤਨਾਮ ਸਿੰਘ ਨੇ ਕਹਿਣਾ ਸ਼ੁਰੂ ਕੀਤਾ,

"ਅਵਤਾਰ, ਤੇਰੀ ਮਾਂ ਦੀ ਸਿਹਤ ਦਿਨੋ ਦਿਨ ਡਿਗਦੀ ਜਾ ਰਹੀ ਐ, ਡਿਮੈਨਸ਼ੀਆ ਵੀ ਵੱਧ ਰਿਹੈ। ਮੇਰੇ ਵਿੱਚ ਵੀ ਇਹਨੂੰ ਸਾਂਭਣ ਦੀ ਹਿੰਮਤ ਘਟਦੀ ਜਾ ਰਹੀ ਐ, ਜਿੰਨਾ ਚਿਰ ਕੇਅਰਰ ਨਾਲ ਕੰਮ ਚਲਦਾ ਰਿਹਾ ਤਾਂ ਚਲਾਵਾਂਗੇ, ਫਿਰ ਮੈਂ ਸੋਚਦਾਂ ਕਿ ਇਹਨੂੰ ਨਰਸਿੰਗ ਹੋਮ ਭੇਜ ਦੇਈਏ।"

"ਨਰਸਿੰਗ ਹੋਮ ਵੈਸੇ ਤਾਂ ਗੁੱਡ ਐ ਪਰ ਕਈਆਂ ਦੀਆਂ ਰਿਪ੍ਰੋਟਾਂ ਬੈਡ ਆਉਂਦੀਆਂ।"

"ਤੀਰਥ ਸਿੰਘ ਬੂਪਾ ਵਿੱਚ ਐ, ਮੈਨੂੰ ਤਾਂ ਚੰਗਾ ਲੱਗਿਆ।"

"ਹਾਂ, ਬੂਪਾ ਗੁੱਡ ਹੋਵੇ ਸ਼ਾਇਦ।"

ਅਵਤਾਰ ਨੇ ਇਕ ਵਾਰ ਵੀ ਨਹੀਂ ਸੀ ਕਿਹਾ ਕਿ ਮਾਂ ਨੂੰ ਉਹ ਸੰਭਾਲਿਆ ਕਰੇਗਾ। ਅਵਤਾਰ ਸਿੰਘ ਤਾਂ ਵਿਆਹ ਤੋਂ ਸਾਲ ਬਾਅਦ ਹੀ ਅੱਡ ਹੋ ਗਿਆ ਸੀ। ਉਸ ਦੀ ਪਤਨੀ ਸੁਰਜੀਤ ਕੌਰ ਉਹਨਾਂ ਨੂੰ ਬਿਲਕੁਲ ਹੀ ਪਸੰਦ ਨਹੀਂ ਕਰਦੀ, ਸੰਭਾਲਣਾ ਤਾਂ ਬਹੁਤ ਦੂਰ ਦੀ ਗੱਲ ਹੈ। ਸਤਨਾਮ ਸਿੰਘ ਨੂੰ ਇਸ ਬਾਰੇ ਕੋਈ ਗਿਲਾ ਸ਼ਿਕਵਾ ਵੀ ਨਹੀਂ ਹੈ। ਉਹ ਕਿਸੇ 'ਤੇ ਬੋਝ ਬਣਨ ਦੇ ਹੱਕ ਵਿੱਚ ਨਹੀਂ ਹੈ। ਇਹੋ ਬਹੁਤ ਹੈ ਕਿ ਹਫਤੇ ਵਿੱਚ ਇਕ ਵਾਰ ਆ ਕੇ ਅਵਤਾਰ ਉਹਨਾਂ ਦੀ ਸਾਰੀ ਸ਼ੌਪਿੰਗ ਕਰਾ ਜਾਂਦਾ ਹੈ ਤੇ ਐਤਵਾਰ ਦੀ ਐਤਵਾਰ ਇੰਦਰ ਕੌਰ ਨੂੰ ਗੁਰਦਵਾਰੇ ਲੈ ਜਾਇਆ ਕਰਦਾ ਹੈ।

ਇਕ ਐਤਵਾਰ ਇੰਦਰ ਕੌਰ ਗੁਰਦਵਾਰੇ ਤੋਂ ਮੁੜਦੀ ਹੋਈ ਬੋਲੀ,

"ਆਪਾਂ ਘਰ ਅਵਤਾਰ ਦੇ ਨਾਂ ਕਰਾ ਦੇਈਏ।"

"ਕਿਉਂ? ਸਾਡੇ ਮਗਰੋਂ ਇਹ ਘਰ ਉਹਦਾ ਹੀ ਤਾਂ ਐ।"

"ਉਹ ਕਹਿੰਦਾ ਹੁਣੇ ਹੀ ਕਰਾ ਦੇਵੋ।"

"ਐਡੀ ਕਾਹਲੀ ਕਾਹਦੀ? ਕਿਤੇ ਕੋਈ ਮੁੜ ਕੇ ਬਿਜ਼ਨਸ ਤਾਂ ਨਹੀਂ ਕਰਨਾ ਚਾਹੁੰਦਾ।" ਅਵਤਾਰ ਦੇ ਸੁਹਰਿਆਂ ਦੀਆਂ ਦੁਕਾਨਾਂ ਹਨ ਤੇ ਸੁਰਜੀਤ ਕੌਰ ਚਾਹੁੰਦੀ ਹੈ ਕਿ ਉਹ ਵੀ ਦੁਕਾਨ ਖਰੀਦ ਲੈਣ। ਦੋ ਵਾਰ ਦੁਕਾਨ ਲੈ ਕੇ ਘਾਟਾ ਖਾ ਚੁੱਕੇ ਹਨ।

"ਪਿਛਲੇ ਹਫਤੇ ਉਹਦੀ ਸੱਸ ਪ੍ਰੀਤਮ ਕੌਰ ਦਾ ਫਿਊਨਰਲ ਸੀ ਨਾ।"

"ਫਿਊਨਰਲ ਨਾਲ ਘਰ ਨਾਵੇਂ ਲਵਾਉਣ ਦਾ ਕੀ ਸੰਬੰਧ?"

"ਪ੍ਰੀਤਮ ਕੌਰ ਨਰਸਿੰਗ ਹੋਮ ਵਿੱਚ ਸੀ ਨਾ, ਨਰਸਿੰਗ ਹੋਮ ਵਾਲਿਆਂ ਨੇ ਇਕ ਲੱਖ ਪੌਂਡ ਦਾ ਬਿੱਲ ਭੇਜ ਦਿੱਤਾ, ਅਖੇ ਢਾਈ ਸਾਲ ਅਸੀਂ ਸੰਭਾਲਿਆ।"

"ਇਕ ਲੱਖ ਦਾ ਬਿੱਲ? ਇਹ ਕਿੱਦਾਂ ਹੋ ਸਕਦਾ? ਨੈਸ਼ਨਲ ਹੈਲਥ ਸਰਵਿਸ ਤਾਂ ਫਰੀ ਐ, ਬਲਕਿ ਫਰੀ ਕਿਉਂ, ਅਸੀਂ ਤਨਖਾਹ ਵਿੱਚੋਂ ਇਹਦੇ ਲਈ ਲਗਾਤਾਰ ਪੈਸੇ ਕਟਵਾਉਂਦੇ ਆਂ।"

"ਕਹਿੰਦੇ ਕੋਈ ਕਾਨੂੰਨ ਬਦਲ ਗਿਆ। ਇਹਨਾਂ ਨੇ ਪੈਸੇ ਦੇਣ ਤੋਂ ਇਨਕਾਰ ਕੀਤਾ ਤਾਂ ਉਹਨਾਂ ਨੇ ਪ੍ਰੀਤਮ ਕੌਰ ਦਾ ਘਰ ਸੇਲ 'ਤੇ ਲਾ ਦਿੱਤਾ।"

"ਮੇਰੇ ਲਈ ਤਾਂ ਇਹ ਖ਼ਬਰ ਐ। ਅਗਲੀ ਵਾਰ ਤੀਰਥ ਸਿੰਘ ਨੂੰ ਦੇਖਣ ਗਿਆ ਤਾਂ ਜ਼ਰੂਰ ਪੁੱਛਾਂਗਾ। ਬੂਪਾ ਦਾ ਮੈਨੇਜਰ ਆਪਣਾ ਹੀ ਬੰਦਾ।"

"ਇਸੇ ਲਈ ਅਵਤਾਰ ਕਹਿੰਦਾ ਕਿ ਘਰ ਮੇਰੇ ਨਾਂ ਕਰਾ ਦੇਵੋ ਨਹੀਂ ਤਾਂ ਨਰਸਿੰਗ ਹੋਮ ਵਾਲਿਆਂ ਲੈ ਜਾਣਾ।" ਇੰਦਰ ਕੌਰ ਆਖ ਰਹੀ ਸੀ।

ਉਸ ਦਿਨ ਤੋਂ ਸਤਨਾਮ ਸਿੰਘ ਲਈ ਅਜੀਬ ਸਥਿਤੀ ਬਣ ਗਈ ਹੈ। ਇਹ ਤਾਂ ਸਾਫ ਸੀ ਕਿ ਘਰ ਉਸ ਨੇ ਅਵਤਾਰ ਨੂੰ ਹੀ ਦੇਣਾ ਸੀ ਪਰ ਜਿਉਂਦੇ ਜੀਅ ਦੇਣਾ ਪਵੇਗਾ ਇਸ ਬਾਰੇ ਉਸ ਨੇ ਕਦੇ ਨਹੀਂ ਸੀ ਸੋਚਿਆ। ਲਾ ਪਾ ਕੇ ਉਸ ਦੇ ਕੋਲ ਇਹ ਘਰ ਹੀ ਤਾਂ ਸੀ ਜਿਸ ਨੂੰ ਉਹ ਆਪਣੀ ਜਾਇਦਾਦ ਆਖ ਸਕਦਾ ਸੀ। ਪਿੰਡ ਵਾਲੀ ਜ਼ਮੀਨ ਤੇ ਘਰ ਤਾਂ ਉਸ ਦੇ ਭਰਾ ਹਾਕਮ ਸਿੰਘ ਨੇ ਜ਼ਬਰਦਸਤੀ ਸਾਂਭ ਲਏ ਸਨ। ਇਸ ਘਰ ਨਾਲ ਉਸ ਨੂੰ ਬਹੁਤ ਪਿਆਰ ਹੈ। ਇਸੇ ਘਰ

ਵਿੱਚ ਇੰਦਰ ਕੌਰ ਵਿਆਹੀ ਆਈ ਸੀ, ਉਸ ਦੇ ਬੱਚੇ ਹੋਏ, ਵਿਆਹੇ ਗਏ। ਹੋਰ ਵੀ ਦੁੱਖ-ਸੁੱਖ ਦਾ ਗਵਾਹ ਸੀ ਇਹ ਘਰ।

ਅਗਲੇ ਹਫਤੇ ਅਵਤਾਰ ਫਿਰ ਇੰਦਰ ਕੌਰ ਨੂੰ ਗੁਰਦਵਾਰੇ ਲੈ ਕੇ ਗਿਆ। ਉਸ ਨੇ ਫਿਰ ਇੰਦਰ ਕੌਰ ਨੂੰ ਘਰ ਆਪਣੇ ਨਾਵੇਂ ਲਵਾ ਦੇਣ ਲਈ ਕਿਹਾ। ਸਤਨਾਮ ਸਿੰਘ ਹਾਲੇ ਵੀ ਚੁੱਪ ਸੀ।

ਅਗਲੀ ਵਾਰ ਉਹ ਤੀਰਥ ਸਿੰਘ ਨੂੰ ਦੇਖਣ ਗਿਆ ਤਾਂ ਮੈਨੇਜਰ ਦੇ ਕਮਰੇ ਵਿੱਚ ਜਾ ਵੜਿਆ। ਮੈਨਜਰ ਪਿਆਰੇ ਲਾਲ ਉਸ ਨੂੰ ਥੋੜਾ ਬਹੁਤ ਜਾਣਦਾ ਸੀ। ਪਿਆਰੇ ਲਾਲ ਨੇ ਉਸ ਨੂੰ ਸਾਹਮਣੇ ਕੁਰਸੀ ਉਪਰ ਬਹਿ ਜਾਣ ਲਈ ਕਿਹਾ। ਸਤਨਾਮ ਸਿੰਘ ਪੁੱਛਣ ਲੱਗਾ,

"ਮਿਸਟਰ ਲਾਲ, ਇਕ ਸਵਾਲ ਦਾ ਜਵਾਬ ਦਿਓ ਕਿ ਨੈਸ਼ਨਲ ਹੈਲਥ ਸਰਵਿਸ ਵਿੱਚ ਅਸੀਂ ਪੂਰੀ ਕੰਟਰੀਬਿਊਸ਼ਨ ਕਰਦੇ ਆਂ, ਪੂਰਾ ਹਿੱਸਾ ਪਾਉਂਦੇ ਆਂ, ਹਰ ਤਨਖਾਹ ਵਿੱਚੋਂ ਇਕ ਚੋਖਾ ਹਿੱਸਾ ਪਰ ਫਿਰ ਵੀ ਨਰਸਿੰਗ ਹੋਮ ਵਾਲੇ ਮਰੀਜ਼ ਨੂੰ ਸੰਭਾਲਣ ਦੇ ਪੈਸੇ ਮੰਗਦੇ ਆ, ਕਿਉਂ?"

"ਮਿਸਟਰ ਸਿੰਘ, ਇਹ ਬੂਪਾ ਤਾਂ ਇਨਸੋਅਰੈਂਸ ਦੇ ਸਹਾਰੇ ਚਲਦਾ ਏ, ਬੂਪਾ ਦੀ ਆਪਣੀ ਇਨਸ਼ੋਅਰੈਂਸ ਕੰਪਨੀ ਏ, ਤੁਹਾਡਾ ਦੋਸਤ ਤੀਰਥ ਸਿੰਘ ਨੇ ਵੀ ਸਾਡਾ ਬੀਮਾ ਕਰਾਇਆ ਹੋਇਆ ਸੀ। ਆਪਾਂ ਆਮ ਗੱਲ ਕਰੀਏ ਤਾਂ ਜਦ ਤਕ ਮਰੀਜ਼ ਹਸਪਤਾਲ ਵਿੱਚ ਹੁੰਦਾ ਏ, ਸਭ ਮੁਫਤ ਏ, ਜਦ ਨਰਸਿੰਗ ਹੋਮ ਵਿੱਚ ਭੇਜ ਦਿੱਤਾ ਜਾਂਦਾ ਏ ਤਾ ਉਸ ਦਾ ਖਰਚਾ ਸ਼ੁਰੂ ਹੋ ਜਾਂਦਾ ਏ ਕਿਉਂਕਿ ਨਰਸਿੰਗ ਹੋਮ ਪ੍ਰਾਈਵੇਟ ਹੁੰਦੇ ਨੇ। ਪਹਿਲਾਂ ਇਹ ਹੁੰਦਾ ਸੀ ਕਿ ਅਸੀਂ ਮਰੀਜ਼ ਦੀ ਪੈਨਸ਼ਨ ਨਾਲ ਹੀ ਖਰਚਾ ਚਲਾ ਲੈਂਦੇ ਸਾਂ ਪਰ ਹੁਣ ਸਾਡੇ ਖਰਚੇ ਬਹੁਤ ਵੱਧ ਗਏ ਨੇ।"

"ਕਵੈਂਟਰੀ ਰਹਿੰਦੀ ਮੇਰੀ ਇਕ ਰਿਸ਼ਤੇਦਾਰ ਔਰਤ ਮਰ ਗਈ, ਉਸ ਨੂੰ ਸੰਭਾਲਣ ਦੇ ਬਦਲੇ ਵਿੱਚ ਨਰਸਿੰਗ ਹੋਮ ਵਾਲੇ ਉਸ ਦਾ ਘਰ ਹੀ ਲੈ ਗਏ।"

"ਇਵੇਂ ਹੀ ਹੁੰਦਾ ਏ ਹੁਣ, ਘਰ ਵੇਚ ਕੇ ਆਪਣੇ ਪੈਸੇ ਪੂਰੇ ਕਰ ਕੇ ਬਾਕੀ ਦੇ ਪੈਸੇ ਉਸ ਦੇ ਵਾਰਿਸਾਂ ਨੂੰ ਦੇ ਦਿੱਤੇ ਜਾਂਦੇ ਨੇ। ਕਵੈਂਟਰੀ ਵਿੱਚ ਤਾਂ ਘਰਾਂ ਦੀ ਕੀਮਤ ਲੰਡਨ ਦੇ ਮੁਕਾਬਲੇ ਘੱਟ ਏ, ਸੋ ਉਹਨਾਂ ਨੇ ਘਰ ਲੈ ਹੀ ਜਾਣਾ ਹੋਇਆ।"

"ਜੇ ਮਰੀਜ਼ ਕੋਲ ਦੇਣ ਲਈ ਕੁਝ ਨਾ ਹੋਵੇ, ਭਾਵ ਜਾਇਦਾਦ ਨਾ ਹੋਵੇ।"

"ਫਿਰ ਅਸੀਂ ਨੈਸ਼ਨਲ ਹੈਲਥ ਤੋਂ ਕਲੇਮ ਕਰਦੇ ਆਂ। ਅਸੀਂ ਤਾਂ ਆਪਣੇ ਖਰਚੇ ਪੂਰੇ ਕਰਨੇ ਹੋਏ, ਇਹ ਨਰਸਿੰਗ ਹੋਮ ਆਖਿਰ ਇਕ ਵਿਓਪਾਰ ਏ। ਆਹ ਸਾਡਾ ਬੂਪਾ, ਇਸ ਦੀਆਂ ਸੈਂਕੜੇ ਬ੍ਰਾਂਚਾਂ ਨੇ, ਹਜ਼ਾਰਾਂ ਬੰਦੇ ਕੰਮ ਕਰਦੇ ਨੇ, ਕੰਪਨੀ ਨੇ ਖਰਚੇ ਜੇਬ ਵਿੱਚੋਂ ਤਾਂ ਨਹੀਂ ਦੇਣੇ ਨਾ!"

ਪਿਆਰੇ ਲਾਲ ਨੇ ਸਾਰੀ ਗੱਲ ਸਾਫ ਕਰ ਦਿੱਤੀ। ਅਵਤਾਰ ਦੀ ਘਰ ਆਪਣੇ ਨਾਂ ਕਰਾਉਣ ਦੀ ਗੱਲ ਹੋਰ ਵੀ ਸਪੱਸ਼ਟ ਹੋ ਗਈ। ਹੁਣ ਸਤਨਾਮ ਸਿੰਘ ਹਰ ਵੇਲੇ ਸੋਚਦਾ ਰਹਿੰਦਾ ਕਿ ਕੀ ਕੀਤਾ ਜਾਵੇ। ਘਰ ਤਾਂ ਆਖਿਰ ਉਹਨੇ ਆਪਣੇ ਮੁੰਡੇ ਨੂੰ ਹੀ ਦੇਣਾ ਸੀ। ਦੋ ਰਾਹ ਹੈਗੇ। ਇਕ ਇਹ ਕਿ ਘਰ ਮੁੰਡੇ ਨਾਂ ਕਰਾ ਦੇਵਾਂ ਤਾਂ ਜੋ ਇੰਦਰ ਕੌਰ ਨੂੰ ਨਰਸਿੰਗ ਹੋਮ ਭੇਜਣ ਦੀ ਹਾਲਤ ਵਿੱਚ ਕੋਈ ਖਰਚ ਨਾ ਦੇਣਾ ਪਵੇ, ਬਾਅਦ ਵਿੱਚ ਉਹਨੇ ਆਪ ਵੀ ਤਾਂ ਉਥੇ ਹੀ ਜਾਣਾ, ਇਵੇਂ ਘਰ ਬਚ ਜਾਵੇਗਾ। ਦੂਜਾ ਤਰੀਕਾਕਿ ਆਪਣੇ ਹੱਥ ਵੱਢ ਕੇ ਪੁੱਤ ਦੇ ਹੱਥ ਨਾ ਫੜਾਵੇ, ਘਰ ਉਸ ਦੇ ਨਾਂ ਨਾ ਕਰਾਵੇ ਤੇ ਸਭ ਵਕਤ ਉਪਰ ਛੱਡ ਦੇਵੇ। ਸ਼ਾਮ ਲਾਲ ਦੀ ਕਹਾਣੀ ਉਸ ਦੇ

ਸਾਹਮਣੇ ਹੈ ਜਿਸ ਦੀ ਮੌਤ ਕੌਂਸਲ ਦੇ ਫਲੈਟ ਵਿੱਚ ਹੋਈ। ਕਈ ਦਿਨ ਪਤਾ ਹੀ ਨਹੀਂ ਸੀ ਚੱਲਿਆ। ਲਾਸ਼ ਵਿੱਚ ਵੀ ਕੀੜੇ ਪੈ ਗਏ ਸਨ।

ਅਗਲੇ ਦਿਨ ਹੀ ਉਹ ਬੂਪਾ ਦੇ ਮੈਨੇਜਰ ਪਿਆਰੇ ਲਾਲ ਨੂੰ ਮਿਲਣ ਚਲੇ ਜਾਂਦਾ ਹੈ।

"ਮਿਸਟਰ ਲਾਲ, ਮੇਰੀ ਵਾਈਫ ਦੀ ਸਿਹਤ ਦਿਨੋ ਦਿਨ ਡਿਗ ਰਹੀ ਐ, ਸੋਚ ਰਿਹਾਂ ਕਿ ਉਸ ਨੂੰ ਨਰਸਿੰਗ ਹੋਮ ਰੱਖੀਏ, ਹੁਣ ਮੇਰੇ ਤੋਂ ਸੰਭਾਲੀ ਨਹੀਂ ਜਾਂਦੀ ਤੇ ਬੱਚਿਆਂ ਦੀ ਆਪਣੀ ਲਾਈਫ ਐ।"

"ਬਿਲਕੁਲ ਸਹੀ ਫੈਸਲਾ ਏ, ਮੇਰੀ ਆਪਣੀ ਮਾਂ ਇਸੇ ਬੂਪਾ ਵਿੱਚ ਏ।"

"ਕੁਝ ਖਰਚੇ ਦਾ ਹਿਸਾਬ-ਕਿਤਾਬ ਦੱਸੋ?"

"ਇਹ ਨਿਰਭਰ ਕਰਦਾ ਕਿ ਤੁਹਾਨੂੰ ਕਿਹੋ ਜਿਹੀ ਸਰਵਿਸ ਚਾਹੀਦੀ ਏ ਤੇ ਮਰੀਜ਼ ਨੂੰ ਕਿੰਨੀ ਕੁ ਸਾਂਭ ਦੀ ਜ਼ਰੂਰਤ ਏ। ਫਿਰ ਬੂਪਾ ਹੋਰਨਾ ਨਾਲੋਂ ਕੁਝ ਮਹਿੰਗਾ ਏ ਪਰ ਇਹਦੀ ਸਰਵਿਸ ਵੀ ਫਾਈਵ ਸਟਾਰ ਮੰਨੀ ਜਾਂਦੀ ਏ।"

"ਫਿਰ ਵੀ ਹਫਤੇ ਦੇ ਖਰਚ ਬਾਰੇ ਦੱਸੋ?"

"ਇਸ ਵੇਲੇ ਸਾਡੀ ਸੇਵਾ ਹਫਤੇ ਦੇ ਸੱਤ-ਅੱਠ ਸੌ ਪੌਂਡ ਤੋਂ ਸ਼ੁਰੂ ਹੁੰਦੀ ਏ, ਸਾਲ ਦੇ ਪੈਂਤੀ ਹਜ਼ਾਰ ਪੌਂਡ ਤੋਂ ਲੈ ਕੇ ਚਾਲੀ ਹਜ਼ਾਰ ਪੌਂਡ ਵਿਚਕਾਰ।"

"ਇਹ ਤਾਂ ਬਹੁਤ ਜ਼ਿਆਦਾ!"

"ਮਿਸਟਰ ਸਿੰਘ, ਆਓ ਤੁਹਾਨੂੰ ਆਪਣੇ ਨਰਸਿੰਗ ਹੋਮ ਦੀ ਸਰਵਿਸ ਦਿਖਾਵਾਂ।"

ਪਿਆਰੇ ਲਾਲ ਉਸ ਨੂੰ ਆਪਣੇ ਨਾਲ ਲੈ ਤੁਰਿਆ। ਸੌ ਬਿਸਤਰਿਆਂ ਵਾਲਾ ਤਿੰਨ ਮੰਜ਼ਲਾ ਨਰਸਿੰਗ ਹੋਮ ਸੀ। ਕੁਝ ਕਮਰਿਆਂ ਵਿੱਚ ਕਈ ਕਈ ਮਰੀਜ਼ ਸਨ ਤੇ ਕੁਝ ਕਮਰੇ ਇਕੱਲੇ ਇਕੱਲੇ ਮਰੀਜ਼ ਕੋਲ ਸਨ। ਹਰ ਕਮਰੇ ਵਿੱਚ ਟੈਲੀ ਸਨ ਤੇ ਹੋਰ ਸਾਰੀਆਂ ਸਹੂਲਤਾਂ ਵੀ। ਬਾਥਰੂਮ ਵੀ ਕਮਰਿਆਂ ਦੇ ਨਾਲ ਹੀ ਸੀ। ਇਹ ਕਮਰੇ ਹੋਟਲ ਦੇ ਕਮਰਿਆਂ ਦਾ ਭੁਲੇਖਾ ਪਾਉਂਦੇ ਸਨ। ਭਾਰਤੀ ਬੋਲੀ, ਭਾਰਤੀ ਖਾਣਿਆਂ ਦਾ, ਭਾਰਤੀ ਸੰਗੀਤ ਤੇ ਫਿਲਮਾਂ ਦਾ ਪੂਰਾ ਪ੍ਰਬੰਧ ਸੀ। ਆਪਣੇ ਧਰਮ ਅਨੁਸਾਰ ਪਾਠ ਸੁਣਨ ਦੀਆਂ ਸੁਵਿਧਾਵਾਂ ਵੀ ਸਨ।ਪਿਆਰੇ ਲਾਲ ਮਰੀਜ਼ਾਂ ਦੀਆਂ ਸਾਰੇ ਦਿਨ ਦੀਆਂ ਸਰਗਰਮੀਆਂ ਬਾਰੇ ਪੂਰੀ ਤਫਸੀਲ ਨਾਲ ਦੱਸਦਾ ਗਿਆ। ਹਰ ਹਫਤੇ ਮਰੀਜ਼ਾਂ ਨੂੰ ਬਾਹਰ ਘੁੰਮਾਉਣ ਲਈ ਲਈ ਨਰਸਿੰਗ ਹੋਮ ਦੀ ਆਪਣੀ ਬੱਸ ਸੀ। ਸਤਨਾਮ ਸਿੰਘ ਸੋਚਦਾ ਜਾ ਰਿਹਾ ਸੀ ਕਿ ਵਾਕਿਆ ਹੀ ਉਮਰ ਦੇ ਆਖਰੀ ਦਿਨ ਕੱਟਣ ਲਈ ਇਸ ਤੋਂ ਵਧੀਆ ਜਗਾਹ ਕੋਈ ਨਹੀਂ ਹੋਣੀ ਪਰ ਖਰਚਾ ਬਹੁਤ ਜ਼ਿਆਦਾ ਸੀ।

ਨਰਸਿੰਗ ਹੋਮ ਦਾ ਇਕ ਗੇੜਾ ਲਾ ਕੇ ਉਹ ਦੋਵੇਂ ਵਾਪਸ ਦਫਤਰ ਵਿੱਚ ਆ ਬਹਿੰਦੇ ਹਨ। ਪਿਆਰੇ ਲਾਲ ਆਖਦਾ ਹੈ,

"ਸਾਡੇ ਕੋਲ ਦੋ ਕਿਸਮ ਦੇ ਮਰੀਜ਼ ਆਉਂਦੇ ਨੇ, ਇਕ ਤਾਂ ਜਿਹਨਾਂ ਨੇ ਇਨਸ਼ੋਰਅਰੈਂਸ ਕਰਾਈ ਹੋਈ ਹੁੰਦੀ ਏ ਤੇ ਦੂਜੇ ਜਿਹੜੇ ਆਮ ਲੋਕ। ਅਸੀਂ ਮਰੀਜ਼ ਦੇ ਆਉਂਦਿਆਂ ਹੀ ਸਿਸਟਮ ਵਿੱਚੋਂ ਦੇਖ ਲੈਂਦੇ ਹਾਂ ਕਿ ਇਹਦੇ ਨਾਵੇਂ ਕੁਝ ਹੈ ਕਿ ਨਹੀਂ, ਉਸੇ ਹਿਸਾਬ ਨਾਲ ਅਸੀਂ ਆਪਣੀ ਸਰਵਿਸ ਦਿੰਦੇ ਹਾਂ ਪਰ ਉਸ ਦੇ ਵਾਰਿਸਾਂ ਨੂੰ ਸਾਰੀ ਗੱਲ ਦੱਸ ਦਿੰਦੇ ਹਾਂ। ਤੁਸੀਂ ਪੱਲਿਓਂ ਪੈਸੇ ਖਰਚ ਕੇ ਆਪਣੇ ਰਿਸ਼ਤੇਦਾਰ ਦੀ ਵਧੀਆ ਸੰਭਾਲ ਕਰਾ ਸਕਦੇ ਹੋ।"

"ਮਿਸਟਰ ਲਾਲ, ਬਾਕੀ ਤਾਂ ਸਭ ਠੀਕ ਐ ਪਰ ਖਰਚਾ ਬਹੁਤ ਐ, ਮੇਰੇ ਕੋਲ ਏਨੇ ਪੈਸੇ

ਨਹੀਂ।"

"ਮਿਸਟਰ ਸਿੰਘ, ਤੁਸੀਂ ਆਪਣੀ ਪਤਨੀ ਨੂੰ ਸਾਂਭਣ ਦੇ ਕਾਬਲ ਨਹੀਂ, ਬੱਚੇ ਮੱਦਦ ਨਹੀਂ ਕਰਦੇ, ਫਿਰ ਕੀ ਕਰੋਂਗੇ? ਉਹਦਾ ਅਖੀਰ ਖਰਾਬ ਕਰੋਂਗੇ? ਜੇ ਤੁਹਾਡੇ ਕੋਲ ਏਨੇ ਪੈਸੇ ਨਹੀਂ ਤਾਂ ਘਰ ਤਾਂ ਹੈ ਹੀ ਨਾ?"

"ਘਰ ਤਾਂ ਹੈ।"

"ਇਸ ਮੁਲਕ ਵਿੱਚ ਘਰ ਸੌਖੇ ਅੰਤ ਦੀ ਗਰੰਟੀ ਹੁੰਦੇ ਨੇ। ਆਪਣੇ ਮੁਲਕਾਂ ਵਿੱਚ ਔਲਾਦ ਬੁਢਾਪੇ ਦੀ ਡੰਗੋਰੀ ਹੋਇਆ ਕਰਦੀ ਸੀ, ਇਸ ਮੁਲਕ ਵਿੱਚ ਘਰ ਬੁਢਾਪੇ ਵਿੱਚ ਕੰਮ ਆਉਂਦਾ ਏ।"

ਪਿਆਰੇ ਲਾਲ ਦੀਆਂ ਗੱਲਾਂ ਵਿੱਚੋਂ ਉਹਨੂੰ ਬਹੁਤ ਸਾਰੇ ਸਵਾਲਾਂ ਦੇ ਜਵਾਬ ਮਿਲ ਰਹੇ ਹਨ। ਦੁਪਹਿਰੋਂ ਬਾਅਦ ਜਲਦੀ ਹੀ ਸਤਵੰਤੀ ਆਪਣੇ ਮੁੰਡੇ ਰਾਜਵੀਰ ਨੂੰ ਲੈ ਕੇ ਪੁੱਜ ਜਾਂਦੀ ਹੈ। ਸਤਨਾਮ ਸਿੰਘ ਉਸ ਨੂੰ ਪਿਆਰ ਦਿੰਦਾ ਪੁੱਛਦਾ ਹੈ,

"ਪਰਗਟ ਨਹੀਂ ਆਇਆ? ਤੇ ਕਿਰਨਦੀਪ ਵੀ?"

"ਇਹਨਾਂ ਨੇ ਕੰਮ ਤੋਂ ਸਿੱਧੇ ਆਉਣਾ, ਕਿਰਨਦੀਪ ਦੇ ਇਮਤਿਹਾਨ ਚੱਲ ਰਹੇ ਆ।"

ਸਤਵੰਤੀ ਦੱਸਦੀ ਹੈ। ਸਤਵੰਤੀ ਉਹਨਾਂ ਦੋਵਾਂ ਵੱਲ ਦੇਖਦੀ, ਘੋਖਦੀ ਆਖਦੀ ਹੈ,

"ਡੈਡ, ਤੁਸੀਂ ਤਾਂ ਠੀਕ ਦਿਸਦੇ ਹੋ ਪਰ ਮੌਮ ਕੁਝ ਕਮਜ਼ੋਰ ਹੋ ਗਈ।"

"ਹਾਂ ਪੁੱਤ, ਮੈਂ ਜ਼ਰਾ ਸਖਤ ਹੱਡੀ ਦਾ ਬਣਿਆਂ, ਇਹੀ ਦਿਲ ਛੱਡੀ ਜਾਂਦੀ ਐ।"

"ਦਿਲ ਤਾਂ ਨਹੀਂ ਛੱਡਦੀ ਮੈਂ, ਹੁਣ ਜਦ ਅੰਗ ਹੀ ਸਾਥ ਛੱਡੀ ਜਾਣ ਤਾਂ ਕੀ ਕਰਾਂ।" ਆਖਦੀ ਇੰਦਰ ਕੌਰ ਜ਼ਰਾ ਕੁ ਹੱਸਦੀ ਹੈ।

"ਵੀਰੇ ਦਾ ਫੋਨ ਆਇਆ ਸੀ ਕਿ ਡੈਡ ਨੂੰ ਕਹੋ ਘਰ ਮੇਰੇ ਨਾਂ ਕਰ ਦੇਵੇ।"

"ਪੁੱਤ ਖੁਸ਼ਵੰਤੀ, ਉਹ ਬਹੁਤਾ ਹੀ ਕਾਹਲਾ ਪੈ ਰਿਹਾ, ਜ਼ਰਾ ਸਬਰ ਕਰੇ, ਸਬਰ ਦਾ ਫਲ ਮਿੱਠਾ ਹੁੰਦਾ।"

ਉਹਨਾਂ ਦੇ ਗੱਲਾਂ ਕਰਦਿਆਂ ਡੋਰ ਬੈੱਲ ਹੁੰਦੀ ਹੈ। ਅਵਤਾਰ ਤੇ ਸੁਰਜੀਤ ਕੌਰ ਆ ਜਾਂਦੇ ਹਨ। ਛੋਟਾ ਮੁੰਡਾ ਨਵਰੂਪ ਉਹਨਾਂ ਦੇ ਨਾਲ ਹੈ। ਵੱਡੇ ਮੁੰਡੇ ਦੀ ਫੁਟਬਾਲ ਦੀ ਟੀਮ ਅੱਜ ਖੇਡ ਰਹੀ ਹੈ, ਉਸ ਦਾ ਮੈਚ ਟੈਲੀ 'ਤੇ ਆਉਣਾ ਸੀ ਇਸ ਲਈ ਉਹ ਨਹੀਂ ਆਇਆ। ਅਵਤਾਰ ਬਹੁਤ ਸਾਰੇ ਤੋਹਫੇ ਆਪਣੇ ਮਾਂ-ਪਿਓ ਲਈ ਲਿਆਇਆ ਹੈ। 'ਹੈਪੀ ਵੈਡਿੰਗ ਐਨਵਿਰਸਰੀ ਵਾਲਾ ਕਾਰਡ ਕਾਫੀ ਟੇਬਲ 'ਤੇ ਰੱਖ ਦਿੰਦਾ ਹੈ। ਨਵਰੂਪ ਕਾਰ ਵਿੱਚੋਂ ਕੇਕ ਕੱਢ ਲਿਆਉਂਦਾ ਹੈ ਤੇ ਕਾਫੀ ਟੇਬਲ 'ਤੇ ਸਜਾ ਦਿੰਦਾ ਹੈ। ਅਵਤਾਰ ਸੁਰਜੀਤ ਕੌਰ ਨੂੰ ਆਖਦਾ ਹੈ,

"ਲਿਆ ਬਈ, ਪੰਜਾਹਵੇਂ ਵਰ੍ਹੇ ਵਾਲੀ ਕੈਂਡਲ ਜਗਾ ਕੇ ਲਿਆ ਤੇ ਨਾਲੇ ਨਾਈਫ ਲੈ ਆ, ਕੇਕ ਕੱਟੀਏ।"

"ਵੀਰੇ, ਹੋਰ ਅੱਧਾ ਘੰਟਾ ਰੁਕ ਲੈ, ਇਹਨਾਂ ਨੇ ਕੰਮ ਤੋਂ ਸਿੱਧੇ ਹੀ ਆ ਜਾਣਾ। ਤੁਰ ਪਏ ਹੋਣੇ ਆਂ।"

ਸਾਰੇ ਸਹਿਮਤ ਹੁੰਦੇ ਹਨ। ਸੁਰਜੀਤ ਕੌਰ ਇਕ ਮੋਮਬੱਤੀ ਜੋ ਪੰਜਾਹਵਿਆਂ ਦੇ ਹਿੰਦਸੇ ਦੀ ਸ਼ਕਲ ਦੀ ਹੈ, ਨੂੰ ਬਾਲ਼ ਕੇ ਕੇਕ ਵਿੱਚ ਗੱਡ ਦਿੰਦੀ ਹੈ। ਫੋਨਾਂ ਉਪਰ ਫੋਟੋ ਖਿੱਚੀਆਂ ਜਾਂਦੀਆਂ ਹਨ। ਇਧਰ-ਉਧਰ ਦੀਆਂ ਗੱਲਾਂ ਬਾਅਦ ਅਵਤਾਰ ਪੁੱਛਦਾ ਹੈ,

"ਡੈਡ, ਹਾਊਸ ਬਾਰੇ ਕੀ ਥਿੰਕ ਕੀਤਾ?"

"ਕੀ ਮਤਲਬ?"

"ਹਾਊਸ ਮੇਰੇ ਨਾਂ ਟਰਾਂਸਫਰ ਕਰਨ ਬਾਰੇ।"

"ਪੁੱਤਰਾ, ਘਰ ਤੇਰਾ ਹੀ ਐ, ਸਤਵੰਤੀ ਨੂੰ ਇਹਦਾ ਹਿੱਸਾ ਮੈਂ ਦੇ ਦਿੱਤਾ ਸੀ ਜਦ ਇਹਨੇ ਘਰ ਲਿਆ ਪਰ ਫਿਰ ਵੀ ਚੰਗਾ ਹੋਵੇਗਾ ਜੇ ਘਰ ਵਿੱਚੋਂ ਕੁਝ ਇਹਨੂੰ ਵੀ ਦੇ ਦੇਵੀਂ, ਇਹਨੇ ਕੁੜੀ ਵਿਆਹੁਣੀ ਆਂ।"

"ਉਹ ਤਾਂ ਠੀਕ ਐ ਪਰ ਪਹਿਲਾਂ ਹਾਊਸ ਮੇਰੇ ਨਾਂ ਕਰਵਾ ਦਿਓ।"

"ਮੈਂ ਵਸੀਅਤ ਕੀਤੀ ਹੋਈ ਐ।"

"ਨਹੀਂ ਡੈਡ, ਮੈਂ ਹੁਣੇ ਹਾਊਸ ਆਪਣੇ ਨਾਵੇਂ ਮੰਗਦਾਂ।"

"ਅਵਤਾਰ, ਮੈਂ ਹਾਲੇ ਜਿਉਂਦਾ ਜਾਗਦਾਂ।"

"ਮੈਨੂੰ ਪਤਾ ਤੁਸੀਂ ਮੌਮ ਨੂੰ ਨਰਸਿੰਗ ਹੋਮ ਭੇਜਣ ਬਾਰੇ ਥਿੰਕ ਕਰਦੇ ਓ। ਏਦਾਂ ਤਾਂ ਹਾਊਸ ਉਹਨਾਂ ਨੇ ਕੀਪ ਕਰ ਲੈਣੇ ਆਂ।"

"ਹੁਣ ਮੈਂ ਇਹਦਾ ਕੀ ਕਰਾਂ? ਤੁਸੀਂ ਸੰਭਾਲ ਨਹੀਂ ਸਕਦੇ, ਮੇਰੀ ਸਿਹਤ ਵੀ ਜਵਾਬ ਦੇਈ ਜਾਂਦੀ ਐ, ਇਹਦਾ ਇਹੋ ਹੱਲ ਐ। ਮੈਂ ਦੇਖਿਆ ਬੂਪਾ, ਬਹੁਤ ਸੇਵਾ ਕਰਦੇ ਆ।"

"ਤੁਸੀਂ ਮੌਮ ਨੂੰ ਉਥੇ ਭੇਜਣ ਤੋਂ ਪਹਿਲਾਂ ਹਾਊਸ ਮੇਰੇ ਨਾਵੇਂ ਕਰ ਦੇਵੋ, ਏਦਾਂ ਹਾਊਸ ਸੇਵ ਹੋ ਜਾਣਾ ਨਹੀਂ ਤਾਂ ਉਹਨਾਂ ਨੇ ਇਹਦੇ ਉਪਰ ਚਾਰਜ ਲਾ ਦੇਣਾ ਤੇ ਸਾਨੂੰ ਵੇਚਣ ਨਹੀਂ ਦੇਣਾ। ਇਸ ਵੇਲੇ ਇਹ ਪ੍ਰੌਪ੍ਰਟੀ ਮਿਲੀਅਨ ਪੌਂਡ ਵਰਥ ਐ। ...ਮੈਂ ਵਕੀਲ ਤੋਂ ਟਾਈਮ ਲੈ ਲਿਆ, ਕੱਲ ਨੂੰ ਹੀ ਇਹ ਮੇਰੇ ਨਾਂ ਕਰੋ।"

"ਘਰ ਤੇਰੇ ਨਾਂ ਕਰ ਕੇ ਮੈਂ ਕਿੱਥੇ ਰਹਿਣਾ?"

"ਤੁਸੀਂ ਇਥੇ ਹੀ ਰਹੋਂਗੇ, ਇਹ ਤਾਂ ਸਭ ਪੇਪਰ ਵਰਕ ਹੀ ਐ।"

"ਜੇ ਕੱਲ ਨੂੰ ਤੂੰ ਮੈਨੂੰ ਘਰੋਂ ਕੱਢ ਦੇਵੇਂ ਤਾਂ ਮੈਂ ਕਿੱਥੇ ਜਾਊਂ?"

"ਮੈਂ ਕੋਈ ਪਾਗਲ ਆਂ?"

"ਇਹ ਤਾਂ ਤੁਹਾਡੀ ਮਾਂ ਹੀ ਡਿੱਗੀ ਐ ਮੈਂ ਤਾਂ ਹਾਲੇ ਤਕੜਾਂ ਤੇ ਪਤਾ ਨਹੀਂ ਕਿੰਨੇ ਸਾਲ ਜੀਉਣਾ। ਕੱਲ ਨੂੰ ਤੂੰ ਸੋਚਣ ਲੱਗ ਪਵੇਂ ਕਿ ਇਹ ਬੁੱਢਾ ਤਾਂ ਮਰਦਾ ਹੀ ਨਹੀਂ, ਮਿਲੀਅਨ ਪੌਂਡ ਦੀ ਮਾਲਕੀ ਤੇਰਾ ਮਨ ਬਦਲ ਦੇਵੇ ਤਾਂ ਮੇਰਾ ਕੀ ਬਣੂੰ?"

"ਡੈਡ, ਏਦਾਂ ਕਦੇ ਨਹੀਂ ਹੋਣਾ, ਆਏ ਪਰੌਮਿਜ਼!"

"ਸ਼ਾਮ ਲਾਲ ਨੂੰ ਜਾਣਦਾਂ ਜਿਹਦਾ ਮੁੰਡਾ ਅਸ਼ੋਕ ਤੇਰੇ ਨਾਲ ਪੜ੍ਹਦਾ ਸੀ। ਅਸ਼ੋਕ ਨੇ ਕੋਈ ਬਿਜ਼ਨਸ ਖਰੀਦਣਾ ਸੀ ਤੇ ਉਹਨੇ ਘਰ ਮੁੰਡੇ ਦੇ ਨਾਂ ਕਰ ਦਿੱਤਾ, ਕੁਝ ਹਫਤਿਆਂ ਬਾਅਦ ਹੀ ਮੁੰਡੇ ਨੇ ਪਿਓ ਨੂੰ ਘਰੋਂ ਕੱਢ ਦਿੱਤਾ। ਮੈਂ ਸ਼ਾਮ ਲਾਲ ਨਹੀਂ ਬਣਨਾ ਚਾਹੁੰਦਾ।"

"ਡੈਡ, ਮੈਂ ਅਸ਼ੋਕ ਨਹੀਂ।"

"ਤੇ ਮੈਂ ਵੀ ਸ਼ਾਮ ਲਾਲ ਨਹੀਂ।"

ਸਤਨਾਮ ਸਿੰਘ ਦ੍ਰਿੜਤਾ ਨਾਲ ਆਖਦਾ ਹੈ। ਅਵਤਾਰ ਦਾ ਰੰਗ ਗੁੱਸੇ ਵਿੱਚ ਲਾਲ ਫਿਰਨ ਲੱਗਦਾ ਹੈ,

"ਜਾਣੀ ਕਿ ਮਿਲੀਅਨ ਪੌਂਡ ਤੁਸੀਂ ਨਰਸਿੰਗ ਹੋਮ ਦੀ ਬੈਕ ਵਿੱਚ ਪੁੱਸ਼ ਕਰ ਦੇਣਾ?"

"ਏਦਾਂ ਹੀ ਸਮਝ।" ਸਤਨਾਮ ਸਿੰਘ ਉਸੇ ਸੁਰ ਵਿੱਚ ਆਖਦਾ ਹੈ।

ਅਵਤਾਰ ਉਠ ਕੇ ਖੜਾ ਹੋ ਜਾਂਦਾ ਹੈ। ਮੇਜ਼ 'ਤੇ ਪਏ ਕੇਕ ਨੂੰ ਜ਼ੋਰਦਾਰ ਕਿੱਕ ਮਾਰਦਾ ਹੈ। ਪੰਜਾਵਿਆਂ ਵਰ੍ਹਿਆਂ ਵਾਲੀ ਮੋਮਬੱਤੀ ਦੂਰ ਜਾ ਡਿਗਦੀ ਹੈ। ਕੇਕ ਖਿਲਰ ਜਾਂਦਾ ਹੈ। 'ਫੱਕ-ਫੱਕ ਕਰਦਾ ਅਵਤਾਰ ਬਾਹਰ ਨਿਕਲ ਜਾਂਦਾ ਹੈ।

✲ ✲ ✲

## ਹਰਜੀਤ ਅਟਵਾਲ ਦੀ ਕਹਾਣੀ 'ਵਰ੍ਹੇ ਗੰਢ' ਉੱਤੇ ਹੋਈ ਵਿਚਾਰ-ਚਰਚਾ

ਸੁਖਪ੍ਰੀਤ:- ਹਰਜੀਤ ਅਟਵਾਲ ਦੀ ਇਹ ਕਹਾਣੀ ਥੀਮ ਪੱਖੋਂ ਬਹੁਤੀ ਨਵੀਂ ਨਹੀਂ। ਇਸ ਥੀਮ ਦਾ ਦੂਹਰਾ ਪਹਿਲਾਂ ਵੀ ਹੋ ਚੁੱਕਿਆ। ਉਨ੍ਹਾਂ ਦੀ ਹੀ ਕਹਾਣੀ ਗੁਆਂਢੀ ਇਸੇ ਥੀਮ ਉਤੇ ਲਿਖੀ ਗਈ ਹੈ। ਦੋਹਾਂ ਕਹਾਣੀਆਂ ਦੇ ਪਾਤਰਾਂ ਦੀ ਮੌਤ ਕੀੜੇ ਪੈ ਕੇ ਹੁੰਦੀ ਹੈ ਜਾਂ ਮੌਤ ਤੋਂ ਬਾਅਦ ਕੀੜੇ ਪੈਂਦੇ ਹਨ। ਹਰਜੀਤ ਅਟਵਾਲ ਦੀ ਉਮਰ ਵੀ ਸ਼ਾਇਦ ਇਹੀ ਹੋਣੀ ਹੈ। ਪੈਂਹਠ, ਸੱਤਰ ਦੇ ਕਰੀਬ। ਇਸ ਉਮਰ ਵਿਚ ਵਿਅਕਤੀ ਆਪਣੀ ਜ਼ਮੀਨ ਨੂੰ ਲੈ ਕੇ ਦੁਬਿਧਾ ਦਾ ਸ਼ਿਕਾਰ ਹੁੰਦਾ ਹੈ। ਇਕ ਉਦਾਹਰਣ ਉਹ ਸ਼ਾਮ ਲਾਲ ਵੀ ਦਿੰਦਾ, ਜਿਸ ਨੇ ਘਰ ਬੱਚਿਆਂ ਦੇ ਨਾਂ ਕਰ ਦਿੱਤਾ। ਦੂਜੀ ਉਦਾਹਰਣ ਸਤਨਾਮ ਆਪ ਹੈ, ਉਹ ਆਪਣੇ ਬੱਚੇ ਦੇ ਨਾਂ ਜ਼ਮੀਨ ਨਹੀਂ ਕਰਦਾ। ਇਹ ਪੀੜ੍ਹੀ ਦੁਬਿਧਾ ਦੀ ਸ਼ਿਕਾਰ ਹੈ ਕਿ ਉਮਰ ਦੇ ਇਸ ਪੜਾਅ ਉੱਤੇ ਆ ਕੇ ਕੀ ਕੀਤਾ ਜਾਵੇ। ਕਲਾਂ ਦੇ ਪੱਖ ਤੋਂ ਇਹ ਕਹਾਣੀ ਬਹੁਤ ਵਧੀਆ। ਉਸਨੂੰ ਕਹਾਣੀ ਕਹਿਣੀ ਆਉਂਦੀ ਹੈ। ਕਹਾਣੀ ਦੇ ਸਾਰੇ ਪਾਤਰ ਪੰਜਾਬੀ ਹਨ। ਉਥੇ ਜਾ ਕੇ ਕੀ ਸਥਿਤੀਆਂ ਬਣ ਜਾਂਦੀਆਂ ਹਨ ਕਿ ਮਾਪੇ ਪਰਾਏ ਹੋ ਜਾਂਦੇ ਹਨ। ਬਿਰਧ ਘਰਾਂ ਵਿਚ ਰਹਿੰਦੇ ਹਨ। ਕਹਾਣੀ ਵਿਚ ਕਿਤੇ ਵੀ ਵਾਧੂ ਵੇਰਵੇ ਨਹੀਂ ਹਨ। ਕਹਾਣੀ ਕੁਝ ਮਸਲੇ ਵੀ ਉਠਾਉਂਦੀ ਹੈ।

ਹਰਪ੍ਰੀਤ:- ਇਸ ਕਹਾਣੀ ਦੇ ਪਹਿਲੇ ਵਾਕ 'ਤੇਰੇ ਲਾਡਲੇ ਨੇ ਵਧਾਈ ਭੇਜੀ ਹੈ' ਤੋਂ ਹੀ ਗੱਲ ਸਾਫ਼ ਹੋ ਜਾਂਦੀ ਹੈ ਕਿ ਉਨ੍ਹਾਂ ਵਿਚਕਾਰ ਕੁਝ ਠੀਕ ਨਹੀਂ ਹੈ। ਇਥੋਂ ਹੀ ਕਹਾਣੀ ਵਿਚ ਰਹੱਸ ਬਣਨਾ ਸ਼ੁਰੂ ਹੋ ਜਾਂਦਾ। ਕਹਾਣੀ ਵਿਚ ਵੇਰਵੇ ਭਾਵੇਂ ਬਹੁਤੇ ਨਹੀਂ, ਪ੍ਰੰਤੂ ਸਤਨਾਮ ਦਾ ਬਿੰਬ ਉਸਾਰਨ ਲਈ ਬਿਰਤਾਂਤ ਬਹੁਤ ਲੰਮਾ ਹੈ। ਬਿਰਤਾਂਤ ਸਿਰਜਦੇ ਸਮੇਂ ਕਹਾਣੀ ਰੁਕ ਜਾਂਦੀ ਹੈ। ਬਿਰਤਾਂਤ ਦੇ ਖ਼ਤਮ ਹੁੰਦੇ ਹੀ ਕਹਾਣੀ ਤੇਜ਼ੀ ਫੜਦੀ ਹੈ। ਇਹ ਕਹਾਣੀ ਵਾਰ ਵਾਰ ਉਪ-ਬਿਰਤਾਂਤ ਸਿਰਜਦੀ ਹੈ। ਇਕ ਗੱਲ ਮੈਂ ਇਸ ਕਹਾਣੀ ਦੀ ਬਿਰਤਾਂਤਕਾਰੀ ਬਾਰੇ ਕਰਨੀ ਹੈ। ਮੈਂ ਇਕ ਕਿਤਾਬ ਪੜ੍ਹੀ ਸੀ 'ਵਟ ਮੇਕਸ ਦਾ ਸ਼ਾਰਟ ਸਟੋਰੀ', ਉਹਦੇ ਵਿਚ ਲੇਖਕ ਨੇ ਅਨਯ ਪੁਰਖੀ ਬਿਰਤਾਂਤ 'ਚ ਕਈ ਹਿੱਸੇ ਦੱਸੇ ਸਨ ਕਿ ਉਹ ਇਕ ਤਰ੍ਹਾਂ ਦਾ ਨਹੀਂ ਹੁੰਦਾ। ਉਹ ਬਿਰਤਾਂਤ ਸਰਵ-ਗਿਆਤਾ ਨਹੀਂ ਹੁੰਦਾ। ਇਸ ਵਿਚਲਾ ਸਰਬਗਿਆਤਾ ਨਹੀਂ ਹੈ। ਉਹ ਸਤਨਾਮ ਸਿੰਘ ਦੇ ਮਨ ਦੀ ਗੱਲ ਹੀ ਕਰਦਾ ਰਿਹਾ। ਅਕਸਰ ਕੀ ਸੋਚ ਰਿਹਾ ਇਸ ਬਾਰੇ ਸਰਵ-ਗਿਆਤਾ ਨਹੀਂ ਦੱਸ ਰਿਹਾ। ਦੂਜਾ ਬਿਰਤਾਂਤਕ ਕਹਾਣੀ ਵਿਚ ਆਪਣੇ ਵੱਲੋਂ ਵੀ ਗੱਲਾਂ ਕਰ ਜਾਂਦਾ। ਇਥੇ ਮੈਂ ਤੁਹਾਡੇ ਸਾਰਿਆਂ ਤੋਂ ਇਕ ਗੱਲ ਪੁੱਛਣਾ ਚਾਹੁੰਦੀ ਹਾਂ ਉਹ ਇਕ ਗੱਲ ਕਹਿੰਦਾ, ਉਸ ਨੇ ਕੁੜੀ ਵਿਹਾਉਣੀ ਹੈ। ਇਹ ਕਿਉਂ ਕਹਿੰਦਾ? ਪੰਜਾਬੀ ਬੰਦੇ ਦੀ ਮਾਨਸਿਕਤਾ ਉਥੇ ਜਾ ਕੇ ਵੀ ਕਿਉਂ ਨਹੀਂ ਬਦਲੀ।

ਜਨਮੀਤਃ- ਇਹ ਠੀਕ ਕਿਹਾ ਗਿਆ ਬਜ਼ੁਰਗਾਂ ਦੀ ਸਾਂਭ ਸੰਭਾਲ ਦਾ ਮਸਲਾ ਬਹੁਤ ਵੱਡਾ ਹੈ। ਇਸ ਕਹਾਣੀ ਵਿਚੋਂ ਇਹ ਗੱਲ ਉਭਰਦੀ ਹੈ ਕਿ ਸਾਰੇ ਰਿਸ਼ਤੇ ਆਰਥਿਕਤਾ ਨਾਲ ਹੀ ਜੁੜੇ ਹੋਏ ਹਨ। ਇਹ ਗੱਲ ਕਹਾਣੀ ਦੇ ਕਲਾਈਮੈਕਸ ਵਿਚੋਂ ਉਭਰਦੀ ਹੈ। ਮੈਨੂੰ ਚੰਗੀ ਲੱਗੀ ਹੈ ਇਹ ਕਹਾਣੀ। ਇਸ ਦੀ ਕੋਈ ਆਲੋਚਨਾ ਮੇਰੇ ਕੋਲ ਤਾਂ ਹੈ ਨਹੀਂ।

ਸੁਕੀਰਤਃ- ਜਿਹੜੀਆਂ ਗੱਲਾਂ ਪਹਿਲਾਂ ਹੋ ਚੁੱਕੀਆਂ ਮੈਂ ਉਸ ਤੋਂ ਗੱਲ ਅੱਗੇ ਤੋਰਦਾ। ਜਿਹੜੀ ਗੱਲ ਸੁਖਪ੍ਰੀਤ ਅਤੇ ਹਰਪ੍ਰੀਤ ਨੇ ਕਹੀ ਹੈ ਕਿ ਇਸ ਵਿਸ਼ੇ ਉੱਤੇ ਪਹਿਲਾਂ ਵੀ ਬਹੁਤ ਕਹਾਣੀਆਂ ਲਿਖੀਆਂ ਗਈਆਂ ਹਨ, ਵਿਸ਼ੇ ਪੱਖੋਂ ਇਹ ਨਵੀਂ ਨਹੀਂ ਹੈ। ਮੈਨੂੰ ਯਾਦ ਹੈ ਇਹੋ ਜਿਹੀ ਕਹਾਣੀ ਦੁੱਗਲ ਸਾਹਿਬ ਦੀ ਸੀ। ਕਹਾਣੀ ਇੰਜ ਹੈ ਕਿ ਮਾਂ ਪਿਉ ਘਰ ਬਣਾਉਂਦੇ ਹਨ। ਉਨ੍ਹਾਂ ਨੇ ਪਿਛਲਾ ਕਮਰਾ ਆਪਣੇ ਮਾਪਿਆਂ ਨੂੰ ਦਿੱਤਾ ਹੋਇਆ। ਜਦੋਂ ਉਨ੍ਹਾਂ ਦੇ ਬੱਚੇ ਜਵਾਨ ਹੋ ਜਾਂਦੇ ਹਨ ਉਹ ਕਮਰਾ ਫਿਰ ਉਨ੍ਹਾਂ ਨੂੰ ਮਿਲ ਜਾਂਦਾ ਹੈ। ਜੋ ਅਸੀਂ ਆਪਣੇ ਮਾਪਿਆਂ ਨਾਲ ਕਰਦੇ ਹਾਂ ਉਹੀ ਉਨ੍ਹਾਂ ਦੀ ਔਲਾਦ ਉਨ੍ਹਾਂ ਨਾਲ ਕਰਦੀ ਹੈ। ਇਥੇ ਇਕ ਫ਼ਰਕ ਆ ਗਿਆ ਹੈ ਜਿਹੜਾ ਇਸ ਕਹਾਣੀ ਦਾ ਮੁੱਖ ਪਾਤਰ ਹੈ, ਸਤਨਾਮ ਉਹ ਇਹ ਮੰਨ ਨਹੀਂ ਰਿਹਾ। ਇਹੀ ਫਰਕ ਹੈ। ਜਦੋਂ ਮੈਂ ਪੜ੍ਹ ਰਿਹਾ ਸੀ ਮੈਨੂੰ ਲੱਗ ਰਿਹਾ ਸੀ ਕਿ ਇਸ ਉੱਤੇ ਵਧੀਆ ਨਾਟਕ ਬਣ ਸਕਦਾ। ਬਾਕੀ ਹਰਜੀਤ ਨੂੰ ਕਹਾਣੀ ਕਹਿਣੀ ਆਉਂਦੀ ਹੈ। ਉਸ ਕੋਲ ਜ਼ੁਬਾਨ ਵੀ ਹੈ। ਇਸ ਵਿਚ ਸਾਰੇ ਪਾਤਰ ਪੰਜਾਬੀ ਹਨ। ਇਸ ਕਹਾਣੀ ਦਾ ਸਾਰਾ ਮੁਹਾਵਰਾ ਪੰਜਾਬੀ ਰਹਿੰਦਾ ਹੈ ਕਿਉਂਕਿ ਸਾਰੇ ਪਾਤਰ ਪੰਜਾਬੀ ਹਨ। ਪਰ ਜਿਹੜੀ ਗੱਲ ਅਸੀਂ ਵਾਰ-ਵਾਰ ਕਰਦੇ ਹਾਂ ਕਿ ਪਰਵਾਸ ਦੇ ਅਨੁਭਵ ਅਤੇ ਇਥੇ ਦੇ ਅਨੁਭਵ ਕਾਰਨ ਜੋ ਅਸੀਂ ਆਪਣੇ ਹੀ ਲੋਕਾਂ ਵਿਚ ਵਿਚਰਦੇ ਹਾਂ ਤਾਂ ਸਾਨੂੰ ਲੱਗਦਾ ਕਿ ਜਾਇਦਾਦ ਦੀ ਗੱਲ ਜਿਹੋ ਜਿਹੀ ਹੈ ਇੰਗਲੈਂਡ ਵਿਚ ਕੋਈ ਮਾਪਾ ਨਹੀਂ ਕਰਦਾ, ਨਾ ਹੀ ਕੋਈ ਬੱਚਾ ਇਹ ਉਮੀਦ ਕਰਦਾ ਹੈ ਕਿ ਮਾਪੇ ਉਸਦੇ ਨਾਂ ਜ਼ਮੀਨ ਕਰਕੇ ਜਾਣਗੇ। ਇਹ ਪੂਰਬੀ ਵਿਚਾਰ ਹੈ ਜਿਸ ਵਿਚ ਪਿਆ ਹੈ ਕਿ ਅਸੀਂ ਛਿੱਤਰ ਵੀ ਖਾਣੇ ਹਨ ਅਤੇ ਉਨ੍ਹਾਂ ਨੂੰ ਕੁਝ ਨਾ ਕੁਝ ਦੇ ਕੇ ਵੀ ਜਾਣਾ ਹੈ। ਪੱਛਮ ਵਿਚ ਇਹ ਹੈ ਕਿ ਤੁਸੀਂ ਬੱਚੇ ਪੜ੍ਹਾ ਦਿੱਤੇ, ਕੰਮ ਉੱਤੇ ਲਗ ਗਏ ਉਨ੍ਹਾਂ ਦੀ ਸਹਾਇਤਾ ਕਰ ਦੇਈਏ ਇਸ ਨਾਲ ਰਾਬਤਾ ਵੀ ਬਣਿਆ ਰਹਿੰਦਾ। ਅਸੀਂ ਕਈ ਵਾਰੀ ਸੋਚਦੇ ਹਾਂ ਪੱਛਮ ਵਾਲੇ ਲੋਕ ਕੋਰੇ ਹੁੰਦੇ ਹਨ। ਪ੍ਰੰਤੂ ਇਹ ਸੋਚਣ ਦੀ ਲੋੜ ਹੈ ਕਿ ਇਹ ਕੋਰਾਪਣ ਚੰਗਾ ਹੈ ਜਾਂ ਇਹ ਚੰਗਾ ਹੈ ਤੁਸੀਂ ਸੋਚਦੇ ਰਹੋ ਕਿ ਮਾਪੇ ਤੁਹਾਡੇ ਲਈ ਛੱਡ ਕੇ ਕੀ ਗਏ ਹਨ। ਸਤਨਾਮ ਇਸ ਸੋਚ ਚੋਂ ਨਿਕਲਿਆ ਹੀ ਨਹੀਂ। ਬਿਰਧ ਘਰਾਂ ਵਾਲੀ ਗੱਲ ਇਥੇ ਵੀ ਤੁਰ ਪਈ ਹੈ। ਇਹ ਕਹਾਣੀ ਇਥੇ ਵੀ ਵਾਪਰੀ ਹੋ ਸਕਦੀ ਹੈ। 'ਭਾਰ' ਕਹਾਣੀ ਬਾਰੇ ਅਸੀਂ ਬਾਅਦ ਵਿਚ ਗੱਲ ਕਰਾਂਗੇ। ਉਥੇ ਔਰਤ ਸਵਾਲ ਉਠਾ ਰਹੀ ਹੈ। ਇਸ ਕਹਾਣੀ ਵਿਚ ਇਕ ਖ਼ਦਸਾ ਜਿਹਾ ਕਿ ਇਕ ਬੰਦੇ ਨੂੰ ਪਹਿਲਾਂ ਘਰੋਂ ਕੱਢ ਦਿੱਤਾ ਸੀ। ਇਸ ਵਿਚ ਕੋਈ ਵੀ ਗੱਲ ਆਪਣੇ ਆਲੇ-ਦੁਆਲੇ ਤੋਂ ਗ੍ਰਹਿਣ ਕੀਤੀ ਨਹੀਂ ਲਗਦੀ। ਜਿਹੜਾ ਬੰਦਾ ਇੰਨੇ ਸਾਲਾਂ ਤੋਂ ਉਥੇ ਰਹਿ ਰਿਹਾ ਉਸ ਨੂੰ ਸਮਝਣਾ ਚਾਹੀਦਾ ਦੋਹਤੀ ਦੇ ਵਿਆਹ ਉੱਤੇ ਸੋਚਣ ਦੀ ਗੱਲ ਨਿਰੋਲ ਪੰਜਾਬੀ ਮਾਨਸਿਕਤਾ ਹੈ। ਸਾਨੂੰ ਇਹ ਸੋਚਣਾ ਚਾਹੀਦਾ ਹੈ ਕਿ ਕਿਉਂ ਅਸੀਂ ਉਥੇ ਹੀ ਫਸੇ ਹੋਏ ਹਾਂ। ਇਸ ਤਰ੍ਹਾਂ ਮੈਨੂੰ ਲੱਗਦਾ ਕਿ ਇਹ ਕਹਾਣੀ ਨਾ ਸਗੋਂ ਪੁਰਾਣੇ ਵਿਸ਼ੇ ਉੱਤੇ ਹੈ ਸਗੋਂ ਪੁਰਾਣੀ ਕਿਸਮ ਦੀ ਮਾਨਸਿਕਤਾ ਦੀ ਕਹਾਣੀ ਹੈ। ਇਸ ਵਿਚ ਹਰਜੀਤ ਜਾਇਆ ਕਰਦਾ, ਹੁੰਦਾ ਕਰਦਾ ਵਰਗੇ ਸ਼ਬਦ ਵਰਤਦਾ ਹੈ, ਪਤਾ ਨਹੀਂ ਕਿਸ ਖਿੱਤੇ ਦੀ ਬੋਲੀ ਵਰਤਦਾ। ਇਹ ਮੁਹਾਵਰਾ ਮੈਨੂੰ ਲਗਦਾ

ਹਿੰਦੀ ਤੋਂ ਆਉਣ ਲੱਗ ਪਿਆ। ਸਾਨੂੰ ਜ਼ੁਬਾਨ ਪ੍ਰਤੀ ਸੁਚੇਤ ਹੋਣਾ ਪੈਣਾ। ਮੈਂ ਕਲ੍ਹ ਵੀ ਕਿਹਾ ਸੀ ਕਿ ਅਸੀਂ ਵਿਕਾਸ ਕਰਦੀ ਜੁਬਾਨ ਹਾਂ। ਸਾਨੂੰ ਖਾਸ ਕਰ ਲੇਖਕਾਂ ਨੂੰ ਵਧੇਰੇ ਸੁਚੇਤ ਹੋਣ ਦੀ ਲੋੜ ਹੈ। ਸਾਡੀ ਜ਼ੁਬਾਨ ਬਹੁਤ ਵਧੀਆ ਸੀ।

ਮਹਿਲ ਸਿੰਘਃ- ਮੈਨੂੰ ਇਹ ਕਹਾਣੀ ਬਹੁਤ ਵਧੀਆ ਲੱਗੀ ਹੈ ਇਸ ਵਿਚ ਸਹਿਜਤਾ ਹੈ, ਰਵਾਨੀ ਹੈ, ਸੰਖੇਪਤਾ ਵੀ ਹੈ। ਇਸ ਵਿਚ ਜਿਹੜਾ ਪਾਤਰ ਸਤਨਾਮ ਹੈ ਉਹ ਭਾਵੇਂ ਪਹਿਲੀ ਪੀੜ੍ਹੀ ਦਾ ਹੈ, ਨਵੀਂ ਪੀੜ੍ਹੀ ਵੱਖ ਰਹਿ ਰਹੀ ਹੈ। ਉਨ੍ਹਾਂ ਵਿਚ ਮਾਂ ਨੂੰ ਸਾਂਭਣ ਵਾਲੀ ਕੋਈ ਗੱਲ ਨਹੀਂ ਪਰ ਉਹ ਸੋਚਦੇ ਹਨ ਕਿ ਮਾਪੇ ਸਭ ਕੁਝ ਉਸਦੇ ਨਾਂ ਕਰ ਜਾਣ। ਇਹ ਸੰਸਾਰ ਪੱਧਰ ਦਾ ਵਿਸ਼ਾ ਹੈ। ਹਿੱਤਾਂ ਦਾ ਟਕਰਾਅ ਹੈ। ਉਥੋਂ ਦੀ ਨਵੀਂ ਪੀੜ੍ਹੀ ਵੱਖ ਰਹਿ ਰਹੀ ਹੈ। ਵਿਹਾਰ ਵਿਚ ਖਚਰਾਪਣ ਹੈ। ਬਹਾਨਾ ਖੁਸ਼ੀ ਦਾ ਅਤੇ ਕੇਕ ਨੂੰ ਲੱਤ ਮਾਰ ਕੇ ਚਲੇ ਜਾਂਦੇ ਹਨ। ਕਹਾਣੀ ਦਾ ਅੰਤ ਬਹੁਤ ਨਾਟਕੀ ਹੈ।

ਜਸਵਿੰਦਰਃ- ਹਰ ਉਮਰ ਦਾ ਆਪਣਾ ਵਿਹਾਰ ਹੁੰਦਾ, ਉਮੀਦਾਂ ਹੁੰਦੀਆਂ ਹਨ। ਪੱਛਮ ਨੇ ਜੋ ਸਾਨੂੰ ਵਿਚਾਰ, ਵਿਹਾਰ ਦਿੱਤਾ ਉਹ ਅੱਜ ਉਤੇ ਕੇਂਦਰਿਤ ਹੈ। ਅਸੀਂ ਆਪ ਉਸ ਪਾਸੇ ਵੱਲ ਵੱਧ ਰਹੇ ਹਾਂ, ਸਾਡਾ ਸਾਂਝਾ ਪਰਿਵਾਰ ਟੁੱਟ ਰਿਹਾ। ਉਹ ਇਥੇ ਵੀ ਨਹੀਂ ਚਲ ਰਿਹਾ ਬਾਹਰ ਵੀ ਨਹੀਂ ਚੱਲ ਰਿਹਾ। ਅਸਲ ਵਿਚ ਇਹ ਕਹਾਣੀ ਇਕ ਪੀੜ੍ਹੀ ਦੇ ਅੰਦਰੂਨੀ ਮੁੱਦਿਆਂ ਦਾ ਬਹੁਤ ਹੀ ਖੂਬਸੂਰਤ ਚਿਤਰ ਹੈ। ਪੱਛਮੀ ਜੀਵਨ ਜਾਚ ਜਵਾਨੀ ਦੀ ਜੀਵਨ ਸ਼ੈਲੀ ਹੈ। ਉਹ ਪਿੱਛੇ ਦੇਖਦੀ ਹੀ ਨਹੀਂ। ਉਨ੍ਹਾਂ ਵਿਚ ਸੰਕਟ ਸਾਡੇ ਨਾਲੋਂ ਜ਼ਿਆਦਾ ਗਹਿਰੇ ਹਨ। ਇਹ ਸੰਕਟ ਅੱਜ ਦੇ ਨਹੀਂ ਹਜ਼ਾਰਾਂ ਸਾਲਾਂ ਦੇ ਹਨ ਅਤੇ ਹਰ ਖਿੱਤੇ ਦੇ ਹਨ। ਇਸ ਕਹਾਣੀ ਵਿਚ ਪੁੱਤਰ ਪੈਸਾ ਤਾਂ ਪ੍ਰਾਪਤ ਕਰਨਾ ਚਾਹੁੰਦਾ ਪ੍ਰੰਤੂ ਫਰਜ਼ ਪੂਰੇ ਨਹੀਂ ਕਰਨਾ ਚਾਹੁੰਦਾ। ਇਸ ਵਿਚ ਆਰਥਿਕਤਾ ਪੂਰੀ ਸਾਡੀ ਮਾਨਸਿਕਤਾ ਨੂੰ ਨਿਯੰਤਰਿਤ ਕਰ ਰਹੀ ਹੈ, ਵਿਹਾਰ ਨੂੰ ਰਿਸ਼ਤਿਆਂ ਨੂੰ ਨਿਯੰਤਰ ਕਰ ਰਹੀ ਉਸ ਉਤੇ ਵਧੇਰੇ ਕੇਂਦਰਿਤ ਕਰਦੀ ਹੈ। ਉਹਨੂੰ ਇਹ ਤਾਂ ਪਤਾ ਕਿ ਇਸ ਪਹਿਲੀ ਪਰਾਪਰਟੀ ਨੂੰ ਓਲਡ ਏਜ਼ ਹੋਮ ਲੈ ਜਾਣਗੇ ਪ੍ਰੰਤੂ ਇਹ ਨਹੀਂ ਸੋਚਦਾ ਕਿ ਉਸ ਦੇ ਮਾਪੇ ਉਥੇ ਜਾਣ ਹੀ ਕਿਉਂ? ਕਹਾਣੀ ਬਾਰੇ ਗੱਲ ਇਹ ਹੈ। ਹਰਜੀਤ ਨੂੰ ਕਹਾਣੀ ਸੁਣਾਉਣੀ ਆਉਂਦੀ ਹੈ। ਕਹਾਣੀ ਤਿੱਖੇ ਵਾਕ ਨਾਲ ਸ਼ੁਰੂ ਹੁੰਦੀ ਹੈ। ਹਰਜੀਤ ਇਸ ਬਾਰੇ ਵੀ ਸਾਫ ਹੈ ਕਿ ਉਸਨੇ ਕਹਾਣੀ ਵਿਚ ਵਿਰੋਧ ਕਿੱਥੇ ਬਣਾਉਣਾ। ਕਹਾਣੀ ਵਿਚ ਬਹੁਤ ਚੁਸਤ ਦਰੁਸਤ ਵਾਕਬੰਦੀ ਹੈ। ਉਸ ਨੂੰ ਪਾਤਰਾਂ ਦੀ ਬੋਲੀ ਦੀ ਭਿੰਨਤਾ ਦੀ ਸਮਝ ਹੈ। ਪਾਤਰਾਂ ਦੀ ਘਾੜਤ, ਅੰਤ ਬਹੁਤ ਖੂਬਸੂਰਤ ਹੈ।

ਧਨਵੰਤਃ- ਕਹਾਣੀ ਬਾਰੇ ਬਹੁਤ ਅੱਛੀਆਂ ਗੱਲਾਂ ਹੋ ਚੁੱਕੀਆਂ ਹਨ। ਇਹ ਗੱਲ ਚੱਲੀ ਸੀ ਕਿ ਇਸ ਦਾ ਥੀਮ ਬਹੁਤ ਪੁਰਾਣਾ ਹੈ। ਥੀਮ ਜਿਵੇਂ ਪਿਆਰ, ਮੌਤ, ਰਿਸ਼ਤੇ ਹੀ ਹੁੰਦੇ ਹਨ। ਇਨ੍ਹਾਂ ਵਿਚ ਨਵੀਆਂ ਅੰਤਰ-ਦ੍ਰਿਸ਼ਟੀਆਂ ਆਉਂਦੀਆਂ ਹਨ। ਮਸਲਾ ਥੀਮ ਦੇ ਦੁਹਰਾ ਦਾ ਨਹੀਂ ਉਸ ਦੀ ਪੇਸ਼ਕਾਰੀ ਦਾ ਹੈ। ਕਹਾਣੀ ਬਹੁਤ ਹੀ ਨਿੱਜੀ ਅਤੇ ਨਿਕਟੀ ਪਲਾਂ ਨਾਲ ਜੁੜੀ ਹੁੰਦੀ ਹੈ। ਇਸ ਵਿਚ ਵੀ ਸਤਨਾਮ ਇਕ ਪਰਵਾਸੀ ਪਾਤਰ ਹੈ ਉਹ ਬੁਢਾਪੇ ਵਿਚ ਪਹੁੰਚ ਕੇ ਅਗਲੀ ਜ਼ਿੰਦਗੀ ਬਾਰੇ ਸੋਚ ਰਿਹਾ ਹੈ। ਕਹਾਣੀ ਇਸ ਸਮੱਸਿਆ ਉੱਤੇ ਕੇਂਦਰਿਤ ਹੈ। ਇਸ ਵਿਚ ਸਤਨਾਮ ਆਪਣੇ ਭਵਿੱਖ ਪ੍ਰਤੀ ਬਹੁਤ ਸੁਚੇਤ ਹੈ। ਲੈ ਦੇ ਕੇ ਉਸ ਕੋਲ ਘਰ ਹੀ ਹੈ ਜਿਹੜਾ ਉਸ ਦੇ ਸੁਖੀ ਭਵਿੱਖ ਦੀ ਜਾਮਨੀ ਹੈ। ਸਤਨਾਮ ਦੀ ਡਾਇਗਪੋਰਕ ਕੰਨਸਟਰਕਸ਼ਨ ਇਸੇ ਅਨੁਸਾਰ ਵਿਕਸਤ ਹੁੰਦੀ ਹੈ। ਕਹਾਣੀ ਵਿਚ ਰੋਣ ਧੋਣ ਨਹੀਂ ਭਵਿੱਖ ਪ੍ਰਤੀ ਵਿਉਂਤਬੰਦੀ ਹੈ। ਪਿਤਰਕੀ

ਇਸ ਵਿਚ ਨਾਲ ਨਾਲ ਚਲਦੀ ਹੈ। ਇਹ ਕਹਾਣੀ ਪਰਵਾਸੀਆਂ ਦੇ ਰਿਸ਼ਤਾ-ਨਾਤਾ ਪ੍ਰਬੰਧ ਨੂੰ ਗਹਿਰਾਈ ਨਾਲ ਸਮਝਦੀ ਹੈ। ਇਸ ਬਾਰੇ ਆਪਾਂ ਸਾਰੇ ਹੀ ਇਕ ਮੱਤ ਹਾਂ ਕਿ ਹਰਜੀਤ ਨੂੰ ਕਹਾਣੀ ਕਹਿਣ ਦੀ ਜਾਚ ਹੈ।

ਪਰਵਾਨਾ:- ਹਰਜੀਤ ਦੀ ਇਸ ਕਹਾਣੀ ਦਾ ਟਰੀਟਮੈਂਟ ਬਹੁਤ ਪੁਰਾਣਾ ਹੈ, ਇਸ ਲਈ ਇਹ ਉਸ ਦੀ ਮਾੜੀ ਕਹਾਣੀ ਹੈ। ਇਹੋ ਜਿਹੀ ਕਹਾਣੀ ਚਾਲੀ ਸਾਲ ਪਹਿਲਾਂ ਲਿਖੀ ਜਾਂਦੀ ਸੀ। ਸੁਕੀਰਤ ਹੁਰਾਂ ਨੇ ਜਿਹੜੀ ਗੱਲ ਚੁੱਕੀ ਹੈ ਕਿ ਉਹ ਪਾਤਰ ਲੰਮੇ ਸਮੇਂ ਤੋਂ ਉੱਥੇ ਰਹਿ ਰਿਹਾ ਉਹ ਕੁਝ ਵੀ ਨਹੀਂ ਸਿਖ ਰਿਹਾ। ਪਾਤਰਾਂ ਦਾ ਕਿਤੇ ਤਾਂ ਆ ਕੇ ਸੰਵਾਦ ਹੋਵੇ। ਇਹ ਕਹਾਣੀ ਥੀਮ, ਟਰੀਟਮੈਂਟ ਅਤੇ ਦ੍ਰਿਸ਼ਟੀ ਪੱਖੋਂ ਬਹੁਤ ਪੱਛੜੀ ਹੋਈ ਹੈ।

ਭੰਡਾਲ:- ਬਲਬੀਰ ਪਰਵਾਨਾ ਹੁਰਾਂ ਦੀ ਗੱਲ ਤੋਂ ਬਾਅਦ ਇਕ ਵਾਰ ਫੇਰ ਸੋਚਣਾ ਪੈਣਾ ਕਿ ਜੋ ਕੁਝ ਅਸੀਂ ਕਹਾਣੀ ਬਾਰੇ ਪਹਿਲਾਂ ਸੋਚ ਰਹੇ ਸੀ, ਉਹ ਠੀਕ ਹੋ ਜਾਂ ਨਹੀਂ। ਪਰਵਾਨੇ ਦੇ ਬੋਲਣ ਤੋਂ ਪਹਿਲਾਂ ਮੈਂ ਬਾਕੀਆਂ ਵਾਂਗ ਹੀ ਸੋਚਦਾ ਸੀ। ਪਰਵਾਨੇ ਦੀ ਗੱਲ ਵੀ ਠੀਕ ਹੈ ਕਿ ਟਰੀਟਮੈਂਟ ਅਤੇ ਆਸ-ਪਾਸ ਨਾਲ ਸੰਵਾਦ ਕਿਸੇ ਤਰ੍ਹਾਂ ਨਹੀਂ ਕਹਾਣੀ ਵਿਚੋਂ ਉਭਰਦਾ ਜਿਵੇਂ ਚਾਹੀਦਾ ਸੀ। ਕਹਾਣੀ ਕਹਿ ਰਹੇ ਨੇ ਕਿ ਬਹੁਤ ਹੀ ਕੰਪਪੈਕਟ ਹੈ। ਮੈਨੂੰ ਲੱਗਦਾ ਇਹੀ ਉਸਦੀ ਸੀਮਾ ਹੈ। ਇਸ ਵਿਚ ਜਿਹੜੇ ਹੋਰ ਵਿਸਥਾਰ ਹੋ ਸਕਦੇ ਸਨ ਨਹੀਂ ਆਏ। ਇਹ ਜਿਹੜੀ ਗੱਲ ਵਾਰ-ਵਾਰ ਆ ਰਹੀ ਹੈ ਕਿ ਨਵੀਂ ਪੀੜ੍ਹੀ ਦਾ ਬਜ਼ੁਰਗਾਂ ਪ੍ਰਤੀ ਕੀ ਫਰਜ਼ ਹਨ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਮਨੁੱਖ ਇਕ ਜੀਵ ਹੈ। ਇਸ ਪਲੈਨਟ ਉੱਤੇ ਕੋਈ ਅਜਿਹਾ ਜੀਵ ਹੈ ਜਿਸ ਦੇ ਬੱਚੇ ਬੁਢਾਪੇ ਵਿਚ ਉਸ ਨੂੰ ਸਾਂਭਦੇ ਹੋਣ। ਮੇਰੀ ਜਾਣਕਾਰੀ ਵਿਚ ਅਜਿਹਾ ਨਹੀਂ, ਪਰ ਮਨੁੱਖੀ ਜੀਵਨ ਵਿਚ ਕਲਚਰ ਆ ਗਿਆ। ਪਰਿਵਾਰ ਬਣ ਗਏ। ਫਿਰ ਜਦੋਂ ਜਾਇਦਾਦ ਬਣੀ ਤਾਂ ਵਾਰਸ ਬਣ ਗਏ। ਇਹ ਇਤਿਹਾਸਕ ਵਰਤਾਰਾ ਹੈ। ਇਤਿਹਾਸ ਵਿਚ ਬਣੀਆਂ ਕੀਮਤਾਂ ਦੇ ਰੂਪ ਵੀ ਬਦਲਣਗੇ ਅਤੇ ਖ਼ਤਮ ਵੀ ਹੋਣਗੇ। ਇਸ ਤਰ੍ਹਾਂ ਪੂੰਜੀਵਾਦ ਨੇ ਪਰਿਵਾਰਕ ਮੁੱਲਾਂ ਨੂੰ ਕੌਮਡੀਟੀ ਬਣਾ ਦਿੱਤਾ। ਇਹ ਗੱਲ ਕਹਾਣੀ ਵਿਚ ਆ ਰਹੀ ਹੈ। ਜਿਹੜੀਆਂ ਇੱਛਾਵਾਂ ਅਸੀਂ ਜਗਾ ਲਈਆਂ ਹਨ ਉਨ੍ਹਾਂ ਵੱਲ ਵੀ ਸਾਨੂੰ ਮੁੜ ਕੇ ਸੋਚਣਾ ਪਏਗਾ।

ਰਾਮਿੰਦਰ:- ਹਰਜੀਤ ਅਟਵਾਲ ਦੀ ਇਹ ਕਹਾਣੀ ਚੰਗੀਆਂ ਕਹਾਣੀਆਂ 'ਚੋਂ ਗਿਣੀ ਜਾਂਦੀ ਹੈ। ਕਹਾਣੀ ਵਿਚ ਜਿਵੇਂ ਸਾਨੂੰ ਲੱਗਦਾ ਕੋਈ ਦੁਖਾਂਤ ਸਿਰਜਿਆ ਜਾਏਗਾ ਪ੍ਰੰਤੂ ਅੰਤ ਤਕ ਜਾਂਦੇ-ਜਾਂਦੇ ਹੋਰ ਦਿਸ਼ਾ ਬਣ ਜਾਂਦਾ ਹੈ। ਇਕ ਤਾਂ ਇਹ ਹੈ ਕਿ ਬਾਹਰ ਰਹਿੰਦੇ ਹੋਏ ਸਤਨਾਮ ਸਿੰਘ ਅਤੇ ਇੰਦਰ ਕੌਰ ਵਧੀਆ ਸਾਂਝ ਰੱਖਦੇ ਹਨ। ਉਹ ਬੁਢਾਪੇ ਵਿਚ ਇਕ ਦੂਜੇ ਦਾ ਖਿਆਲ ਰੱਖਦੇ ਹਨ। ਕਹਾਣੀ ਦਾ ਮੁੱਢ ਬਹੁਤ ਵਧੀਆ ਹੈ। ਇਕ ਜੋ ਗੱਲ ਇਸ ਕਹਾਣੀ ਵਿਚ ਉਭਰਦੀ ਹੈ ਕਿ ਲੰਮੀ ਉਮਰ ਜਿਥੇ ਵਰ ਹੁੰਦੀ ਹੈ, ਉਥੇ ਸਰਾਪ ਵੀ ਬਣ ਜਾਂਦੀ ਹੈ। ਸਤਨਾਮ ਸਿੰਘ ਵੀ ਉਸ ਸਰਾਪ ਦਾ ਤੋੜ ਲੱਭਦਾ ਹੈ। ਬਾਹਰ ਜਾ ਕੇ ਵੀ ਔਲਾਦ ਗਰਜ਼ਾਂ ਨਾਲ ਜੁੜੀ ਹੋਈ ਹੈ। ਇਸ ਵਿਚ ਪਾਠਕ ਸੋਚਦਾ ਕਿ ਸਤਨਾਮ ਸਿੰਘ ਝੋਲ ਕਿਸਨੂੰ ਮਾਰੇਗਾ। ਇਧਰ ਪੂਰਬੀ ਅਤੇ ਪੱਛਮੀ ਸਾਂਸਕ੍ਰਿਤੀ ਦੀ ਆਮੋ-ਸਾਹਮਣੇ ਹੈ। ਲੇਖਕ ਨੇ ਜਿਹੜੀ ਸਾਰੀ ਸਥਿਤੀ ਦੀ ਪੇਸ਼ਕਾਰੀ ਕੀਤੀ ਹੈ ਉਸ ਨਿਭਾਅ ਬਹੁਤ ਵਧੀਆ ਕੀਤਾ। ਪਰ ਇਕ ਗੱਲ ਸੋਚਣ ਵਾਲੀ ਹੈ ਕਿ ਉਥੇ ਜੰਮੀ ਪਲੀ ਪੀੜ੍ਹੀ ਜਾਇਦਾਦ ਲਈ ਇੰਨੀ ਲਾਲਚੀ ਹੈ? ਮੇਰੇ ਅਨੁਸਾਰ ਨਹੀਂ। ਅਜਿਹੀ ਸਥਿਤੀ ਨਹੀਂ ਹੈ। ਪਰ ਕਹਾਣੀ ਵਧੀਆ ਹੈ।

ਜਸ ਮੰਡ:- ਇਹ ਜਿਹੜੀ ਔਲਾਦ ਦੀ ਜਾਇਦਾਦ ਨਾਲ ਮੋਹ ਦੀ ਗੱਲ ਹੈ, ਇਹ ਪਰਿਵਾਰ ਪਰਿਵਾਰ ਉੱਤੇ ਨਿਰਭਰ ਕਰਦੀ ਹੈ। ਬੱਚਿਆਂ ਦੀ ਪਰਵਰਸ਼ ਕਿਵੇਂ ਹੋਈ ਹੈ? ਭਾਰਤ ਵਿਚ ਵੀ ਇਹੀ ਹੈ ਜਿਹੜੇ ਬੱਚੇ ਪੜ੍ਹ ਕੇ ਚੰਗੀਆਂ ਨੌਕਰੀਆਂ ਉੱਤੇ ਲੱਗ ਜਾਂਦੇ ਹਨ। ਜਿਹੜੇ ਪੰਜਾਹ-ਪੰਜਾਹ ਲੱਖ ਕਮਾਉਣ ਲੱਗ ਜਾਂਦੇ ਹਨ, ਉਹ ਤੁਹਾਡੀ ਪੰਜਾਹ ਲੱਖ ਦੀ ਜਾਇਦਾਦ ਨੂੰ ਕੁਝ ਨਹੀਂ ਸਮਝਦੇ। ਪੜ੍ਹਨ ਲਈ ਤਾਂ ਬੱਚੇ ਪੈਸੇ ਮੰਗਦੇ ਹਨ ਪ੍ਰੰਤੂ ਜਦੋਂ ਵੱਡੇ ਪੈਕੇਜ ਲੈ ਲੈਂਦੇ ਹਨ ਫਿਰ ਉਨ੍ਹਾਂ ਲਈ ਤੁਹਾਡੀ ਜਾਇਦਾਦ ਕੋਈ ਅਰਥ ਨਹੀਂ ਰੱਖਦੀ। ਹੁਣ ਪੂਰਬੀ ਅਤੇ ਪੱਛਮੀ ਸਾਂਸਕ੍ਰਿਤੀ ਵੀ ਕੋਈ ਅਰਥ ਨਹੀਂ ਰੱਖਦੀ। ਤੁਹਾਡੇ ਵਿਹਾਰ ਦਾ ਕੇਂਦਰੀ ਤੱਤ ਆਰਥਿਕਤਾ ਹੁੰਦੀ ਹੈ। ਜਦੋਂ ਆਰਥਿਕਤਾ ਬਦਲਦੀ ਹੈ ਤਾਂ ਵਿਚਾਰ ਬਦਲ ਜਾਂਦਾ। ਜਿਹੜੀ ਪ੍ਰਾਈਵੇਟ ਜਾਇਦਾਦ ਖ਼ਤਮ ਹੋਣ ਦੀ ਗੱਲ ਹੈ, ਉਹ ਵੀ ਨਹੀਂ ਹੈ। ਇਸ ਦਾ ਖਾਤਮਾ ਤਾਂ ਸਮਾਜਵਾਦ ਹੀ ਕਰੇਗਾ। ਜਿਹੜਾ ਕਹਾਣੀ ਦਾ ਮਸਲਾ ਹੁੰਦਾ ਸਬੰਧੀ ਇਕ ਗੱਲ ਹੈ ਕਿ ਰੂਸ ਵਿਚ ਕਿ ਚੁਟਕਲਾ ਹੁੰਦਾ ਸੀ ਕਿ ਇਸ ਵਾਰ ਫ਼ਸਲ ਕਿਹੋ ਜਿਹੀ ਹੋਵੇਗੀ। ਉਹ ਕਹਿੰਦੇ ਸਨ ਪਿਛਲੇ ਸਾਲ ਨਾਲੋਂ ਮਾੜੀ ਪ੍ਰੰਤੂ ਆਉਣ ਵਾਲੇ ਸਾਲ ਨਾਲੋਂ ਚੰਗੀ। ਇਹ ਕਹਾਣੀ ਪਹਿਲੀ ਕਹਾਣੀ ਤੋਂ ਕੁਝ ਚੰਗੀ ਹੈ। ਸਤਨਾਮ ਸਿੰਘ ਤੇ ਇੰਦਰ ਕੌਰ ਵਿਚੋਂ ਸਤਨਾਮ ਸਿੰਘ ਹੀ ਅੱਗੇ ਤੁਰਿਆ ਇੰਦਰ ਕੌਰ ਅਜੇ ਵੀ ਕਹਿੰਦੀ ਹੈ ਦੇ ਦਿਓ ਘਰ। ਜੇ ਤੁਸੀਂ ਇਸ ਨੂੰ ਸ਼ਾਹਕਾਰ ਕਹਾਣੀ ਕਹੋ ਤਾਂ ਮੈਂ ਇਸ ਗੱਲ ਨਾਲ ਸਹਿਮਤ ਨਹੀਂ। ਮੈਨੂੰ ਲਗਦਾ ਹਰਜੀਤ ਅਟਵਾਲ ਵਿਚ ਜਿੰਨੀ ਸਮਰੱਥਾ ਹੋਏ ਓਨੀ ਵੀ ਨਾ ਵਰਤੀ ਹੋਵੇ।

ਮਨਮੋਹਨ ਬਾਵਾ:- ਇਹ ਕਹਾਣੀ ਮੈਂ ਸਭ ਤੋਂ ਪਹਿਲਾਂ ਪੜ੍ਹੀ ਸੀ। ਮੈਂ ਕੱਲ ਵਾਲੀ ਗੱਲ ਹੀ ਕਹਾਂਗਾ ਕਿ ਕਹਾਣੀ ਨੂੰ ਕਹਾਣੀ ਦੀ ਤਰ੍ਹਾਂ ਸਮਝੋ, ਨਾ ਕਿ ਉਸ ਦੇ ਆਸ ਪਾਸ ਚੱਕਰ ਲਾਓ। ਇਹ ਕਹਾਣੀ ਕਰਾਫ਼ਟ ਦੇ ਹਿਸਾਬ ਨਾਲ ਚੰਗੀ ਹੈ ਪਰ ਹੋਰ ਵੀ ਚੰਗੀ ਹੋ ਸਕਦੀ ਸੀ। ਕਹਾਣੀ ਚੰਗੀ ਸੰਜਮੀ ਸ਼ੈਲੀ ਵਿਚ ਹੈ। ਇਤਿਹਾਸ ਵਿਚ ਜਦੋਂ ਤੋਂ ਜਾਇਦਾਦ ਬਣੀ ਸਮੱਸਿਆਵਾਂ ਪੈਦਾ ਹੋ ਗਈਆਂ। ਆਦਿ ਵਾਸੀਆਂ ਵਿਚ ਜਾਇਦਾਦ ਲਈ ਲੜਾਈਆਂ ਨਹੀਂ ਹੁੰਦੀਆਂ। ਅਸੀਂ ਵਿਕਸਤ ਲੋਕ ਲੜਦੇ ਹਾਂ ਇਹ ਕਹਾਣੀ ਅੱਛੀ ਹੈ।

ਰਜਨੀਸ਼:- ਹਰਜੀਤ ਅਟਵਾਲ ਦੀ ਕਹਾਣੀ ਬਾਰੇ ਕਈ ਪੱਖਾਂ ਤੋਂ ਗੱਲ ਹੋਈ। ਮੈਂ ਸੁਖਜੀਤ ਤੋਂ ਗੱਲ ਸ਼ੁਰੂ ਕਰਨੀ ਚਾਹੁੰਦਾ। ਬਲਵੰਤ ਗਾਰਗੀ ਮੰਟੋ ਦੇ ਰੇਖਾ ਚਿੱਤਰ ਵਿਚ ਜ਼ਿਕਰ ਕਰਦਾ ਕਿ ਉਹ ਮੰਟੋ ਨੂੰ ਪੁੱਛਦਾ ਤੂੰ ਕਿੰਨਾ ਕੁ ਮੁਸਲਮਾਨ ਹੈ? ਮੰਟੋ ਕਹਿੰਦਾ ਡੀ.ਏ ਵੀ ਅਤੇ ਇਸਲਾਮੀਆ ਸਕੂਲ ਦਾ ਫੁਟਵਾਲ ਦਾ ਮੈਚ ਚਲ ਰਿਹਾ ਹੋਵੇ। ਇਸਲਾਮੀਆਂ ਸਕੂਲ ਦੀ ਟੀਮ ਗੋਲ ਕਰ ਦੇਵੇ, ਇਕ ਪਲ ਦੀ ਹੋਈ ਖੁਸ਼ੀ ਜਿੰਨਾ ਮੁਸਲਮਾਨ ਹਾਂ। ਮੰਟੋ ਦੀਆਂ ਕਹਾਣੀਆਂ ਭਾਰੂ ਰੂਪ ਵਿਚ ਇਸਲਾਮਕ ਵਿਹਾਰ ਤੋਂ ਮੁਕਤ ਸਨ। ਉਹ ਸਿਰਜਣਕਾਰੀ ਵਿਚ ਆਪਣੀ ਜ਼ਾਤ ਨੂੰ ਉਲੰਘਣ ਦੀ ਸਮਰੱਥਾ ਰੱਖਦਾ ਸੀ। ਸੁਖਪ੍ਰੀਤ ਨੇ ਕਿਹਾ ਕਿ ਉਹ ਬੁਢਾਪੇ ਦੀ ਉਮਰ ਤਕ ਪਹੁੰਚ ਗਿਆ। ਕੁਲਵੰਤ ਸੰਧੂ ਕਹਿੰਦਾ ਹੁੰਦਾ ਸਾਡਾ ਅੱਜ ਦਾ ਬਹੁਤ ਸਾਹਿਤ ਅਨੁਭਵ ਦੀਆਂ ਓਪਰੀਆਂ ਸੀਮਾਵਾਂ ਤੋਂ ਪਾਰ ਨਹੀਂ ਜਾ ਰਿਹਾ। ਹਾਸ਼ੀਏ ਨਾਵਲ ਵਿਚ ਵੀ ਪਤਨੀ ਪਾਤਰ ਵੀਅਲ ਚੇਅਰ ਉੱਤੇ ਘੁੰਮ ਫਿਰ ਨਹੀਂ ਸਕਦੀ, ਇਸ ਕਹਾਣੀ ਵਿਚ ਵੀ ਪਤਨੀ ਦੀ ਉਹੀ ਜਿਹੀ ਹੀ ਸਥਿਤੀ ਹੈ। ਮਤਲਬ ਉਹ ਅਨੁਭਵ ਦੇ ਕਿਸੇ ਕਲਪਿਤ ਦਾਇਰੇ ਵਿਚ ਘਿਰਿਆ ਹੋਇਆ। ਪਰਵਾਸੀ ਬੰਦੇ ਪਰਵਾਸ ਵਿਚ ਪਹੁੰਚ ਕੇ ਵੀ ਇਕ ਖੋਲ੍ਹ ਵਿਚ ਘਿਰੇ ਹੋਏ ਹਨ। ਭੰਡਾਲ ਦੀ ਗੱਲ ਬਹੁਤ

ਪਤੇ ਦੀ ਹੈ ਕਿ ਇਸ ਕਹਾਣੀ ਦੀ ਸੰਜਮਤਾ ਇਸ ਦੀ ਸੀਮਾ ਹੈ। ਹੁਣ ਦੂਜੀਆਂ ਭਾਰਤੀ ਭਾਸ਼ਾਵਾਂ ਦੀ ਕਹਾਣੀ ਆ ਰਹੀ ਹੈ ਅਨੁਵਾਦ ਹੋ ਕੇ ਅਤੇ ਪੰਜਾਬੀ ਦੀ ਵਧੀਆ ਕਹਾਣੀ ਉਹ ਲੰਮੀ ਹੋ ਰਹੀ ਹੈ। ਅਸੀਂ ਛੋਟੀ ਕਹਾਣੀ ਨੂੰ ਸੈਲੀਬਰੇਟ ਕਰ ਰਹੇ ਹਾਂ। ਇਹ ਗੱਲ ਸੁਕੀਰਤ ਅਤੇ ਮੰਡ ਨੇ ਸਾਫ਼ ਕਰ ਦਿੱਤੀ ਕਿ ਵਿਰਾਸਤੀ ਜਾਇਦਾਦ ਨੂੰ ਲੈ ਕੇ ਯੋਰਪ ਵਿਚ ਅਜਿਹੀ ਸਮੱਸਿਆ ਨਹੀਂ ਪਰ ਸਾਡੇ ਲਈ ਇਹ ਵੱਡਾ ਮਸਲਾ ਹੈ। ਪਰਵਾਨਾ ਨੇ ਮਸਲਾ ਉਠਾਇਆ, ਉਸ ਯੋਰਪ ਵਿਚ ਜਿੱਥੇ ਪਿਛਲੇ ਤੀਹ ਸਾਲ ਤੋਂ ਰਹਿ ਰਿਹਾ ਕੁਝ ਤਾਂ ਸਿੱਖੇ। ਉੱਥੇ ਪੜ੍ਹਿਆ ਲਿਖਿਆ ਮੁੰਡਾ ਵੀ ਪੁਰਾਣੀਆਂ ਗੱਲਾਂ ਵਿਚ ਘਿਰਿਆ ਹੋਇਆ। ਅਸੀਂ ਪਰਵਾਸੀਆਂ ਤੋਂ ਮੰਗ ਕਰਦੇ ਸੀ ਕਿ ਉਹ ਸਾਡੀ ਸਭਿਅਤਾ ਅਤੇ ਬਾਹਰਲੀ ਸਭਿਅਤਾ ਵਿਚਕਾਰ ਪੁੱਲ ਦਾ ਕੰਮ ਕਰਨਗੇ। ਉਹ ਨਹੀਂ ਹੋ ਰਿਹਾ। ਹਰਜੀਤ ਅਟਵਾਲ ਦੇ ਪਾਤਰ ਅਜੇ ਚਾਰ ਦਹਾਕੇ ਪਿੱਛੇ ਹੀ ਘੁੰਮ ਰਹੇ ਹਨ। ਮੈਂ ਇਕ ਵਾਰੀ ਭੁਪਿੰਦਰ ਸੱਗੂ ਨੂੰ ਪੁੱਛਿਆ, ਇੰਗਲੈਂਡ ਵਿਚ ਅਨਪੜ੍ਹ ਭਾਵ ਅੰਗਰੇਜ਼ੀ ਨਾ ਸਮਝਣ ਵਾਲੇ ਕੰਮ ਕਿਵੇਂ ਚਲਾਉਂਦੇ ਹਨ। ਉਹ ਕਹਿੰਦਾ ਹਰ ਕੰਮ ਤਾਂ ਪੰਜਾਬੀਆਂ ਕੋਲ ਹੈ। ਇਨ੍ਹਾਂ ਨੂੰ ਲੋੜ ਹੀ ਨਹੀਂ। ਇਸੇ ਲਈ ਉਹ ਖੋਲ੍ਹਾਂ ਵਿਚ ਘਿਰੇ ਹੋਏ ਹਨ। ਮੈਂ ਕਈਆਂ ਤੋਂ ਪੁੱਛਿਆ ਯੋਰਪ ਦਾ ਸੱਜਰਾ ਸਾਹਿਤ ਕਿਥੇ ਛਪਦਾ ਤੁਹਾਡੀ ਪਹੁੰਚ ਵਿਚ ਹੈ ਕਿ ਨਹੀਂ। ਮੈਨੂੰ ਇਸ ਦਾ ਜਵਾਬ ਨਹੀਂ ਮਿਲਿਆ। ਯੋਰਪ ਦੇ ਲੇਖਕ ਕਿਵੇਂ ਵਿਚਰਦੇ ਹਨ? ਇਹ ਪਰਵਾਸੀਆਂ ਨੂੰ ਪਤਾ ਹੀ ਨਹੀਂ।

ਮੰਡਃ- ਉਨ੍ਹਾਂ ਨਾਲ ਇਨ੍ਹਾਂ ਦਾ ਰਾਬਤਾ ਹੀ ਨਹੀਂ।

ਰਜਨੀਸ਼ਃ- ਜੇ ਖੋਲ੍ਹਾਂ 'ਚ ਘਿਰੇ ਹੋਣਗੇ ਤਾਂ ਉਨ੍ਹਾਂ ਕੋਲ ਸਿਰਜਣਕਾਰੀ ਦਾ ਮਾਡਲ ਵੀ ਵਿਰਕ, ਸੇਖੋਂ, ਸੁਜਾਨ ਸਿੰਘ ਵਾਲਾ ਹੀ ਹੋਏਗਾ। ਦੂਜੇ ਸੂਬਿਆਂ ਤੋਂ ਗਏ ਬੰਦਿਆਂ ਨਾਲ ਵੀ ਕੋਈ ਸਬੰਧੀ ਨਹੀਂ।

ਮੰਡਃ- ਇਨ੍ਹਾਂ ਦਾ ਕੋਈ ਰਾਬਤਾ ਹੈ ਹੀ ਨਹੀਂ।

ਰਜਨੀਸ਼ਃ- ਇਸ ਕਹਾਣੀ ਨੂੰ ਪਰਵਾਸੀ ਕਹੋ ਜਾਂ ਇਥੋਂ ਦੀ ਕਹੋ, ਕੋਈ ਫ਼ਰਕ ਨਹੀਂ। ਹਰਜੀਤ ਅਟਵਾਲ ਦੇ ਪਹਿਲੇ ਕਹਾਣੀ ਸੰਗ੍ਰਹਿ 'ਸੱਪਾਂ ਦਾ ਘਰ ਬਰਤਾਨੀਆ' ਤੋਂ ਲੈ ਕੇ 'ਵਰ੍ਹੇ ਗੰਢ' ਤੱਕ ਕੋਈ ਕਲਾਤਮਕ ਵਿਕਾਸ ਹੋਇਆ ਹੋਵੇ, ਮੈਨੂੰ ਨਹੀਂ ਲੱਗਦਾ, ਪਰਵਾਨਾ ਹੁਣ 'ਸੁਪਨੇ ਤੇ ਪਰਛਾਵੇਂ' ਤੇ ਥੋੜ੍ਹਾ ਖੜਾ 'ਖਾਂਡਵ ਦਾਹ' ਤਕ ਪਹੁੰਚਦੇ-ਪਹੁੰਚਦੇ ਬਹੁਤ ਅੱਗੇ ਵਧ ਗਿਆ। ਇਹ ਗੱਲ ਬੜੀ ਕਮਾਲ ਦੀ ਹੈ ਕਿ ਇਕ ਬੰਦਾ ਲਗਭਗ ਤਿੰਨ ਦਹਾਕਿਆਂ ਤੋਂ ਇਕੋ ਜਿਹੀ ਕਹਾਣੀ ਲਿਖ ਰਿਹਾ।

ਸੁਕੀਰਤਃ- ਇਸ ਗੱਲ ਬਾਰੇ ਲਗਭਗ ਸਹਿਮਤੀ ਹੈ ਕਿ ਕਹਾਣੀ ਦਾ ਥੀਮ ਬਹੁਤ ਪੁਰਾਣਾ ਹੈ ਪ੍ਰੰਤੂ ਕਲਾਤਮਕ ਪੱਖੋਂ ਇਹ ਵਧੀਆ ਕਹਾਣੀ ਹੈ। ਆਪਣੇ ਆਪ ਦਾ ਦੁਹਰਾ ਇਕ ਸਮੱਸਿਆ ਹੈ। ਜੇ ਭਾਬੀ ਮੈਨਾ, ਕਹਾਣੀ ਹੁਣ ਗੁਰਬਖਸ਼ ਸਿੰਘ ਲਿਖੇ ਤਾਂ ਉਸ ਨੂੰ ਨਵੇਂ ਵਿਸਥਾਰ ਦੇਣੇ ਪੈਣਗੇ। ਜੇ ਉਹੀ ਭਾਬੀ ਤੋਂ ਆਤਮ-ਹੱਤਿਆ ਕਰਵਾਈ ਹੋਵੇ ਤਾਂ ਗੁਰਬਖਸ਼ ਸਿੰਘ ਨੂੰ ਮੁੜ ਕਹਾਣੀ ਨਹੀਂ ਲਿਖਣੀ ਚਾਹੀਦੀ। ਅਜੀਤ ਕੌਰ ਆਪਣੇ ਆਪ ਨੂੰ ਬਹੁਤ ਦੁਹਰਾਉਣ ਲੱਗ ਪਈ ਸੀ ਫਿਰ ਉਸ ਨੇ ਲਿਖਣਾ ਹੀ ਛੱਡ ਦਿੱਤਾ। ਦਲੀਪ ਕੌਰ ਬਾਰੇ ਪਤਾ ਲੱਗਾ ਉਹ ਹੁਣ ਛੋਟੀਆਂ-ਛੋਟੀਆਂ ਨਾਵਲੀਆਂ ਲਿਖਣ ਲਗ ਪਈ ਹੈ। ਲੇਖਕ ਨੂੰ ਥੀਮਕ ਦੁਹਰਾ ਤੋਂ ਬਚਣਾ ਪੈਣਾ।

✲✲✲

ਕਹਾਣੀ

# ਵਰਜਿਤ ਫਲ

-ਕੁਲਜੀਤ ਮਾਨ

ਸ਼ੇਰੇ ਨੇ ਗੁਸੇ ਨਾਲ ਦਰਵਾਜਾ ਖੋਲਿਆ। ਕੀ ਤੂੰ ਪਾਰਟੀ ਤੇ ਨਹੀ ਜਾ ਰਿਹਾ? ਬੀਬੀ ਨੇ ਪੁੱਛਿਆ।

ਮੈ ਜਾਵਾਂਗਾ ਬੀਬੀ।

ਲਗਦਾ ਨਹੀ ਤੇਰੇ ਲਛਣ ਦਸ ਰਹੇ ਹਨ।

ਸ਼ੇਰੇ ਨੇ ਹੱਥ ਵਿਚ ਫੜਿਆ ਕੰਮ ਵਾਲਾ ਬੈਗ, ਵਗਾਹ ਮਾਰਿਆ।

ਪੁੱਤ ਜੇ ਮੇਰੀ ਮੰਨੇ ਤਾਂ ਨਾਂ ਹੀ ਜਾਹ। ਜਦੋਂ ਵੀ ਤੇਰਾ ਮੂਡ ਖਰਾਬ ਹੁੰਦਾ ਹੈ ਕੋਈ ਕਲੇਸ਼ ਖੜਾ ਹੁੰਦਾ ਹੀ ਹੁੰਦਾ ਹੈ, ਅੱਗੇ ਭਾਈ ਤੇਰੀ ਮਰਜ਼ੀ,ਬੁਢੜੀ ਦਾ ਹੁਣ ਇਸ ਘਰ ਵਿਚ ਕੀ ਜ਼ੋਰ?

ਸ਼ੇਰੇ ਨੇ ਮਾਂ ਵਲ ਵੇਖਿਆ ਤੇ ਫੇਰ ਅੱਖਾਂ ਨੀਵੀਆਂ ਕਰ ਲਈਆਂ

ਤੌਲੀਆਂ ਲੈਣ ਲਗਿਆਂ ਉਸਨੇ ਵੇਖਿਆ ਕਿ ਸੰਦੀਪ ਮੂਧੇ ਮੂੰਹ ਬੈੱਡ ਤੇ ਪਈ ਹੋਈ ਸੀ

ਸ਼ੇਰੇ ਦੀ ਹਾਜ਼ਰੀ ਦਾ ਉਸਨੇ ਕੋਈ ਨੋਟਿਸ ਨਹੀ ਲਿਆ, ਇਸ ਨਾਲ ਸ਼ੇਰਾ ਹੋਰ ਖਿਝ ਗਿਆ। ਉਸਨੇ ਕਵਰਡ ਵਿਚੋਂ ਆਪਣਾ ਅੰਡਰਵੀਅਰ ਕਢਿਆ ਤੇ ਮੋਢੇ ਤੇ ਸੁਟਕੇ ਵਾਸ਼ਰੂਮ ਚਲੇ ਗਿਆ

ਬੁਰਸ਼ ਕਰਦਿਆਂ ਉਹ ਹਾਈਪਰ ਹੋ ਰਿਹਾ ਸੀ। ਬੀਬੀ ਨੂੰ ਵੀ ਪਤਾ ਸੀ ਕਿ ਹੁਣੇ ਹੋ ਹੱਲਾ ਹੋਵੇਗਾ ਤੇ ਸੰਦੀਪ ਵੀ ਇੰਤਜਾਰ ਵਿਚ ਸੀ

ਦੋਵਾਂ ਦੀ ਸੋਚ ਨੂੰ ਬੂਰ ਨਹੀ ਪਿਆ ਤੇ ਸ਼ੇਰਾ ਅਸ਼ਨਾਨ ਕਰਕੇ ਬਾਹਰ ਆ ਗਿਆ

ਸੰਦੀਪ ਦੀ ਸੋਚ ਦੇ ਉਲਟ, ਸ਼ੇਰੇ ਨੇ ਕਿਹਾ, ਤਿਆਰ ਹੋ ਜਾਵੋ ਹੁਣ ਕਿ ਕਰਿਸਮਿਸ ਉਡੀਕਦੇ ਹੋ?

ਮੇਰਾ ਦਿਲ ਨਹੀ ਕਰਦਾ, ਤੁਸੀਂ ਇੱਕਲੇ ਨਹੀ ਜਾ ਸਕਦੇ?

ਨਹੀ ਕਹਿਕੇ ਸ਼ੇਰਾ ਪੌੜੀਆਂ ਉਤਰ ਗਿਆ

ਬੀਬੀ ਸਿਰ ਸੁਟੀ ਪਈ ਸੀ। ਸ਼ੇਰੇ ਨੂੰ ਵੇਖਕੇ ਬੋਲੀ, ਘੁਟ ਚਾਹ ਬਣਾ ਦਿਆਂ ਪੁਤ?

ਨਹੀ ਬੀਬੀ, ਮੈ ਰਾਹ ਵਿਚੋਂ ਕਾਫੀ ਲੈ ਲਈ ਸੀ।

ਇਤਨੇ ਚਿਰ ਨੂੰ ਸੰਦੀਪ ਥੱਲੇ ਆ ਗਈ ਤੇ ਕਵਰਡ ਖੋਲਕੇ ਐਡਵਿਲ ਦੀ ਸ਼ੀਸ਼ੀ ਕਢ ਲਈ

ਬੀਬੀ ਦੇ ਚੇਹਰੇ ਤੇ ਤਨਾਵ ਸੀ, ਉਸਨੇ ਸਾਂਝਾ ਜਿਹਾ ਕਿਹਾ, ਵੇਖ ਸ਼ੇਰੇ ਜੇ ਸੰਦੀਪ ਢਿਲੀ ਹੈ ਤਾਂ ਤੂੰ ਪੁਤ ਇੱਕਲਾ ਹੀ ਚਲੇ ਜਾ ਤੇ ਛੇਤੀ ਆਉਣ ਦੀ ਕਰੀਂ। ਕਹਿ ਦੇਵੀਂ ਮੈ ਬਿਮਾਰ ਹਾਂ।

ਸੰਦੀਪ ਗੋਲੀ ਲੈਕੇ ਆਪਣੇ ਕਮਰੇ ਵਿਚ ਚਲੀ ਜਾ ਤੇ ਮੂੰਹ ਸਿਰ ਵਲੇਟ ਕੇ ਪੈ ਜਾ। ਘੜੀ ਬਿੰਦ ਨੂੰ ਠੀਕ ਹੋ ਜਾਵੇਂਗੀ।

ਸ਼ੇਰਾ ਤਿਆਰ ਹੋਕੇ ਰੂਮ ਵਿਚ ਗਿਆ ਤੇ ਬੋਲਿਆ, ਤੈਨੂੰ ਉਹ ਰਾਤ ਯਾਦ ਹੈ ਜਦੋਂ ਮੈਨੂੰ ਤੇਰੀ ਲੋੜ ਸੀ ਤੇ ਤੇਰਾ ਵਿਹਾਰ ਬੜਾ ਡਰਾਉਣਾ ਸੀ?

ਹਾਂ ਮੈਨੂੰ ਕੁਝ ਵੀ ਭੁਲਿਆ ਹੋਇਆ ਨਹੀ। ਸ਼ੇਰੇ ਤੂੰ ਸਮਝਦਾ ਕਿਉਂ ਨਹੀ। ਦਿਨ ਸਦਾ ਇਕੋ ਜਿਹੇ ਨਹੀ ਰਹਿੰਦੇ।

ਮੈ ਅੱਜ ਵੀ ਤੈਨੂੰ ਉਵੇਂ ਹੀ ਬਾਹਾਂ ਵਿਚ ਜਕੜਣਾ ਚਾਹੁੰਦਾ ਹਾਂ, ਸਾਰੀ ਕਾਇਨਾਤੀ ਦਿਆਲੂਤਾ ਸਾਰਾ ਪਿਆਰ ਤੇਰੇ ਤੋਂ ਵਾਰਨਾ ਚਾਹੁੰਦਾ ਹਾਂ। ਮੈ ਸਿਰਫ ਤੇਰੇ ਤੋਂ ਕਦੇ ਵੀ ਖਤਮ ਨਾਂਹ ਹੋਣ ਵਾਲਾ ਪਿਆਰ ਚਾਹੁੰਦਾ ਹਾਂ ਪਰ ਕੋਈ ਗੱਲ ਨਹੀ ਜੇ ਇੰਝ ਨਹੀ ਤਾਂ ਉਹ ਵੀ ਨਾਂਹ ਕਰ ਜੋ ਠੀਕ ਨਹੀ ਹੈ। ਹੁਣ ਆਪਾਂ ਬਦਲ ਗਏ ਹਾਂ ਇਹ ਗੱਲ ਤੇ ਪੱਕੀ ਹੈ।

ਤੇਰੇ ਪਿਆਰ ਤੋਂ ਬਗੈਰ ਸਗੋਂ ਮੈ ਹੋਰ ਮਜ਼ਬੂਤ ਹੋ ਗਿਆ ਹਾਂ। ਇੰਝ ਲਗਦੈ ਜਿਵੇਂ ਮੇਰੇ ਵਿਚ ਬੁਧ ਦਾ ਆਗਮਨ ਹੋ ਰਿਹਾ ਹੋਵੇ।

ਸੰਦੀਪ ਦੀ ਡੂੰਘੀ ਚੁੱਪ ਬੋਲ ਰਹੀ ਸੀ। ਚੁਪ ਇਤਨੀ ਵੀ ਲਾਉਡ ਹੁੰਦੀ ਹੈ ਸ਼ੇਰੇ ਨੂੰ ਇਸ ਗੱਲ ਦਾ ਅਹਿਸਾਸ ਹੋ ਰਿਹਾ ਸੀ

ਚਾਬੀਆਂ ਚੁਕਦਿਆਂ ਸ਼ੇਰਾ ਬੋਲਿਆ, ਧੰਨਵਾਦ ਤੇਰਾ, ਤੂੰ ਮੇਰੀ ਸੋਚ ਨੂੰ ਅੰਬਰਾਂ ਤੇ ਪਹੁੰਚਾ ਦਿੱਤਾ ਹੈ ਸ਼ੁਕਰੀਆ ਸੰਦੀਪ।

ਸੰਦੀਪ ਨੇ ਸ਼ੇਰੇ ਵਲ ਵੇਖਿਆ ਤੇ ਮੁਸਕਰਾ ਪਈ। ਉਸਦੀ ਮੁਸਕਰਾਹਟ ਵੇਖਕੇ ਸ਼ੇਰਾ ਬੋਲਿਆ, ਬਿਨ੍ਹਾਂ ਜਾਣੇ ਅਸਮਾਨ ਦੇ ਪਾਰ ਵੇਖਣਾ ਚੰਗਾ ਲਗਦਾ ਹੈ ਪਰ ਡਰ ਇਹ ਹੈ ਕਿ ਕਿਤੇ ਧਰਤੀ ਦੀ ਗੁਰੂਤਾ ਫੇਰ ਮੈਨੂੰ ਖਿਚ ਨਾ ਲਵੇ।

ਸੰਦੀਪ ਉਸ ਵਲ ਇੰਝ ਵੇਖ ਰਹੀ ਸੀ ਜਿਵੇਂ ਉਹ ਕਿਸੇ ਗੱਲ ਨੂੰ ਸਮਝ ਹੀ ਨਾ ਰਹੀ ਹੋਵੇ।ਉਸਨੂੰ ਲੱਗਾ ਜਿਵੇਂ ਉਹ ਤਕੜੀ ਦੇ ਜਿਸ ਪਾਸੇ ਬੈਠੀ ਹੈ ਉਹ ਬਹੁਤ ਉਪਰ ਹੋ ਗਿਆ ਹੈ। ਮਾੜਾ ਮੋਟਾ ਸਾਵਾਂ ਰਹਿੰਦਾ ਤਾਂ ਚੰਗਾ ਸੀ

ਉਹ ਹਾਰੇ ਤੇ ਥਕੇ ਹੋਏ ਪੰਛੀ ਵਾਂਗ ਬੋਲੀ, ਪਿਆਰ ਦਾ ਕੋਈ ਮਤਲਬ ਨਹੀ ਰਹਿ ਜਾਂਦਾ ਜੇ ਤੁਹਾਡੀ ਮਾਣ ਮਰਿਆਦਾ ਹੀ ਕਖ ਨਾਂਹ ਰਹੇ।

ਇਹ ਤੇਰੀ ਸੋਚ ਹੈ ਪਰ ਤਜਰਬਾ ਇੱਕ ਦਿਨ ਤੈਨੂੰ ਜ਼ਰੂਰ ਸਿਖਾ ਦੇਵਗਾ ਕਿ ਸਹੀ ਰਸਤਾ ਕਿਹੜਾ ਹੈ। ਹਮੇਸ਼ਾਂ ਸਹੀ ਰਸਤਾ ਔਖਾ ਹੀ ਹੁੰਦਾ ਹੈ ਪਰ ਕਮਫਰਡ ਜ਼ੋਨ ਸਾਨੂੰ ਉਹ ਰਸਤਾ ਚੁਣਨ ਹੀ ਨਹੀ ਦਿੰਦਾ।

ਸ਼ੇਰਾ ਚਲੇ ਗਿਆ ਤੇ ਸੰਦੀਪ ਡੂੰਘੀਆਂ ਗੱਲਾਂ ਵਿਚ ਉਲਝ ਗਈ ਉਸਨੂੰ ਯਾਦ ਆਇਆ ਸ਼ੇਰਾ ਉਸ ਨਾਲ ਕਿਹੋ ਜਿਹਾ ਵਿਹਾਰ ਕਰਦਾ ਸੀ

ਅਣਮੰਨੇ ਨਾਲ ਉਸਨੇ ਆਪਣੀ ਉਹ ਡਾਇਰੀ ਕਢ ਲਈ। ਜਿਸ ਵਿਚ ਉਸਦੇ ਰਾਜ ਦਫਨ ਸਨ। ਉਸਨੇ ਕਦੇ ਵੀ ਹੌਂਸਲਾ ਨਹੀ ਕੀਤਾ ਕਿ ਉਹ ਡਾਇਰੀ ਸ਼ੇਰੇ ਨਾਲ ਸਾਂਝੀ ਕਰੇ

ਉਹ ਰੋਜ਼ਾਨਾ ਨਹੀ ਲਿਖਦੀ ਸੀ ਪਰ ਜਦੋਂ ਕੋਈ ਵਖਰਾ ਜਿਹਾ ਵਾਪਰਦਾ ਉਦੋਂ ਹੀ ਲਿਖਦੀ ਸੀ

ਵੀਹ ਸਾਲ ਪਹਿਲਾਂ ਉਸਨੂੰ ਆਪਣੇ ਮਾਸੜ ਦੀ ਗੂੰਜ ਡਾਇਰੀ ਵਿਚੋਂ ਸੁਣਾਈ ਦਿੱਤੀ

ਭਾਜੀ ਇਸਨੂੰ ਕਢੋ ਬਾਹਰ, ਕਿਸੇ ਵੀ ਮੁਲਕ ਵਿਚ। ਇਥੇ ਇਸਦਾ ਗੁਜ਼ਾਰਾ ਨਹੀ ਹੋਣਾ।ਰੋਜ਼ ਦਿਹਾੜੀ ਕਿਸ ਨਾਲ ਸਿਰ ਫਸਾਈ ਰਖਾਂਗੇ '

ਭਾਅ ਗੁਜ਼ਾਰਾ ਕਿਉਂ ਨਹੀ ਹੋਣਾ? ਸਰੂ ਦਾ ਕੱਦ ਤੇ ਹੱਥ ਲਾਇਆਂ ਮੈਲੀ ਹੁੰਦੀ ਹੈ

ਨਾਲੇ ਗਲਤੀਆਂ ਕੀਹਦੇ ਕੋਲੋਂ ਨਹੀ ਹੁੰਦੀਆਂ?

ਤੂੰ ਚੁਪ ਕਰ, ਵਡੀ ਆਈ ਦਾਨੀ! ਉਸਦੇ ਡੈਡ ਨੇ ਬੀਜ਼ੀ ਨੂੰ ਝਿੜਕ ਦਿੱਤਾ

ਮੇਰਾ ਸਾਰਾ ਸਰੀਰ ਕੰਬ ਰਿਹਾ ਸੀ

ਜੇਠ ਹਾੜ ਦੀਆਂ ਗਰਮੀਆਂ ਵਿਚ ਮੇਰਾ ਵਿਆਹ ਹੋ ਗਿਆ।ਅਜਨਬੀ ਦਾ ਨਾਮ ਸ਼ਮਸ਼ੇਰ ਸਿੰਘ ਸੀ

ਵਿਆਹ ਦੇ ਚਾਅ ਵਿਚ ਵੀ ਮੈ ਦੁਖੀ ਮੁਦਰਾ ਵਿਚ ਗੜੂੰਦ ਸਾਂ।ਅਗਲਾ ਕੈਨੇਡਾ ਤੋਂ ਆਇਆ,ਇੰਝ ਕਿਵੇਂ ਬੇਵਕੂਫ ਬਣ ਜਾਵੇਗਾ?

ਸਤਿ ਸ੍ਰੀ ਅਕਾਲ ਜੀ। ਸ਼ੇਰੇ ਨੇ ਪਹਿਲੀ ਵਾਰ ਬੋਲ ਬੋਲੇ

ਮੈਨੂੰ ਲਗ ਰਿਹਾ ਸੀ ਕਿ ਹੁਣੇ ਹੀ ਇਹ ਮੇਰੀ ਖਿਚ ਧੂਹ ਕਰੇਗਾ।ਮੇਰਾ ਧੁੜਕੂ ਮੂੰਹ ਨੂੰ ਆ ਰਿਹਾ ਸੀ

ਕਿਉਂ ਬਈ ਮੈ ਤੇ ਵਿਆਹ ਕਰਵਾਉਣ ਆਇਆ ਹਾਂ, ਛੇ ਹਫਤੇ ਹੀ ਕੋਲ ਹਨ ਪਰ ਟੀਸੀ ਦੇ ਬੇਰ ਨੂੰ ਕੀ ਲੋੜ ਪਈ ਸੀ ਇਤਨੀ ਜਲਦੀ ਫੈਸਲਾ ਕਰਨ ਦੀ? ਗੱਲ ਤੇ ਮਜ਼ਾਕ ਵਿਚ ਪੈ ਸਕਦੀ ਸੀ ਪਰ ਉਸਦਾ ਡਰ ਮਜ਼ਾਕ ਦੇ ਮੂਡ ਵਿਚ ਨਹੀ ਸੀ। ਬਾਹਰ ਦਾ ਦਰਵਾਜਾ ਖੜਕਿਆ।ਸ਼ੇਰੇ ਨੇ ਜਾਕੇ ਦਰਵਾਜਾ ਖੋਲਿਆ ਉਸਦੀ ਭੂਆ ਬਾਹਰ ਦੁਧ ਦੇ ਨਾਲ ਹੋਰ ਨਿੱਕਸੁੱਕ ਲੈਕੇ ਮੁਸਕਰਾ ਰਹੀ ਸੀ ਤੇ ਬੋਲੀ, ਵੇਖ ਸ਼ੇਰਿਆ ਸਾਡੀ ਕੁੜੀ ਨੂੰ ਬਹੁਤਾ ਤੰਗ ਨਾਂਹ ਕਰੀਂ, ਵੇਖ ਕਿਤਨੀ ਮਲੂਕ ਜਿਹੀ ਤੇ ਹੈਗੀ ਆ।

ਨਹੀ ਭੂਆ ਜੀ,ਤੁਹਾਨੂੰ ਤੇ ਪਤਾ ਹੀ ਹੈ ਮੇਰੇ ਸੁਭਾਅ ਦਾ।

ਭੂਆ ਮੁੜਦੇ ਪੈਰੀਂ ਹੀ ਮੁੜ ਗਈ

ਮੈ ਪਹਿਲੀ ਗੱਲ ਕਰਨ ਲਈ ਮੰਨ ਬਣਾਇਆ ਤੇ ਬੋਲੀ, ਜੀ ਤੁਹਾਡੀ ਭੂਆ ਜੀ ਬਹੁਤ ਸੋਹਣੀ ਹੈ ਤੇ ਇਨ੍ਹਾਂ ਦੀ ਬੇਟੀ ਤਾਂ ਬਿਲਕੁਲ ਬਹਿਸ਼ਤੀ ਹੂਰ ਹੀ ਦਿਸਦੀ ਹੈ।

ਹਾਂ ਸੰਦੀਪ ਸਵੀਟੀ ਵੀ ਬਿਲਕੁਲ ਤੇਰੀ ਬਰਾਦਰੀ ਦੀ ਹੀ ਹੈ ਰੂਪ ਰੰਗ ਵਿਚ।

ਮਿੱਠੀ ਤਾਰੀਫ ਸੁਣਕੇ ਮੈ ਚੁੱਪ ਕਰ ਗਈ

ਸਿਲਸਿਲਾ ਅੱਗੇ ਤੋਰਦਿਆ ਜਗਸ਼ੇਰ ਬੋਲਿਆ, ਜਦੋਂ ਮੈਨੂੰ ਪਤਾ ਲਗਾ ਕਿ ਤੇਰੀ ਫਿਲਾਸਫੀ ਵਿਚ ਮਾਸਟਰ ਕੀਤੀ ਹੈ ਤਾਂ ਮੈ ਉਦੋਂ ਹੀ ਫੈਸਲਾ ਕਰ ਲਿਆ ਸੀ ਕਿ ਜੇ ਕੁੜੀ ਕਾਣੀ ਵੀ ਹੋਈ ਤਾਂ ਮੈ ਹਾਂ ਕਰ ਦੇਣੀ ਹੈ ਪਰ ਤੇਰੀਆਂ ਤੇ ਅੱਖਾਂ ਹੀ ਬਹੁਤ ਖੂਬਸੂਰਤ ਹਨ! ਇਹ ਵਿਸ਼ਾ ਮੇਰਾ ਮੰਨਪਸੰਦ ਹੈ। ਬਹੁਤ ਨਿਭੇਗੀ ਜਦ ਮਿਲ ਬੈਠਣਗੇ ਦੀਵਾਨੇ ਦੋ।

ਸੁਣਕੇ ਮੈਨੂੰ ਹੌਂਸਲਾ ਹੋਇਆ।ਸ਼ਾਇਦ ਮੇਰੀਆਂ ਅੱਖਾਂ ਹੀ ਮੇਰੇ ਤੇ ਚਾਦਰ ਪਾ ਦੇਣ,ਹੋਰ ਮੈਨੂੰ ਕੀ ਚਾਹੀਦਾ ਹੈ?

ਜੀ ਲਗਦੈ ਤੁਹਾਨੂੰ ਦਰਸ਼ਨ ਵਿਚ ਬਹੁਤ ਦਿਲਚਸਪੀ ਹੈ

ਹਾਂ ਸੰਦੀਪ ਫਿਲਾਸਫੀ ਮੇਰਾ ਮੰਨਪਸੰਦ ਵਿਸ਼ਾ ਹੈ।

ਜੀ ਤੁਹਾਨੂੰ ਕੁਰੈਕਟ ਕਰ ਦਿਆਂ ਮੈ ਮਾਸਟਰ ਹੀ ਨਹੀ ਕੀਤੀ ਸਗੋਂ ਐਮ.ਫਿਲ ਕੀਤੀ ਹੈ।ਮੇਰਾ ਡੈਜਰਟੇਸ਼ਨ,ਚਾਇਲਡ ਸਾਈਕਾਲੋਜੀ ਨਾਲ ਰਿਲੇਟਿਡ ਸੀ।

ਫਿਰ ਤੇ ਹੋਰ ਵੀ ਕਮਾਲ ਹੈ।ਕਾਸ਼ ਮੈ ਵੀ ਇਸ ਸਬਜੈਕਟ ਤੇ ਮਾਸਟਰ ਕਰਦਾ।

ਜੀ ਫੇਰ ਤੁਸੀਂ ਕੈਨੇਡਾ ਕਿਉਂ ਗਏ? ਲੋਕ ਤੇ ਉੱਥੇ ਬਹੁਤੇ ਪੈਸੇ ਤੇ ਕਮਫਰਡ ਮੋਡ ਲਈ

ਜਾਂਦੇ ਹਨ।

ਕੋਈ ਸ਼ਕ ਨਹੀ ਪਰ ਮੇਰੇ ਕਾਰਣ ਹੋਰ ਸਨ।

ਸ਼ੁਕਰ ਹੈ ਪਰਮਾਤਾਮਾ ਦਾ ਜਿਸਨੇ ਇੱਕ ਦਿਲਚਸਪ ਇਨਸਾਨ ਨਾਲ ਨਾਤਾ ਜੋੜ ਦਿੱਤਾ। ਮੇਰਾ ਦਿਮਾਗ ਉਸ ਘੜੀ ਵਲ ਸੀ ਜਦੋਂ ਉਸਨੇ ਮੇਰੇ ਨਾਲੇ ਨੂੰ ਹੱਥ ਪਾਉਣਾ ਸੀ ।ਮੇਰਾ ਚੂੜਾ ਉਤਾਰਨਾ ਸੀ ਮੇਰੇ ਗਹਿਣੇ ਇੱਕ ਇੱਕ ਕਰਕੇ ਵੱਖ ਕਰਨੇ ਸਨ ।ਮੇਰੇ ਸਿਰ ਤੇ ਲਈ ਫੁਲਕਾਰੀ ਚੁੰਨੀ ਨੂੰ ਉਤਾਰ ਦੇਣਾ ਸੀ ਪਰ ਉਸਨੇ ਹੱਥੀਂ ਕੁਝ ਵੀ ਨਹੀ ਕੀਤਾ ਤੇ ਕਿਹਾ, ਸੰਦੀਪ ਗਰਮੀ ਬਹੁਤ ਹੈ ਤੂੰ ਇਹ ਭਾਰੇ ਕਪੜੇ ਉਤਾਰ ਕੇ ਇਜ਼ੀ ਹੋ ਜਾ ਫੇਰ ਢੇਰ ਸਾਰੀਆਂ ਗੱਲਾਂ ਕਰਦੇ ਹਾਂ,ਵੇਖ ਤੇਰੇ ਚੇਹਰੇ ਤੇ ਪਸੀਨੇ ਦੀਆਂ ਬੂੰਦਾਂ ਵੀ ਤਰੇਲ ਵਾਂਗ ਚਮਕ ਪਈਆਂ ਹਨ।

ਮੇ ਮੱਥੇ ਤੇ ਆਈ ਤਰੇਲੀ ਨੂੰ ਤੌਲੀਏ ਨਾਲ ਪੂੰਝਿਆ ਤੇ ਬੈੱਡ ਤੋਂ ਉਠ ਪਈ ।ਆਪਣੇ ਲਾਲ ਅਟੈਚੀ ਵਿਚੋਂ ਟੂ ਪੀਸ ਪਾਰਦਰਸ਼ੀ ਨਾਈਟੀ ਕਢੀ ਤੇ ਵਾਸ਼ਰੂਮ ਚਲੇ ਗਈ

ਸੁਭਾਨ ਅੱਲਾ! ਕਿਤਨੀ ਜੱਚ ਰਹੀ ਹੋ ਇਸ ਰੂਪ ਵਿਚ,ਸਰੀਰਕ ਖੂਬਸੂਰਤੀ ਦੀ ਉਸਨੇ ਪਹਿਲੀ ਵਾਰ ਤਾਰੀਫ ਕੀਤੀ ।ਹੁਣ ਮੇਰਾ ਰੂਪਕ ਰੂਪ ਸ਼ੁਰੂ ਹੋਣ ਵਿਚ ਕੁਝ ਹੀ ਸਮਾਂ ਬਾਕੀ ਸੀ ।ਵਹਿੰਦੇ ਹੋਏ ਪਾਣੀਆਂ ਨੂੰ ਇੱਕ ਵਾਰ ਫੇਰ ਪੁਲਾਂ ਥੱਲਿਉਂ ਲੰਘਣਾ ਪੈਣਾ ਸੀ ਤੇ ਮੇਰੇ ਅੰਦਰ ਦਾ ਕਲਾਕਾਰ ਇਸਲਈ ਤਿਆਰ ਹੋ ਗਿਆ ਸੀ ।ਮੈ ਬੈੱਡ ਦੀ ਸਟੇਜ ਤੇ ਆਕੇ ਬੈਠ ਗਈ ਤੇ ਹੈੱਡ ਬੋਰਡ ਨਾਲ ਢਾਸਣਾ ਲੈਕੇ ਬੈਠ ਗਈ

ਰੁਕਾਵਟ ਕੇ ਲੀਏ ਖੇਦ ਹੈ। ਸ਼ੇਰੇ ਨੇ ਮਜ਼ਾਕ ਵਿਚ ਕਿਹਾ ਤੇ ਉਠਕੇ ਵਾਸ਼ਰੂਮ ਵਿਚ ਚਲੇ ਗਿਆ ।ਉਸਦੇ ਵਾਪਸ ਆਉਣ ਤੱਕ ਮੈ ਪਹਾੜ ਜਿਤਨੀ ਇੰਤਜਾਰ ਬਹੁਤ ਔਖਾ ਲੰਘਾਈ ਮੈ ਚਾਹੁੰਦੀ ਸੀ ਜੋ ਹੋਣਾ ਹੈ ਜਲਦੀ ਜਲਦੀ ਹੋ ਜਾਵੇ

ਸ਼ੇਰੇ ਨੇ ਵੀ ਕੁੜਤਾ ਪਜਾਮਾ ਪਾ ਲਿਆ ਸੀ ਤੇ ਆਕੇ ਬੋਲਿਆ, ਸ਼ਹਿਜ਼ਾਦੀਏ ਬਾਹਰ ਤੇ ਹੁਸੜ ਹੈ ਪਰ ਅੰਦਰ ਮਨਾਲੀ ਬਣੀ ਪਈ ਹੈ, ਅੱਜ ਤੇ ਕਮਰੇ ਵਿਚ ਹੀ ਸਰੂ ਉਘ ਪਏ ਹਨ।

ਜੀ ਮੇਰੇ ਸੰਘੋ ਇਤਨਾ ਹੀ ਨਿਕਲਿਆ ।ਮੈ ਸੋਚ ਰਹੀ ਸੀ ਕਿ ਸ਼ੇਰੇ ਨੂੰ ਵੀ ਆਪਣੇ ਤੇ ਮਾਣ ਹੈ ਤਾਂ ਹੀ ਉਸਨੇ ਉਘ ਪਏ ਹਨ ਕਿਹਾ ਹੈ

ਸੰਦੀਪ! ਉਸਨੇ ਤਹਮੱਲ ਨਾਲ ਕਿਹਾ ਮੈ ਉਸ ਵੱਲ ਵੇਖਣ ਦੀ ਹਿੰਮਤ ਜੁਟਾ ਰਹੀ ਸੀ

ਤੂੰ ਬੁਧਇਜ਼ਮ ਵਿਚ ਫੈਲੇ ਅਨਲਰਨ ਹੋਣ ਬਾਰੇ ਪੜਿਆ ਹੋਵੇਗਾ ਕੀ ਕਹਿਣਾ ਚਾਹੇਂਗੀ ਇਸ ਬਾਰੇ?

ਜੀ ਮੈ ਤੇ ਇਤਨਾ ਜਾਣਦੀ ਹਾਂ ਕਿ ਕੁਝ ਵੀ ਪਰੈਕਟੀਕਲ ਨਹੀ ਹੈ, ਸਭ ਕਿਤਾਬੀ ਗੱਲਾਂ ਹਨ।

ਨਹੀ ਸੰਦੀਪ ਮੈ ਇੰਝ ਨਹੀ ਸੋਚਦਾ ।ਇਹ ਕਿਤਾਬੀ ਗੱਲਾਂ ਵਿਹਾਰਕ ਵੀ ਹਨ ਤੇ ਮੈ ਇਸ ਗੱਲ ਨੂੰ ਪਲੇ ਬੰਨ੍ਹਿਆ ਹੋਇਆ ਹੈ।

ਮੈ ਅੱਖਾਂ ਨੀਵੀਆਂ ਕਰ ਲਈਆਂ। ਮੇਰੀ ਬਨਾਉਟੀ ਮੁਸਕਰਾਹਟ ਪਤ ਨਹੀ ਕਿੱਥੋਂ ਆ ਗਈ। ਮੈ ਸਿਰਫ ਮੁਕਸਕਰਾਈ ਪਰ ਬੋਲੀ ਕੁਝ ਵੀ ਨਾਂਹ

"ਕੀ ਹੁਣ ਤੁਸੀਂ ਮੇਰੇ ਪਤਨੀ ਹੋ !"

ਉਸਦੀ ਗੱਲ ਸੁਣਕੇ ਮੈ ਖਿੜਖਿੜਾ ਕੇ ਹੱਸ ਪਈ ਤੇ ਬੋਲੀ, 'ਕੋਈ ਸ਼ਕ!

ਨਹੀ ਸ਼ਕ ਤੇ ਕੋਈ ਨਹੀ ਪਰ ਸਿਰਫ ਸਿਖੀ ਹੋਈ ਗੱਲ ਹੀ ਦੁਹਰਾਈ ਹੈ ।ਮੈ ਇੰਝ ਨਹੀ

ਸੋਚਦਾ। ਪਤਨੀ ਹੋਣਾ ਹੋਰ ਗੱਲ ਹੈ ਤੇ ਇੱਕ ਦੂਜੇ ਨੂੰ ਜਾਨਣਾ ਹੋਰ ਗੱਲ ਹੈ।

ਮੈਨੂੰ ਸੱਚੀ ਸਮਝ ਨਹੀ ਆ ਰਹੀ ਸੀ ਕਿ ਉਹ ਕੀ ਚਾਹੁਣਾ ਚਾਹੁੰਦਾ ਸੀ,ਉਂਝ ਵੀ ਮੇਰੀ ਕਲਾਕਾਰੀ ਇਸ ਲਈ ਤਿਆਰ ਨਹੀ ਸੀ। ਮੈ ਤੇ ਸਿਰਫ ਪਾਸ ਹੋਣਾ ਹੀ ਲੋੜਦੀ ਸੀ ਉਸ ਵਕਤ ਮੈ ਬੋਲੀ, ਜੀ ਅੱਜ ਦੀ ਰਾਤ ਮੈਨੂੰ ਪਤਨੀ ਨਹੀ ਸਗੋਂ ਵਹੁਟੀ ਕਹੋ।

ਨਹੀ ਤੂੰ ਮੇਰੀ ਵਹੁਟੀ ਨਹੀ ਸਗੋਂ ਮੇਰੇ ਅੰਦਰ ਬੈਠੀ ਔਰਤ ਹੈਂ।

ਕੀ ਫਰਕ ਹੈ? ਸਿਰਫ ਸ਼ਬਦਾਂ ਦਾ ਹੇਰਫੇਰ ਹੈ।

ਮੇਰੇ ਅੰਦਰ ਬੈਠੀ ਮੇਰੀ ਮਾਂ ਤੇ ਹੋਰ ਸਾਰੀਆਂ ਢੇਰ ਸਾਰੀਆਂ ਦੋਸਤ ਤੇ ਰਿਸ਼ਤੇਦਾਰ ਔਰਤਾਂ ਹੈਰਾਨ ਸਨ

ਆਖਰ ਸੋਚ ਸਾਚ ਕੇ ਮੇਰੇ ਅੰਦਰ ਬੈਠੀ ਮਾਂ ਹੌਲੀ ਜਿਹੀ ਬੋਲੀ ਜੋ ਸਿਰਫ ਮੈ ਹੀ ਸੁਣ ਸਕਦੀ ਸੀ,ਜਦੋਂ ਤੁਹਾਨੂੰ ਪਤਾ ਨਾ ਹੋਵੇ ਕਿ ਕੀ ਕਹਿਣਾ ਹੈ ਤਾਂ ਆਪਣਾ ਮੂੰਹ ਬੰਦ ਰਖੋ। ਮੇਰੇ ਕਲਾਕਾਰ ਨੇ ਵੀ ਇਹੋ ਸਲਾਹ ਦਿੱਤੀ

ਪਹਾੜੀ ਨਾਲ ਟਕਰਾ ਕੇ ਇੱਕ ਅਵਾਜ਼ ਗੂੰਜੀ

ਸੰਦੀਪ ਮੈ ਇੱਕ ਅਜਨਬੀ ਹਾਂ, ਮੈ ਚਾਹੁੰਦਾ ਹਾਂ ਕਿ ਮੈ ਤੇਰੇ ਲਈ ਅਜਨਬੀ ਨਾਂ ਰਹਾਂ ਤੇ ਤੂੰ ਵੀ ਮੇਰੇ ਲਈ ਅਜਨਬੀ ਨਾ ਰਹੇਂ।

ਮੇਰੇ ਕਲਾਕਾਰ ਨੇ ਇਹ ਚਣੌਤੀ ਸਵੀਕਾਰ ਕਰਦਿਆਂ ਕਿਹਾ, ਜੀ ਬਿਲਕੁਲ ਠੀਕ,ਪਰ ਮਰਦ ਇੰਝ ਸੋਚਦੇ ਕਦੋਂ ਹਨ?

ਔਰਤ ਵੀ ਇੰਝ ਕਦੋਂ ਸੋਚਦੀ ਹੈ?ਸੁਣਕੇ ਮੈ ਚੁਪ ਕਰ ਗਈ

ਗੱਲ ਔਰਤ ਤੇ ਮਰਦ ਦੀ ਨਹੀ ਸਿਰਫ ਵਿਅਕਤੀ ਦੀ ਹੈ ਤੇ ਹੋਣੀ ਚਾਹੀਦੀ ਹੈ। ਸਾਡੇ ਕੋਲ ਬਹੁਤ ਕੁਝ ਅਨਲਰਨ ਕਰਨ ਲਈ ਪਿਆ ਹੈ।

ਜੀ ਜਿਵੇਂ ਤੁਸੀਂ ਠੀਕ ਸਮਝੋ। ਲਗਦੈ ਮੈ ਤੇ ਬਹੁਤ ਭਾਗਾਂ ਵਾਲੀ ਹਾਂ।

ਭਾਗਾਂ ਵਾਲੀ ਕਹਿਣਾ ਵੀ ਤੁਹਾਡੇ ਸਿਖੇ ਹੋਏ ਸੰਸਕਾਰਾਂ ਦਾ ਪ੍ਰਛਾਵਾਂ ਹੈ। ਆਉ ਪਹਿਲਾਂ ਆਪਾਂ ਆਪਣੇ ਪ੍ਰਛਾਵਿਆਂ ਤੋਂ ਮੁਕਤ ਹੋਈਏ

ਜੀ'

ਸੰਦੀਪ ਆ ਆਪਾਂ ਗੱਲ ਵਰਜਿਤ ਫਲ ਤੋਂ ਕਰਦੇ ਹਾਂ।ਇਹ ਫਲ ਕਿਉਂ ਵਰਜਿਤ ਸੀ ਤੇ ਗੌਡ ਨੇ ਕੀ ਕਿਹਾ ਸੀ ਜੋ ਐਡਮ ਤੇ ਈਵ ਨੇ ਨਹੀ ਮੰਨਿਆ।

ਗੱਲ ਹੋਰ ਹੀ ਪਾਸੇ ਤੁਰ ਪਈ। ਮੇਰਾ ਡਰ ਵੀ ਅੱਗੇ ਪੈ ਗਿਆ ਤੇ ਘਟ ਗਿਆ ਤੇ ਮੈ ਬੋਲੀ, ਜੀ ਤੁਸੀਂ ਗੱਲ ਸ਼ੁਰੂ ਕਰੋ ਮੈ ਆਪਣੀ ਸਮਝ ਮੁਤਾਬਕ ਸੁਣਾਂਗੀ ਵੀ ਤੇ ਜਵਾਬ ਵੀ ਦੇਵਾਂਗੀ।

ਹਾਂ ਬਈ ਤੁਸੀਂ ਅੱਜ ਨੰਗੇ ਕਿਉਂ ਤੁਰੇ ਫਿਰਦੇ ਹੋ? ਗੌਡ ਬੋਲਿਆ

ਅਸੀਂ ਤੇ ਅੱਗੇ ਵੀ ਇੰਝ ਹੀ ਘੁੰਮਦੇ ਹਾਂ। ਐਡਮ ਨੇ ਈਵ ਵਲ ਵੇਖਕੇ ਜਵਾਬ ਦਿੱਤਾ

ਨਹੀ ਤੁਸੀਂ ਪਹਿਲਾਂ ਨੰਗੇ ਨਹੀ ਸੀ। ਅੱਜ ਨੰਗੇ ਹੋ ਇਸ ਲਈ ਹੀ ਪੱਤਿਆਂ ਦਾ ਸਹਾਰਾ ਲੈ ਰਹੇ ਹੋ। ਸਚਮੁੱਚ ਹੀ ਐਡਮ ਤੇ ਈਵ ਆਪਣੇ ਆਪ ਨੂੰ ਨੰਗੇ ਸਮਝ ਰਹੇ ਸਨ ਤੇ ਉਹ ਆਪਣਾ ਹਰ ਅੰਗ ਢਕਣਾ ਚਾਹੁੰਦੇ ਸਨ। ਪਹਿਲਾਂ ਇੰਝ ਨਹੀ ਸੀ।

ਮੈ ਅਵਾਕ ਸੁਣ ਰਹੀ ਸੀ ਤੇ ਬੋਲੀ, ਜੀ ਇਸਦਾ ਕੀ ਮਤਲਬ ਕਢਿਆ ਜਾਵੇ?

ਹਾਂ ਇਹ ਬਹੁਤ ਵਿਰਾਟ ਸੁਆਲ ਹੈ ਤੇਰਾ। ਇਸਦਾ ਵਿਸਥਾਰ ਬਹੁਤ ਹੈ ਤੇ ਜਵਾਬ ਉਸਤੋਂ ਵੀ ਵਿਸ਼ਾਲ।ਆਉ ਆਪਾਂ ਅੱਜ ਇਸਤੇ ਗੱਲ ਕਰਦੇ ਹਾਂ।

ਤਥਾਸਤੂ ਮੈ ਮਜ਼ਾਕ ਵਿਚ ਕਿਹਾ

ਇੱਥੋਂ ਹੀ ਸਾਡਾ ਲਰਨਿੰਗ ਪਰੋਸੈਸ ਸ਼ੁਰੂ ਹੁੰਦਾ ਹੈ ਸੰਦੀਪ।

ਉਹ ਕਿਵੇਂ?

ਵਿਅਕਤੀ ਦਾ ਜੈਂਡਰ ਇਸ ਪਰੋਸੈਸ ਰਾਹੀਂ ਹੀ ਬਾਹਰ ਆਉਂਦਾ ਹੈ ਵਰਨਾ ਤਾਂ ਮੇਰੇ ਵਿਚ ਮੇਰੀ ਔਰਤ ਵਸੀ ਹੋਈ ਹੈ। ਮੇਰੇ ਰੋਮ ਰੋਮ ਵਿਚ ਇੱਕ ਔਰਤ ਰਹਿੰਦੀ ਹੈ, ਇੰਝ ਹੀ ਤੇਰੇ ਰੋਮਾਂ ਵਿਚ ਤੇਰਾ ਮਰਦ ਵਸਿਆ ਹੋਇਆ ਹੈ। ਅਸੀਂ ਉਸ ਜੈਂਡਰ ਨੂੰ ਹੀ ਮਿਲਣਾ ਹੈ ਨਾਂਹ ਕਿ ਮੈ ਸੰਦੀਪ ਨੂੰ ਤੇ ਨਾਂਹ ਸੰਦੀਪ ਨੇ ਸ਼ੇਰੇ ਨੂੰ।

ਓਹ ਗਰੇਟ! ਇੰਝ ਤੇ ਮੈ ਕਦੇ ਸੋਚਿਆ ਹੀ ਨਹੀ। ਵੈਰੀ ਇੰਟਰਸਟਿੰਗ

ਮਧੁਰ-ਮਿਲਨ ਕਿਸੇ ਦੂਜੇ ਨਾਲ ਨਹੀ ਹੁੰਦਾ ਪਰ ਹੋ ਰਿਹਾ ਹੈ

ਮਧੁਰ-ਮਿਲਨ ਤੇ ਉਹ ਹੋਵੇਗਾ ਜਦੋਂ ਮੈ ਆਪਣੀ ਅੰਦਰਲੀ ਔਰਤ ਨੂੰ ਮਿਲਾਂਗਾ। ਮਧੁਰ-ਮਿਲਣ ਤੋਂ ਉਹ ਹੋਵੇਗਾ ਜਦੋਂ ਤੁਸੀਂ ਆਪਣੇ ਅੰਦਰਲੇ ਮਰਦ ਨੂੰ ਮਿਲੋਗੇ

ਸਾਨੂੰ ਪੱਤੇ ਨਹੀ ਚਾਹੀਦੇ ਆਪਣੇ ਆਪ ਨੂੰ ਮਿਲਣ ਲਈ।

ਸ਼ੇਰੇ ਨੇ ਮੇਰਾ ਹੱਥ ਫੜ ਕੇ ਚੁੰਮ ਲਿਆ ਤੇ ਬੋਲਿਆ, ਅਜੇ ਤੇ ਇਹ ਹੱਥ ਹੀ ਮੇਰੀ ਹਵਾ ਦਾ ਹੈ। ਉਹ ਹਵਾ ਜੋ ਮੇਰੇ ਆਰ ਪਾਰ ਵਗ ਰਹੀ ਮਹਿਸੂਸ ਹੁੰਦੀ ਹੈ, ਉਸਦੀ ਆਮਦ ਅਜੇ ਹੋਣੀ ਹੈ

ਸੰਦੀਪ ਬੇਟਾ ਰੋਟੀ ਤਿਆਰ ਹੈ।ਥੱਲੇ ਆ ਜਾ। ਆਪ ਵੀ ਪਾ ਲੈ ਤੇ ਮੈਨੂੰ ਵੀ ਪਾ ਕੇ ਦੇ, ਭੁਖ ਲੱਗੀ ਹੈ। ਬੀਬੀ ਦੀ ਅਵਾਜ਼ ਨੇ ਸੰਦੀਪ ਦੀ ਬਿਰਤੀ ਤੋੜੀ ਤੇ ਉਸਨੇ ਡਾਇਰੀ ਬੰਦ ਕਰ ਦਿੱਤੀ

ਕਾਹਲੀ ਨਾਲ ਬੰਦ ਕੀਤੀ ਡਾਇਰੀ ਵਿਚੋਂ ਇੱਕ ਸੁੱਕੀ ਹੋਈ ਪੰਖੜੀ ਭੁੜਕ ਕੇ ਬੈੱਡ ਤੇ ਆ ਡਿਗੀ

ਹਾਂ ਬੀਬੀ, ਕਿਹੜੀ ਸਬਜੀ ਪਾਵਾਂ? ਆਲੂ ਬਤਾਊਂ ਕਿ ਸ਼ਲਗਮ?

ਸੰਦੀਪ, ਆਲੂ ਬਤਾਊਂ ਤੇ ਥੋੜੇ ਹਨ ਇੱਕ ਵਾਸਤੇ ਹੀ ਹਨ ਤੂੰ ਮੈਨੂੰ ਸ਼ਲਗਮ ਪਾ ਦੇ।

ਚੰਗਾ ਬੀਜ਼ੀ। ਸੰਦੀਪ ਨੇ ਰੋਟੀ ਥਾਲੀ ਵਿਚ ਪਾਕੇ ਬੀਜ਼ੀ ਨੂੰ ਸੋਫੇ ਤੇ ਹੀ ਫੜਾ ਦਿੱਤੀ

"ਜੇ ਅਸੀਂ ਇਕੱਠੇ ਸੌਂ ਵੀ ਜਾਈਏ ਜਦਕਿ ਅਸੀਂ ਅਸਲੀਅਤ ਵਿੱਚ ਇੱਕ ਦੂੱਜੇ ਨੂੰ ਜਾਣਦੇ ਤੱਕ ਵੀ ਨਹੀਂ, ਫਿਰ ਤੁਹਾਡੇ ਅਤੇ ਕੋਠੇ ਵਾਲੀ ਵਿੱਚ ਕੀ ਫਰਕ ਰਹਿ ਜਾਏਗਾ? ਅਸੀਂ ਇੱਕ ਦਿਨ ਇਕੱਠੇ ਸੋਵਾਂਗੇ, ਜਦੋਂ ਅਸੀਂ ਦੋਨੋਂ ਆਪੋ ਆਪਣੇ ਜ਼ੈਂਡਰ ਨੂੰ ਮਿਲਣ ਦੀ ਤਾਂਘ ਨਾਲ ਨੱਕੋ ਨੱਕ ਭਰ ਜਾਵਾਂਗੇ। ਬੀਜ਼ੀ ਨਾਲ ਰੋਟੀ ਖਾਣ ਤੋਂ ਬਾਦ ਮੈ ਫਿਰ ਉਪਰ ਆਕੇ ਡਾਇਰੀ ਖੋਲ ਲਈ

ਇਹ ਤੇ ਤੇਰੇ ਲਈ ਲੌਟਰੀ ਵਾਲੀ ਗੱਲ ਹੈ ਸੰਦੀਪੀਏ ਮੈ ਡਾਇਰੀ ਵਿਚ ਆਪਣੇ ਆਪ ਨੂੰ ਸੰਬੋਧਿਤ ਸੀ। ਮੈ ਸ਼ੇਰੇ ਦੀ ਗੱਲ ਨਹੀ ਸੁਣ ਰਹੀ ਸੀ ਸਗੋਂ ਸੋਚ ਰਹੀ ਸੀ ਕਿ ਜੇ ਇੰਝ ਹੋ ਜਾਵੇ ਤਾਂ ਕਿਆ ਬਾਤ ਹੈ। ਇੱਕ ਵਾਰ ਕੈਨੇਡਾ ਪਹੁੰਚ ਜਾਵਾਂ ਫੇਰ ਵੇਖੀ

ਜਾਵੇਗੀ। ਸ਼ੀਸ਼ੇ ਵਿਚ ਮੈ ਆਪਣੇ ਆਪ ਨੂੰ ਵੇਖ ਕੇ ਹੀ ਗੱਲ ਕਰ ਰਹੀ ਸੀ। ਹੁਣ ਸ਼ੀਸ਼ਾ

ਮੇਰੇ ਸਿਰਹਾਣੇ ਬੈਠਾ ਹੈ ਤੇ ਮੇਰਾ ਪੈਨ ਚਲ ਰਿਹਾ ਹੈ

ਵੇਖ ਨੀ ਡਾਇਰੀਏ ਖਬਰਦਾਰ ਜੇ ਸਾਰੀ ਉਮਰ ਮੇਰੇ ਸਿਵਾਏ ਕਿਸੇ ਹੋਰ ਦੇ ਹੱਥ ਆਈ

ਹੈ ਇਹ ਪਰਲੇ ਦਰਜ਼ੇ ਦਾ ਬੇਵਕੂਫ, ਮੈਨੂੰ ਆਪਣੀ ਔਰਤ ਬਨਾਉਣਾ ਚਾਹੁੰਦਾ ਹੈ।ਉਏ ਸ਼ੁਦਾਈਆ, ਲਾਵਾਂ ਨਾਲ ਜੇ ਤੇਰੀ ਮੈ ਪਤਨੀ ਨਹੀ ਬਣੀ ਤਾਂ ਹੋਰ ਕਿਵੇਂ ਬਣਾਂਗੀ?

ਮੈਨੂੰ ਇਹ ਕਿਉਂ ਲਗਦੈ ਡਾਇਰੀਏ ਕਿ ਤੂੰ ਵੀ ਹਸ ਰਹੀ ਹੈਂ। ਹਾਂ ਯਾਦ ਆਇਆ ਉਸ ਦਿਨ ਯਾਨੀ ਸੁਹਾਗਰਾਤ ਦੀ ਘੜੀ ਵਿਚ ਕਹਿੰਦਾ ਸੀ, ਉਸ ਦਿਨ ਮੈਂ ਆਪਣੀ ਪਤਨੀ ਨਾਲ ਪਿਆਰ ਕਰਾਂਗਾ, ਮੈਂ ਯਕੀਨਨ ਇੱਕ ਅਜਨਬੀ ਨਾਲ ਸੈਕਸ ਨਹੀਂ ਕਰਾਂਗਾਂ " ਮੈਨੂੰ ਸ਼ਕ ਹੋਇਆ ਕਿਤੇ ਇਹ ਨਾਮਰਦ ਤਾਂ ਨਹੀ? ਮਰਦ ਤਾਂ ਔਰਤ ਦੀ ਖੁਸ਼ਬੋ ਨਾਲ ਹੀ ਕੀਲੇ ਜਾਂਦੇ ਹਨ। ਕੀ ਇਸਦੀ ਮੁਲਾਕਾਤ ਮਧੁਰ-ਮਿਲਨ ਨਾਲ ਸ਼ੁਰੂ ਨਹੀ ਹੋ ਸਕਦੀ? ਜ਼ਰੂਰ ਕੋਈ ਘੁੰਡੀ ਹੈ

ਇਹ ਤੇ ਮੇਰੇ ਅੰਗਾਂ ਵਲ ਵੇਖਦਾ ਤੱਕ ਨਹੀ!

ਦੋ ਘੰਟੇ ਦੀ ਚਪੜ ਚਪੜ ਤੋਂ ਬਾਦ ਉਸਨੇ ਲਾਟੂ ਬੰਦ ਕਰ ਦਿੱਤਾ

ਮੈਂ ਡਰੀ ਹੋਈ ਸੀ ਪਰ ਫਿਰ ਵੀ ਹੱਸ ਪਈ

ਮੈ ਸੋਚਣ ਲੱਗ ਪਈ ਕਿ ਮੇਰਾ ਟੁਟਿਆ ਹੋਇਆ ਚਰਖਾ, ਭਲੇ ਵਾਲੀ ਗੱਲ ਹੈ ਜਾਂ ਇਹ ਰੱਬ ਦੀ ਕੋਈ ਰਮਜ਼ ਹੈ ਜੋ ਮੇਰੀ ਸਮਝ ਵਿਚ ਨਹੀ ਆ ਰਹੀ। ਮੇਰੇ ਦਿਲ ਨੇ ਇਸ ਗੱਲ ਦੀ ਹਾਮੀ ਤੇ ਭਰੀ ਕਿ ਮੈ ਕਿਸੇ ਦੇ ਪਿਆਰ ਵਿਚ ਹੁਣ ਨਹੀ ਜਕੜੀ ਹੋਈ ਸਗੋਂ ਮੈ ਤੇ ਨਫਰਤ ਨਾਲ ਭਰੀ ਹੋਈ ਹਾਂ

ਫਿਰ ਸੁਕੀਆਂ ਪੰਖੜੀਆਂ ਕਿਉਂ ਡਾਇਰੀ ਵਿਚ ਸਾਂਭੀ ਬੈਠੀ ਹੈਂ। ਮੇਰੇ ਅੰਦਰ ਨੇ ਸੁਆਲ ਕੀਤਾ

ਅੱਖਾਂ ਬੰਦ ਕੀਤੇ ਸ਼ੇਰੇ ਦੇ ਮਾਸੂਮ ਚੇਹਰੇ ਵਲ ਵੇਖਕੇ,ਮੈਨੂੰ ਬਹੁਤ ਹੀ ਮੋਹ ਆਇਆ।ਮੈਨੂੰ ਇਹ ਭਲਾ ਬੰਦਾ ਲੱਗਾ

ਚਲੋ ਵੇਖਦੇ ਹਾਂ, ਸੁਣਦੇ ਹਾਂ ਇਸਦੀ ਫਿਲਾਸਫੀ, ਕੀ ਪਤਾ ਇਸਦੀ ਚੁਆਤੀ ਨਾਲ ਮੈ ਭਾਂਬੜ ਵਾਂਗ ਬਲ਼ ਪਵਾਂ

ਕੀ ਹੁਣ ਸੌਂਣ ਤੋਂ ਪਹਿਲਾਂ ਆਪਣਾ ਹਾਰ ਸਿੰਗਾਰ,ਕਲੀਰੇ ਉਤਾਰ ਦੇਵਾਂ ਆਪ ਹੀ?

ਵਿਆਹ ਤੋਂ ਇੱਕ ਦਿਨ ਪਹਿਲੇ ਮਾਂ ਨੇ ਕਿਹਾ ਸੀ,'ਸੰਦੀਪ ਰਬ ਤੇ ਭਰੋਸਾ ਰਖ। ਭਰੋਸੇ ਨਾਲ ਹੀ ਸਤੇ ਖੈਰਾਂ ਝੋਲੀ ਪੈਂਦੀਆਂ ਹਨ।ਉਸਦੇ ਘਰ ਹੋਈ ਦੇਰੀ ਹੋਰ ਵੀ ਖੂਬਸੂਰਤ ਹੁੰਦੀ ਹੈ।ਬਸ ਤੁਹਾਡੇ ਭਰੋਸੇ ਵਿਚ ਚਲਾਕੀ ਨਹੀ ਹੋਣੀ ਚਾਹੀਦੀ

ਪ੍ਰੇਸ਼ਾਨੀ ਵਿਚ ਰੱਬ ਨੂੰ ਕਿਉਂ ਪੁੱਛਦੇ ਹੋ? ਸੁਆਲ ਕਿਉਂ ਕਰਦੇ ਹੋ?

ਉਹ ਇਹ ਕਿਵੇਂ ਸੋਚ ਸਕਦਾ ਹੈ ਕਿ ਤੁਸੀਂ ਨਾਖੁਸ਼ ਹੋਵੋ? ਉਹ ਤੁਹਾਡੇ ਸੁਪਨਿਆਂ ਨੂੰ ਪੂਰਾ ਕਿਉਂ ਨਹੀ ਕਰਦਾ?

ਉਸ ਵੇਲੇ ਤੁਸੀਂ ਇਹ ਮਹਿਸੂਸ ਹੀ ਨਹੀ ਕਰ ਸਕਦੇ ਕਿ ਰਬ ਕਿਤਨੀ ਸਚਾਈ ਨਾਲ ਤੁਹਾਡੀ ਜ਼ਿੰਦਗੀ ਲਈ ਕੰਮ ਕਰ ਰਿਹਾ ਹੈ

ਜਦੋਂ ਵੀ ਕੋਈ ਪਲੈਨ ਜਾਂ ਸੁਪਨਾ ਕਾਮਯਾਬ ਨਹੀ ਹੁੰਦਾ ਤਾਂ ਨਿਰਾਸ਼ ਨਹੀ ਹੋਣਾ ਚਾਹੀਦਾ। ਪਤਾ ਨਹੀ ਕਿਸੇ ਨੇ ਕਿਹਾ ਜਾਂ ਮੈਂ ਹੀ ਇਹ ਗੱਲ ਘੜ ਲਈ

ਮੈਂ ਸਵੇਰ ਦੀ ਉਡੀਕ ਵਿਚ ਅੱਖਾਂ ਬੰਦ ਕਰ ਲਈਆਂ

ਜਨਵਰੀ 4, 2004 ਨੂੰ ਸੰਦੀਪ ਕੈਲੇਗਰੀ ਵਾਈ ਵਾਈ ਸੀ ਇੰਟਰਨੈਸ਼ਨਲ ਏਅਰਪੋਰਟ ਤੇ ਉਤਰੀ। ਇੰਮੀਗਰੇਸ਼ਨ ਤੋਂ ਵੇਹਲੀ ਹੋਕੇ ਉਹ ਬਾਹਰ ਵਲ ਤੁਰੀ ਤਾਂ ਸ਼ੇਰੇ ਨੇ ਦੂਰੋਂ ਹੀ ਹੱਥ ਹਿਲਾਇਆ। ਸੰਦੀਪ ਨੇ ਤਸੱਲੀ ਦਾ ਸਾਹ ਲਿਆ।ਉਸਦਾ ਪਹਿਲਾ ਪੜ੍ਹਾਅ ਪੂਰਾ ਹੋ ਚੁੱਕਾ ਸੀ।

ਸੰਦੀਪ ਸੁਆਗਤ ਹੈ ਤੇਰਾ ਸਾਡੇ ਸ਼ਹਿਰ ਵਿਚ। ਸ਼ੇਰੇ ਨੇ ਕਿਹਾ ਤੇ ਜ਼ਰੂਰ ਪਰ ਸੰਦੀਪ ਜਿਵੇਂ ਸੋਚਦੀ ਸੀ ਕਿ ਉਹ ਧਾਹ ਕੇ ਮਿਲੇਗਾ ਇਹੋ ਜਿਹੀ ਗੱਲ ਨਹੀ ਹੋਈ।ਰਾਹ ਵਿਚ ਵੀ ਉਸਨੇ ਰਵਾਇਤੀ ਗੱਲਾਂ ਹੀ ਕੀਤੀਆਂ। ਸਾਰਿਆਂ ਦਾ ਹਾਲ ਚਾਲ ਪੁੱਛਿਆ ਸਫ਼ਰ ਬਾਰੇ ਪੁੱਛਿਆ। ਉਹ ਘਰ ਪਹੁੰਚ ਗਏ।ਚਾਹ ਪੀਕੇ ਸ਼ੇਰੇ ਨੇ ਕਿਹਾ ਕਿ ਉਹ ਅਸ਼ਨਾਨ ਕਰ ਲਵੇ।ਸੰਦੀਪ ਦੀ ਥਕਾਵਟ ਨੂੰ ਅਸ਼ਨਾਨ ਨੇ ਕੁਝ ਸਕੂਨ ਦਿੱਤਾ

ਸ਼ਾਇਦ ਅੱਜ ਰਾਤ ਨੂੰ ਮੇਰੀ ਸੁਹਾਗਰਾਤ ਹੋਵੇ,ਪਰ ਕੀ ਪਤਾ? ਇਸ ਇਨਸਾਨ ਨੂੰ ਸਮਝਣ ਦੀ ਬਹੁਤ ਜ਼ਰੂਰਤ ਹੈ।ਸੰਦੀਪ ਨੇ ਸੋਚਿਆ

ਪੁੱਤ ਥਕੀ ਹੋਵੇਂਗੀ ਤੇ ਭੁਖ ਵੀ ਲੱਗੀ ਹੋਵੇਗੀ। ਰੋਟੀ ਖਾਕੇ ਘੜੀ ਅਰਾਮ ਕਰ ਲੈ।ਸ਼ੇਰੇ ਨੇ ਵੀ ਅੱਜ, ਸ਼ਾਮ ਦੀ ਸ਼ਿਫਟ ਕੰਮ ਤੇ ਨਹੀ ਜਾਣਾ।

ਉਹ ਚੁੱਪ ਰਹੀ ਤੇ ਵੇਖਦਿਆਂ ਹੀ ਵੇਖਦਿਆਂ ਸ਼ੇਰੇ ਨੇ ਬੀਬੀ ਦੀ ਮਦਦ ਨਾਲ ਡਾਇਨਿੰਗ ਟੇਬਲ ਸਜਾ ਦਿੱਤਾ। ਕਿਤਨਾ ਹੀ ਕੁਝ ਸੀ ਜਿਵੇਂ ਕੋਈ ਖਾਸ ਮਹਿਮਾਨ ਲਈ ਉਚੇਚ ਕੀਤਾ ਹੋਵੇ। ਸ਼ੇਰੇ ਨੇ ਸੰਦੀਪ ਲਈ ਕੁਰਸੀ ਖਿਚੀ ਤੇ ਸੰਦੀਪ ਸ਼ੇਰੇ ਵਲ ਵੇਖਕੇ ਮੁਸਕਰਾ ਪਈ। ਉਸਨੇ ਅੱਖਾਂ ਭਰ ਕੇ ਸ਼ੇਰੇ ਵਲ ਵੇਖਿਆ। ਉਸਨੂੰ ਵਾਕਿਆ ਹੀ ਮਹਿਸੂਸ ਹੋਇਆ ਕਿ ਸ਼ੇਰਾ ਬਹੁਤ ਵਧੀਆ ਇਨਸਾਨ ਹੈ ਤੇ ਉਸਦੀ ਜ਼ਿੰਦਗੀ ਸੌਰ ਜਾਵੇਗੀ

ਬੀਬੀ ਜੀ ਤੁਸੀਂ ਵੀ ਆ ਜਾਵੋ? ਸੰਦੀਪ ਨੇ ਕਿਹਾ

ਨਹੀ ਪੁੱਤ ਤੁਸੀਂ ਖਾਵੋ ਮੈ ਤੇ ਪਹਿਲਾਂ ਹੀ ਖਾ ਚੁੱਕੀ ਹਾਂ। ਮੈਨੂੰ ਤੇ ਤੱਤੇ ਤੱਤੇ ਤਵਿਉਂ ਲਹਿੰਦੇ ਫੁਲਕੇ ਬਹੁਤ ਚੰਗੇ ਲਗਦੇ ਹਨ।

ਹਾਂ ਸੰਦੀਪ, ਬੀਬੀ ਖਾ ਚੁੱਕੀ ਹੈ ਤੇ ਇੱਕ ਗੱਲ ਹੋਰ, ਬੀਬੀ ਬਹੁਤ ਹੀ ਵਧੀਆ ਕੁੱਕ ਹੈ। ਇਸਦੀਆਂ ਸਿਫਤਾਂ ਸਾਰੇ ਜਾਣ ਪਛਾਣ ਵਾਲੇ ਕਰਦੇ ਹਨ।

ਉਹ ਗਰੇਟ,ਬੀਬੀ ਜੀ ਮੈਨੂੰ ਵੀ ਸਿਖਾ ਦੇਣਾ। ਮੈ ਖਾਣਾ ਤੇ ਬਣਾ ਲੈਂਦੀ ਹਾਂ ਵਧੀਆ ਪਰ ਬਹੁਤ ਵਧੀਆ ਹੁਣ ਤੁਹਾਡੇ ਕੋਲੋਂ ਸਿਖਾਂਗੀ।

ਹਾਂ ਕਿਉਂ ਨਹੀ, ਮੇਰੇ ਕੋਲ ਤਾਂ ਬਹੁਤ ਪੁਰਾਣੇ ਨੁਸਖੇ ਹਨ ਮੇਰੀ ਸੱਸ ਨੇ ਸਿਖਾਏ ਸਨ ਤੇ ਉਸਨੂੰ ਉਸਦੀ ਬੀਬੀ ਨੇ।

ਅਸਲ ਵਿਚ ਸੰਦੀਪ, ਮੇਰੀ ਦਾਦੀ ਆਪਣੇ ਸਮੇਂ ਵਿਚ ਹੀ ਪੜ੍ਹੀ ਲਿਖੀ ਸੀ।

ਜੀ ਉਦੋਂ ਤੇ ਦਸ ਵੀ ਕੀਤੀਆਂ ਹੋਣ ਤਾਂ ਉਸਨੂੰ ਪੜ੍ਹੀ ਲਿਖੀ ਦਾ ਖਿਤਾਬ ਮਿਲ ਜਾਂਦਾ ਸੀ।

ਹਾ ਹਾ ਸ਼ੇਰਾ ਹੱਸ ਪਿਆ ਤੇ ਬੋਲਿਆ, ਸੰਦੀਪ ਕੋਈ ਪੜ੍ਹਾਵੇ ਨਾਂਹ ਤਾਂ ਵਖਰੀ ਗੱਲ ਪਰ ਇੰਡੀਆ ਵਿਚ ਤੇ ਮੇਰੀ ਦਾਦੀ ਨੇ ਪਿੱਛਲੀ ਸਦੀ ਦੇ ਚਾਲੀਵੇਂ ਦਹਾਕੇ ਵਿਚ ਹੀ ਬੀ. ਏ ਕੀਤੀ ਸੀ। ਉਸ ਸਮੇਂ ਇਹ ਵਖਰੀ ਗੱਲ ਸੀ ਪਰ ਦਾਦੀ ਸਾਡੀ ਸਾਰੇ ਪਿੰਡ ਦੀ ਮੋਹਤਬਰ ਬਣ ਗਈ ਸੀ। ਮਰਦ ਵੀ ਆਕੇ ਉਸ ਨਾਲ ਸਲਾਹ ਮਸ਼ਵਰਾ ਕਰਦੇ ਸਨ। ਉਹ ਰਸੋਈ ਦੀ ਬੜੀ ਸ਼ੌਕੀਨ ਸੀ ਉਸਨੇ ਹੀ ਇੱਕ ਨੋਟਬੁੱਕ ਤਿਆਰ ਕੀਤੀ ਜਿਸ ਵਿਚ ਪੁਰਾਣੀਆਂ ਰੈਸਪੀਆਂ ਦਰਜ਼ ਹਨ।ਉਹ

ਜਾਣ ਲਗਿਆਂ ਮੇਰੀ ਮਾਂ ਨੂੰ ਦੇ ਗਈ ਤੇ ਉਹੋ ਨੋਟਬੁਕ ਸ਼ਾਇਦ ਬੀਬੀ ਤੈਨੂੰ ਦੇ ਜਾਵੇ ਪਰ ਡਿਪੈਂਡ ਕਰਦਾ ਹੈ ਕਿ ਤੁਹਾਡੀ ਨੌਂਹ ਸੱਸ ਦੀ ਨਿਭਦੀ ਕਿਵੇਂ ਹੈ।

ਲੈ ਮੈਂ ਤੇ ਬੀਬੀ ਨੂੰ ਆਪਣੀ ਮਾਂ ਤੋਂ ਵੀ ਵਧ ਮੰਨਣਾ।ਹੁਣ ਇਹ ਤੁਹਾਡੀ ਹੀ ਨਹੀ ਮੇਰੀ ਵੀ ਬੀਬੀ ਹੈ।

ਸ਼ੇਰਾ ਹਸ ਪਿਆ ਤੇ ਬੋਲਿਆ, ਲੈ ਮੈ ਕਦੋਂ ਮਨ੍ਹਾ ਕਰਦਾ ਹਾਂ। ਕਰ ਲੈ ਕਬਜਾ ਮਾਂ ਤੇ। ਕਦੇ ਲੋੜ ਪਈ ਤੇ ਤੇਰੀ ਸਿਫਾਰਸ਼ ਪਵਾ ਲਵਾਂਗੇ।

ਬੀਬੀ ਰਸੋਈ ਵਿਚ ਖੜੀ ਹਸ ਪਈ ਤੇ ਬੋਲੀ, ਲਵੋ ਮੇਰੇ ਵਲੋਂ ਪਹਿਲੀ ਸੁਗਾਤ।ਉਹ ਦੋ ਪਲੇਟਾਂ ਵਿਚ ਸ਼ਕਰ ਵਾਲੀਆਂ ਸੇਵੀਆਂ ਪਾਕੇ ਟੇਬਲ ਤੇ ਰਖ ਗਈ

ਸੰਦੀਪ ਨੇ ਪਹਿਲਾ ਚਮਚਾ ਮੂੰਹ ਵਿਚ ਪਾਇਆ ਤੇ ਉਸਨੂੰ ਮਹਿਸੂਸ ਹੋਇਆ ਕਿ ਇਸ ਵਿਚ ਸਿਰਫ ਸ਼ਕਰ ਹੀ ਨਹੀ ਸਗੋਂ ਹੋਰ ਵੀ ਬਹੁਤ ਕੁਝ ਹੈ। ਸੁਆਦ ਸੁਆਦ ਹੋਏ ਮੂੰਹ ਨਾਲ ਉਸਨੇ ਬੀਬੀ ਵਲ ਵੇਖਿਆ ਤੇ ਬੋਲੀ, ਬੀਬੀ ਇਹ ਤੇ ਕਮਾਲ ਕਰ ਦਿੱਤੀ ਤੁਸੀਂ।

ਸ਼ੁਕਰੀਆ ਸੰਦੀਪ

ਬੀਬੀ ਇੱਕ ਗੱਲ ਕਹਿਣੀ ਹੈ ਜੇ ਮੰਨ ਜਾਵੋ ਤਾਂ।

ਹਾਂ ਪੁੱਤ ਬੋਲ, ਤੇਰੀ ਨਹੀ ਮੰਨਾਂਗੀ ਤਾਂ ਹੋਰ ਕਿਸਦੀ ਮੰਨਾਂਗੀ।

ਜਗਸ਼ੇਰ ਜੀ ਤੁਸੀਂ ਵੀ ਸੁਣੋ।ਮੇਰੇ ਮੂੰਹ ਤੇ ਬੀਬੀ ਚੜ ਨਹੀ ਰਿਹਾ ਇੰਜ ਲਗਦੈ ਜਿਵੇਂ ਬੀਬੀ ਕਹਿਕੇ ਪਖੰਡ ਕਰ ਰਹੀ ਹੋਵਾਂ।ਮੈਂ ਆਪਣੀ ਮਾਂ ਨੂੰ ਬੀਜ਼ੀ ਕਹਿਣਾ ਗਿਝੀ ਹੋਈ ਹਾਂ।ਕੀ ਮੈ ਤੁਹਾਨੂੰ ਬੀਜ਼ੀ ਨਹੀ ਕਹਿ ਸਕਦੀ? ਇੰਝ ਲਗੇਗਾ ਜਿਵੇਂ ਆਪਣੀ ਮਾਂ ਨਾਲ ਗੱਲ ਕਰ ਰਹੀ ਹੋਵਾਂ।

ਲੈ ਪੁੱਤ ਇਹਦੇ ਵਿਚ ਕਿਹੜੀ ਪੁੱਛਣ ਵਾਲੀ ਗੱਲ ਹੈ ਤੂੰ ਮੈਨੂੰ ਬੀਜ਼ੀ ਕਹਿ ਲਿਆ ਕਰ।

ਓਹ ਬੀਜ਼ੀ ! ਸੰਦੀਪ ਨੇ ਉਠਕੇ ਬੀਬੀ ਨੂੰ ਕਲਾਵੇ ਵਿਚ ਲੈਕੇ ਘੁਟ ਲਿਆ।ਸ਼ੇਰੇ ਦਾ ਹਾਸਾ ਛੁਟ ਪਿਆ ਤੇ ਉਹ ਕਿਤਨੀ ਹੀ ਦੇਰ ਹਸਦਾ ਰਿਹਾ ਤੇ ਬੋਲਿਆ, ਬੀਬੀ ਅੱਜ ਤੋਂ ਟੂ ਇੰਨ ਵਨ ਹੋ ਗਈ।

ਚੰਗਾ ਸੰਦੀਪ ਹੁਣ ਤੂੰ ਆਪਣੇ ਬੈੱਡਰੂਮ ਵਿਚ ਜਾ ਤੇ ਅਰਾਮ ਕਰ, ਇਤਨਾ ਸਫ਼ਰ ਤਾਂ ਉਂਝ ਹੀ ਅਧਮੋਇਆ ਕਰ ਦਿੰਦਾ ਹੈ। ਪੁੱਤ ਸ਼ੇਰਿਆ,ਲੈ ਜਾ ਸੰਦੀਪ ਨੂੰ ਕਮਰੇ ਵਿਚ ਤੇ ਇਸਦੇ ਅਟੈਚੀ ਵੀ ਕਮਰੇ ਵਿਚ ਰਖ ਦੇ, ਹੁਣ ਉਹ ਹੀ ਇਸਦਾ ਕਮਰਾ ਹੈ ਤੇਰਾ ਪੁੱਤ ਹੁਣ ਉਹ ਕਮਰਾ ਨਹੀ ਰਿਹਾ। ਹਰ ਗੱਲ ਸੰਦੀਪ ਤੋਂ ਪੁੱਛ ਕੇ ਹੀ ਕਰਨੀ ਪੈਣੀ ਹੈ ਤੈਨੂੰ ਹੁਣ।

ਹਾਂ ਬਈ ਹੁਣ ਮਾਲਕ ਆ ਗਏ ਹਨ। ਚਲੋ ਮਾਲਕੋ ਤੁਹਾਨੂੰ ਤੁਹਾਡੇ ਕਮਰੇ ਤੱਕ ਪਹੁੰਚਦਾ ਕਰ ਦੇਈਏ।

ਸੰਦੀਪ ਉਠ ਪਈ, ਸੰਦੀਪ ਨੇ ਅਟੈਚੀ ਨੂੰ ਹੱਥ ਪਾਇਆ, ਉਹੋ, ਸੰਦੀਪ ਰਹਿਣ ਦੇ, ਮੈ ਲਿਆਉਂਦਾ ਹਾਂ। ਸੰਦੀਪ ਹੱਸ ਪਈ ਤੇ ਹੌਲੀ ਹੌਲੀ ਪੌੜੀਆਂ ਚੜ੍ਹ ਗਈ

'ਕੀ ਹੋਵੇਗਾ, ਸਵੇਰ ਤੱਕ, ਸੋਚਕੇ ਹੀ ਸੰਦੀਪ ਦਾ ਮੰਨ ਉਖੜ ਗਿਆ

ਪੌੜੀਆਂ ਦੇ ਇੱਕ ਇੱਕ ਡੰਡੇ ਨੂੰ ਸੰਦੀਪ ਨੇ ਬੋਚ ਬੋਚ ਚੜਿਆ ਸੀ। ਸੰਦੀਪ ਮਹਿਸੂਸ ਕਰ ਰਹੀ ਸੀ ਕਿ ਉਹ ਤਬਾਹ ਹੋ ਗਈ ਹੈ

ਉਹ ਉਸ ਸਥਿਤੀ ਵਿਚ ਨਹੀ ਜਾਣਾ ਚਾਹੁੰਦੀ ਜਿੱਥੇ ਉਸਨੂੰ ਚੈਲੰਜ ਕੀਤਾ ਜਾਵੇ ਜਾਂ ਪਰਖਿਆ ਜਾਵੇ। ਉਹ ਤੇ ਇਹ ਚਾਹੁੰਦੀ ਸੀ ਕਿ ਸਾਰੀਆਂ ਰਹਿਮਤਾਂ, ਬਖਸ਼ਸ਼ਾਂ ਉਸ ਤੇ ਨਿਛਾਵਰ ਹੋ ਜਾਣ। ਜਿਵੇਂ ਦਾ ਉਹ ਸੋਚਦੀ ਹੈ ਸਭ ਪੂਰਾ ਹੋ ਜਾਵੇ।

ਗਰਜ਼ ਤੋਂ ਬਗੈਰ ਉਸ ਕਦੇ ਵੀ ਕੈਨੇਡਾ ਨਹੀ ਆਉਣਾ ਸੀ

ਜਗਸ਼ੇਰ ਜੀ, ਮੈ ਸੋਚ ਵੀ ਨਹੀ ਸਕਦੀ ਸੀ ਕਿ ਮੈਨੂੰ ਇਹੋ ਜਿਹੀ ਫੈਮਿਲੀ ਮਿਲੇਗੀ, ਕੈਨੇਡਾ ਬਾਰੇ ਤਾਂ ਬਹੁਤ ਗਲਤ ਪ੍ਰਚਾਰ ਹੁੰਦਾ ਹੈ ਇੰਡੀਆ।

ਆਈ ਨੋ ਸੰਦੀਪ, ਮੈ ਵੀ ਕਿਥੇ ਸੋਚਿਆ ਸੀ ਕਿ ਤੇਰੇ ਵਰਗੀ ਹੂਰ ਮੈਨੂੰ ਮਿਲੇਗੀ। ਬੀਬੀ ਨੇ ਵੀ ਕਿੱਥੇ ਸੋਚਿਆ ਹੋਵੇਗਾ ਕਿ ਤੇਰੇ ਵਰਗੀ ਧੀ ਮਿਲੇਗੀ।

ਸ਼ੇਰਾ, ਸੰਦੀਪ ਦੇ ਵਾਲਾਂ ਵਿਚ ਉਂਗਲਾਂ ਫੇਰਨ ਲੱਗਾ

ਜਗਸ਼ੇਰ ਜੀ ਮੈ ਇੱਕਲ ਵਿਚ ਤੁਹਾਨੂੰ ਸਿਰਫ ਸ਼ੇਰਾ ਹੀ ਕਿਹਾ ਕਰਾਂਗੀ। ਮੈਨੂੰ ਸ਼ੇਰਾ ਕਹਿੰਣਾ ਬਹੁਤ ਚੰਗਾ ਲਗਦਾ ਹੈ।

ਹਾਂ ਮੈ ਹੈ ਹੀ ਸ਼ੇਰਾ, ਆਪਾਂ ਇੱਕ ਦੂਜੇ ਦੇ ਬਣਨਾ ਹੈ।

ਸੰਦੀਪ ਦੀਆਂ ਅੱਖਾਂ ਵਿਚ ਅਥਰੂ ਆ ਗਏ, ਉਸਨੇ ਸੋਚਿਆ ਕਿ ਉਹ ਆਪਣੇ ਤੌਰ ਤੇ ਅਜਮਾਇਸ਼ ਲਈ ਕੋਈ ਢੌਂਗ ਨਹੀ ਕਰੇਗੀ। ਢੌਂਗ ਦੀ ਗੁੰਜਾਇਸ਼ ਹੀ ਨਹੀ ਹੈ

ਸੰਦੀਪ, ਹੁਣ ਤੂੰ ਸੌਂਣ ਦੀ ਕੋਸ਼ਿਸ਼ ਕਰ,ਇਤਨੀ ਥਕਾਵਟ ਤੋਂ ਬਾਦ ਜਦੋਂ ਸ਼ੌਵਰ ਲੈ ਲਵੋ ਤਾਂ ਨੀਂਦ ਤਾਂ ਫਰਾਟੇ ਮਾਰਕੇ ਆਉਂਦੀ ਹੈ। ਗੱਲਾਂ ਹੁਣ ਆਪਾਂ ਸਵੇਰੇ ਕਰਾਂਗੇ। ਸ਼ੇਰੇ ਨੇ ਤਹਿ ਕੀਤਾ ਕੰਬਲ ਖੋਲਿਆ ਤੇ ਸੰਦੀਪ ਤੇ ਦੇ ਦਿੱਤਾ ਤੇ ਬੋਲਿਆ ਮੈ ਜ਼ਰਾ ਬੀਬੀ ਨਾਲ ਰਸੋਈ ਵਿਚ ਮਦਦ ਕਰ ਆਵਾਂ।

ਸ਼ੇਰਾ ਚਲੇ ਗਿਆ। ਸੰਦੀਪ ਉਸਨੂੰ ਜਾਂਦੇ ਨੂੰ ਵੇਖਦਿਆਂ ਸੋਚਣ ਲਗੀ ਕਿ ਜੇ ਤੂੰ ਮੈਨੂੰ ਮੁਆਫ ਕਰ ਦਿੱਤਾ ਤਾਂ ਸਾਰੀ ਉਮਰ ਤੇਰੀ ਦਾਸੀ ਬਣ ਕੇ ਰਹਾਂਗੀ। ਸੰਦੀਪ ਦੇ ਅਥਰੂ ਪਰਲ ਪਰਲ ਵਗੇ, ਅੱਧੇ ਪਚਦੇ ਪੂੰਝੇ ਤੇ ਫੇਰ ਪਤਾ ਨਹੀ ਕਦੋਂ ਗੂੜੀ ਨੀਂਦ ਵਿਚ ਚਲੇ ਗਈ

ਚਾਏ ਗਰਮ ਸੰਦੀਪ ਨੇ ਅਵਾਜ਼ ਸੁਣਕੇ ਅੱਖਾਂ ਖੋਲੀਆਂ ਤੇ ਸਿਰਹਾਣੇ ਖਲੋਤੇ ਸ਼ੇਰੇ ਵਲ ਵੇਖਿਆ ਤੇ ਉਠਕੇ ਬੈਠਣ ਦੀ ਮੁਦਰਾ ਵਿਚ ਹੋਕੇ ਹੈਡ ਬੋਰਡ ਨੂੰ ਢੋਅ ਲਾ ਲਈ ਤੇ ਬੋਲੀ, ਗੁਡ ਮੌਰਨਿੰਗ ਸ਼ੇਰਾ ਜੀ।

ਤੁਸੀਂ ਪੂਰੇ ਬਾਰਾਂ ਘੰਟੇ ਸੁਤੇ ਹੋ ਹੁਣੇ ਹੁਣੇ ਤੁਹਾਡੇ ਲਈ ਫੋਨ ਆਇਆ ਸੀ, ਮੈ ਸੋਚਿਆ ਕਿ ਸ਼ਹਿਜਾਦੀ ਨੂੰ ਉਠਾ ਹੀ ਦਿੱਤਾ ਜਾਵੇ।

ਕਿਸਦਾ ਫੋਨ ਸੀ?

ਕੁਲਦੀਪ ਸਿੰਘ ਦਾ।

ਉਹੋ ਕੁਲਦੀਪ ਸਰ ਜੀ ਦਾ,ਕੀ ਕਹਿੰਦੇ ਸੀ?

ਇਹ ਤੇ ਮੈ ਨਹੀ ਪੁੱਛਿਆ,ਤੁਸੀਂ ਆਪ ਹੀ ਫੋਨ ਕਰ ਕੇ ਪੁੱਛ ਲਵੋ।

ਸੰਦੀਪ ਅਜੇ ਚਾਹ ਪੀਂਦੀ ਹੀ ਸੀ ਜਦੋਂ ਸ਼ੇਰੇ ਨੇ ਲੈਂਡ ਲਾਇਨ ਫੋਨ ਲਿਆ ਕੇ ਦੇ ਦਿੱਤਾ ਤੇ ਕਿਹਾ ਮੈ ਸ਼ੌਵਰ ਲੈ ਲਵਾਂ,ਤੁਸੀਂ ਫੋਨ ਕਰ ਲਵੋ ਫੇਰ ਆਪਾਂ ਬਰੇਕ ਫਾਸਟ ਕਰਦੇ ਹਾਂ।ਬੀਬੀ ਨੇ ਤੁਹਾਡੇ ਲਈ ਅੱਜ ਆਲੂ ਵਾਲੇ ਪਰੌਂਠੇ ਬਣਾਏ ਹਨ। ਇਤਨੀ ਗੱਲ ਕਹਿਕੇ ਸ਼ੇਰਾ ਤੌਲੀਆ ਲੈਕੇ ਬਾਹਰ ਚਲੇ ਗਿਆ

ਸੰਦੀਪ ਫੋਨ ਕਰਕੇ ਥੱਲੇ ਚਲੇ ਗਈ।ਡਾਇਨਿੰਗ ਟੇਬਲ ਸਜਿਆ ਪਿਆ ਸੀ।ਸੰਦੀਪ ਕੁਝ ਪ੍ਰੇਸ਼ਾਨ ਸੀ।ਉਹ ਨਹੀ ਚਾਹੁੰਦੀ ਸੀ ਕਿ ਪਹਿਲੇ ਹੀ ਦਿਨ ਉਹ ਕੁਲਦੀਪ ਸਰ ਨੂੰ ਮਿਲਣ ਜਾਵੇ। ਉਹ ਤੇ ਪੁੱਛਣ ਤੋਂ ਵੀ ਹਿਚਕਚਾਹਟ ਮਹਿਸੂਸ ਕਰ ਰਹੀ ਸੀ

ਸ਼ੇਰੇ ਨੇ ਮਹਿਸੂਸ ਕਰ ਲਿਆ ਕਿ ਸੰਦੀਪ ਕੁਝ ਕਹਿਣਾ ਚਾਹੁੰਦੀ ਹੈ ਤੇ ਬੋਲਿਆ ਸੰਦੀਪ ਕੁਲਦੀਪ ਸਰ ਨਾਲ ਗੱਲ ਹੋ ਗਈ?

ਹਾਂ ਹੋ ਗਈ,ਉਹ ਕਹਿੰਦੇ ਹਨ,ਆਕੇ ਮਿਲ ਜਾ।

ਤੇ ਸਮਸਿਆ ਕੀ ਹੈ? ਮੈ ਛਡ ਆਉਂਦਾ ਹਾਂ।

ਉਹ ਤੁਹਾਨੂੰ ਵੀ ਸਦਦੇ ਹਨ।

ਮੇਰੇ ਲਈ ਔਖਾ ਮੈ ਤੇਰੇ ਨਾਲ ਕਿਸੇ ਹੋਰ ਦਿਨ ਚਲੇ ਜਾਵਾਂਗਾ।ਅੱਜ ਮੇਰਾ ਕੰਮ ਤੇ ਜਾਣਾ ਬਹੁਤ ਜ਼ਰੂਰੀ ਹੈ।

ਨਹੀ ਸ਼ੇਰੇ,ਮੈ ਤੁਹਾਡੇ ਨਾਲ ਹੀ ਜਾਵਾਂਗੀ। ਉਹ ਇੱਕਲੇ ਰਹਿੰਦੇ ਹਨ ਤੇ ਮੈ ਨਹੀ ਚਾਹੁੰਦੀ,ਮੈ ਇੱਕਲੀ ਜਾਵਾਂ।

ਕੀ ਕੁਲਦੀਪ ਸਰ ਚੰਗਾ ਬੰਦਾ ਨਹੀ ਹੈ?

ਗੱਲ ਕੁਲਦੀਪ ਸਰ ਦੀ ਨਹੀ ਸਗੋਂ ਤੁਹਾਡੀ ਹੈ,ਤੁਸੀਂ ਕੀ ਸੋਚੋਗੇ?

ਠੀਕ ਹੈ ਜਿਵੇਂ ਤੁਸੀਂ ਕਹੋ, ਸੋਚੋ ਤੇ ਪਰਖੋ।ਬਰੇਕ ਫਾਸਟ ਕਰ ਲਵੋ ਫੇਰ ਗੱਲ ਕਰਦੇ ਹਾਂ।

ਅਰਾਮ ਨਾਲ ਬੈਠ ਜਾਵੋ ਸੰਦੀਪ।

ਸੰਦੀਪ ਨੇ ਢਾਸਣਾ ਲਾ ਲਿਆ ਤਾਂ ਸ਼ੇਰਾ ਬੋਲਿਆ, ਸੰਦੀਪ ਤੁਸੀਂ ਮੇਰੇ ਗੁਲਾਮ ਨਹੀ ਹੋ,ਮੇਰੀ ਪਤਨੀ ਹੋ।

ਹਾਂ ਜੀ

ਆਪਾਂ ਇੰਡੀਆ ਵੀ ਇਸ ਟੌਪਿਕ ਤੇ ਗੱਲ ਕੀਤੀ ਸੀ।ਅਸੀਂ ਪਤੀ ਪਤਨੀ ਤੋਂ ਵੀ ਪਾਰ ਇੱਕ ਜੈਂਡਰ ਹਾਂ।ਆਪੋ ਆਪਣੇ ਅੰਦਰ ਦੇ ਜੈਂਡਰ।ਆਪਣੇ ਅੰਦਰ ਨੂੰ ਮਿਲਣ ਲਈ ਸਭਤੋਂ ਜ਼ਰੂਰੀ ਹੈ ਇੱਕ ਦੂਜੇ ਤੇ ਵਿਸ਼ਵਾਸ਼।ਇਸ ਵਿਸ਼ਵਾਸ਼ ਤੇ ਮੇਰਾ ਰੱਬ ਜਿਤਨਾ ਯਕੀਨ ਹੈ।ਆਪਣੇ ਹਰ ਕਾਰਜ ਲਈ ਮੇਰੇ ਵਲ ਵੇਖਣਾ ਬਿਲਕੁਲ ਹੀ ਠੀਕ ਨਹੀ ਹੈ।ਜ਼ਹਿਨੀ ਗੁਲਾਮੀ ਨਾਲ ਅਸੀਂ ਕਦੇ ਵੀ ਉਸ ਚਰਮ ਤੇ ਨਹੀ ਪਹੁੰਚ ਸਕਦੇ ਜਿੱਥੇ ਆਪਣੇ ਅੰਦਰ ਨੂੰ ਮਿਲਿਆ ਜਾ ਸਕਦਾ ਹੈ।ਜਦੋਂ ਵੀ ਕੁਝ ਕਹਿਣ ਵਾਲਾ ਹੋਇਆ ਮੈ ਬਿਨ੍ਹਾ ਝਿਜਕ ਤੁਹਾਨੂੰ ਦਸ ਦੇਵਾਂਗਾ

ਕੁਲਦੀਪ ਸਰ ਤੁਹਾਡਾ ਆਪਣਾ ਸਰ ਹੈ ਜਿੱਥੋਂ ਤੁਸੀਂ ਗਿਆਨ ਪ੍ਰਾਪਤ ਕੀਤਾ ਹੈ ਉਹ ਕੀ ਸੋਚਣਗੇ ਆਪਣੇ ਦਿੱਤੇ ਗਿਆਨ ਬਾਰੇ? ਮੇਰਾ ਯਕੀਨ ਹੈ ਕਿ ਤੁਸੀਂ ਮੇਰੀ ਗੱਲ ਸਮਝ ਗਏ ਹੋਵੋਗੇ।ਹੁਣ ਤੁਸੀਂ ਤਿਆਰ ਹੋ ਜਾਵੋ।ਮੈ ਤੁਹਾਨੂੰ ਛਡ ਆਉਂਦਾ ਹਾਂ। ਇਤਨਾ ਕਹਿਕੇ ਸ਼ੇਰੇ ਨੇ ਅੱਗੇ ਵਧਕੇ ਸੰਦੀਪ ਦਾ ਮੱਥਾ ਚੁੰਮ ਲਿਆ

ਉਸ ਰਾਤ ਸੰਦੀਪ ਆਪਣੇ ਬਿਸਤਰੇ ਵਿਚ ਪਈ ਸੀ ਤੇ ਡੂੰਘੀ ਸੋਚ ਵਿਚ ਸੀ ਉਦੋਂ ਹੀ ਉਸਨੇ ਕਮਰੇ ਵਿਚ ਵੜਦਾ ਇੱਕ ਮਰਦ ਵੇਖਿਆ।ਸੰਦੀਪ ਬਿਸਤਰੇ ਵਿਚੋਂ ਨਿਕਲ ਆਈ ਤੇ ਖੜੀ ਹੋ ਗਈ

ਉਹ ਤੇਜ਼ ਕਦਮੀਂ ਉਸ ਮਰਦ ਨਾਲ ਬਗਲਗੀਰ ਹੋ ਗਈ।ਉਸਨੇ ਸ਼ੇਰੇ ਦੇ ਮੂੰਹ ਤੇ ਚੁੰਮਣਾ ਦੀ ਝੜੀ ਲਾ ਦਿੱਤੀ।ਕੁਝ ਪਲਾਂ ਬਾਦ ਸ਼ੇਰਾ ਦਰਵਾਜਾ ਬੰਦ ਕਰਨ ਲਈ ਮੁੜਿਆ ਤਾਂ

ਸੰਦੀਪ ਨੇ ਫੇਰ ਪਿੱਛੋਂ ਜੱਫੀ ਪਾ ਲਈ ਜਿਵੇਂ ਕਹਿ ਰਹੀ ਹੋਵੇ ਦਰਵਾਜੇ ਬੰਦ ਕਰਨ ਦੀ ਲੋੜ ਨਹੀ ਹੈ ਹੁਣ

ਸ਼ੇਰਾ ਵੀ ਦਰਵਾਜੇ ਦੀ ਬਜਾਇ ਬਿਸਤਰ ਵਲ ਮੁੜ ਪਿਆ

ਕੋਈ ਅਡੰਬਰ ਨਹੀ,ਕੋਈ ਮੁਆਫੀ ਨਹੀ,ਕੋਈ ਪ੍ਰਹੁਣਚਾਰੀ ਨਹੀ

ਸੰਦੀਪ ਬਿਨ੍ਹਾਂ ਆਪਣੀ ਜਾਣ ਪਛਾਣ ਕਰਵਾਏ ਆਪਣੇ ਅੰਦਰ ਨੂੰ ਮਿਲ ਰਹੀ ਸੀ

ਅੱਜ ਸੰਦੀਪ ਬਹੁਤ ਹੀ ਗੂੜੀ ਨੀਂਦ ਸੁਤੀ ਜਿਵੇਂ ਮੁਦਤਾਂ ਦੀ ਉਨੀਦਰੀ ਹੋਵੇ

ਸਵਖਤੇ ਉਠੀ ਸੰਦੀਪ ਨੇ ਵੇਖਿਆ ਕਿ ਸ਼ੇਰਾ ਅਜੇ ਸੁਤਾ ਪਿਆ ਹੈ

ਉਸਦਾ ਦਿਲ ਕੀਤਾ ਕਿ ਉਹ ਬਿਤਾਇਆ ਹੋਇਆ ਪਲ ਸਾਂਭ ਲਵੇ।ਉਸਨੇ ਆਪਣੀ ਡਾਇਰੀ ਕਢੀ ਤੇ ਲਿਖਿਆ, ' ਵਿਆਹ ਤੋਂ ਚਾਰ ਮਹੀਨੇ ਬਾਦ 26 ਜੂਨ ਨੂੰ ਮੈ ਆਪਣੀ ਸੁਹਾਗ ਰਾਤ ਮਨਾਈ।ਸੱਚ ਹੀ ਇਹ ਧਰਤੀ ਤੇ ਇੱਕ ਸੈਲੀਬਰੇਸ਼ਨ ਸੀ।ਸੌਣ ਤੋਂ ਪਹਿਲਾਂ ਸ਼ੇਰੇ ਨੇ ਜਿਹੜੀ ਮੇਰੀ ਚੁੰਮੀ ਲਈ ਉਸ ਕਰਕੇ ਮੈਨੂੰ ਉਸ ਨਾਲ ਪਿਆਰ ਹੋ ਗਿਆ ਹੈ।

ਅੱਗੇ ਤੋਂ ਇਹ ਡਾਇਰੀ ਮੇਰੀ ਨਹੀ ਉਸਦੀ ਵੀ ਹੈ।ਜਾਣ ਲਵੇ ਉਹ ਡਾਇਰੀ ਵਿਚਲਾ ਸੱਚ

ਨਹੀ ਸੰਦੀਪ ਮੈ ਇੰਝ ਨਹੀ ਕਰ ਸਕਦਾ।ਇਹ ਮਸਲਾ ਮੇਰੀ ਔਰਤ ਦਾ ਨਹੀ ਹੈ।

ਬੀਜ਼ੀ ਮੈ ਜੱਗੇ ਨੂੰ ਸਕੂਲ ਛਡਣ ਚਲੀ ਹਾਂ।

ਹਾਂ ਪੁੱਤ ਛਡ ਆ,ਇਹ ਵੀ ਕਲ ਦਾ ਸਹਿਮਿਆ ਪਿਆ ਹੈ।

ਸੰਦੀਪ ਨੇ ਜੱਗੇ ਨੂੰ ਉਂਗਲ ਲਾ ਲਈ ਤੇ ਦੋਵੇਂ ਮਾਂ-ਪੁੱਤ ਸਕੂਲ ਤੁਰ ਪਏ।ਹੁਣ ਜੱਗਾ ਵੀ ਪੰਜ ਸਾਲ ਦਾ ਹੋ ਗਿਆ ਹੈ।ਪੰਜ ਸਾਲਾਂ ਬਾਦ ਕਿਤਨਾ ਹੀ ਪਾਣੀ ਪੁਲਾਂ ਥੱਲਿਉਂ ਲੰਘ ਚੁੱਕਾ ਹੈ।ਆਪਣੇ ਅੰਦਰ ਫਰੋਲਦੇ ਉਹ ਹੁਣ ਹੋਰ ਹੀ ਦੁਨੀਆਂ ਵਿਚ ਪਹੁੰਚ ਚੁਕੇ ਸਨ।ਸ਼ੇਰੇ ਦੀ ਨਿੱਤ ਦੀ ਸ਼ਰਾਬ ਨੇ ਸਾਰਾ ਘਰ ਤੇਜ਼ਾਬ ਨਾਲ ਭਰ ਦਿੱਤਾ ਸੀ

ਸੰਦੀਪ ਸੋਚ ਰਹੀ ਸੀ ਕਿ ਉਸਦੀ ਗਲਤੀ ਕੀ ਸੀ? ਕੀ ਆਪਣੇ ਘਰ ਪਰਿਵਾਰ ਬਾਰੇ ਸੋਚਣਾ ਗਲਤ ਹੈ?

ਸੰਦੀਪ ਨੂੰ ਪਹਿਲੀ ਰਾਤ ਯਾਦ ਆਈ।ਫੇਰ ਦੂਜੀ ਤੇ ਫੇਰ ਤੀਜੀ, ਸ਼ੇਰਾ ਤੇ ਉਸ ਨਾਲ ਚੁੰਬੜਿਆ ਹੀ ਰਹਿੰਦਾ।ਰਾਤ ਨਾਲ ਰਾਤ ਜੁੜੀ ਰਹੀ ਤੇ ਸਾਲ ਬੀਤ ਗਿਆ।ਸ਼ੇਰਾ ਹੋਰ ਹੀ ਦੁਨੀਆ ਦਾ ਵਾਸੀ ਲਗਦਾ।ਮੈਨੂੰ ਤੇ ਸ਼ਹਿਜ਼ਾਦੀ ਕਹਿੰਦਾ ਸੀ ਫੇਰ ਪਤਾ ਨਹੀ ਐਡਾ ਕਿਹੜਾ ਮੈ ਗੁਨਾਹ ਕਰ ਦਿੱਤੈ? ਕੀ ਘਰਦਿਆਂ ਵਲ ਮੇਰਾ ਕੋਈ ਫਰਜ ਨਹੀ ਸੀ? ਅਨਲਰਨ ਕਰਨ ਲਈ ਹੋਰ ਬਹੁਤ ਕੁਝ ਹੈ ਘਰਦਿਆਂ ਨੂੰ ਕੋਈ ਕਿਵੇਂ ਅਨਲਰਨ ਕਰ ਦੇਵੇ?

ਇੰਡੀਆ ਤੋਂ ਬੀਜ਼ੀ ਦਾ ਫੋਨ ਆਇਆ, ਹਾਂ ਬੇਟਾ ਕੀਤੀ ਗੱਲ?

ਨਹੀ ਬੀਜ਼ੀ ਹੌਂਸਲਾ ਹੀ ਨਹੀ ਪਿਆ, ਤੁਸੀਂ ਆ ਹੀ ਰਹੇ ਹੋ,ਆਪ ਗੱਲ ਕਰ ਲੈਣਾ।

ਬੇਟਾ ਸਾਡੀ ਗੱਲ ਕਰਨੀ ਹੋਰ ਹੈ।ਸਾਡੇ ਆਉਣ ਤੱਕ ਗੱਲ ਤੇ ਸ਼ੁਰੂ ਕਰ।ਹੀਰ ਵਰਗੀ ਕੁੜੀ ਦਿੱਤੀ ਹੈ ਸ਼ੇਰੇ ਨੂੰ ਸਾਡੀ ਇਤਨੀ ਗੱਲ ਵੀ ਨਹੀ ਮੰਨੇਗਾ?

ਠੀਕ ਹੈ ਬੀਜ਼ੀ ਅੱਜ ਹੀ ਗੱਲ ਕਰਦੀ ਹਾਂ।

ਹਾਂ ਬੇਟਾ, ਤੈਨੂੰ ਪਤਾ ਹੈ ਨਾਂ ਗੱਲ ਕਦੋਂ ਕਰੀਦੀ ਹੈ?

ਹਾਂ ਬੀਜ਼ੀ, ਪਤਾ ਹੈ। ਕਹਿਕੇ ਸੰਦੀਪ ਹਸ ਪਈ।ਫੋਨ ਬੰਦ ਕਰਨ ਤੋਂ ਬਾਦ ਸੰਦੀਪ ਨੇ

ਸੋਚ ਲਿਆ ਕਿ ਸ਼ੇਰੇ ਨਾਲ ਅੱਜ ਹੀ ਗੱਲ ਕਰਾਂਗੀ ਮੇਰਾ ਕਿਹਾ ਮੋੜੇਗਾ ਨਹੀ ਸ਼ੇਰਾ।

ਮਾਂ ਪੁੱਤ ਸਕੂਲ ਪਹੁੰਚ ਗਏ ਤੇ ਸੰਦੀਪ ਦੀ ਲੜੀ ਟੁਟ ਗਈ

ਵਾਪਸੀ ਤੇ ਉਹ ਰਾਹ ਵਿਚ ਪੈਂਦੇ ਪਾਰਕ ਵਿਚ ਚਲੇ ਗਈ।ਲੋਕ ਵਾਕ ਕਰ ਰਹੇ ਸਨ ਦੋ ਜਣੇ ਜੌਗਿੰਗ ਵੀ ਕਰ ਰਹੇ ਸਨ। ਉਹ ਤੇ ਸ਼ੇਰਾ ਵੀ ਸਵੇਰੇ ਸਵੇਰੇ ਜ਼ੌਗਿੰਗ ਕਰਨ ਆਉਂਦੇ ਸਨ ਪਰ ਹੁਣ ਇੱਕਠਿਆ ਜ਼ੌਗਿੰਗ ਕਰਨ ਦੀ ਜੋੜੀ ਟੁਟ ਚੁੱਕੀ ਹੈ

ਸੰਦੀਪ ਨੇ ਬੀਬੀ ਬਾਰੇ ਸੋਚਿਆ ਪਹਿਲਾਂ ਪਹਿਲ ਕਿਵੇਂ ਕਹਿੰਦੀ ਸੀ ਕਿ ਉਹ ਮਾਂ ਹੈ ਪਰ ਫੇਰ ਕਿਵੇਂ ਸ਼ਿਰਫ ਸ਼ੇਰੇ ਦੀ ਮਾਂ ਬਣਕੇ ਹੀ ਸੋਚਣ ਲੱਗੀ ਲੋਕੀਂ ਸੱਚ ਹੀ ਕਹਿੰਦੇ ਹਨ ਸੱਸਾਂ ਕਦੇ ਵੀ ਮਾਂ ਨਹੀ ਬਣ ਸਕਦੀਆਂ

ਮਾਂ ਨਾਲ ਗੱਲ ਕਰਨ ਤੋਂ ਬਾਦ ਉਦੋਂ ਉਸਨੇ ਸੋਚਿਆ ਸੀ ਕਿ ਇਹ ਤੇ ਮਾਮੂਲੀ ਗੱਲ ਹੈ ਐਡਾ ਕਿਹੜਾ ਅਣਜੋੜ ਰਿਸ਼ਤਾ ਹੋਣਾ ਹੈ।ਭਰਾ ਮੇਰਾ ਤੇ ਮੇਰੇ ਤੋਂ ਵੀ ਸੋਹਣਾ ਜੁਆਨ ਹੈ। ਜਿੰਮ ਜਾਂਦਾ ਹੈ। ਕੜੀ ਵਰਗਾ ਜੁਆਨ ਹੈ। ਘਾਟਾ ਕਿਸ ਗੱਲ ਦਾ ਹੈ ਸੋਹਣ ਵਿਚ?

ਉਸ ਨੂੰ ਉਸ ਰਾਤ ਦੀ ਯਾਦ ਆਈ।ਸੰਦੀਪ ਅੱਖਾਂ ਬੰਦ ਕਰ, ਤੇਰੇ ਲਈ ਇੱਕ ਸਰਪ੍ਰਾਈਜ਼ ਹੈ। ਅੱਖਾਂ ਬੰਦ ਤੇ ਅੱਖਾਂ ਖੋਲਣ ਦੇ ਵਿਚਲੇ ਵਕਫੇ ਵਿਚ ਹੀ ਉਸਨੇ ਫੈਸਲਾ ਕਰ ਲਿਆ ਕਿ ਅੱਜ ਗੱਲ ਕਰ ਹੀ ਦੇਣੀ ਹੈ

ਸੰਦੀਪ ਨੇ ਵੇਖਿਆ ਕਿ ਸ਼ੇਰੇ ਦਾ ਹੱਥ ਵਿਚ ਪਾਰਦਰਸ਼ੀ ਨਾਇਟੀ ਸੀ ਹਲਕੇ ਬਰਾਉਨ ਰੰਗ ਦੀ

ਇਹ ਮੈ ਤੇਰੇ ਵਾਸਤੇ ਨਹੀ ਲਿਆਇਆ।

ਸੰਦੀਪ ਵਾਸ਼ਰੂਮ ਵਿਚ ਗਈ ਤੇ ਉਸਨੇ ਨਾਈਟੀ ਪਾਈ ਤੇ ਸ਼ੀਸ਼ੇ ਸਾਹਮਣੇ ਘੁੰਮ ਗਈ

ਉਹ ਬਾਹਰ ਆਈ ਤੇ ਬੋਲੀ, ਤੈਂ ਤੜੈਂ। ਤੇ ਪੈਰ ਤੇ ਹੀ ਘੁੰਮ ਗਈ

ਉਹ ਮੇਰਿਆ ਰੱਬਾ, ਮੇਰੇ ਦਾਨ ਕੀਤੇ ਮੋਤੀ ਲਗਦੈ ਤੈਨੂੰ ਬਹੁਤੇ ਹੀ ਪਸੰਦ ਆਏ ਹਨ। ਸ਼ੇਰੇ ਨੇ ਅਜੇ ਕਿਹਾ ਸੀ ਕਿ ਸੰਦੀਪ ਉਸਦੇ ਉਪਰ ਡਿਗ ਪਈ ਉਸਦੀਆਂ ਬਾਹਾਂ ਨੇ ਸ਼ੇਰੇ ਨੂੰ ਜਕੜ ਲਿਆ

ਜੀ ਤੁਹਾਡੇ ਨਾਲ ਗੱਲ ਕਰਨੀ ਹੈ।

ਬਾਦ ਵਿਚ।

ਨਹੀ ਹੁਣੇ ਹੀ।

ਮੈ ਕਿਹਾ ਨਾਂ ਬਾਦ ਵਿਚ। ਸੰਦੀਪ ਨੇ ਆਪਣੇ ਆਪ ਨੂੰ ਕਮਰੇ ਦੀ ਹਵਾ ਦੇ ਹਵਾਲੇ ਕੀਤਾ ਤੇ ਖਾਮੋਸ਼ ਹੋ ਗਈ।

ਹੁਣ ਸੁਣਾ ਕੀ ਕਹਿਣਾ ਹੈ ਤੂੰ, ਐਡਾ ਕਿਹੜਾ ਜ਼ਰੂਰੀ ਕੰਮ ਸੀ ਅੱਖ ਮਾਰ ਕੇ ਚਰੀ ਵਿਚ ਵੜ ਗਈ।

ਜੀ ਗੱਲ ਮਜ਼ਾਕ ਦੀ ਨਹੀ ਸਿਰੀਅਸ ਹੈ।

ਹਾਂ ਦਸ ਮੈ ਸੁਣਦੈ ਪਿਆ ਹਾਂ।

ਅਸੀਂ ਆਪਸ ਵਿਚ ਹੀ ਰਬ ਨੂੰ ਮਿਲੀ ਜਾਂਦੇ ਹਾਂ ਕੋਈ ਸਮਾਜ ਦੇ ਭਲੇ ਦਾ ਕੰਮ ਵੀ ਕਰਨਾ ਚਾਹੀਦਾ ਹੈ।

ਹਾਂ ਜ਼ਰੂਰ

ਕਿਉਂ ਨਾਂ ਆਪਾਂ ਵਿਚੋਲੇ ਬਣੀਏ?

ਤੇਰਾ ਮਤਲਬ ਰਬ ਦੇ ਸ਼ਰੀਕ ਬਣੀਏ? ਕੋਈ ਹਰਜ਼ ਨਹੀ। ਹੋ ਸਕਦਾ ਹੈ ਇਹ ਰਬ ਦਾ ਹੀ ਕੰਮ ਹੋਵੇ ਤੇ ਉਹ ਸਾਡੇ ਕੋਲੋਂ ਕਰਵਾਉਣਾ ਚਾਹੁੰਦਾ ਹੋਵੇ।

ਜੀ ਤੁਸੀਂ ਠੀਕ ਸਮਝੇ। ਗੱਲ ਅਸਲ ਵਿਚ ਹੈ ਕਿ ਤੁਹਾਨੂੰ ਤੇ ਪਤਾ ਹੀ ਹੈ ਕਿ ਮੇਰੇ ਮਾਪਿਆਂ ਦਾ ਮੈਡੀਕਲ ਹੋ ਗਿਆ ਹੈ ਤੇ ਹੋਰ ਦੋ ਮਹੀਨੇ ਤੱਕ ਵੀਜ਼ਾ ਵੀ ਆ ਜਾਇਗਾ ਪਰ ਸਮਸਿਆ ਸੋਹਣ ਦੀ ਹੈ। ਉਹ ਹੁਣ ਤੀਹ ਸਾਲ ਦਾ ਹੋ ਚਲਿਆ ਹੈ ਤੇ ਉਹ ਨਾਲ ਨਹੀ ਆ ਰਿਹਾ। ਕਿਉਂ ਨਾਂ ਉਸ ਵਾਸਤੇ ਕੁੜੀ ਲਭੀ ਜਾਵੇ?

ਹਾਂ ਕਿਉਂ ਨਹੀ? ਸੋਹਣ ਤੇ ਸੋਹਣਾ ਹੀ ਇਤਨਾ, ਕੁੜੀ ਮਿਲ ਜਾਵੇਗੀ ਅਰਾਮ ਨਾਲ ਹੀ। ਮੈ ਤੇ ਹੈਰਾਨ ਹਾਂ ਕਿ ਉਹ ਹੁਣ ਤੱਕ ਕੁਆਰਾ ਕਿਵੇਂ ਹੈ?

ਕੁੜੀਆਂ ਤੇ ਕਈ ਆਲੇ ਦੁਆਲੇ ਘੁੰਮਦੀਆਂ ਹਨ ਪਰ ਉਹ ਕੈਂਨੇਡਾ ਦੀ ਕੁੜੀ ਚਾਹੁੰਦਾ ਹੈ ਤੇ ਆਪਣੇ ਕੁੜੀ ਹੈ ਵੀ।

ਕੌਣ?

ਆਪਣੀ ਸਵੀਟੀ।

ਪਰ ਉਹ ਤੇ ਮੇਰੀ ਕਜ਼ਨ ਹੈ।

ਹਾਂ ਜੀ ਤੁਹਾਡੀ ਕਜ਼ਨ ਹੀ ਹੈ ਮੈ ਤੇ ਆਪਣੇ ਵਿਆਹ ਵੇਲੇ ਹੀ ਵੇਖ ਲਿਆ ਸੀ। ਸੋਹਣ ਨੂੰ ਵੀ ਪਸੰਦ ਹੈ ਤੇ ਮੇਰੇ ਮਾਂ ਬਾਪ ਨੂੰ ਵੀ।

ਤੇਰਾ ਦਿਮਾਗ ਤੇ ਖਰਾਬ ਨਹੀ ਹੋ ਗਿਆ ਸੰਦੀਪ?

ਕਿਉਂ ਇਸ ਵਿਚ ਦਿਮਾਗ ਖਰਾਬ ਵਾਲੀ ਕਿਹੜੀ ਗੱਲ ਹੈ? ਕੀ ਦੋਵਾਂ ਦਾ ਵਿਆਹ ਨਹੀ ਹੋਣਾ ਕਿਤੇ ਤੇ ਫੇਰ ਆਪਸ ਵਿਚ ਕਿਉਂ ਨਹੀ ਹੋ ਸਕਦਾ?

ਉਹ ਤੇਰਾ ਭਰਾ ਤੇ ਸਵੀਟੀ ਮੇਰੀ ਭੈਣ, ਇਹ ਵਾਰੀ ਦਾ ਵੱਟਾ ਸਾਡੇ ਕਿੱਥੇ ਹੁੰਦਾ ਹੈ?

ਪਰ ਤੁਸੀਂ ਤੇ ਹਮੇਸ਼ਾਂ ਅਨਲਰਨ ਹੋਣ ਦੀ ਗੱਲ ਕਰਦੇ ਹੋ?

ਉਹੋ ਮੇਰਾ ਅਨਲਰਨ ਹੋਣ ਵਾਲਾ ਕੰਨਸੈਪਟ ਇਹ ਨਹੀ ਕਹਿੰਦਾ ਕਿ ਸਮਾਜ ਨੂੰ ਨਾਂ ਮੰਨੀਏ। ਕੀ ਮੂੰਹ ਵਿਖਾਵਾਂਗੇ ਦੁਨੀਆ
ਨੂੰ?

ਦੁਨੀਆਂ ਦੀ ਪ੍ਰਵਾਹ ਹੈ? ਮੇਰੀ ਕੋਈ ਪ੍ਰਵਾਹ ਨਹੀ?

ਸ਼ੇਰੇ ਨੇ ਮੱਥਾ ਫੜ ਲਿਆ। ਸ਼ੇਰੇ ਨੇ ਚਾਬੀਆਂ ਚੁੱਕੀਆਂ ਤੇ ਬਾਹਰ ਚਲੇ ਗਿਆ।ਉਸਨੂੰ ਲਗਦਾ ਸੀ ਕਿ ਵਿਥ ਪਾਕੇ ਸ਼ਾਇਦ ਉਹ ਆਪਣੀ ਗੱਲ ਨੂੰ ਸਮਝਾ ਸਕੇ ਪਰ ਨਹੀ। ਸੰਦੀਪ ਨੇ ਇੱਕੋ ਹੀ ਰਟ ਫੜ ਲਈ

ਸ਼ੁਕਰਵਾਰ ਦੀ ਸ਼ਾਮ, ਵੀਕ ਐਂਡ ਸ਼ੁਰੂ ਹੋ ਚੁੱਕਾ ਸੀ।ਉਹ ਵੀਕਐਂਡ ਜਿਸਦਾ ਸ਼ੇਰੇ ਨੂੰ ਵਿਆਹ ਵਰਗਾ ਚਾਅ ਹੁੰਦਾ। ਉਧੇੜ ਬੁਨ ਵਿਚ ਹੀ ਉਹ ਸੋਚਦਾ ਸੀ ਸ਼ਾਇਦ ਅੱਜ ਫੇਰ ਅੰਦਰਲੀ ਔਰਤ ਨਾਲ ਮੁਲਾਕਾਤ ਹੋਵੇਗੀ ਪਰ ਬੈੱਡ ਤੇ ਤਾਂ ਇੱਕ ਸੁਆਲ ਪਿਆ ਸੀ।

ਜਦ ਸੰਦੀਪ ਨੇ ਵੇਖਿਆ ਕਿ ਸ਼ੇਰਾ ਰੋਮਾਂਟਿਕ ਹੋ ਰਿਹਾ ਹੈ ਤਾਂ ਉਸਨੇ ਫੇਰ ਉਹੋ ਗੱਲ ਛੇੜ ਲਈ

ਸ਼ੇਰੇ ਨੂੰ ਰੈਡ ਲਾਈਟ ਦਾ ਏਰੀਆ ਯਾਦ ਆ ਗਿਆ। ਜੇ ਕਮਰਾ ਮੇਰਾ ਤਾਂ ਮੈ ਦੋ ਸੌ

ਡਾਲਰ ਲਵਾਂਗੀ

ਹੁਣ ਵੀ ਉਹੋ ਗੱਲ ਸੀ

ਸ਼ੇਰੇ ਨੇ ਪੁੱਛਿਆ, ਸੰਦੀਪ ਇੱਕ ਗੱਲ ਦਾ ਜੁਆਬ ਦੇਵੋ।

ਪੁੱਛੋ !

ਜੇ ਸਵੀਟੀ ਤੁਹਾਨੂੰ ਇਤਨੀ ਹੀ ਪਸੰਦ ਸੀ ਤਾਂ ਤੁਸੀਂ ਉਦੋਂ ਹੀ ਗੱਲ ਕਿਉਂ ਨਾਂ ਕੀਤੀ।ਸੋਹਣ ਵੀ ਤੇ ਸਵੀਟੀ ਵੀ ਦੋਵੇਂ ਵਿਆਹ ਵਾਲੀ ਉਮਰ ਵਿਚ ਸਨ।

ਜੀ ਐਵੇਂ ਹੀ ਉਦੋਂ ਖਿਆਲ ਨਹੀ ਆਇਆ ਪਰ ਇਹਦੇ ਵਿਚ ਕੀ ਵਡੀ ਗੱਲ ਹੈ।

ਖਿਆਲ ਉਦੋ ਨਹੀ ਆਇਆ ਹੁਣ ਆਇਆ ਹੈ।ਕਾਰਣ ਇਹ ਹੈ ਕਿ ਹੁਣ ਸਵੀਟੀ ਸਟੂਡੈਂਟ ਵੀਜ਼ੇ ਤੋਂ ਬਾਦ ਹੁਣ ਪੀ ਆਰ ਹੋ ਗਈ ਹੈ।ਕੀ ਇਹ ਸੱਚ ਨਹੀ? ਇਸਤੋਂ ਪਹਿਲਾਂ ਕਿ ਸੰਦੀਪ ਕੋਈ ਜੁਆਬ ਦਿੰਦੀ, ਸ਼ੇਰਾ ਆਪ ਹੀ ਬੋਲ ਪਿਆ ਉਹ ਮੇਰੇ ਪਰਮਾਤਮਾ ਇਹ ਮੈ ਕੀ ਕਹਿ ਬੈਠਾ? ਮੇਰੀ ਸੋਚ ਹੁਣ ਇਤਨੀ ਨਿਘਰ ਗਈ ਕਿ ਮੈ ਇਹੋ ਜਿਹੀ ਗੱਲ ਸੋਚ ਬੈਠਾ?

ਮੈਨੂੰ ਮੁਆਫ ਕਰ ਦੇਵੀਂ ਸੰਦੀਪ।

ਹੁਣ ਮੁਆਫੀ ਮੰਗਣ ਦਾ ਕੀ ਫਾਇਦਾ? ਮੈਨੂੰ ਤੇ ਤੁਸੀਂ ਜਿਵੇਂ ਉੱਚੀ ਚੋਟੀ ਤੋਂ ਧੱਕਾ ਦੇ ਦਿੱਤਾ ਹੋਵੇ।ਕੀ ਪੰਜ ਸਾਲ ਢੌਂਗ ਹੀ ਕਰਦੇ ਰਹੇ?

ਨਹੀ ਸੰਦੀਪ ਕੋਈ ਢੌਂਗ ਨਹੀ, ਸਿਰਫ ਅੱਜ ਮੇਰੇ ਕੋਲੋਂ ਗਲਤੀ ਹੋ ਗਈ ਹੈ।

ਗਲਤੀ ਤੇ ਉਹ ਹੁੰਦੀ ਹੈ ਜੋ ਅਨਜਾਣ ਪੁਣੇ ਵਿਚ ਹੋ ਜਾਵੇ।ਤੁਸੀਂ ਜ਼ਰੂਰ ਹੀ ਸਵੀਟੀ ਲਈ ਕੋਈ ਹੋਰ ਸੌਦਾ ਸੋਚ ਰਹੇ ਹੋਵੋਗੇ।ਮੈ ਸਭ ਸਮਝਦੀ ਹਾਂ।ਸਭ ਖੇਖਣ ਕਰਦੇ ਹੋ।ਮੇਰੀ ਇਸ ਘਰ ਵਿਚ ਦੋ ਕੌੜੀ ਦੀ ਵੀ ਵੁਕਤ ਨਹੀ।ਕੀ ਮੇਰਾ ਇਤਨਾ ਵੀ ਹੱਕ ਨਹੀ ਕਿ ਕਿਸੇ ਗੱਲ ਦਾ ਫੈਸਲਾ ਕਰ ਸਕਾਂ?

ਸ਼ੇਰੇ ਨੇ ਫੇਰ ਉਹ ਹੀ ਫਾਰਮੂਲਾ ਅਪਣਾਇਆ। ਚਾਬੀਆਂ ਚੁੱਕੀਆਂ ਤੇ ਘਰੋਂ ਬਾਹਰ ਚਲੇ ਗਿਆ।ਇੰਝ ਹੀ ਉਸਦਾ ਚਾਬੀਆ ਚੁਕਕੇ ਘਰੋਂ ਬਾਹਰ ਜਾਣ ਦਾ ਰੁਝਾਣ ਵਧ ਗਿਆ। ਹੁਣ ਉਹ ਸ਼ਰਾਬ ਪੀਕੇ ਆਉਦਾ। ਬੀਬੀ ਰੋਕਦੀ ਤੇ ਕਹਿੰਦੀ ਵੀ ਪੀਕੇ ਗੱਡੀ ਨਾ ਚਲਾਇਆ ਕਰ। ਰੱਬ ਨਾ ਕਰੇ ਕਿਤੇ ਐਕਸੀਡੈਂਟ ਹੋ ਜਾਵੇ ਤੇ ਪੀਕੇ ਗੱਡੀ ਚਲਾਉਣ ਵਿਚ ਜੇ ਚਾਰਜ ਹੋ ਗਿਆ ਤਾਂ ਜ਼ਿੰਦਗੀ ਨੂੰ ਊਝ ਲਗ ਜਾਊ ਪਰ ਸ਼ੇਰੇ ਤੇ ਕੋਈ ਅਸਰ ਨਾਂ ਹੁੰਦਾ

ਰੋਜ਼ ਰੋਜ਼ ਦੀ ਕਿਚ ਕਿਚ ਹੋਰ ਵੀ ਵਧ ਗਈ ਜਦੋਂ ਸੰਦੀਪ ਦੇ ਮਾਂ ਬਾਪ ਵੀ ਆ ਗਏ

ਉਹ ਵੀ ਸ਼ੇਰੇ ਲਈ ਕਹਿਰ ਦਾ ਦਿਨ ਸੀ ਜਦੋਂ ਉਸਨੇ ਆਪਣਾ ਇੱਕ ਹੋਰ ਅਸੂਲ ਤੋੜ ਦਿੱਤਾ

ਘਰ ਵਿਚ ਉਹ ਇੱਕਲਾ ਸੀ। ਸੰਦੀਪ ਰਾਤ ਦੀ ਹੀ ਆਪਣੇ ਪੇਕੇ ਗਈ ਹੋਈ ਸੀ ਤੇ ਬੀਬੀ ਸਵੇਰ ਸਾਰ ਕਿਸੇ ਦੇ ਘਰ ਸੁਖਮਣੀ ਸਾਹਿਬ ਦੇ ਪਾਠ ਤੇ ਗਈ ਹੋਈ ਸੀ

ਅੱਜਕਲ ਸ਼ੇਰਾ ਜਦ ਵੀ ਇੱਕਲਾ ਹੁੰਦਾ ਸ਼ਰਾਬ ਦਾ ਪੈੱਗ ਲਗਾ ਲੈਂਦਾ ਤੇ ਫੇਰ ਪੈੱਗ ਨਾਲ ਪੈੱਗ ਜੁੜ ਜਾਂਦਾ। ਕਦੇ ਤੇ ਸੌਂ ਜਾਂਦਾ ਤੇ ਕਦੇ ਟਪਲੀਆਂ ਮਾਰਨ ਲੱਗ ਪੈਂਦਾ। ਆਪਣੇ ਆਪ ਨਾਲ ਹੀ ਗੱਲਾਂ ਕਰਦਾ ਤੇ ਉਹ ਗੱਲਾਂ ਸੰਦੀਪ ਵੀ ਸੁਣਦੀ ਤੇ ਬੀਬੀ ਵੀ

ਦੋਵੇਂ ਦੁਖੀ ਹੁੰਦੀਆਂ ਭਾਵੇਂ ਉਨ੍ਹਾਂ ਦੇ ਦੁਖੀ ਹੋਣ ਦੇ ਕਾਰਣ ਆਪੋ ਆਪਣੇ ਸਨ

ਅੱਜ ਸੁਣਨ ਵਾਲਾ ਵੀ ਕੋਈ ਨਹੀ ਸੀ

ਇਹ ਮੈਨੂੰ ਸਮਝਦੀ ਕਿਉਂ ਨਹੀ? ਪਤਾ ਨਹੀ.. ਪਤਾ ਨਹੀ ਤੇ ਅਚਾਨਕ ਉਸਦੀ ਨਜ਼ਰ ਕਪੜਿਆਂ ਦੀ ਉਪਰਲੀ ਸ਼ੈਲਫ ਦੇ ਥੱਲੇ ਸੰਦੀਪ ਦੀ ਡਾਇਰੀ ਦੇ ਕੋਨੇ ਤੇ ਪਈ

ਨਹੀ ਨਹੀ ਉਸਨੇ ਮੁਖ ਮੋੜ ਲਿਆ ਤੇ ਥੱਲੇ ਚਲੇ ਗਿਆ। ਫਰਿਜ਼ ਖੋਲਿਆ ਤੇ ਬੰਦ ਕਰ ਦਿੱਤਾ

ਢਿਡ ਵਿਚ ਭੁੱਖ ਨਾਲ ਕੜਲ ਪੈ ਰਹੇ ਸਨ। ਉਸਨੂੰ ਖਾਣ ਲਈ ਕੁਝ ਚਾਹੀਦਾ ਸੀ ਪਰ ਉਸਨੇ ਦੁਬਾਰਾ ਫਰਿਜ਼ ਖੋਲਕੇ ਬੰਦ ਕਰ ਦਿੱਤਾ ਤੇ ਉਪਰ ਚਲੇ ਗਿਆ। ਇੱਕ ਪੈੱਗ ਪਾਇਆ ਤੇ ਨੀਟ ਹੀ ਪੀ ਗਿਆ ਤੇ ਫੇਰ ਇੱਕ ਹੋਰ

ਉਸਨੂੰ ਹੁਣ ਨੀਂਦ ਆ ਰਹੀ ਸੀ

ਬੈੱਡ ਤੇ ਪੈ ਗਿਆ ਅੱਖਾਂ ਵੀ ਬੰਦ ਕਰ ਲਈਆ ਪਰ ਡਾਇਰੀ ਦੀ ਨੁੱਕਰ ਦਿਮਾਗ ਵਿਚ ਘੁੰਮ ਰਹੀ ਸੀ

ਉਹ ਉਠਿਆ ਤੇ ਡਾਇਰੀ ਖੋਲ ਲਈ।ਕਿਸੇ ਵੇਲੇ ਸੰਦੀਪ ਨੇ ਕਿਹਾ ਸੀ ਕਿ ਇਹ ਡਾਇਰੀ ਉਹ ਪੜ੍ਹ ਸਕਦਾ ਹੈ, ਉਸਨੇ ਨਹੀ ਪੜ੍ਹੀ ਤੇ ਹੁਣ ਸੰਦੀਪ ਹੁੰਦੀ ਤਾਂ ਉਸਨੇ ਡਾਇਰੀ ਨਹੀ ਪੜ੍ਹਣ ਦੇਣੀ ਸੀ ਪਰ ਉਹ ਪੜਣ ਵਿਚ ਰੁਝ ਗਿਆ

ਜਿਉਂ ਜਿਉਂ ਪੜਦਾ ਗਿਆ ਪੱਤਿਆਂ ਨਾਲ ਢਕਿਆ ਵਰਜਿਤ ਫ਼ਲ ਨੰਗਾ ਹੁੰਦਾ ਗਿਆ

ਪੂਰੀ ਡਾਇਰੀ ਪੜ੍ਹਣ ਲਈ ਉਸ ਕੋਲ ਹੌਂਸਲਾ ਹੀ ਨਹੀ ਸੀ। ਉਹ ਉਠਿਆ ਤੇ ਵਿਸਕੀ ਦੀ ਬੋਤਲ ਵਿਚ ਰਹਿੰਦੀ ਸ਼ਰਾਬ ਨੂੰ ਨਿਹਾਰਦਾ ਹੋਇਆ ਆਪਣੇ ਆਪ ਨੂੰ ਕੋਸਣ ਲੱਗਾ। ਮੈ ਕਿਉਂ ਉਸ ਲਈ ਆਪਣਾ ਅਸੂਲ ਤੋੜਿਆ ਜੋ ਮੈਨੂੰ ਸਮਝ ਹੀ ਨਹੀ ਸਕੀ

ਕੀ ਫਰਕ ਹੈ ਸਾਡੇ ਦੋਵਾਂ ਵਿਚ। ਕੋਈ ਫਰਕ ਨਹੀ ਸ਼ਰਾਬ ਨੇ ਜੁਆਬ ਦਿੱਤਾ

ਅਸੀਂ ਸਿਰਫ ਡਰਾਮੇਬਾਜ਼ ਹਾਂ। ਸੰਦੀਪ ਵੀ ਤੇ ਮੈ ਵੀ। ਮੈਂ ਕਿਉ ਕਿਸੇ ਦੀ ਪਰਾਈਵੇਸੀ ਵਿਚ ਦਖ਼ਲ ਦੇ ਰਿਹਾ ਹਾਂ। ਕੀ ਮੈ ਵੀ ਇੱਕ ਰਵਾਇਤੀ ਪਤੀ ਹੀ ਹਾਂ? ਕੀ ਮੇਰੇ ਲਈ ਵੀ ਔਰਤ ਜਾਇਦਾਦ ਹੋ ਗਈ ਹੈ?

ਨਹੀ ਮੈ ਗਲਤ ਹਾਂ, ਮੈਨੂੰ ਹੁਣ ਜਿਉਣ ਦਾ ਵੀ ਹੱਕ ਨਹੀ ਰਿਹਾ

ਉਦੋ ਹੀ ਉਸਦੇ ਅੰਦਰੋਂ ਬੀਬੀ ਬੋਲ ਪਈ, ਸ਼ੁਭ ਸ਼ੁਭ ਕਹਿ ਸ਼ੇਰਿਆ। ਤੈਨੂੰ ਜਿਉਣ ਦਾ ਕਿਉਂ ਹੱਕ ਨਹੀ

ਪਤਾ ਨਹੀ ਬੀਬੀ, ਮੇਰੀ ਸੋਚਣ ਵਾਲੀ ਸ਼ਕਤੀ ਸਾਹ ਸੱਤ ਗੁਆ ਬੈਠੀ ਹੈ

ਉਸਨੂੰ ਬੱਤ ਆਇਆ ਤੇ ਉਹ ਵਾਸ਼ਰੂਮ ਵਿਚ ਜਾਕੇ ਉਲਟੀ ਕਰਨ ਲੱਗ ਪਿਆ। ਅੰਦਰੋਂ ਕੁਝ ਵੀ ਨਿਕਲ ਨਹੀ ਰਿਹਾ ਸੀ

ਹੋਰ ਸ਼ਰਾਬ ਚਾਹੀਦੀ ਸੀ ਪਰ ਘਰ ਵਿਚ ਹੋਰ ਹੈ ਹੀ ਨਹੀ ਸੀ

ਉਸਨੇ ਕੰਬਦੇ ਹੱਥਾਂ ਨਾਲ ਸੱਤੀ ਦਾ ਫੋਨ ਨੰਬਰ ਮਿਲਾਇਆ।

ਸੱਤੀ ਹੁਣੇ ਸ਼ਰਾਬ ਦੀ ਬੋਤਲ ਦੇ ਕੇ ਜਾ,ਹੁਣੇ ਹੀ।

ਪਰ ਅਜੇ ਲਿਕਰ ਸਟੋਰ ਖੁਲੇ ਹੀ ਨਹੀ।

ਆਈ ਡੌਂਟ ਕੇਅਰ, ਲਿਕਰ ਸਟੋਰ ਦਾ ਲੌਕ ਭੰਨ ਦੇ। ਕਹਿਕੇ ਉਸਨੇ ਫੋਨ ਬੰਦ ਕਰ ਦਿੱਤਾ

ਬੀਬੀ ਤੂੰ ਵੀ ਤੇ ਔਰਤ ਹੀ ਹੈਂ। ਆਈ ਹੇਟ ਯੂ ਟੂ।

ਅੱਧੇ ਕੁ ਘੰਟੇ ਬਾਦ ਡੋਰ ਬੈੱਲ ਹੋਈ। ਡਿਗਦੇ ਢਹਿੰਦੇ ਸ਼ੇਰੇ ਨੇ ਦਰਵਾਜਾ ਖੋਲਿਆ ਸੱਤੀ ਬਾਹਰ ਖੜਾ ਹੱਸ ਰਿਹਾ ਸੀ

ਉਸਦੇ ਹੱਥ ਵਿਚ ਪਲਾਸਿਟਕ ਦਾ ਲਿਫਾਫਾ ਸੀ। ਸ਼ੇਰੇ ਨੇ ਫੜ ਲਿਆ ਤੇ ਅੰਦਰ ਆਉਂਦੇ ਸੱਤੀ ਨੂੰ ਰੋਕਦਿਆਂ ਸ਼ੇਰੇ ਨੇ ਕਿਹਾ ਹੁਣ ਤੂੰ ਜਾ, ਲੋੜ ਪਈ ਤੇ ਫੋਨ ਕਰਾਂਗਾ।

ਸੱਤੀ ਖੜੇ ਪੈਰੀਂ ਵਾਪਸ ਮੁੜ ਪਿਆ।

ਸ਼ੇਰੇ ਨੇ ਖੜੇ ਖੜੇ ਹੀ ਲਿਫਾਫਾ ਖੋਲਿਆ ਅੱਧੀ ਕੁ ਸੀ ਉਸਨੇ ਢਕਣ ਖੋਲਕੇ ਬੋਤਲ ਨੂੰ ਹੀ ਮੂੰਹ ਲਾ ਲਿਆ

ਜਦੋਂ ਸੰਦੀਪ ਮੁੜੀ ਤਾਂ ਸ਼ੇਰਾ ਘੂਕ ਸੁਤਾ ਪਿਆ ਸੀ ਤੇ ਬੀਬੀ ਲਿਵਿੰਗ-ਰੂਮ ਵਿਚ ਫਿਕਰਾਂ ਮਾਰੀ ਬੈਠੀ ਸੀ

ਆ ਬੈਠ ਸੰਦੀਪ ਤੇਰੇ ਨਾਲ ਗੱਲ ਕਰਨੀ ਹੈ।

ਕਰੋ ਬੀਜ਼ੀ।

ਪੁੱਤ ਕੀ ਕਲੇਸ਼ ਪਾ ਕੇ ਬੈਠ ਗਏ ਹੋ?

ਬੀਜ਼ੀ ਇਹਦੇ ਵਿਚ ਕਲੇਸ਼ ਵਾਲੀ ਕਿਹੜੀ ਗੱਲ ਹੈ? ਕੀ ਸਵੀਟੀ ਦਾ ਵਿਆਹ ਨਹੀ ਕਰਨਾ?ਜੇ ਕਰਨਾ ਹੈ ਤਾਂ ਸੋਹਣ ਨਾਲ ਕਿਉਂ ਨਹੀ ਕਰ ਸਕਦੇ? ਅੱਜਕਲ ਸਭ ਚਲਦਾ ਹੈ।

ਬੇਟੀ ਭਾਵੇਂ ਇਹ ਰਿਸ਼ਤਾ ਤੇ ਨਹੀ ਬਣਦਾ ਪਰ ਤੇਰੀ ਖਾਤਰ ਸ਼ੇਰੇ ਨੇ ਸਵੀਟੀ ਨਾਲ ਗੱਲ ਕੀਤੀ ਸੀ। ਉਸਨੇ ਹੀ ਇਨਕਾਰ ਕਰ ਦਿੱਤਾ ਹੈ ਉਹ ਕਿਸੇ ਨਾਲ ਪਿਆਰ ਕਰਦੀ ਹੈ ਤੇ ਕਹਿੰਦੀ ਹੈ ਕਿ ਉਸ ਨਾਲ ਹੀ ਵਿਆਹ ਕਰਨਾ ਹੈ। ਹੁਣ ਤੂੰ ਹੀ ਦਸ, ਅਸੀਂ ਜਬਰਦਸਤੀ ਕਿਵੇਂ ਕਰ ਸਕਦੇ ਹਾਂ।

ਪਰ ਸ਼ੇਰੇ ਨੇ ਮੈਨੂੰ ਤੇ ਕੁਝ ਦਸਿਆ ਨਹੀ।

ਤੈਨੂੰ ਹੁਣ ਕੀ ਦਸੇ? ਉਸਦੇ ਵਸ ਵਿਚ ਹੀ ਨਹੀ ਜਦ ਕੋਈ ਗੱਲ?

ਬਿਨ੍ਹਾਂ ਜੁਆਬ ਦਿੱਤਿਆਂ ਸੰਦੀਪ ਉਪਰ ਚਲੇ ਗਈ। ਉਸਨੇ ਵੇਖਿਆ ਸ਼ੇਰਾ ਸੁਤਾ ਪਿਆ ਸੀ,ਦੋ ਬੋਤਲਾਂ ਖਾਲੀ ਪਈਆਂ ਸਨ ਤੇ ਉਸਦੀ ਡਾਇਰੀ ਖੁਲੀ ਪਈ ਸੀ

ਸਵੇਰੇ ਉਠਕੇ ਸ਼ੇਰੇ ਨੇ ਕਿਸੇ ਨੂੰ ਨਹੀ ਬੁਲਾਇਆ ਤੇ ਕੰਮ ਤੇ ਚਲੇ ਗਿਆ

ਵਾਪਸ ਆਕੇ ਉਹ ਸੌਂ ਗਿਆ ਤੇ ਫੇਰ ਸ਼ਾਮ ਨੂੰ ਉਠਕੇ ਪਾਰਟੀ ਤੇ ਜਾਣ ਦੀ ਤਿਆਰੀ ਕਰਨ ਲੱਗਾ।ਅੱਜਕਲ ਸੰਦੀਪ ਉਸਦੇ ਨਾਲ ਨਹੀ ਜਾਂਦੀ ਸੀ ਤੇ ਉਸਨੇ ਜੋਰ ਦੇਕੇ, ਪੁਛਣਾ ਵੀ ਛਡ ਦਿੱਤਾ ਸੀ

ਰਸਤੇ ਵਿਚ ਹੀ ਉਸਨੂੰ ਬਹੁਤ ਪਿਆਸ ਲੱਗੀ ਤੇ ਉਸਨੇ ਇੱਕ ਪਲਾਜ਼ੇ ਵਿਚ ਕਾਰ ਮੋੜ ਲਈ। ਸਪਰਾਈਟ ਦਾ ਕੈਨ ਲੈਕੇ ਕਾਰ ਵਿਚ ਬੈਠ ਗਿਆ। ਖੱਬੇ ਮੋੜ ਕੇ ਉਸਨੇ ਨਾਲ ਲਗਦੀਆਂ ਲਾਈਟਾਂ ਤੋਂ ਫੇਰ ਨੌਰਥ ਨੂੰ ਜਾਣਾ ਸੀ। ਮੋੜਣ ਲਗਿਆਂ ਉਹ ਸੜਕ ਦੇ ਦੂਜੇ ਪਾਸੇ ਚਲੇ ਗਿਆ। ਰੈਡ ਲਾਈਟਾਂ ਦਾ ਪਾਲਣ ਕਰਦਿਆਂ ਉਸਨੇ ਕਾਰ ਰੋਕ ਲਈ

ਉਦੋਂ ਹੀ ਨਾਲਦੇ ਡਵਾਈਡਰ ਦੇ ਦੂਜੇ ਪਾਸੇ ਇੱਕ ਵੈਨ ਆਕੇ ਰੁਕੀ। ਉਸਨੇ ਹਾਰਨ ਮਾਰਿਆ ਉਸਨੇ ਕੋਈ ਪਰਵਾਹ ਨਹੀ ਕੀਤੀ। ਵੈਨ ਦਾ ਸ਼ੀਸ਼ਾ ਖੁਲਦਾ ਉਸਨੇ ਮਹਿਸੂਸ ਕੀਤਾ ਤੇ ਹੌਰਨ ਫੇਰ ਵੱਜਾ

ਹੁਣ ਗਰੀਨ ਲਾਈਟਾਂ ਹੋ ਚੁੱਕੀਆਂ ਸਨ। ਖੱਬੇ ਮੁੜਣ ਵਾਲੀ ਲਾਇਟ ਸੀ ਪਰ ਉਹ ਨਹੀ ਤੁਰਿਆ ਕਿਉਂਕਿ ਦੂਜੇ ਪਾਸੇ ਕਾਰਾਂ ਦਾ ਧਰਚਾ ਆ ਰਿਹਾ ਸੀ। ਲੋਕ ਹਾਰਨ ਮਾਰ ਰਹੇ ਸਨ।ਉਸਨੂੰ ਕੋਈ ਪਤਾ ਨਹੀ ਲਗ ਰਿਹਾ ਸੀ ਕਿ ਲੋਕ ਹਾਰਨ ਕਿਉਂ ਮਾਰ ਰਹੇ ਹਨ

ਉਸਨੇ ਵੈਨ ਵਲ ਵੇਖਿਆ। ਉਸ ਵਿਚ ਪੰਜਾਬੀ ਔਰਤ ਸੀ। ਉਸਨੇ ਸ਼ੀਸ਼ਾ ਥੱਲੇ ਕੀਤਾ ਤੇ ਔਰਤ ਦੀ ਚੀਖ ਵਰਗੀ ਅਵਾਜ਼ ਸੁਣੀ, ਓਹ ਸ਼ੁਦਾਈਆ ਵੇਖ ਤੂੰ ਖਲੋਤਾ ਕਿੱਥੇ ਹੈਂ। ਹੁਣ ਹਾਰਨ ਉਸਨੂੰ ਵੀ ਵਜ ਰਹੇ ਸਨ ਲੋਕ ਸਮਝਦੇ ਸਨ ਕਿ ਇਹ ਦੋਵੇਂ ਇੱਕੋ ਹਨ। ਇੱਕ ਰੁਸਿਆ ਹੈ ਦੂਜਾ ਉਸਨੂੰ ਮਨਾਉਦਾ ਪਿਆ ਹੈ

ਵੈਨ ਵਾਲੀ ਨੇ ਆਪਣੀ ਵੈਂਨ ਚੁਰਾਹੇ ਵਿਚ ਲੈ ਆਂਦੀ ਤੇ ਲੋਕਾਂ ਨੂੰ ਇਸ਼ਾਰਾ ਕੀਤਾ ਕਿ ਉਹ ਰੁਕ ਜਾਣ। ਲੋਕ ਜੱਕੋ ਤੱਕੀ ਵਿਚ ਖਲੋ ਗਏ ਤੇ ਸ਼ੇਰੇ ਨੇ ਆਪਣੀ ਕਾਰ ਮੋੜ ਲਈ। ਉਹ ਜਦੋਂ ਸਜੇ ਪਾਸੇ ਹੌਲੀ ਹੌਲੀ ਤੁਰਿਆ ਤਾਂ ਉਸਨੇ ਵੇਖਿਆ ਕਿ ਵੈਨ ਵੀ ਉਸਦੇ ਮਗਰ ਮਗਰ ਹੀ ਆ ਰਹੀ ਹੈ।

ਸ਼ੇਰੇ ਨੇ ਹੋਰ ਹੌਲੀ ਕੀਤੀ ਤਾਂ ਕਿ ਵੈਨ ਅੱਗੇ ਲੰਘ ਜਾਵੇ ਪਰ ਵੈਨ ਉਸ ਨੂੰ ਫਾਲੋ ਹੀ ਕਰਦੀ ਰਹੀ ਇੱਕ ਦੋ ਮੋੜ ਵੀ ਆਏ ਪਰ ਵੈਨ ਨੇ ਉਸਦਾ ਪਿੱਛਾ ਨਹੀ ਛਡਿਆ। ਇਤਨੇ ਚਿਰ ਨੂੰ ਬੈਂਕੁਟ ਹਾਲ ਆ ਗਿਆ ਤੇ ਸ਼ੇਰੇ ਨੇ ਕਾਰ ਪਾਰਕ ਕਰ ਲਈ।

ਜਦੋਂ ਉਸਨੇ ਵੈਂਨ ਪਾਰਕ ਕਰ ਲਈ ਤਾਂ ਔਰਤ ਨੇ ਵੈਨ ਮੋੜ ਲਈ ਤੇ ਚਲੇ ਗਈ

ਸ਼ੇਰੇ ਨੇ ਅੱਖਾਂ ਬੰਦ ਕਰ ਲਈਆਂ। ਬੀਬੀ ਮੈਨੂੰ ਮੁਆਫ ਕਰ ਦੇਵੀਂ ਅੱਜ ਤੇ ਮੈ ਤੈਨੂੰ ਵੀ ਮੰਦਾ ਚੰਗਾ ਬੋਲ ਗਿਆ।

✲ ✲ ✲

## ਕੁਲਜੀਤ ਮਾਨ ਦੀ ਕਹਾਣੀ 'ਵਰਜਿਤ ਫਲ' ਉੱਤੇ ਹੋਈ ਵਿਚਾਰ-ਚਰਚਾ

ਮਹਿਲ:- ਸਾਰਿਆਂ ਦੀਆਂ ਗੱਲਾਂ ਚੋਂ ਕਈ ਕੁਝ ਨਿਕਲੇਗਾ, ਕਹਾਣੀ ਦਾ ਨਾਂ ਮਿੱਥ ਦੇ ਅਰਥ ਕਿਵੇਂ ਇਕਮਿਕ ਹੁੰਦੇ ਹਨ। ਬਿਰਤਾਂਤ ਵਿਚ ਜੋ ਕੁਝ ਖਿਲਰਿਆਂ ਪਿਆ, ਉਹ ਕਿਵੇਂ ਟੈਕਸਟ ਵਿਚ ਬੱਝਦਾ ਹੈ। ਇਹ ਗੱਲ ਬੱਚੇ ਸ਼ੁਰੂ ਕਰਨਗੇ।

ਹਰਪ੍ਰੀਤ:- ਇਹ ਕਹਾਣੀ ਸੰਵਾਦ ਤੋਂ ਸ਼ੁਰੂ ਹੁੰਦੀ ਹੈ। ਇਸ ਵਿਚ ਜਿਹੜੀ ਗਹਿਰਾਈ ਵੀ ਆ ਰਹੀ ਹੈ ਸੰਵਾਦ ਵਿਚੋਂ ਹੀ ਆ ਰਹੀ ਹੈ। ਕਈ ਥਾਂ ਇਹ ਸੰਵਾਦ ਅਕੇਵਾ ਵੀ ਬਣਦਾ ਹੈ। ਕਹਾਣੀ ਵਿਚ ਵਿਆਕਰਣ ਅਤੇ ਸ਼ਬਦਾਂ ਦੀਆਂ ਬਹੁਤ ਗਲਤੀਆਂ ਹਨ। ਇਸ ਕਹਾਣੀ ਦਾ ਸੰਵਾਦ ਹੀ ਸ਼ਾਇਦ ਇਸ ਦੀ ਪ੍ਰਾਪਤੀ ਵੀ ਹੈ। ਬਿਰਤਾਂਤਕਾਰ ਆਪ ਬਹੁਤ ਘੱਟ ਦੱਸ ਰਿਹਾ। ਵਾਰਤਾਲਾਪ ਰਾਹੀਂ, ਕੰਮਾਂ ਰਾਹੀਂ ਕਹਾਣੀ ਅੱਗੇ ਤੁਰਦੀ ਹੈ ਅਤੇ ਪਾਤਰਾਂ ਦੇ ਮਨ ਵਿਚ ਕੀ ਹੈ ਇਹ ਪਤਾ ਲੱਗਦਾ ਹੈ। ਕਈ ਸਵਾਲ ਇਸੇ ਲਈ ਸਾਹਮਣੇ ਆਉਂਦੇ ਹਨ ਕਿ ਲੇਖਕ ਗੱਲਾਂ ਨੂੰ ਸਾਫ਼ ਨਹੀਂ ਕਰ ਰਿਹਾ।

ਸੁਕੀਰਤ:- ਮੇਰੇ ਕੋਲ ਮਾਈਕ ਥੋੜ੍ਹਾ ਜਲਦੀ ਆ ਗਿਆ। ਮੈਨੂੰ ਕਹਾਣੀ ਦੀ ਬਹੁਤੀ ਸਮਝ ਨਹੀਂ ਲੱਗੀ ਜਿੰਨੀ ਕੁ ਲੱਗੀ ਮੈਂ ਉਸੇ ਦੀ ਗੱਲ ਕਰਾਂਗਾ। ਦੋ ਗੱਲਾਂ ਹਨ: ਪਹਿਲੀ ਤੇ ਇਹ ਹੈ ਜਿਹੜੀ ਐਡਮ ਅਤੇ ਈਵ ਦੀ ਮਿੱਥ ਪਾਈ ਗਈ ਹੈ। ਵਾਰਤਾਲਾਪ ਸ਼ੁਰੂ ਹੁੰਦਾ ਲਗਦਾ ਕਹਾਣੀ ਹੋਰ ਪਾਸੇ ਤੁਰੇਗੀ। ਬੜੀ ਮੈਨੂਫੈਕਚਰਡ ਜਿਹੀ ਗੱਲ ਪਾਈ ਗਈ ਹੈ। ਇਸ ਵਿਚ ਅਜਿਹਾ ਵਾਰਤਾਲਾਪ

ਪਾਇਆ ਜਿਹੜਾ ਬੰਦਾ ਨਹੀਂ ਬੋਲਦਾ। ਵਿਆਹ ਨੂੰ ਲੈ ਕੇ ਜਿੱਥੇ ਰੱਫੜ ਸ਼ੁਰੂ ਹੁੰਦਾ ਉਹ ਏਡਾ ਵੱਡਾ ਕਾਰਨ ਤਾਂ ਨਹੀਂ ਬਣਦਾ। ਵਾਰਤਾਲਾਪ ਵਾਲੀ ਗੱਲ ਹੈ ਦੇਖੋ, "ਜਿਵੇਂ ਮੇਰੇ ਵਿਚ ਬੁੱਧ ਦਾ ਆਗਮਨ ਹੋ ਰਿਹਾ ਹੋਵੇ। ਕੋਈ ਮੀਆਂ ਬੀਵੀ ਇੰਜ ਗੱਲ ਕਰਦਾ ਹੈ?" ਆਸਮਾਨ ਦੇ ਪਾਰ ਦੇਖਣਾ ਚੰਗਾ ਲੱਗਦਾ ਹੈ। ਡਰ ਇਹ ਹੈ ਕਿ ਕਿਤੇ ਧਰਤੀ ਦੀ ਗੁਰੂਤਾ ਮੈਨੂੰ ਖਿੱਚ ਨਾ ਲਵੇ। ਹਰਜੀਤ ਲੋਕੇਲ ਦੱਸਣ ਲਈ ਚੋਣਵੇਂ ਸ਼ਬਦਾਂ ਦੀ ਵਰਤੋਂ ਕਰਦਾ ਹੈ। ਪਰ ਇਨ੍ਹਾਂ ਨੇ ਕੀ ਕੀਤਾ ਹੋਇਆ ਅੰਨ੍ਹੇਵਾਹ ਅੰਗਰੇਜ਼ੀ ਦੇ ਸ਼ਬਦ ਵਰਤੇ ਹੋਏ ਹਨ। ਉਹ ਵੀ ਗਲਤ ਵਰਤੇ ਹੋਏ ਹਨ। 'ਕੰਮਫਰਡ ਜੋਨ', ਗਲਤ ਲਿਖਿਆ ਹੋਇਆ। ਗਲਤ ਸ਼ਬਦਾਂ ਦੀ ਵਰਤੋਂ ਵਾਰ-ਵਾਰ ਰੜਕਦੀ ਹੈ। ਕਹਾਣੀ ਵਿਚ ਵਿਆਕਰਣ ਦੀਆਂ ਬਹੁਤ ਗਲਤੀਆਂ ਹਨ, ਇਸ ਲਈ ਪੜ੍ਹਨ ਵਿਚ ਵੀ ਔਖਿਆਈ ਹੁੰਦੀ ਹੈ। ਇਹ ਗੱਲ ਨਹੀਂ ਕਿ ਬਿਨਾ ਪਕਚੂਏਸ਼ਨ ਤੋਂ ਕਹਾਣੀਆਂ ਲਿਖੀਆਂ ਨਹੀਂ ਗਈਆਂ। ਉਸ ਪੱਧਰ ਦੀ ਕਹਾਣੀ ਲਿਖਣ ਲਈ ਵੱਡੀ ਸਮਰੱਥਾ ਦੀ ਲੋੜ ਹੈ। ਕਹਾਣੀ ਦਾ ਪਤਾ ਹੀ ਨਹੀਂ ਲੱਗਦਾ, ਕਦੀ ਕਿੱਧਰ ਨੂੰ ਤੁਰਦੀ ਹੈ ਕਦੀ ਕਿੱਧਰ ਨੂੰ।

ਮਨਮੋਹਨ ਬਾਵਾ:- ਮੈਂ ਛੋਟੀ ਜਿਹੀ ਗੱਲ ਕਰਨੀ ਹੈ ਤੁਸੀਂ ਲੰਮੀ ਕਰਨੀ ਹੈ। ਜਦੋਂ ਤੁਸੀਂ ਕੋਈ ਨਾਵਲ, ਕਹਾਣੀ ਜਾਂ ਲੇਖ ਪੜ੍ਹਦੇ ਹਾਂ ਤਾਂ ਇਕ ਦੋ, ਤਿੰਨ ਸਫ਼ੇ ਪੜ੍ਹ ਕੇ ਸੋਚਦੇ ਹੋ ਕਿ ਬੱਸ ਹੁਣ ਅੱਗੇ ਨਹੀਂ ਪੜ੍ਹ ਹੁੰਦਾ। ਸਫ਼ਰ ਕਰ ਰਿਹਾ ਹੋਏ ਬੰਦਾ ਤਾਂ ਮਾੜੀ ਰਚਨਾ ਨੂੰ ਬਾਹਰ ਵੀ ਸੁੱਟ ਸਕਦਾ। ਮੈਂ ਇਸ ਕਹਾਣੀ ਦੇ ਕੁਝ ਹੀ ਸਫ਼ੇ ਪੜ੍ਹੇ, ਮੇਰੀ ਬੱਸ ਹੋ ਗਈ। ਕਿਹੜੀ ਗੱਲ ਲੇਖਕ ਨੇ ਕਹਿਣੀ, ਕਿਹੜੀ ਪਾਤਰਾਂ ਦੇ ਮੂੰਹੋਂ ਕਢਾਉਣੀ, ਇਸ ਦਾ ਲੇਖਕ ਨੂੰ ਪਤਾ ਹੀ ਨਹੀਂ। ਜਿਸ ਤਰ੍ਹਾਂ ਲੈਕਚਰ ਹੁੰਦਾ ਇਸ ਤਰ੍ਹਾਂ ਕਹਾਣੀ ਨੂੰ ਬਿਆਨ ਕੀਤਾ ਹੋਇਆ। ਸੱਚੀ ਗੱਲ ਹੈ ਮੈਂ ਕਹਾਣੀ ਪੜ੍ਹ ਹੀ ਨਹੀਂ ਸਕਿਆ। ਅੰਗਰੇਜ਼ੀ ਸ਼ਬਦਾਂ ਦੀ ਭਰਮਾਰ ਹੈ। ਇਸ ਨੂੰ ਕਹਾਣੀ ਕਹਿਣਾ ਹੀ ਗਲਤ ਹੈ।

ਜਨਮੀਤ:- ਕਹਾਣੀ ਦੀ ਭਾਸ਼ਾ, ਬਿਰਤਾਂਤ ਬਾਰੇ ਕਈ ਗੱਲਾਂ ਹੋ ਚੁੱਕੀਆਂ ਹਨ। ਚਲੋ ਇਹ ਗੱਲ ਵੀ ਮੰਨ ਲੈਂਦੇ ਹਾਂ ਕਿ ਇਹ ਕਹਾਣੀ ਨਹੀਂ। ਮੈਂ ਜਿਸ ਤਰ੍ਹਾਂ ਇਸ ਕਹਾਣੀ ਨੂੰ ਸਮਝਣ ਦਾ ਯਤਨ ਕੀਤਾ। ਇਸ ਕਹਾਣੀ ਦੇ ਪਾਤਰ ਸ਼ੇਰਾਂ ਦੀ ਦਾਦੀ ਨੇ 1945 ਦੇ ਆਸ ਪਾਸ ਬੀ.ਏ. ਕੀਤੀ ਸੀ। ਦੇਖ ਲਓ ਉਸ ਸਮੇਂ ਪੰਜਾਬ ਵਿਚ ਕਿੰਨ ਕਾਲਜ ਹੋਣਗੇ। ਉਹ ਪਿੰਡ ਦੀ ਮੋਹਤਬਰ ਔਰਤ ਹੈ। ਇਨ੍ਹਾਂ ਪਾਤਰਾਂ ਦੇ ਜੀਨਜ਼ ਵਿਚ ਐਬ-ਨਾਰਮਲਟੀ ਹੈ। ਉਸਨੇ ਰੈਸਪੀਜ਼ ਦੀ ਕਿਤਾਬ ਤਿਆਰ ਕੀਤੀ ਹੋਈ ਹੈ। ਨੂੰਹ ਬਾਰੇ ਪੜ੍ਹੀ ਲਿਖੀ ਹੋਣ ਦਾ ਕਹਾਣੀ ਵਿਚ ਕੋਈ ਜ਼ਿਕਰ ਨਹੀਂ। ਸ਼ੇਰਾ ਚਲਾ ਗਿਆ ਬਦੇਸ਼। ਉਸ ਨੇ ਬੁੱਧ ਬਾਰੇ ਕੁਝ ਪੜ੍ਹਿਆ ਵੀ ਹੋ ਸਕਦਾ ਹੈ। ਉਸਨੇ ਜੀਵਨ ਜਿਉਣ ਦੇ ਆਪਣੇ ਸਿਧਾਂਤ ਬਣਾਏ ਹੋਏ ਹਨ। ਉਹ ਆਪਣੀ ਪਤਨੀ ਬਾਰੇ ਕੁਝ ਧਾਰਨਾਵਾਂ ਬਣਾਉਂਦਾ ਹੈ। ਉਹਨੂੰ ਜਿਹੜੀ ਪਤਨੀ ਮਿਲਦੀ ਹੈ ਉਸ ਦੇ ਵਿਹਾਰ ਵਿਚ ਵੀ ਐਬ-ਨਾਰਮਲੀ ਹੀ ਹੈ। ਉਸ ਦਾ ਆਮ ਵਿਹਾਰ ਸਾਧਾਰਨ ਔਰਤ ਵਰਗਾ ਹੈ। ਜਿਹੜਾ ਉਨ੍ਹਾਂ ਪਤੀ ਪਤਨੀ ਨੇ ਸੋਚਿਆ ਹੁੰਦਾ ਬਹੁਤ ਕੁਝ ਉਹਦੇ ਅਨੁਸਾਰ ਹੀ ਹੋਣ ਲੱਗਦਾ ਹੈ। ਸਾਧਾਰਨ ਜ਼ਿੰਦਗੀ ਚਲਦੀ ਰਹਿੰਦੀ ਹੈ। ਜੀਵਨ ਦੀਆਂ ਸਾਧਾਰਨ ਘਟਨਾਵਾਂ ਨੂੰ ਉਹ ਕਹਾਣੀ ਉਸਾਰਨ ਲਈ ਵਰਤਦਾ ਹੈ। ਦੋਹਾਂ ਨੇ ਹੀ ਜਿਹੜਾ ਖੋਖਲਾਪਣ ਪਾਇਆ ਹੋਇਆ, ਉਹ ਆਪੋ ਆਪਣਾ ਦੰਭ ਦੱਸਣਾ ਨਹੀਂ ਚਾਹੁੰਦੇ। ਔਰਤ ਇਹ ਚਾਹੁੰਦੀ ਹੈ ਕਿ ਉਸਦਾ ਪਤੀ ਉਸਨੂੰ ਮਹਾਨ ਔਰਤ ਦੇ ਰੂਪ ਵਿਚ ਪਛਾਣੇ। ਪ੍ਰੋਫੈਸਰ ਨਾਲ ਮਿਲਣ ਜਾਣ ਵਾਲੀ ਸਾਰੀ ਘਟਨਾ ਇਸੇ ਦੰਭ ਦੁਆਲੇ ਸਿਰਜੀ ਹੋਈ ਹੈ। ਇਸੇ ਸਥਿਤੀ ਵਿਚ ਸ਼ੇਰਾ ਸਦਾਈ ਬਣ ਜਾਂਦਾ। ਉਹ ਸ਼ਰਾਬ ਪ੍ਰਾਪਤ ਕਰਨ ਲਈ ਭਾਵੁਕਤਾ ਦੀ ਪੱਧਰ ਤੱਕ ਪਹੁੰਚ ਜਾਂਦਾ ਹੈ। ਸਾਰੇ

ਪਾਤਰ ਇਕ ਹਨੇਰੇ ਵਿਚ ਜਿਉਂਦੇ ਹਨ ਜਿਸਨੂੰ ਉਹ ਚਾਨਣ ਸਮਝਣ ਲੱਗ ਜਾਂਦੇ ਹਨ। ਪਾਤਰਾਂ ਦੇ ਤੌਰ ਉੱਤੇ ਕਹਾਣੀ ਇਸ ਤਰ੍ਹਾਂ ਕਰਾਫ਼ਟ ਦੇ ਤੌਰ ਉੱਤੇ ਤੁਸੀਂ ਵੇਖ ਲਓ।

ਸੁਖਪ੍ਰੀਤਃ- ਕਹਾਣੀ ਬਾਰੇ ਕਾਫੀ ਗੱਲਾਂ ਹੋ ਚੁੱਕੀਆਂ ਹਨ। ਇਹ ਗੱਲ ਵੀ ਹੋ ਚੁੱਕੀ ਹੈ ਕਿ ਕਹਾਣੀ ਅੱਗੇ ਤੁਰਦੀ ਨਹੀਂ। ਇਸ ਵਿਚ ਜਿਹੜੇ ਵੱਡੇ ਖੱਪੇ ਹਨ, ਗਲਤੀਆਂ ਹਨ ਤਰੀਕਾ ਦੀਆਂ ਬਹੁਤ ਗਲਤੀਆਂ ਹਨ। ਸੰਦੀਪ ਜਦੋਂ ਡਾਇਰੀ ਖੋਲ੍ਹਦੀ ਹੈ, ਜੇਠ ਹਾੜ ਦਾ ਮਹੀਨਾ ਹੈ। ਵਿਆਹ ਹੋ ਗਿਆ। ਅਗਲਾ ਵੇਰਵਾ ਹੈ ਛੱਬੀ ਜੂਨ 2004 ਨੂੰ ਪਹਿਲੀ ਵੈਡਿੰਗ ਨਾਈਟ ਸੈਲੀਬਰੇਟ ਕੀਤੀ। ਵਿਆਹ ਤੋਂ ਚਾਰ ਮਹੀਨੇ ਬਾਅਦ ਫਿਰ ਏਅਰ ਪੋਰਟ ਉੱਤੇ ਉਤਰਨ ਦੀਆਂ ਤਰੀਕਾਂ ਸਭ ਕੁਝ ਰਲਗਡ ਹੋਇਆ ਪਿਆ। ਇਕ ਹੋਰ ਗੱਲ ਜਿਹੜੀ ਗੱਲ ਕਹਾਣੀਕਾਰ ਕਹਿਣਾ ਚਾਹੁੰਦਾ ਕਿ ਜਿਹੜੇ ਇਧਰਲੇ ਲੋਕ ਹਨ ਉਹ ਕਨੇਡਾ ਜਾਣ ਲਈ ਕਿਵੇਂ ਉਤਾਵਲੇ ਹਨ। ਸੰਦੀਪ ਪਹਿਲੀ ਰਾਤ ਹੀ ਸ਼ੇਰੇ ਦੀ ਭੂਆ ਦੀ ਕੁੜੀ ਦੀ ਖੂਬਸੂਰਤੀ ਦੀ ਗੱਲ ਕਰਦੀ ਹੈ। ਅਰਥਾਤ ਉਹ ਪਹਿਲਾਂ ਹੀ ਆਪਣੇ ਰਿਸ਼ਤੇਦਾਰ ਨੂੰ ਉਥੇ ਬੁਲਾਉਣ ਲਈ ਸੋਚ ਰਹੀ ਹੈ। ਜਿਸ ਥੀਮ ਦੁਆਲੇ ਇਹ ਕਹਾਣੀ ਬੁਣੀ ਗਈ ਹੈ ਕਿ ਲਰਨ ਨੂੰ ਅਨਲਰਨ ਕਰਨਾ। ਅਸੀਂ ਇਹ ਸੋਚੀ ਬੈਠੇ ਹਾਂ ਕਿ ਸਾਡੀ ਸਾਂਸਕ੍ਰਿਤੀ ਵਿਚੋਂ ਜੋ ਅਸੀਂ ਸਿੱਖਿਆ, ਜਿਹੜਾ ਸਾਡੇ ਲਈ ਠੀਕ ਨਹੀਂ, ਉਹ ਸਾਰਾ ਅਨਲਰਨ ਕਰ ਦੇਣਾ। ਸ਼ੇਰਾ ਵਾਰ-ਵਾਰ ਕਹਿੰਦਾ ਹੈ ਕਿ ਤੈਨੂੰ ਮੇਰੇ ਤੋਂ ਡਰਨ ਦੀ ਲੋੜ ਨਹੀਂ, ਪ੍ਰੰਤੂ ਇਹ ਵਰਤਾਰਾ ਇੰਨਾ ਸਹਿਜ ਨਹੀਂ। ਇਹ ਕਹਾਣੀ ਇਸੇ ਥੀਮ ਉੱਤੇ ਉਸਾਰੀ ਗਈ ਹੈ।

ਰਜਨੀਸ਼ਃ- ਕਹਾਣੀ ਤੁਹਾਡੇ ਸਾਹਮਣੇ ਹੀ ਹੈ ਜਿਹੋ ਜਿਹੀ ਹੈ। ਸਾਡੇ ਕਈ ਲੇਖਕ ਫੈਸ਼ਨ ਵਜੋਂ ਲੰਮੀ ਕਹਾਣੀ ਲਿਖਦੇ ਹਨ। ਉਨ੍ਹਾਂ ਦੇ ਮਨ ਵਿਚ ਲੰਮੀ ਕਹਾਣੀ ਲਿਖਣ ਦਾ ਵਿਚਾਰ ਹੁੰਦਾ। ਥੀਮ ਉਸ ਵਿਚਾਰ ਅਨੁਸਾਰ ਹੁੰਦਾ ਨਹੀਂ। ਇਹ ਕਹਾਣੀ ਲਿਖਦੇ ਹੋਏ ਉਸ ਦੇ ਮਨ ਵਿਚ ਇਹੀ ਧਾਰਨਾ ਸੀ। ਇਸੇ ਲਈ ਇਸ ਕਹਾਣੀ ਦਾ ਕੋਈ ਇਕ ਕੇਂਦਰ ਨਹੀਂ ਬਣਦਾ। ਪਹਿਲਾ ਇਸ ਦੇ ਸਿਰਲੇਖ ਤੋਂ ਲਗਦਾ ਸੀ ਕਿ ਇਹ ਕਹਾਣੀ ਮਿੱਥ ਉੱਤੇ ਅਧਾਰਿਤ ਕਿਸੇ ਵਰਤਮਾਨ ਸਮੱਸਿਆ ਨੂੰ ਸੰਬੋਧਿਤ ਹੋਵੇਗੀ। ਪਹਿਲਾ ਲੱਗਦਾ ਕਿ ਸ਼ਾਇਦ ਡਾਇਰੀ ਹੀ ਵਰਜਿਤ ਫਲ ਦੀ ਧੁਨੀ ਦੇ ਉਭਰਨ ਦਾ ਬਾਇਸ ਬਣੇ। ਪਰ ਅਜਿਹਾ ਨਹੀਂ ਹੁੰਦਾ। ਉਹ ਕਹਾਣੀ ਦੀ ਬਣਤਰ ਨੂੰ ਵਾਰਤਾਲਾਪ ਉੱਤੇ ਖੜ੍ਹਾ ਕਰਦਾ ਹੈ। ਕਈ ਨਾਵਲਕਾਰ ਵੀ ਇਸ ਤਰ੍ਹਾਂ ਕਰਦੇ ਹਨ ਕਿ ਚਾਹ ਬਣਾਓਣ ਨੂੰ ਵਰਤਾਰਾ ਬਣਾ ਕੇ ਪਾਤਰੀ ਸੰਵਾਦ ਰਾਹੀਂ ਅੱਠ ਦਸ ਸਫ਼ੇ ਲਿਖ ਮਾਰਦੇ ਹਨ। ਜਦੋਂ ਕਿ ਉਸ ਤੋਂ ਬਿਨਾ ਵੀ ਨਾਵਲ ਦੀ ਬਣਤਰ ਨੂੰ ਕੋਈ ਫ਼ਰਕ ਨਹੀਂ ਪੈਂਦਾ। ਇਹ ਕੰਮ ਕੁਲਜੀਤ ਮਾਨ ਕਰਦਾ। ਵਾਰਤਾਲਾਪ ਵਿਚ ਉਲਝ ਕੇ ਉਹ ਕਹਾਣੀ ਦੇ ਸੁਹਜ ਦੀਆਂ ਸੀਮਾਵਾਂ ਵੀ ਭੁੱਲ ਜਾਂਦਾ ਹੈ। ਦੋ ਤਿੰਨ ਸਫਿਆਂ ਵਿਚ ਕਹਾਣੀ ਅੱਗੇ ਤੁਰਦੀ ਹੀ ਨਹੀਂ। ਇਸ ਕਰਕੇ ਇਹ ਕਹਾਣੀ ਉਹੀ ਪੰਜਾਬ, ਉਹੀ ਪਰਵਾਸ, ਬਾਹਰ ਜਾਣਾ ਦੀ ਲਾਲਸਾ ਆਦਿ ਗੱਲਾਂ ਦੁਆਲੇ ਕਹਾਣੀ ਘੁੰਮੀ ਜਾਂਦੀ ਹੈ। ਇਹ ਗੱਲਾਂ ਵਾਰ-ਵਾਰ ਦੁਹਰਾਈਆਂ ਜਾ ਰਹੀਆਂ ਹਨ। ਇਸ ਤਰ੍ਹਾਂ ਇਸ ਕਹਾਣੀ ਵਿਚ ਬੇਲੋੜਾ ਵਿਸਥਾਰ ਪਾਇਆ ਗਿਆ। ਸਾਰੀ ਕਹਾਣੀ ਪੜ੍ਹ ਤੋਂ ਬਾਅਦ ਨਿਰਾਸ਼ਾ ਹੀ ਪੱਲੇ ਪੈਂਦੀ ਹੈ।

ਜਸ ਮੰਡਃ- ਮੇਰੇ ਹਿਸਾਬ ਨਾਲ ਤਾਂ ਕਾਫੀ ਗੱਲਾਂ ਹੋ ਗਈਆਂ। ਮੈਨੂੰ ਇਕ ਅੱਧ ਵਾਰ ਮਿਲਿਆ ਦੇਖਣ ਨੂੰ ਤਾਂ ਪੜ੍ਹਿਆ ਲਿਖਿਆ ਲੱਗਦਾ। ਅੰਗਰੇਜ਼ੀ ਦੇ ਸ਼ਬਦ ਇਥੇ ਗਲਤ ਲਿਖੇ ਹਨ। ਡਿਸਰਟੇਸਨ, ਡਜਰਟੇਸ਼ਨ ਪਤਾ ਨਹੀਂ ਕੀ ਲਿਖਿਆ ਹੋਇਆ ਪੰਜਾਬੀ ਵਿਚ ਵੀ ਗਲਤ ਅੰਗਰੇਜ਼ੀ ਦੇ ਸ਼ਬਦ ਲਿਖੇ ਹੋਏ ਹਨ। ਸਾਡੀਆਂ ਕਹਾਣੀਆਂ ਦੀ ਇਹੋ ਸਮੱਸਿਆ ਹੈ। ਪਤਾ ਨਹੀਂ ਲਿਖ ਕੇ

ਪੜ੍ਹਦੇ ਹੀ ਨਹੀਂ। 'ਮੁੜਦੇ' ਪੈਰੀਂ ਮੁੜ ਗਈ।' ਪਤਾ ਨਹੀਂ ਕਿਉਂ ਲਿਖਿਆ ਹੋਇਆ। ਜਿਹੜੀ ਔਰਤ ਅਖੀਰ ਵਿਚ ਮੁਖ ਪਾਤਰ ਨੂੰ ਛੱਡ ਕੇ ਜਾਂਦੀ ਹੈ, ਉਹੀ ਕੋਈ ਅਣਜਾਣ ਔਰਤ ਹੈ।

ਰਾਮਿੰਦਰः– ਮੈਨੂੰ ਇਹ ਕਹਾਣੀ ਪੜ੍ਹਨ ਵਿਚ ਬਹੁਤੀ ਦਿੱਕਤ ਨਹੀਂ ਆਈ। ਇਹ ਲਗਦਾ ਰਿਹਾ ਕਿ ਸ਼ਾਇਦ ਅੱਗੋਂ ਕੁਝ ਨਿਕਲ ਆਏ। ਇੰਜ ਲੱਗਦਾ ਲੇਖਕ ਕੋਲ ਕੁਝ ਹੈਗਾ ਕਹਿਣ ਲਈ, ਪਰ ਉਹ ਕਹਿ ਨਹੀਂ ਸਕਦਾ। ਵਰਜਿਤ ਫਲ ਦੀ ਮਿੱਥ ਰਾਹੀਂ ਲੇਖਕ ਕਹਿਣਾ ਚਾਹੁੰਦਾ ਕਿ ਅੱਜ ਦਾ ਮਨੁੱਖ ਅੱਜ ਦੇ ਯਥਾਰਥ ਵਿਚ ਮਨੁੱਖ ਨੇ ਕਈ ਪਰਦੇ ਪਾਏ ਹੋਏ ਹਨ। ਉਹ ਪਰਦੇ ਜਦੋਂ ਹਟਦੇ ਹਨ ਤਾਂ ਮਨੁੱਖ ਤੋਂ ਆਪਣੇ ਆਪ ਦਾ ਸਾਹਮਣਾ ਵੀ ਨਹੀਂ ਹੁੰਦਾ। ਸ਼ੇਰਾ ਸੋਚਦਾ ਹੈ ਕਿ ਸਾਨੂੰ ਸਭ ਕੁਝ ਅਨਲਰਨ ਕਰ ਦੇਣਾ ਚਾਹੀਦਾ, ਪ੍ਰੰਤੂ ਜਦੋਂ ਉਹ ਡਾਇਰੀ ਦੇ ਪੰਨੇ ਪੜ੍ਹ ਲੈਂਦਾ ਫਿਰ ਉਹ ਸਾਰਾ ਸਿਧਾਂਤ ਕਿਥੇ ਚਲਿਆ ਜਾਂਦਾ ਹੈ। ਸਾਰੇ ਵੇਰਵਿਆਂ ਵਿਚੋਂ ਸਾਹਿਤਕਾਰ, ਕਲਾਤਮਕਤਾ ਗੁੰਮ ਹੈ। ਵੇਰਵਿਆਂ ਨੂੰ ਉਸਾਰਨ ਦੀ ਵਿਧੀ ਵੀ ਨਜ਼ਰ ਨਹੀਂ ਆ ਰਹੀ। ਕਹਾਣੀ ਦੇ ਅੰਤ ਵਿਚ ਆਈ ਔਰਤ ਲੇਖਕ ਦੇ ਮਨ ਦਾ ਭੁਲੇਖਾ ਵੀ ਹੋ ਸਕਦੀ ਹੈ।

ਭੰਡਾਲः– ਸਾਹਿਤ ਵਿਚ ਕੁਝ ਅਣਕਿਹਾ ਹੁੰਦਾ ਹੈ। ਜਿਸ ਦੀ ਵਿਆਖਿਆ ਅਸੀਂ ਕਈ ਕੋਣਾਂ ਤੋਂ ਕਰ ਸਕਦੇ ਹਾਂ। ਪਰ ਕਈ ਵਾਰ ਤੁਸੀਂ ਕਨਫਿਊਜਨ ਪੈਦਾ ਕਰਦੇ ਹੋ। ਫਿਰ ਸਮੱਸਿਆ ਬਣਦੀ ਹੈ। ਕਹਾਣੀਕਾਰ ਨੇ ਜਿਥੇ ਬਿਰਤਾਂਤ ਦੀ ਉਸਾਰੀ ਕਰਨੀ ਹੁੰਦੀ ਹੈ, ਉਥੇ ਕਈ ਖੱਪੇ ਛੱਡ ਗਿਆ ਜਿਸ ਕਰਕੇ ਕਹਾਣੀ ਨੂੰ ਸਮਝਣ ਦੀ ਸਮੱਸਿਆ ਆ ਰਹੀ ਹੈ। ਜਿਥੇ ਜਨਮੀਤ ਹੁਰਾਂ ਨੇ ਐਬਨਾਰਮਲ ਪਾਤਰਾਂ ਦੇ ਹਵਾਲੇ ਨਾਲ ਗੱਲ ਕੀਤੀ ਹੈ ਮੈਨੂੰ ਲੱਗਦਾ ਜੇ ਕਹਾਣੀਕਾਰ ਐਬਨਾਰਮਲ ਪਾਤਰਾਂ ਨੂੰ ਸੁਚੇਤ ਰੂਪ ਵਿਚ ਪੇਸ਼ ਕਰ ਰਿਹਾ ਹੋਵੇ ਤਾਂ ਇਹ ਉਸਦੀ ਪ੍ਰਾਪਤੀ ਹੈ ਪ੍ਰੰਤੂ ਉਹ ਅਜਿਹਾ ਨਹੀਂ ਕਰ ਰਿਹਾ ਹੈ। ਉਸਦੇ ਲਈ ਤਾਂ ਸ਼ੇਰਾ ਬਹੁਤ ਆਦਰਸ਼ ਪਾਤਰ ਹੈ। ਮੈਨੂੰ ਤਾਂ ਲਗਦਾ ਸ਼ੇਰਾ ਸਿੱਧਾ ਪ੍ਰੀਤ ਨਗਰ ਤੋਂ ਆ ਗਿਆ ਹੋਵੇ। ਉਹ ਇਹ ਆਦਰਸ਼ ਪੇਸ਼ ਕਰਦਾ ਕਿ ਜਦੋਂ ਤੁਸੀਂ ਅਣਜਾਣ ਵਿਅਕਤੀ ਨਾਲ ਵਿਆਹ ਕਰਾ ਕੇ ਸਬੰਧ ਸਥਾਪਿਤ ਕਰਦੇ ਹੋ ਤਾਂ ਉਹ ਵੇਸਵਾਗਮਨੀ ਹੈ। ਉਹ ਐਬਨਾਰਮਲ ਵੀ ਬਨਾਉਟੀ ਪਾਤਰ ਹੈ। ਲੇਖਕ ਦਾ ਜ਼ੋਰ ਇਸ ਗੱਲ ਉੱਤੇ ਲੱਗਿਆ ਕਿ ਸ਼ੇਰੇ ਨੂੰ ਆਦਰਸ਼ ਪਾਤਰ ਬਣਾ ਕੇ ਸੰਦੀਪ ਨੂੰ ਬਲੈਕ ਪਾਤਰ ਬਣਾਉਣਾ। ਉਹਦਾ ਸਾਰਾ ਜ਼ੋਰ ਬਲੈਕ ਵਾਈਟ ਬਣਾਉਣ ਤੇ ਲੱਗਿਆ ਹੋਇਆ ਹੈ। ਇਕ ਸਵਾਲ ਇਥੇ ਪੈਦਾ ਹੁੰਦਾ ਹੈ ਕਿ ਜਿਹੜੇ ਸਾਡੇ ਪਰਵਾਸੀ ਬਿਰਤਾਂਤਕਾਰ ਹਨ ਉਨ੍ਹਾਂ ਲਈ ਵੱਡਾ ਸਵਾਲ ਉਨ੍ਹਾਂ ਲੋਕਾਂ ਦਾ ਹੈ ਕਿਵੇਂ ਇਧਰਲਿਆਂ ਨੂੰ ਉਧਰ ਲੈ ਕੇ ਜਾਣਾ। ਜੀਵਨ ਦੇ ਬਾਕੀ ਕਿੰਨੇ ਮਸਲੇ ਹਨ ਉਨ੍ਹਾਂ ਦਾ ਕਿਧਰੇ ਕੋਈ ਜ਼ਿਕਰ ਨਹੀਂ ਆਉਂਦਾ। ਇਥੇ ਵੀ ਕੇਂਦਰੀ ਨੁਕਤਾ ਪਰਵਾਸ ਦਾ ਹੀ ਹੈ।

ਪਰਵਾਨਾः– ਇਹੀ ਕਹਾਣੀ ਸੀ ਜਿਹੜੀ ਮੈਂ ਦੋ ਵਾਰ ਪੜ੍ਹੀ। ਪਹਿਲੀ ਵਾਰ ਮੈਨੂੰ ਸਮਝ ਹੀ ਨਹੀਂ ਆਈ। ਮੈਨੂੰ ਲੱਗਿਆ ਕਿ ਸੰਦੀਪ ਦੇ ਭਰਾ ਨੂੰ ਉਥੇ ਨਾ ਬੁਲਾਉਣਾ ਐਡਾ ਵੱਡਾ ਮਸਲਾ ਨਹੀਂ ਹੈ ਕਿ ਉਹ ਦੂਰ ਹੋ ਜਾਣ। ਕਈ ਲੇਖਕ ਜਾਣ ਬੁੱਝ ਕੇ ਕਹਾਣੀ ਨੂੰ ਜਟਿਲ ਬਣਾਉਂਦੇ ਹਨ। ਉਹ ਸੋਚਦੇ ਹਨ ਲੱਭਦੇ ਫਿਰਨਾ ਪਾਠਕ ਦਾ ਕੰਮ ਹੈ। ਇਹ ਇਕ ਖਾਸ ਕਿਸਮ ਦੀ ਬਿਮਾਰੀ ਹੈ।

ਧਨਵੰਤः– ਇਸ ਵਿਚਾਰ ਤੋਂ ਬਾਅਦ ਇਸ ਸਿੱਟੇ ਉੱਤੇ ਪਹੁੰਚੇ ਹਾਂ ਕਿ ਕੁਲਜੀਤ ਮਾਨ ਤੋਂ ਕਹਾਣੀ ਬਣੀ ਨਹੀਂ। ਇਸ ਕਹਾਣੀ ਉੱਤੇ ਅਜੇ ਬਹੁਤ ਮਿਹਨਤ ਦੀ ਲੋੜ ਹੈ। ਮੈਂ ਇਥੋਂ ਗੱਲ ਸ਼ੁਰੂ ਕਰਦੀ ਹਾਂ ਕਿ ਕਹਾਣੀ ਵਿਚ ਉਸਨੇ ਕਹਿਣਾ ਕੀ ਚਾਹਿਆ। ਮੈਂ ਜਦੋਂ ਇਸ ਗੱਲ ਨੂੰ ਵਿਚਾਰਿਆ ਕਿ ਉਸਨੇ ਇਸ ਗੱਲ ਉੱਤੇ ਜ਼ੋਰ ਦਿੱਤਾ ਕਿ ਜੋ ਮਨੁੱਖ ਲਰਨ ਕਰਦਾ ਹੈ, ਉਸਨੂੰ ਅਨਲਰਨ ਕਰਨਾ

ਬਹੁਤ ਮੁਸ਼ਕਲ ਹੈ। ਉਸ ਲਈ ਉਸ ਨੇ ਦੋ ਪਾਤਰ ਚੁਣੇ ਹਨ। ਇਕ ਸੰਦੀਪ ਅਤੇ ਦੂਜਾ ਸ਼ੇਰਾ। ਸੰਦੀਪ ਇਕ ਲੜਕੀ ਹੈ ਇਕ ਉਮਰ ਵਿਚ ਉਸ ਕੋਲੋਂ ਇਕ ਗਲਤੀ ਹੁੰਦੀ ਹੈ। ਇਸ ਲਈ ਇਥੇ ਵਿਆਹ ਵਿਚ ਕੋਈ ਸਮੱਸਿਆ ਆ ਸਕਦੀ ਹੈ, ਉਸ ਨੂੰ ਬਾਹਰ ਵਿਆਹ ਦਿੱਤਾ ਜਾਵੇ। ਇਹ ਪਤਾ ਕੁੜੀ ਨੂੰ ਵੀ ਹੁੰਦਾ ਹੈ ਜਦੋਂ ਸਾਰੀਆਂ ਗੱਲਾਂ ਦਾ ਪਤਾ ਲੱਗੇਗਾ ਤਾਂ ਕੀ ਵਾਪਰੇਗਾ ਕੁੜੀ ਦਾ ਡਰ, ਖ਼ੌਫ਼, ਸਹਿਮ ਵਾਰ-ਵਾਰ ਉਹਦੇ ਮਨ ਵਿਚ ਆ ਰਿਹਾ। ਉਹ ਕਨੇਡਾ ਪਹੁੰਚ ਕੇ ਵੀ ਉਸ ਰਿਸ਼ਤੇ ਨੂੰ ਮਾਣਨਾ ਚਾਹੁੰਦੀ ਹੈ ਪ੍ਰੰਤੂ ਉਹ ਇਹ ਕਹਿੰਦੀ ਹੈ ਕਿ ਹੁਣ ਉਸਨੇ ਜੀਵਨ ਵਿਚੋਂ ਬੀਤਿਆ ਖਾਰਜ ਕਰ ਦਿੱਤਾ ਹੈ। ਸਮਾਜ ਦੀ ਜਿਹੜੀ ਵਿਹਾਰਕਤਾ ਹੈ, ਉਹ ਇਕ-ਇਕ ਕਰਕੇ ਸਾਹਮਣੇ ਆਉਣ ਲੱਗਦੀ ਹੈ। ਸੰਦੀਪ ਜਦੋਂ ਆਪਣੇ ਭਰਾ ਨੂੰ ਮੰਗਾਉਣ ਬਾਰੇ ਸੋਚਦੀ ਹੈ ਤਾਂ ਉਸ ਦੀ ਮਾਂ ਕਿਸ ਵੇਲੇ ਗੱਲ ਕਰਨੀ ਹੈ, ਉਸ ਨੂੰ ਦੱਸਦੀ ਹੈ। ਇਸ ਵਿਚੋਂ ਇਹ ਗੱਲ ਉਭਰਦੀ ਹੈ ਕਿ ਪਰਿਵਾਰ ਦੀਆਂ ਕੁਝ ਮਰਿਆਦਾਵਾਂ ਜ਼ਿੰਮੇਵਾਰੀਆਂ ਮਨੁੱਖ ਨੂੰ ਪੂਰਨ ਨਹੀਂ ਬਣਨ ਦਿੰਦੀਆਂ। ਮੈਨੂੰ ਇਸ ਕਹਾਣੀ ਵਿਚ ਕੁਝ ਵੀ ਐਬਨਾਰਮਲ ਨਹੀਂ ਲੱਗਦਾ। ਸੰਦੀਪ ਨੂੰ ਜਿਹੋ ਜਿਹੀ ਸਿੱਖਿਆ ਮਿਲ ਰਹੀ ਸੀ ਉਸ ਦੇ ਅਨੁਸਾਰ ਉਹ ਚੱਲ ਰਹੀ ਸੀ। ਦੂਜਾ ਪਾਤਰ ਸ਼ੇਰਾ ਉਸ ਨੇ ਕੁਝ ਧਾਰਨਾਵਾਂ ਬਣਾਈਆਂ ਹੋਈਆਂ ਹਨ ਕਿ ਤੁਸੀਂ ਬੰਦੇ ਦੀ ਪਛਾਣ ਕਰੋ, ਜੀਵਨ ਵਿਚ ਕੁਝ ਨਾ ਛਿਪਾਓ। ਜੀਵਨ ਵਿਚ ਪਾਰਦਰਸ਼ਤਾ ਹੀ ਤੁਹਾਡਾ ਕਰੈਕਟਰ ਹੈ। ਉਹ ਕੁਝ ਦੇਰ ਲਈ ਇਨ੍ਹਾਂ ਮੁੱਲਾਂ ਉੱਤੇ ਪਹਿਰਾ ਵੀ ਦਿੰਦਾ ਹੈ। ਉਹ ਲਰਨ ਨੂੰ ਅਨਲਰਨ ਕਰਨ ਦੀ ਪ੍ਰਕਿਰਿਆ ਵਿਚ ਪਿਆ ਹੈ। ਸੋਚਦਾ ਹੈ ਕਿ ਅਸੀਂ ਦੇਖਣਾ ਕਿ ਬੰਦਾ ਤੁਹਾਡੇ ਨਾਲ ਕਿਵੇਂ ਵਰਤਦਾ ਹੈ। ਇਸ ਵਿਚ ਹੀ ਤੁਰ ਰਿਹਾ। ਹੁਣ ਸੰਦੀਪ ਦੇ ਭਰਾ ਦੇ ਰਿਸ਼ਤੇ ਦਾ ਮਸਲਾ ਆਉਂਦਾ ਹੈ। ਇਸ ਮਸਲੇ ਨੂੰ ਲੈ ਕੇ ਉਹ ਕਹਾਣੀ ਬਣਾਉਣਾ ਚਾਹੁੰਦਾ ਸੀ ਕਿ ਜਿਹੜੀਆਂ ਸਾਡੀਆਂ ਮਨੋਬਣਤਰਾਂ ਉਨ੍ਹਾਂ ਵਿਚ ਜਿਹੜੀ ਪਰੰਪਰਾਗਤ ਸਿਖਲਾਈ ਪਈ ਹੈ ਬੰਦਾ ਉਨ੍ਹਾਂ ਅਨੁਸਾਰ ਹੀ ਕੋਸਿਸ਼ ਕਰਦਾ ਹੈ। ਸ਼ੇਰਾ ਕੋਸ਼ਿਸ਼ ਕਰਦਾ ਉਹ ਆਦਰਸ਼ ਦੀ ਹੱਦ ਤਕ ਜਾਂਦਾ ਹੈ ਪ੍ਰੰਤੂ ਜਦੋਂ ਉਸ ਨੂੰ ਅਸਲੀਅਤ ਦਾ ਪਤਾ ਲੱਗਦਾ ਹੈ ਤਾਂ ਇਹ ਉਹ ਪੰਜਾਬੀ ਬੰਦੇ ਵਾਂਗ ਵਿਹਾਰ ਕਰਦਾ ਹੈ। ਇਕ ਥਾਂ ਉੱਤੇ ਆ ਕੇ ਉਹ ਸੰਦੀਪ ਨੂੰ ਸਮਝਾਉਂਦਾ ਹੈ ਕਿ ਕੋਈ ਗੱਲ ਅਸੀਂ ਫਿਰ ਮਿਲ ਕੇ ਚਲ ਸਕਦੇ ਹਾਂ ਅਤੇ ਬਹੁਤ ਦੂਰ ਤਕ ਜਾ ਸਕਦੇ ਹਾਂ। ਕੁੜੀ ਘਰ ਵਿਚ ਆਮ ਵਿਹਾਰ ਕਰ ਰਹੀ ਹੈ। ਕਹਾਣੀ ਦੇ ਅੰਤ ਉਤੇ ਡੀਕੋਡ ਕਰਨ ਲਈ ਸਪੇਸ ਚਾਹੀਦੀ ਸੀ। ਸ਼ੇਰੇ ਦਾ ਆਪਣੀ ਮਾਂ ਤੋਂ ਮੁਆਫ਼ੀ ਮੰਗਣ ਨੂੰ ਅਸੀਂ ਕਿਵੇਂ ਡਿਕੋਡ ਕਰੀਏ, ਇਸ ਦੀਆਂ ਕਈ ਸੰਭਾਵਨਾਵਾਂ ਹਨ। ਕਹਾਣੀ ਦੇ ਵਿਚਾਰ ਵਿਚ ਜਾਨ ਸੀ ਪ੍ਰੰਤੂ ਪ੍ਰਭਾਵ ਦੀ ਏਕਤਾ ਵਿਚ ਬੰਨਣਾ ਔਖਾ ਹੋ ਗਿਆ। ਇਸ ਵਿਚ ਵੱਡੀ ਕਹਾਣੀ ਬਣਨ ਦੀਆਂ ਸੰਭਾਵਨਾਵਾਂ ਮੌਜੂਦ ਸਨ ਪ੍ਰੰਤੂ ਕੁਝ ਕਮੀ ਰਹਿ ਗਈ ਹੈ। ✲✲✲

ਕਹਾਣੀ

# ਉਹ ਰਾਤ

-ਹਰਪ੍ਰੀਤ ਸੇਖਾ

ਉਹ ਰਾਤ ਮੇਰੇ ਅੰਦਰ ਖੁੱਭ ਗਈ ਸੀ। ਮੈਂ ਉਸ ਨੂੰ ਮੁੜ ਜਿਉਣਾ ਚਾਹੁੰਦੀ ਸੀ। ਇਸ ਬਾਰੇ ਮੈਂ ਵਿਉਂਤ ਬਣਾ ਲਈ। ਪਰ ਹਾਲੇ ਦਿਨ ਸੀ ਅਤੇ ਅਮਨ ਸੌਂ ਗਿਆ ਸੀ। ਪਹਿਲਾਂ ਉਹ ਵਹਿਸ਼ੀ ਬਣ ਗਿਆ ਸੀ। ਉਸਦੇ ਵਿਹਾਰ ਨੂੰ ਦੇਖ ਕੇ ਇੱਕ ਵਾਰ ਤਾਂ ਮੈਨੂੰ ਲੱਗਾ ਜਿਵੇਂ ਉਹ ਮੇਰੇ ਤੋਂ ਕੋਈ ਬਦਲਾ ਲੈ ਰਿਹਾ ਹੋਵੇ। ਉਸ ਵਿੱਚੋਂ ਪਸੀਨੇ ਦੀ ਬਦਬੂ ਆ ਰਹੀ ਸੀ। ਕਹਿੰਦਾ ਕਿ ਉਹ ਸੌਣ ਤੋਂ ਬਾਅਦ ਹੀ ਨਹਾਵੇਗਾ। ਮੈਨੂੰ ਬਿਲਕੁਲ ਵੀ ਚੰਗਾ ਨਹੀਂ ਸੀ ਲੱਗਾ। ਜਦੋਂ ਉਸਦਾ ਫਤੂਰ ਲੱਥਾ, ਮੈਂ ਗੁਸਲਖਾਨੇ ਵਿੱਚ ਚਲੀ ਗਈ। ਨਹਾਉਂਦਿਆਂ ਮੈਂ ਸਹਿਜ ਹੋ ਗਈ। ਸੋਚਿਆ ਕਿ ਐਨੇ ਸਾਲਾਂ ਬਾਅਦ ਮਿਲੇ ਹਾਂ, ਇਸ ਕਰਕੇ ਆਪਾ ਖੋ ਬੈਠਾ ਹੋਵੇਗਾ। ਜਦੋਂ ਮੈਂ ਨਹਾ ਕੇ ਬਾਹਰ ਨਿਕਲੀ, ਅਮਨ ਸੌਂ ਚੁੱਕਾ ਸੀ। ਮੇਰਾ ਜੀਅ ਕੀਤਾ ਕਿ ਫਰਸ਼ 'ਤੇ ਵਿਛੇ ਗੱਦੇ ਉੱਤੇ ਉਸਦੇ ਨਾਲ ਲੱਗ ਕੇ ਹੀ ਲੇਟ ਜਾਵਾਂ ਪਰ ਉਸ ਨੂੰ ਘੂਕ ਸੁੱਤਾ ਦੇਖ ਕੇ ਮੈਂ ਨਾਲ ਵਾਲੇ ਗੱਦੇ 'ਤੇ ਲੇਟ ਗਈ। ਫਰਨੀਚਰ ਮੈਂ ਹਾਲੇ ਕੋਈ ਖ਼੍ਰੀਦਿਆ ਨਹੀਂ ਸੀ, ਸੋਚਦੀ ਸੀ ਕਿ ਅਮਨ ਦੇ ਆਏ ਤੋਂ ਉਸਦੀ ਰਾਇ ਨਾਲ ਹੀ ਲਵਾਂਗੀ। ਘਰ ਦਾ ਹੋਰ ਸਮਾਨ ਵੀ ਖ਼੍ਰੀਦਣ ਵਾਲਾ ਸੀ। ਇਹ ਸਭ ਕੰਮ ਮੈਂ ਅਗਲੇ ਦਿਨ 'ਤੇ ਛੱਡੇ ਹੋਏ ਸਨ। ਉਸ ਦਿਨ ਤਾਂ ਪੂਰੀ ਤਰ੍ਹਾਂ ਛੁੱਟੀ ਸੀ। ਅਮਨ ਦੇ ਸੌਂ ਕੇ ਉੱਠਣ ਤੋਂ ਬਾਅਦ ਉਸ ਨੂੰ ਬਾਹਰ ਘੁਮਾਉਣ ਲੈ ਕੇ ਜਾਣਾ ਸੀ ਤੇ ਫਿਰ ਉਸ ਸੁਪਨੇ ਨੂੰ ਜਿਉਣਾ ਸੀ। ਮੈਨੂੰ ਲਗਦਾ ਸੀ ਜਿਵੇਂ ਉਹ ਮੇਰਾ ਅਸਲ ਵਿੱਚ ਵਿਆਹ ਵਾਲਾ ਦਿਨ ਹੋਵੇ। ਹਵਾਈ ਅੱਡੇ ਵੱਲ ਜਾਂਦਿਆਂ ਮੈਨੂੰ ਲੱਗਾ ਸੀ ਜਿਵੇਂ ਮੈਂ ਅਮਨ ਨੂੰ ਵਿਆਹੁਣ ਚੱਲੀ ਹੋਵਾਂ। ਰਾਹ ਵਿੱਚ ਸੋਚਦੀ ਰਹੀ ਕਿ ਜਾਣ ਸਾਰ ਉਸਦੇ ਨਾਲ ਹੀ ਚੁੰਬੜ ਜਾਵਾਂਗੀ ਪਰ ਉੱਥੇ ਪਹੁੰਚਣ ਸਾਰ ਪਤਾ ਨਹੀਂ ਕੀ ਹੋਇਆ ਕਿ ਮੈਂ ਇਸ ਤਰ੍ਹਾਂ ਨਾ ਕਰ ਸਕੀ। ਬੱਸ ਥੋੜ੍ਹਾ ਜਿਹਾ ਉਸਦੇ ਨਾਲ ਲੱਗ ਗਈ। ਅਮਨ ਵੀ ਕੋਈ ਦੁਆ ਸਲਾਮ ਕਰਨ ਤੋਂ ਬਿਨਾਂ ਹੀ ਪਾਸਪੋਰਟ ਮੇਰੇ ਵੱਲ ਵਧਾ ਕੇ ਬੋਲਿਆ, "ਦੇਖੀਂ ਸੀਰਤ, ਕਨੇਡਾ ਦੀ ਪੱਕੀ ਮੋਹਰ ਲੱਗ ਗਈ ਨਾ?" ਪਾਸਪੋਰਟ ਦੇਖਕੇ ਮੈਂ ਉਸ ਨੂੰ ਮੋੜ ਦਿੱਤਾ ਅਤੇ ਉਸ ਤੋਂ ਅਟੈਚੀਆਂ ਵਾਲੀ ਰੇੜ੍ਹੀ ਫੜ ਲਈ। ਅਸੀਂ ਕਾਰ ਵੱਲ ਤੁਰ ਪਏ। ਕਾਰ ਵਿੱਚ ਅਟੈਚੀ ਰੱਖ ਕੇ ਅਮਨ ਕਾਰ ਦੇ ਡਰਾਈਵਰ ਵਾਲੇ ਦਰਵਾਜ਼ੇ ਕੋਲ ਜਾ ਖੜ੍ਹਾ। ਮੈਂ ਮਜ਼ਾਕ ਨਾਲ ਚਾਬੀ ਉਸ ਵੱਲ ਕਰ ਦਿੱਤੀ। ਉਸ ਨੇ ਕਾਰ ਦੇ ਅੰਦਰ ਦੇਖਿਆ ਅਤੇ "ਓਹ ਤੇਰੀ, ਮੈਂ ਤਾਂ ਇੰਡੀਆ ਦੇ ਭੁਲੇਖੇ 'ਚ ਹੀ ਸੀ," ਆਖ ਕੇ ਸਵਾਰੀ ਵਾਲੇ ਪਾਸੇ ਚਲਿਆ ਗਿਆ ਅਤੇ ਫਿਰ ਕਾਰ ਵਿੱਚ ਬੈਠਣ ਸਾਰ ਬੋਲਿਆ, "ਹਾਲੇ ਤਾਂ ਤੇਰੀ ਸਵਾਰੀ ਹਾਂ।" ਮੈਂ ਮੁਸਕਰਾ ਪਈ। ਮੈਨੂੰ ਲੱਗਾ ਜਿਵੇਂ ਮੈਂ ਉਸ ਨੂੰ ਵਿਆਹ ਕੇ ਲੈ ਚੱਲੀ ਹੋਵਾਂ।

ਮੈਂ ਹਵਾਈ ਅੱਡੇ ਵੱਲ ਕਦੇ ਕਾਰ ਚਲਾਕੇ ਨਹੀਂ ਸੀ ਆਈ। ਰਾਹ ਦਸੇਰੂ ਚਲਾ ਕੇ ਮੈਂ ਆਪਣਾ ਪੂਰਾ ਧਿਆਨ ਕਾਰ ਚਲਾਉਣ ਵੱਲ ਲਾ ਦਿੱਤਾ। ਹਾਈਵੇ 91 'ਤੇ ਕਾਰ ਪਾ ਕੇ ਮੈਂ ਸੁੱਖ ਦਾ ਸਾਹ ਲਿਆ। ਹੁਣ ਕਾਫੀ ਵਾਟ ਤੱਕ ਰਾਹ ਸਿੱਧਾ ਸੀ। ਰਾਹ ਦਸੇਰੂ ਵਿੱਚੋਂ ਆਦੇਸ਼ ਦਿੰਦੀ ਆਵਾਜ਼ ਸ਼ਾਂਤ ਹੋ ਗਈ। ਅਮਨ ਬਾਹਰ ਵੱਲ ਦੇਖ ਰਿਹਾ ਸੀ। ਕਾਰ ਵਿਚਲੀ ਚੁੱਪ ਮੈਨੂੰ ਰੜਕੀ।

ਮੇਰੇ ਚਿੱਤ 'ਚ ਆਈ ਕਿ ਮੈਨੂੰ ਕੋਈ ਗੱਲ ਕਰਨੀ ਚਾਹੀਦੀ ਸੀ। ਪਰ ਕੀ ਗੱਲ ਕਰਾਂ, ਇਸਦੀ ਸਮਝ ਨਹੀਂ ਸੀ ਆ ਰਹੀ। ਮੈਂ ਅਮਨ ਵੱਲ ਦੇਖਿਆ। ਉਹ ਮੈਨੂੰ ਬਦਲਿਆ-ਬਦਲਿਆ ਲੱਗਾ, ਜਿਵੇਂ ਕੋਈ ਓਪਰਾ ਮਰਦ ਹੋਵੇ। ਪਤਾ ਨਹੀਂ ਕਿਧਰੋਂ ਮੇਰੇ ਚਿੱਤ 'ਚ ਆਈ ਕਿ ਕੀ ਦਾਦੇ ਦੇ ਫੌਜ ਵਿੱਚੋਂ ਛੁੱਟੀ ਆਇਆਂ ਦਾਦੀ ਨੂੰ ਵੀ ਓਹ ਇਸੇ ਤਰ੍ਹਾਂ ਹੀ ਲਗਦਾ ਹੋਵੇਗਾ? ਫਿਰ ਮੇਰਾ ਧਿਆਨ ਮੰਮੀ ਵੱਲ ਚਲਾ ਗਿਆ। ਮੈਂ ਸੋਚਣ ਲੱਗੀ ਕਿ ਮੰਮੀ ਨੂੰ ਕਿਵੇਂ ਲੱਗਾ ਹੋਵੇਗਾ, ਜਦੋਂ ਪਾਪਾ ਦੋ-ਢਾਈ ਸਾਲਾਂ ਬਾਅਦ ਪ੍ਰਦੇਸੋਂ ਮੁੜੇ ਹੋਣਗੇ? ਉਦੋਂ ਤਾਂ ਹੁਣ ਵਰਗੀ ਤਕਨਾਲੋਜੀ ਵੀ ਨਹੀਂ ਸੀ। ਮੈਂ ਤਾਂ ਨਿੱਤ ਅਮਨ ਨੂੰ ਫੋਨ ਕੈਮਰੇ ਰਾਹੀਂ ਦੇਖਦੀ ਤੇ ਗੱਲ ਕਰਦੀ ਸੀ ਫਿਰ ਵੀ ਇਹ ਮੈਨੂੰ ਕੋਈ ਓਪਰਾ ਲੱਗ ਰਿਹਾ ਸੀ। ਕੁਝ ਦੇਰ ਬਾਅਦ ਅਮਨ ਦੀ ਆਵਾਜ਼ ਨੇ ਹੀ ਚੁੱਪ ਤੋੜੀ। ਉਹ ਬੋਲਿਆ, "ਓਹ ਸਾਹਮਣੇ ਤਾਂ ਕੋਈ ਗੁਰੂ ਘਰ ਲਗਦੈ?"

"ਹਾਂ, ਨਾਨਕਸਰ ਗੁਰਦੁਆਰਾ ਐ," ਮੈਨੂੰ ਆਪਣਾ ਇਹ ਜਵਾਬ ਬਹੁਤ ਸੰਖੇਪ ਲੱਗਾ। ਮੈਂ ਫਿਰ ਕਿਹਾ, "ਜਿੱਦਣ ਮੈਂ ਕਨੇਡਾ ਆਈ ਸੀ, ਰੋਮੀ ਮੈਨੂੰ ਇੱਥੇ ਮੱਥਾ ਟਿਕਾਕੇ ਫਿਰ ਘਰ ਲੈ ਕੇ ਗਈ ਸੀ।" ਇਹ ਤਾਂ ਮੈਨੂੰ ਬਾਅਦ ਵਿੱਚ ਸਮਝ ਲੱਗੀ ਸੀ ਕਿ ਮੱਥਾ ਟਿਕਾਉਣ ਦਾ ਮਤਲਬ ਲੰਗਰ ਛਕਾਉਣ ਤੋਂ ਸੀ।

ਕੁਝ ਪਲਾਂ ਬਾਅਦ ਉਹ ਬੋਲਿਆ, "ਹੁਣ ਰੋਮੀ ਨੀ ਮਿਲੀ ਕਿਤੇ?"

ਰੋਮੀ ਅਮਨ ਦੇ ਪਿੰਡੋਂ ਸੀ। ਉਹ ਮੇਰੇ ਤੋਂ ਸਾਲ ਪਹਿਲਾਂ ਪੜ੍ਹਣ ਲਈ ਵੈਨਕੂਵਰ ਆਈ ਹੋਈ ਸੀ। ਅਮਨ ਨੇ ਹੀ ਉਸ ਨੂੰ ਮੇਰੀ ਜ਼ਿੰਮੇਵਾਰੀ ਸੌਂਪੀ ਸੀ। ਉਹ ਇੱਕ ਹੋਰ ਕੁੜੀ ਨਾਲ ਇੱਕ ਕਮਰੇ ਦੀ ਬੇਸਮੈਂਟ ਵਿੱਚ ਕਿਰਾਏ 'ਤੇ ਰਹਿੰਦੀ ਸੀ। ਤੀਜੀ ਉਨ੍ਹਾਂ ਨਾਲ ਮੈਂ ਹੋ ਗਈ। ਮੇਰਾ ਇੱਥੇ ਹੋਰ ਕੋਈ ਵੀ ਜਾਣਕਾਰ ਨਹੀਂ ਸੀ।

"ਉਹ ਤਾਂ ਵਿਆਹ ਕਰਵਾਉਣ ਤੋਂ ਬਾਅਦ ਹੀ ਵਿਨੀਪੈੱਗ ਚਲੀ ਗਈ ਸੀ। ਉਸ ਤੋਂ ਬਾਅਦ ਕੋਈ ਰਾਬਤਾ ਹੀ ਨਹੀਂ ਰਿਹਾ," ਮੈਂ ਜਵਾਬ ਦਿੱਤਾ।

"ਓਹਨੇ ਤਾਂ ਮਸਾਂ ਸਾਲ ਭਰ ਹੀ ਫੀਸ ਭਰੀ ਹੋਊ ਏਥੇ ਕਾਲਜ ਦੀ?" ਅਮਨ ਬੋਲਿਆ।

"ਹਾਂ ਛੇਤੀ ਪੱਕੀ ਹੋ ਗਈ ਉਹ ਤਾਂ। ਅਗਲੀ ਨੂੰ ਮਨਪਸੰਦ ਮੁੰਡਾ ਲੱਭ ਗਿਆ ਇੱਥੇ ਹੀ। ਮੈਨੂੰ ਕਿਹਾ ਕਰੇ ਕਿ ਤੂੰ ਤਾਂ ਪਹਿਲਾਂ ਹੀ ਖੰਭ ਕਟਾ ਕੇ ਆਈ ਐਂ, ਭਰੀ ਜਾ ਫੀਸਾਂ।"

ਅਮਨ ਨੇ ਮੇਰੇ ਵੱਲ ਦੇਖਿਆ, ਜਿਵੇਂ ਮੇਰੇ ਚੇਹਰੇ ਤੋਂ ਕੁਝ ਪੜ੍ਹਣ ਦੀ ਕੋਸ਼ਿਸ਼ ਕਰ ਰਿਹਾ ਹੋਵੇ। ਪਤਾ ਨਹੀਂ ਉਸ ਨੇ ਕੀ ਪੜ੍ਹਿਆ ਹੋਵੇਗਾ ਪਰ ਮੇਰੇ ਦਿਲ ਵਿੱਚ ਉਸ ਵੇਲੇ ਖੰਭ ਕਟਾਉਣ ਦਾ ਪਛਤਾਵਾ ਨਹੀਂ ਸੀ। ਪਹਿਲਾਂ ਇਹ ਕਦੇ-ਕਦੇ ਹੁੰਦਾ ਰਿਹਾ ਸੀ। ਖਾਸ ਕਰਕੇ ਜਦੋਂ ਅਮਨ ਨੂੰ ਦੂਜੀ ਵਾਰ ਵੀ ਕਨੇਡਾ ਸਰਕਾਰ ਵੱਲੋਂ ਵਰਕ ਪਰਮਿਟ ਵਾਲੇ ਵੀਜ਼ੇ ਤੋਂ ਇਨਕਾਰ ਹੋ ਗਿਆ ਸੀ। ਤੇ ਉਨ੍ਹੀ ਦਿਨੀ ਹੀ ਮੇਰੇ ਨਾਲ ਸਬਵੇਅ ਰੈਸਤੋਰਾਂ ਵਿੱਚ ਕੰਮ ਕਰਦਾ ਗੁਰਪ੍ਰੀਤ ਮੇਰੇ ਅੰਦਰ ਤਰਬਾਂ ਛੇੜਨ ਲੱਗਾ ਸੀ। ਮੈਂ ਬਹੁਤ ਕਸ਼ਮਕਸ਼ ਵਿੱਚੋਂ ਗੁਜ਼ਰੀ ਸੀ। ਮੇਰੇ ਸੁਪਨੇ ਵਿੱਚ ਚੰਨ-ਚਾਨਣੀ ਰਾਤ ਆਉਂਦੀ। ਪਾਰਕ ਵਿੱਚ ਖੜੋਤਿਆਂ ਮੇਰੀਆਂ ਬਾਹਾਂ ਗੁਰਪ੍ਰੀਤ ਦੇ ਗਲ ਵਿੱਚ ਹੁੰਦੀਆਂ। ਫਿਰ ਪਾਰਕ ਦੀ ਥਾਂ ਅਮਨ ਦੇ ਘਰ ਦੀ ਛੱਤ ਲੈ ਲੈਂਦੀ। ਅਮਨ ਤੇ ਗੁਰਪ੍ਰੀਤ ਦੇ ਚੇਹਰੇ ਰਲਗਡ ਹੋਣ ਲਗਦੇ। ਕਦੇ ਸੁਪਨੇ ਨੂੰ ਯਾਦ ਕਰਕੇ ਸਵਾਦ-ਸਵਾਦ ਹੋਣ ਲਗਦੀ ਤਾਂ ਦਾਦੀ ਦਾ ਚੇਹਰਾ ਮੂਹਰੇ ਆ ਜਾਂਦਾ। ਉਸ ਨੇ ਕਿਹਾ ਸੀ, "ਆਪਣੇ ਕਰਮ ਹੀ ਐਹੋ ਜੇ ਆ, ਧੀਏ। ਤੇਰਾ ਦਾਦਾ ਫੌਜ 'ਚੋਂ ਛੁੱਟੀ ਆਇਆ, ਮੈਨੂੰ ਵਿਆਹ ਕੇ ਮੁੜ ਗਿਆ। ਤੇਰਾ ਪਿਓ, ਤੇਰੀ ਮਾਂ ਨੂੰ

ਵਿਆਹਕੇ ਪ੍ਰਦੇਸੀਂ ਤੁਰ ਗਿਆ ਰੁਲਣ। ਲੋਕੀਂ ਆਖਣ ਭਈਆਂ ਵਾਸਤੇ ਵਿਆਹਕੇ ਲਿਆਇਆ। ਲੋਕਾਂ ਨੇ ਫੌਜਣਾਂ ਦੀਆਂ ਵੀ ਬਥੇਰੀਆਂ ਗੱਲਾਂ ਜੋੜੀਆਂ ਹੋਈਐਂ। ਬੜੀ ਔਖੀ ਘਾਟੀ ਐ ਧੀਏ। ਤਕੜੀ ਹੋ ਕੇ ਰਹੀਂ--- ।" ਉਦੋਂ ਮੈਨੂੰ ਲੱਗਾ ਸੀ ਜਿਵੇਂ ਦਾਦੀ ਯੱਬਲੀਆਂ ਮਾਰ ਰਹੀ ਹੋਵੇ ਪਰ ਇੱਥੇ ਆ ਕੇ ਦਾਦੀ ਦੀ ਗੱਲ ਵਾਰ ਵਾਰ ਯਾਦ ਆਈ ਸੀ।

ਮੇਰੇ ਵੱਲ ਪਲ ਭਰ ਦੇਖਣ ਤੋਂ ਬਾਅਦ ਅਮਨ ਕੁਝ ਚਿਰ ਚੁੱਪ ਰਿਹਾ ਫਿਰ ਬੋਲਿਆ, "ਏਸ ਰੋਮੀ ਨੇ ਬੜਾ ਤਪਾਇਆ ਮੈਨੂੰ। ਲੋਕੀਂ ਕਿਹਾ ਕਰਨ ਕਿ ਜਿਵੇਂ ਮਾਸਟਰਾਂ ਦੀ ਰੋਮੀ ਨੀ ਮੁੜੀ ਕਨੇਡਾ ਤੋਂ ਤੇਰੇ ਵਾਲੀ ਵੀ ਨਹੀਂ ਮੁੜਦੀ। ਹੁਣ ਛੱਡਦੇ ਝਾਕ।"

ਤਪਾਇਆ ਮੈਨੂੰ ਵੀ ਸੀ ਰੋਮੀ ਨੇ। ਉਸਦਾ ਇੱਕ ਨਵਾਂ ਨਵਾਂ ਹੀ ਮਿੱਤਰ ਬਣਿਆ ਸੀ, ਜਿਸਦੀ ਕਾਰ ਵਿੱਚ ਉਹ ਮੈਨੂੰ ਹਵਾਈਅੱਡੇ ਤੋਂ ਲਿਆਈ ਸੀ। ਉਹ ਦੋ-ਤਿੰਨ ਰਾਤਾਂ ਬਾਅਦ ਮਲਕ ਦੇਣੇ ਸਾਡੀ ਬੇਸਮੈਂਟ 'ਚ ਆ ਜਾਂਦਾ। ਮੈਨੂੰ ਅੱਧ-ਸੁੱਤੀ ਨੂੰ ਉੱਠ ਕੇ ਬੈਠਕ ਵਿੱਚ ਸੌਣ ਜਾਣਾ ਪੈਂਦਾ। ਅੰਦਰੋਂ ਰੋਮੀ ਤੇ ਉਸਦੇ ਦੋਸਤ ਦੀ ਘੁਸਰ-ਮੁਸਰ ਸੁਣਕੇ ਮੇਰਾ ਮਨ ਮਚਲਣ ਲੱਗਦਾ। ਅਮਨ ਦੀ ਯਾਦ ਆਉਂਦੀ। ਜੀਅ ਭਟਕਦਾ। ਦਿਲ ਕਰਦਾ ਕਿ ਅਮਨ ਵੀ ਇੱਥੇ ਹੋਵੇ ਜਾਂ ਮੈਂ ਇੰਡੀਆ ਹੋਵਾਂ। ਤੇ ਜਿਸ ਦਿਨ ਸਾਨੂੰ ਮਕਾਨ ਮਾਲਕਾਂ ਨੇ ਬੇਸਮੈਂਟ ਖਾਲੀ ਕਰਨ ਲਈ ਕਿਹਾ, ਮੈਨੂੰ ਬਹੁਤ ਹੀ ਨਮੋਸ਼ੀ ਹੋਈ ਸੀ। ਉਨ੍ਹਾਂ ਨੇ ਕਿਰਾਏ 'ਤੇ ਦੇਣ ਮੌਕੇ ਦੋ ਸ਼ਰਤਾਂ ਰੱਖੀਆਂ ਸਨ। ਇੱਕ ਸਿਰਫ ਕੁੜੀਆਂ ਦੇ ਰਹਿਣ ਦੀ ਤੇ ਦੂਜੀ, ਰਾਤ-ਬਰਾਤੇ ਕੋਈ ਮੁੰਡਾ ਨਾ ਮਿਲਣ ਆਵੇ, ਦੀ । ਜਦੋਂ ਉਨ੍ਹਾਂ ਨੂੰ ਰੋਮੀ ਦੇ ਮਿੱਤਰ ਦੇ ਮਿਲਣ ਆਉਣ ਬਾਰੇ ਪਤਾ ਲੱਗਾ, ਉਨ੍ਹਾਂ ਨੇ ਸਾਨੂੰ ਬੇਸਮੈਂਟ ਖਾਲੀ ਕਰਨ ਲਈ ਆਖ ਦਿੱਤਾ। ਨਵੀਂ ਬੇਸਮੈਂਟ ਲੱਭਣ ਲਈ ਸਾਨੂੰ ਬਹੁਤ ਖੱਜਲ-ਖੁਆਰ ਹੋਣਾ ਪਿਆ। ਕੋਈ ਸਾਨੂੰ ਵੇਖਣ ਸਾਰ ਹੀ ਆਖ ਦਿਆ ਕਰੇ ਕਿ ਪਾੜ੍ਹੇ ਸਫਾਈ ਨਹੀਂ ਰੱਖਦੇ ਇਸ ਲਈ ਉਹ ਪਾੜ੍ਹਿਆਂ ਨੂੰ ਕਿਰਾਏ 'ਤੇ ਨਹੀਂ ਦਿੰਦੇ। ਕੋਈ ਕਹੇ ਪਾੜ੍ਹੇ ਰੌਲਾ-ਰੱਪਾ ਬਹੁਤਾ ਪਾਉਂਦੇ ਆ। ਭੱਜ-ਨੱਠ ਕਰਕੇ ਮਸਾਂ ਕਿਤੇ ਡੇਢ ਗੁਣਾ ਵੱਧ ਕਿਰਾਏ 'ਤੇ ਇੱਕ ਥਾਂ ਮਿਲੀ। ਪਰ ਮੈਨੂੰ ਵੱਧ ਕਿਰਾਏ ਨਾਲੋਂ ਜਿਆਦਾ ਤੰਗੀ ਇਸ ਗੱਲ ਦੀ ਸੀ ਕਿ ਰੋਮੀ ਦਾ ਮਿੱਤਰ ਇੱਥੇ ਵੀ ਰਾਤ ਨੂੰ ਆ ਜਾਂਦਾ। ਮੈਨੂੰ ਇਹੀ ਡਰ ਰਹਿੰਦਾ ਕਿ ਇਸ ਮਕਾਨ ਦੇ ਮਾਲਕ ਵੀ ਸਾਨੂੰ ਅਵਾਰਾ ਕੁੜੀਆਂ ਹੀ ਸਮਝਣ ਲੱਗਣਗੇ, ਜਿਵੇਂ ਪੁਰਾਣੇ ਮਕਾਨ ਮਾਲਕ ਨੇ ਸਮਝ ਕੇ ਸਾਨੂੰ ਕੱਢਿਆ ਸੀ। ਰੋਮੀ ਆਖਦੀ, "ਮਕਾਨ ਮਾਲਕ ਕੌਣ ਹੁੰਦੇ ਆ ਸਾਨੂੰ ਦੱਸਣ ਵਾਲੇ ਕਿ ਕੌਣ ਸਾਨੂੰ ਮਿਲਣ ਆ ਸਕਦੈ ਤੇ ਕੌਣ ਨਹੀਂ।"

ਮੈਂ ਅਮਨ ਵੱਲ ਦੇਖਿਆ। ਉਹ ਮੇਰੇ ਵੱਲ ਹੀ ਦੇਖ ਰਿਹਾ ਸੀ। ਮੈਨੂੰ ਨਹੀਂ ਪਤਾ ਉਸਦੇ ਚਿੱਤ ਵਿੱਚ ਉਸ ਵੇਲੇ ਕੀ ਚਲਦਾ ਸੀ, ਜਦੋਂ ਉਸ ਨੇ 'ਰੋਮੀ ਨੇ ਬੜਾ ਤਪਾਇਆ ਮੈਨੂੰ' ਕਿਹਾ ਸੀ। ਪਰ ਮੈਨੂੰ ਲੱਗਾ ਜਿਵੇਂ ਉਹ ਮੇਰੇ ਵੱਲ ਸ਼ੁਕਰਗੁਜ਼ਾਰ ਨਿਗਾਹਾਂ ਨਾਲ ਦੇਖ ਰਿਹਾ ਸੀ ਕਿ ਮੈਂ ਆਪਣੇ ਕੌਲਾਂ 'ਤੇ ਪੂਰੀ ਉੱਤਰੀ ਸੀ ਤੇ ਉਸ ਨੂੰ ਕਨੇਡਾ ਮੰਗਵਾ ਲਿਆ ਸੀ।

ਮੈਨੂੰ ਉਨ੍ਹਾਂ ਦਿਨਾਂ ਦੀ ਅਮਨ ਦੀ ਰੋਣਹਾਕੀ ਆਵਾਜ਼ ਚੇਤੇ ਸੀ, ਜਿਨ੍ਹਾਂ ਦਿਨਾਂ ਦੀ ਉਹ ਰੋਮੀ ਵੱਲੋਂ ਤਪਾਉਣ ਦੀ ਗੱਲ ਕਰਦਾ ਸੀ। ਸਾਢੇ ਤਿੰਨ ਸਾਲ ਹੋ ਗਏ ਸਨ ਮੈਨੂੰ ਕਨੇਡਾ ਆਇਆਂ। ਕਾਲਜ ਵਿੱਚੋਂ ਦੋ ਸਾਲ ਦਾ ਕੋਰਸ ਮੁੱਕ ਗਿਆ ਸੀ ਅਤੇ ਮੈਂ ਇੱਥੇ ਪੱਕੇ ਹੋਣ ਦੀ ਉਡੀਕ ਕਰ ਰਹੀ ਸੀ। ਫਿਰ ਹੀ ਅਮਨ ਨੂੰ ਪੱਕਾ ਸੱਦ ਸਕਦੀ ਸੀ। ਵਰਕ ਪਰਮਿਟ 'ਤੇ ਸੱਦਣ ਵਾਲਾ ਜੁਗਾੜ ਲੋਟ ਨਹੀਂ ਸੀ ਆਇਆ। ਅਮਨ ਅਕਸਰ ਹੀ ਆਖਦਾ, "ਹੁਣ ਤਾਂ ਤੂੰ ਛੇਤੀ-

ਛੇਤੀ ਪੱਕੀ ਹੋਜੇਂ ਫੇਰ ਆ। ਏਥੇ ਤਾਂ ਲੋਕਾਂ ਨੇ ਮੇਰਾ ਬਾਹਰ ਨਿਕਲਣਾ ਦੁੱਭਰ ਕੀਤਾ ਪਿਐ।" ਤੇ ਇੱਕ ਦਿਨ ਇਸ ਨੇ ਰੋਣਹਾਕੀ ਆਵਾਜ਼ 'ਚ ਕਿਹਾ ਸੀ, "ਲੋਕੀਂ ਕਹਿੰਦੇ ਜੇ ਓਹਨੇ ਤੈਨੂੰ ਸੱਦਣਾ ਹੁੰਦਾ, ਹੁਣ ਨੂੰ ਸੱਦ ਲੈਂਦੀ। ਓਹਨੇ ਓਥੇ ਹੋਰ ਵਿਆਹ ਕਰਵਾ ਲਿਆ ਹੋਣੈ ਰੋਮੀ ਵਾਂਗੂੰ। ਪਰ ਮੈਨੂੰ ਤੇਰੇ 'ਤੇ ਪੂਰਾ ਭਰੋਸੈ ਬਈ ਤੂੰ ਨੀ ਇਓਂ ਕਰਦੀ।" ਉਸ ਦਿਨ ਅਮਨ ਦਾ ਦਿਲ ਧਰਾਉਣ ਤੋਂ ਬਾਅਦ ਪਿਛਲੇ ਸਾਢੇ ਤਿੰਨ ਸਾਲ ਮੇਰੀਆਂ ਯਾਦਾਂ ਵਿੱਚੋਂ ਗੁਜ਼ਰ ਗਏ ਸਨ। ਮੈਂ ਮਹਿਸੂਸ ਕੀਤਾ ਕਿ ਇਸ ਸਮੇਂ ਦੌਰਾਨ ਅਮਨ ਦੀ ਆਵਾਜ਼ ਵਿੱਚ ਕਿੰਨਾ ਫ਼ਰਕ ਪੈ ਗਿਆ ਸੀ। ਪਹਿਲਾਂ ਇਹ ਕਦੇ ਵੀ ਵੀਡੀਓ ਕਾਲ ਕਰ ਲੈਂਦਾ। ਫਿਰ ਆਖਦਾ, "ਆਸੇ-ਪਾਸੇ ਕੈਮਰਾ ਘੁਮਾਕੇ ਮੈਨੂੰ ਵੀ ਕਨੇਡਾ ਦਿਖਾ।" ਮੈਨੂੰ ਲਗਦਾ ਕਿ ਉਹ ਇਸ ਬਹਾਨੇ ਦੇਖਣਾ ਚਾਹੁੰਦਾ ਸੀ ਕਿ ਮੈਂ ਕਿੱਥੇ ਅਤੇ ਕਿਸ ਨਾਲ ਸੀ। ਜਾਂ ਕਦੇ ਪੁੱਛਦਾ ਕਿ ਮੇਰੀ ਫੇਸਬੁੱਕ ਵਿੱਚ ਫਲਾਣਾ ਮੁੰਡਾ ਕੌਣ ਹੈ। ਉਸਦੀ ਆਵਾਜ਼ ਵਿੱਚ ਆਦੇਸ਼ ਹੁੰਦਾ। ਇੱਕ ਦਿਨ ਕਹਿੰਦਾ, " ਤੂੰ ਰਾਤ ਦਾ ਕੰਮ ਨੀ ਕਰਨਾ।"

"ਦਿਨੇਂ ਕਾਲਜ ਜਾਣਾ ਹੁੰਦੈ। ਜੇ ਕੰਮ 'ਤੇ ਨਾ ਗਈ ਤਾਂ ਅਗਲੇ ਸਮੈਸਟਰ ਦੀ ਫੀਸ ਕਿਵੇਂ ਭਰੂੰਗੀ?"

"ਮੈਂ ਆ ਹੀ ਜਾਣੈ। ਦਿਨਾਂ 'ਚ ਈ ਕਮਾਦੂੰ ਫੀਸ ਜੋਗੇ ਤਾਂ।"

ਉਸ ਨੂੰ ਪਹਿਲੀ ਵਾਰ ਵਰਕ ਪਰਮਿਟ ਵੀਜ਼ੇ ਤੋਂ ਇਨਕਾਰ ਹੋ ਗਿਆ ਸੀ। ਦੂਜੇ ਸਮੈਸਟਰ ਦੀ ਫੀਸ ਅਮਨ ਨੇ ਇੰਡੀਆਂ ਤੋਂ ਭੇਜ ਦਿੱਤੀ ਸੀ। ਤੀਜੇ ਸਮੈਸਟਰ ਦੀ ਫੀਸ ਦੇਣ ਦਾ ਸਮਾਂ ਆਉਣ ਤੋਂ ਪਹਿਲਾਂ ਉਸ ਨੇ ਮੈਨੂੰ ਕਿਸੇ ਵੀ ਸ਼ਿਫਟ 'ਤੇ ਕੰਮ ਕਰਨ ਦੀ ਆਗਿਆ ਦੇ ਦਿੱਤੀ ਸੀ।

ਰਾਹ ਦਸੇਰੂ ਵਿੱਚੋਂ ਫਿਰ ਆਦੇਸ਼ ਦੀ ਆਵਾਜ਼ ਉੱਭਰੀ। ਅਲੈਕਸ ਫਰੇਜ਼ਰ ਬ੍ਰਿੱਜ ਚੜ੍ਹਣ ਤੋਂ ਪਹਿਲਾਂ ਮੈਂ ਫਿਰ ਆਪਣੀ ਪੂਰੀ ਤਵੱਜੋ ਕਾਰ ਚਲਾਉਣ ਵੱਲ ਕਰ ਲਈ। ਗੱਲਾਂ-ਬਾਤਾਂ ਵਿੱਚ ਮੈਂ ਹਾਈਵੇ ਵਿੱਚੋਂ ਬਾਹਰ ਨਿਕਲਣ ਵਾਲਾ ਰਸਤਾ ਖੁੰਝਾਉਣਾ ਨਹੀਂ ਸੀ ਚਾਹੁੰਦੀ। ਨੋਰਡਲਵੇਅ ਵਾਲੇ ਰਾਹ ਪੈ ਕੇ ਮੈਂ ਰਾਹ ਦਸੇਰੂ ਬੰਦ ਕਰ ਦਿੱਤਾ। ਹੁਣ ਇਸਦੀ ਜ਼ਰੂਰਤ ਨਹੀਂ ਸੀ। ਮੇਰੇ ਆਪਣੇ ਸ਼ਹਿਰ ਡੈਲਟਾ-ਸਰੀ ਆ ਗਏ ਸਨ। ਇਹ ਰਾਹ ਮੇਰੇ ਦੇਖੇ ਭਾਲੇ ਸਨ। ਜਿਸ ਸੜਕ 'ਤੇ ਅਸੀਂ ਜਾ ਰਹੇ ਸੀ, ਉਸ ਉੱਪਰ ਖੱਬੇ ਹੱਥ ਦਾਅਵਤ ਭਵਨ ਸੀ। ਇੱਥੇ ਮੈਂ ਇੱਕ ਸ਼ਾਮ ਕੰਮ ਕੀਤਾ ਸੀ। ਪੰਜਾਬ ਤੋਂ ਆਈ ਨੂੰ ਹਾਲੇ ਹਫ਼ਤਾ ਹੀ ਹੋਇਆ ਸੀ ਕਿ ਰੋਮੀ ਮੈਨੂੰ ਆਪਣੇ ਨਾਲ ਹੀ ਕੰਮ 'ਤੇ ਲੈ ਗਈ। ਪੰਜਾਬੀਆਂ ਦੇ ਵਿਆਹ ਦੀ ਦਾਅਵਤ ਸੀ। ਮੇਰੇ ਆਪਣੇ ਵਿਆਹ ਨੂੰ ਹਾਲੇ ਦਸ ਦਿਨ ਹੋਏ ਸਨ। ਮੇਰੇ ਹੱਥਾਂ ਦੀ ਮਹਿੰਦੀ ਦਾ ਰੰਗ ਹਾਲੇ ਫਿੱਕਾ ਨਹੀਂ ਸੀ ਪਿਆ ਤੇ ਮੈਂ ਕਿਸੇ ਦੇ ਵਿਆਹ ਵਿੱਚ ਵਰਤਾਵੀ ਬਣੀ ਹੋਈ ਸੀ। ਭਾਵੇਂ ਮੇਰੇ ਮਾਪਿਆਂ ਦੇ ਘਰ ਮਸਾਂ ਹੀ ਗੁਜ਼ਾਰਾ ਹੁੰਦਾ ਸੀ ਪਰ ਮੈਂ ਇਹ ਕਦੇ ਸੋਚਿਆ ਵੀ ਨਹੀਂ ਸੀ ਕਿ ਮੈਂ ਇਸ ਤਰ੍ਹਾਂ ਵਿਆਹਾਂ ਵਿੱਚ ਬਹਿਰੀ ਬਣਾਂਗੀ। ਉਹ ਸਾਰੀ ਸ਼ਾਮ ਹੀ ਮੈਨੂੰ ਲੱਗਦਾ ਰਿਹਾ ਸੀ ਜਿਵੇਂ ਹਰ ਨਿਗ੍ਹਾ ਮੇਰੇ 'ਤੇ ਹੀ ਗੱਡੀ ਹੋਵੇ। ਕੰਮ ਤੋਂ ਬਾਅਦ ਮੇਰਾ ਰੋਣ ਨਿਕਲ ਗਿਆ ਸੀ। ਜਦ ਮੈਂ ਫੋਨ ਰਾਹੀਂ ਅਮਨ ਨੂੰ ਦੱਸਿਆ, ਉਹ ਬੋਲਿਆ, "ਫੇਰ ਨਾ ਜਾਈਂ ਕਦੇ ਐਹੋ ਜਹੇ ਕੰਮ 'ਤੇ। ਪਾਰਟੀਆਂ 'ਚ ਸ਼ਰਾਬੀ ਬੰਦਿਆਂ ਦਾ ਕੀ ਭਰੋਸਾ ਹੁੰਦੈ।" ਉਸੇ ਹੀ ਸੜਕ 'ਤੇ ਸੱਜੇ ਹੱਥ ਸਬਵੇਅ ਰੈਸਤੋਰਾਂ ਸੀ। ਮੈਂ ਉਸ ਵੱਲ ਇਸ਼ਾਰਾ ਕਰਕੇ ਅਮਨ ਨੂੰ ਦੱਸਿਆ, "ਮੈਂ ਇੱਥੇ ਕੰਮ ਕਰਦੀ ਸੀ। ਏਨ੍ਹਾਂ ਨੇ ਹੀ ਸਪੌਂਸਰਸ਼ਿੱਪ ਦੇ ਕੇ ਪੱਕੀ ਕਰਵਾਇਐ।"

"ਅੱਛਾ। ਛੱਡ ਕਾਹਤੋਂ ਦਿੱਤਾ ਕੰਮ ਇੱਥੋਂ?" ਅਮਨ ਦੇ ਦਿਮਾਗ ਵਿੱਚ ਸ਼ਾਇਦ ਮੇਰੇ ਕਹੇ 'ਪੱਕੀ ਕਰਵਾਉਣ' ਵਾਲੇ ਹਿੱਸੇ ਨੇ ਸ਼ਰਧਾ ਪੈਦਾ ਕਰ ਦਿੱਤੀ ਸੀ। ਮੈਨੂੰ ਲੱਗਾ ਕਿ ਉਹ ਇਸੇ ਭਾਵ ਨਾਲ ਹੀ ਸਬਵੇਅ ਵੱਲ ਦੇਖ ਰਿਹਾ ਸੀ।

"ਤੈਨੂੰ ਦੱਸਿਆ ਤਾਂ ਸੀ। ਜਦੋਂ ਸਟੂਡੈਂਟ ਸੀ ਉਦੋਂ ਕਾਨੂੰਨੀ ਤੌਰ 'ਤੇ ਹਫ਼ਤੇ 'ਚ ਵੀਹ ਘੰਟੇ ਹੀ ਕੰਮ ਕਰ ਸਕਦੀ ਸੀ ਪਰ ਮੈਂ ਕਰਦੀ ਸੀ ਪੰਜਾਹ-ਪੰਜਾਹ ਘੰਟੇ। ਬਾਕੀ ਤੀਹ ਘੰਟਿਆਂ ਦੀ ਇਹ ਨਿਗੂਣੀ ਜਿਹੀ ਤਨਖਾਹ ਦਿੰਦੇ। ਕੋਰਸ ਮੁੱਕਣ ਤੋਂ ਬਾਅਦ ਵੀ ਮੈਂ ਦੋ ਸਾਲ ਉਸੇ ਹਿਸਾਬ ਹੀ ਢੂਆ ਕੁਟਾਉਂਦੀ ਰਹੀ ਕਿ ਇਹ ਮੈਨੂੰ ਸਪਾਂਸਰਸ਼ਿੱਪ ਦੇਣਗੇ। ਕੰਮਾਂ ਵਾਲੇ ਇਹ ਐਨੀ ਛੇਤੀ ਕਿੱਥੇ ਦਿੰਦੇ ਆ। ਏਨ੍ਹਾਂ ਨੂੰ ਐਨੇ ਸਸਤੇ ਕਾਮੇ ਕਿੱਥੋਂ ਲੱਭਣੇ ਆਂ। ਪੱਕੀ ਹੋਣ ਦੀ ਦੇਰ ਸੀ, ਓਸੇ ਦਿਨ ਹੀ ਮੈਂ ਨਵੀਂ ਨੌਕਰੀ ਲੱਭ ਲਈ।"

"ਆਪਣੇ ਬੰਦੇ ਈ ਐ?" ਮੈਨੂੰ ਅਮਨ ਦੇ ਸਵਾਲ 'ਤੇ ਹੈਰਾਨੀ ਹੋਈ। ਇਹ ਸਭ ਮੈਂ ਇਸ ਨੂੰ ਦੱਸਿਆ ਹੋਇਆ ਸੀ। ਫਿਰ ਸੋਚਿਆ ਕਿ ਕਿੰਨੇ ਕੰਮਾਂ ਵਾਲਿਆਂ ਦੀਆਂ ਤਾਂ ਇਸ ਨੂੰ ਗੱਲਾਂ ਸੁਣਾਉਂਦੀ ਰਹੀ ਹਾਂ। ਸ਼ਾਇਦ ਇੱਕ-ਦੂਜੇ ਵਿੱਚ ਉਲਝ ਗਿਆ ਹੋਵੇਗਾ ਜਾਂ ਜਹਾਜ਼ ਵਿੱਚ ਨੀਂਦ ਨਾ ਆਈ ਹੋਣ ਕਰਕੇ ਅੱਧ-ਉਨੀਂਦੇ ਦਾ ਮੇਰੀ ਗੱਲ ਵੱਲ ਪੂਰਾ ਧਿਆਨ ਨਾ ਹੋਵੇ।

ਮੈਂ ਜਵਾਬ ਦਿੱਤਾ, "ਆਪਣੇ ਲੋਕ ਹੀ ਆਪਣਿਆਂ ਦੀ ਲੁੱਟ ਕਰਦੇ ਆ। ਅੱਛਾ ਇਓਂ ਦੱਸ ਜੇ ਰੋਟੀ ਦੀ ਭੁੱਖ ਐ ਤਾਂ ਨੇੜੇ ਹੀ ਗੁਰਦੁਆਰਾ ਹੈ, ਉੱਥੇ ਚਲੇ ਚੱਲਦੇ ਹਾਂ। ਆਪਣੇ ਘਰ ਕੋਲ ਵੀ ਇੱਕ ਗੁਰਦੁਆਰਾ ਹੈ ਪਰ ਓਥੇ ਐਸ ਵੇਲੇ ਗਰਮ ਰੋਟੀ ਨੀ ਮਿਲਣੀ।"

"ਰੋਟੀ ਤਾਂ ਖਾਵਾਂਗੇ ਹੀ। ਜਹਾਜ਼ ਵਾਲਾ ਖਾਣਾ ਬਕਬਕਾ ਜਿਹਾ ਸੀ।"

ਮੈਂ ਕਾਰ ਗੁਰਦਵਾਰਾ ਦਸ਼ਮੇਸ਼ ਦਰਬਾਰ ਵੱਲ ਮੋੜ ਦਿੱਤੀ। ਅਚਾਨਕ ਹੀ ਅਮਨ ਬੋਲਿਆ, "ਆਹ ਕੀ ਬਈ? ਓਹ ਦੁਕਾਨ ਮੂਹਰੇ ਜਲੇਬੀਆਂ ਲਿਖਿਆ। ਇਹ ਦੁਕਾਨ ਦਾ ਨਾਂ ਹੈ ਕਿ ਮਸ਼ਹੂਰੀ ਕਰਨ ਵਾਸਤੇ ਲਿਖਿਆ?"

"ਇਹ ਮਠਿਆਈਆਂ ਦੀ ਦੁਕਾਨ ਹੈ। ਏਨ੍ਹਾਂ ਦੀਆਂ ਜਲੇਬੀਆਂ ਬਹੁਤ ਮਸ਼ਹੂਰ ਨੇ। ਮੈਂ ਏਥੇ ਵੀ ਥੋੜ੍ਹੇ ਜਿਹੇ ਦਿਨ ਕੰਮ ਕੀਤੈ।"

ਇਹ ਦੁਕਾਨ ਮੀਆਂ-ਬੀਵੀ ਚਲਾਉਂਦੇ ਸਨ। ਮੈਂ ਸ਼ਾਮ ਦੇ ਤਿੰਨ ਤੋਂ ਰਾਤ ਦੇ ਦਸ ਵਜੇ ਤੱਕ ਇੱਥੇ ਕੰਮ ਕਰਦੀ। ਮੇਰੀ ਬਸ ਦਸ ਵੱਜ ਕੇ ਦਸ ਮਿੰਟ 'ਤੇ ਇੱਧਰੋਂ ਲੰਘਦੀ। ਮੈਨੂੰ ਕੁਝ ਦਿਨਾਂ 'ਚ ਹੀ ਪਤਾ ਲੱਗ ਗਿਆ ਸੀ ਕਿ ਦੁਕਾਨ ਦਾ ਮਾਲਕ ਮੇਰੀ ਬਸ ਖੁੰਝਾਉਣੀ ਚਾਹੁੰਦਾ ਸੀ। ਉਹ ਦਸ ਵੱਜਣ 'ਚ ਪੰਜ ਮਿੰਟ ਰਹਿੰਦਿਆਂ ਆ ਕੇ ਕਹਿੰਦਾ, "ਆਹ ਭਾਂਡਾ ਸਾਫ ਕਰਦੇ।" ਮੈਂ ਆਖਦੀ, "ਮੇਰੀ ਬਸ ਲੰਘ ਜਾਵੇਗੀ।" ਉਹ ਆਖਦਾ, "ਏਸ ਕੰਮ ਨੂੰ ਬਹੁਤਾ ਚਿਰ ਨੀ ਲੱਗਣਾ। ਜੇ ਬਸ ਲੰਘ ਗਈ, ਮੈਂ ਛੱਡ ਆਊਂ ਤੈਨੂੰ।" ਪਰ ਮੈਂ ਉਸ ਨੂੰ ਇਹ ਮੌਕਾ ਨਹੀਂ ਸੀ ਦੇਣਾ ਚਾਹੁੰਦੀ। ਮੈਨੂੰ ਉਸਦੀ ਅੱਖ ਵਿੱਚ ਮੈਲ ਦਿਸ ਗਈ ਸੀ। ਦੁਕਾਨ ਅੰਦਰ ਉਹ ਆਪਣੀ ਘਰਵਾਲੀ ਸਾਹਮਣੇ ਕੁਝ ਆਖ ਨਹੀਂ ਸੀ ਸਕਦਾ। ਤੇ ਮੈਂ ਦੋ ਹਫ਼ਤਿਆਂ ਬਾਅਦ ਹੀ ਉੱਥੋਂ ਕੰਮ ਛੱਡ ਦਿੱਤਾ ਸੀ। ਮੈਂ ਇਹ ਗੱਲ ਅਮਨ ਨੂੰ ਨਾ ਦੱਸੀ। ਸੋਚਿਆ ਕਿ ਪਤਾ ਨਹੀਂ ਅਮਨ 'ਤੇ ਇਸਦਾ ਕੀ ਅਸਰ ਹੋਵੇਗਾ। ਪਰ ਮੈਂ ਉਸ ਨੂੰ ਕੰਮ ਛੱਡਣ ਤੋਂ ਇੱਕ ਰਾਤ ਪਹਿਲਾਂ ਬਾਰੇ ਦੱਸਣ ਲੱਗ ਪਈ, "ਮੇਰੇ ਟਿਕਾਣੇ ਤੋਂ ਏਧਰ ਬਹੁਤੀਆਂ ਬਸਾਂ ਨਹੀਂ ਸੀ ਚਲਦੀਆਂ। ਇੱਕ ਰਾਤ ਐਨੀ ਠੰਡ ਕਿ ਹੱਥ-ਪੈਰ ਨਾਲੋਂ ਲਹਿੰਦੇ ਲੱਗਣ। ਸਰੀਰ ਸੁੰਨ ਕਰਦੀ ਬਰਫੀਲੀ ਹਵਾ ਵਗੇ। ਮੇਰੇ ਦੇਖਦੀ-ਦੇਖਦੀ ਮੇਰੇ

ਮੂਹਰੇ ਮੇਰੀ ਬਸ ਨਿਕਲ ਚੱਲੀ। ਮੈਂ 'ਸਟਾਪ ਸਟਾਪ ' ਕਰਦੀ ਮਗਰ ਵੀ ਭੱਜੀ। ਪਰ ਉਹ ਰੁਕੀ ਨਹੀਂ। ਅਗਲੀ ਬਸ ਪਤਾ ਨਹੀਂ ਘੰਟੇ ਜਾਂ ਦੋ ਘੰਟੇ ਬਾਅਦ ਆਉਣੀ ਸੀ। ਅਗਲਾ ਦਿਨ ਕਾਲਜ ਦਾ ਕੰਮ ਜਮ੍ਹਾਂ ਕਰਵਾਉਣ ਦਾ ਆਖਰੀ ਦਿਨ ਸੀ। ਮੈਂ ਹਾਲੇ ਉਹ ਸ਼ੁਰੂ ਵੀ ਨਹੀਂ ਸੀ ਕੀਤਾ। ਕੰਮ ਵਿੱਚ ਹੀ ਐਨੀ ਰੁੱਝੀ ਹੋਈ ਸੀ। ਉਸ ਰਾਤ ਜਾ ਕੇ ਕਰਨਾ ਸੀ। ਸੋਚਦੀ ਸੀ ਕਿ ਉਸ ਰਾਤ ਨਾ ਸੌਂਵਾਂਗੀ। ਸੋਚਾਂ ਕਿ ਹੁਣ ਕੀ ਕਰਾਂ। ਮੈਂ ਰੋਣਹਾਕੀ ਹੋ ਗਈ। ਫੇਰ ਮੈਂ ਤੁਰਕੇ ਘਰ ਜਾਣ ਦਾ ਫੈਸਲਾ ਕਰ ਲਿਆ। ਰਾਹ ਵਿੱਚ ਖਿਆਲ ਆਈ ਜਾਣ ਕਿ ਜਿਵੇਂ ਬਸ ਦੇਖਦੇ-ਦੇਖਦੇ ਹੀ ਲੰਘੀ ਹੈ, ਕੋਰਸ ਵੀ ਇਸੇ ਤਰ੍ਹਾਂ ਹੀ ਹੱਥੋਂ ਨਿਕਲ ਜਾਵੇਗਾ। ਫਿਰ ਇਕ ਹੋਰ ਸਮੈਸਟਰ ਲਾਉਣਾ ਪਵੇਗਾ। ਚਿੱਤ 'ਚ ਕਾਹਲ ਪਈ ਜਾਵੇ। ਅੱਖਾਂ ਭਰ ਭਰ ਆਉਣ। ਹਵਾ ਨੱਕ-ਮੂੰਹ ਸੁੰਨ ਕਰੀ ਜਾਵੇ। ਤੇਰੇ 'ਤੇ ਹਰਖ ਆਈ ਜਾਵੇ । ਪਾਪਾ 'ਤੇ ਗੁੱਸਾ ਆਈ ਜਾਵੇ ਕਿ ਮੈਨੂੰ ਇੱਥੇ ਜੰਗਲ ਬੀਆਬਾਨ 'ਚ 'ਕੱਲੀ ਨੂੰ ਭਟਕਣ ਲਈ ਭੇਜ ਦਿੱਤਾ। ਵਿੱਚੇ ਮਨ ਨੂੰ ਕਰੜਾ ਕਰਕੇ ਸੋਚਦੀ ਕਿ ਕਿਸੇ ਓਧਰ ਜਾਂਦੀ ਕਾਰ ਨੂੰ ਰੋਕ ਕੇ ਉਸ ਨੂੰ ਘਰ ਤੱਕ ਛੱਡਣ ਲਈ ਆਖ ਦੇਵਾਂ। ਪਰ ਇਸ ਤਰ੍ਹਾਂ ਨਾ ਕਰ ਸਕੀ। ਠੰਡ ਨਾਲ ਪੈਰ ਮਣ ਮਣ ਭਾਰੇ ਹੋ ਗਏ। ਰੋਂਦੀਂ ਢਹਿੰਦੀ ਮਸਾਂ ਟਿਕਾਣੇ 'ਤੇ ਪਹੁੰਚੀ।"

ਮੈਨੂੰ ਲੱਗਾ ਜਿਵੇਂ ਅਮਨ ਮੇਰੇ ਵੱਲ ਹੀ ਦੇਖ ਰਿਹਾ ਸੀ। ਮੈਂ ਉਸ ਵੱਲ ਦੇਖਿਆ। ਮੈਨੂੰ ਲੱਗਾ ਜਿਵੇਂ ਉਹ ਮੇਰੇ ਸਿਰੜ 'ਤੇ ਬਲਿਹਾਰੇ ਜਾ ਰਿਹਾ ਹੋਵੇ। ਉਹ ਬੋਲਿਆ, "ਪਤਾ ਨੀ ਸੀ ਨਾ ਸੀਰਤ ਬਈ ਤੈਨੂੰ ਏਥੇ ਇਓਂ 'ਕੱਲੀ ਨੂੰ ਰਹਿਣਾ ਪਵੇਗਾ। ਏਜੰਟ ਤਾਂ ਕਹਿੰਦਾ ਸੀ ਕਿ ਤੇਰੇ ਏਥੇ ਪਹੁੰਚਣ ਦੇ ਮਹੀਨੇ ਬਾਅਦ ਮੇਰੀ ਵਰਕ ਪਰਮਿਟ ਵੀਜ਼ੇ 'ਤੇ ਅਰਜ਼ੀ ਭਰ ਦੇਵਾਂਗੇ। ਓਦੋਂ ਹੀ ਵੀਜ਼ਾ ਮਿਲਜੂ। ਮੈਂ ਕੰਮ ਕਰੀ ਜਾਂਦਾ ਤੂੰ ਪੜ੍ਹੀ ਜਾਂਦੀ। ਓਦੋਂ ਪਤਾ ਨਹੀਂ ਸੀ ਬਈ ਇਸ ਤਰ੍ਹਾਂ ਕਿਸੇ ਕਿਸੇ ਨੂੰ ਹੀ ਵੀਜ਼ਾ ਮਿਲਦਾ।"

"ਚੱਲ ਹੁਣ ਤਾਂ ਲੰਘ ਗਿਆ ਔਖਾ ਸਮਾਂ," ਮੈਂ ਕਿਹਾ। ਕੁਝ ਪਲਾਂ ਬਾਅਦ ਮੇਰੇ ਮੂੰਹੋਂ ਆਪ ਮੁਹਾਰੇ ਹੀ ਨਿਕਲ ਗਿਆ, "ਸਮਾਂ ਤਾਂ ਔਖੇ-ਸੌਖੇ ਲੰਘ ਹੀ ਜਾਂਦਾ ਹੁੰਦੈ।" ਇਹ ਗੱਲ ਸ਼ਾਇਦ ਮੈਂ ਆਪਣੇ ਆਪ ਨੂੰ ਹੀ ਤਸੱਲੀ ਦੇਣ ਲਈ ਕਹੀ ਸੀ। ਪਲ ਦੀ ਪਲ ਮੇਰੇ ਸਾਹਮਣਿਓਂ ਮੇਰੀ ਭਰਜਾਈ ਦਾ ਚੇਹਰਾ ਲੰਘ ਗਿਆ ਸੀ। ਮੈਂ ਆਪ ਇਸ ਕੰਡਿਆਲੇ ਰਾਹ ਤੁਰੀ ਹੋਣ ਦੇ ਬਾਵਜੂਦ ਆਪਣੇ ਭਰਾ ਦਾ ਰਾਹ ਪੱਧਰਾ ਕਰਨ ਲਈ ਆਪਣੀ ਭਰਜਾਈ ਨੂੰ ਇਸੇ ਰਾਹ ਘੜੀਸ ਲਿਆ ਸੀ।

ਮੇਰਾ ਛੋਟਾ ਭਰਾ ਪਰਦੀਪ ਨਿੱਤ ਫੋਨ ਕਰਕੇ ਆਖਦਾ, "ਦੀਦੀ ਮੇਰਾ ਵੀ ਕਰੋ ਕੁਝ।"

"ਆਈ ਲੈਟਸ ਕਰਲੈ," ਮੈਂ ਉਸ ਨੂੰ ਆਖਦੀ। ਮੈਂ ਵੀ ਇਹੀ ਅੰਗ੍ਰੇਜ਼ੀ ਦਾ ਇਮਤਿਹਾਨ ਪਾਸ ਕਰਕੇ ਇੱਥੇ ਆਈ ਸੀ। ਇਸ ਤਰੀਕੇ ਨਾਲ ਹਜ਼ਾਰਾਂ ਹੀ ਵਿਦਿਆਰਥੀ ਪੰਜਾਬ ਤੋਂ ਆ ਰਹੇ ਸੀ। ਉਹ ਇੱਥੇ ਕਿਸੇ ਕਾਲਜ ਵਿੱਚ ਦੋ ਸਾਲਾਂ ਦਾ ਕੋਈ ਕੋਰਸ ਕਰਨ ਆਉਂਦੇ ਅਤੇ ਫਿਰ ਪੱਕੇ ਹੋਣ ਦੀ ਅਰਜ਼ੀ ਭਰ ਦਿੰਦੇ। ਇਹੀ ਸਲਾਹ ਮੈਂ ਪਰਦੀਪ ਨੂੰ ਦਿੰਦੀ। ਪਰ ਉਹ ਆਖਦਾ, "ਓਹ ਨੀ ਮੈਥੋਂ ਹੋਣੇ। ਕੋਈ ਹੋਰ ਤਰੀਕਾ ਲੱਭੋ।" ਤੇ ਮੈਨੂੰ ਉਹੀ ਤਰੀਕਾ ਲੱਭਿਆ, ਜਿਸ ਪੈਂਡੇ ਮੈਂ ਪਈ ਸੀ। ਮੇਰੇ ਇੱਥੇ ਪੱਕੀ ਹੋਣ ਸਾਰ ਹੀ ਅਮਨ ਜ਼ੋਰ ਲਾਉਣ ਲੱਗਾ ਸੀ ਕਿ ਮੈਂ ਇੱਕ ਵਾਰ ਇੰਡੀਆ ਜ਼ਰੂਰ ਆਵਾਂ, ਭਾਵੇਂ ਥੋੜ੍ਹੇ ਦਿਨਾਂ ਲਈ ਹੀ ਸਹੀ। ਮੇਰਾ ਆਪਣਾ ਵੀ ਬਹੁਤ ਦਿਲ ਕਰਦਾ ਸੀ, ਲੰਬੀਆਂ ਛੁੱਟੀਆਂ ਕਰਨ ਲਈ। ਪਿਛਲੇ ਚਾਰ ਸਾਲ ਕੰਮ ਅਤੇ ਸਕੂਲ ਦੇ ਰੁਝੇਵੇਂ ਨੇ ਮੈਨੂੰ ਸਾਹ ਨਹੀਂ ਸੀ ਲੈਣ ਦਿੱਤਾ। ਮੈਂ ਗਿਣਤੀਆਂ-ਮਿਣਤੀਆਂ ਵਿੱਚ ਪੈ ਗਈ ਕਿ ਜਿੰਨੀ ਹੁਣ ਤੱਕ

ਕਮਾਈ ਕੀਤੀ ਸੀ, ਉਹ ਰੋੜ੍ਹ ਆਵਾਂਗੀ ਨਾਲੇ ਕੰਮ ਤੋਂ ਛੁੱਟੀਆਂ ਲੈਣ ਨਾਲ ਕਮਾਈ ਬੰਦ ਹੋਵੇਗੀ ਕਿਉਂ ਨਾ ਐਨੇ ਡਾਲਰਾਂ ਨਾਲ ਭਰਾ ਦੇ ਏਥੇ ਆਉਣ ਦਾ ਕੋਈ ਜੁਗਾੜ ਕਰ ਲਵਾਂ। ਤੇ ਜਦੋਂ ਮੈਂ ਅਮਨ ਨਾਲ ਇਸ ਬਾਰੇ ਗੱਲ ਕੀਤੀ, ਉਹ ਇਕਦਮ ਚੁੱਪ ਕਰ ਗਿਆ। ਫਿਰ ਬਹੁਤ ਹੀ ਠੰਡੀ ਆਵਾਜ਼ 'ਚ ਬੋਲਿਆ, "ਜਿਵੇਂ ਤੇਰੀ ਮਰਜ਼ੀ ਐ।" ਮੈਂ ਅਮਨ ਦੇ ਇਸ ਜਵਾਬ ਤੋਂ ਡਰ ਗਈ। ਮਨ 'ਚ ਆਇਆ ਕਿ ਭਰਾ ਦਾ ਘਰ ਵਸਾਉਂਦੀ ਵਸਾਉਂਦੀ ਆਪਣਾ ਨਾ ਉਜਾੜ ਲਵਾਂ। ਮੈਂ ਆਪਣੇ ਪਾਪਾ ਨਾਲ ਸਲਾਹ ਕੀਤੀ। ਉਹ ਅਮਨ ਦੇ ਘਰ ਗਏ। ਉਨ੍ਹਾਂ ਦੇ ਸਾਰੇ ਪਰਿਵਾਰ ਦੇ ਚੇਹਰੇ ਸੁਜਾਏ ਹੋਏ ਪਰ ਮੂੰਹੋਂ ਕੋਈ ਕੁਝ ਨਾ ਬੋਲਿਆ। ਫਿਰ ਅਮਨ ਦੀ ਮੰਮੀ ਹੀ ਬੋਲੀ, "ਸਾਡਾ ਮੁੰਡਾ ਤਾਂ ਭਾਈ ਹਾਲੇ ਐਥੇ ਬੈਠਾ। ਲੋਕਾਂ ਨੇ ਸਾਡਾ ਬਾਹਰ ਨਿਕਲਣਾ ਔਖਾ ਕੀਤਾ ਪਿਐ।" ਅੱਗੋਂ ਮੇਰੇ ਪਾਪਾ ਕਹਿੰਦੇ, "ਤੁਹਾਡਾ ਨਹੀਂ ਜੀ, ਇਹ ਤਾਂ ਸਾਡਾ ਵੱਡਾ ਪੁੱਤ ਐ। ਸੀਰਤ ਪੱਕੀ ਹੋਣ ਸਾਰ ਪਹਿਲਾਂ ਇਸਦੀ ਅਰਜ਼ੀ ਭਰੂ ਫੇਰ ਜਿਵੇਂ ਇਹ ਕਹੂ, ਓਵੇਂ ਕਰਾਂਗੇ। ਨਾਲੇ ਏਸੇ ਨੇ ਕਰਨੈ ਸਾਰਾ ਕਾਰਜ ਮੂਹਰੇ ਲੱਗਕੇ।" ਪਾਪਾ ਇਸ ਪੱਖੋਂ ਬਹੁਤ ਸਿਆਣੇ ਆ। ਉਨ੍ਹਾਂ ਨੇ ਵਡਿਆਕੇ ਅਮਨ ਦੇ ਪਰਿਵਾਰ ਨੂੰ ਮਨਾ ਲਿਆ ਅਤੇ ਪਰਦੀਪ ਦੇ ਵਿਆਹ ਦਾ ਅਖ਼ਬਾਰਾਂ ਵਿੱਚ ਉਸੇ ਤਰ੍ਹਾਂ ਦਾ ਇਸ਼ਤਿਹਾਰ ਦੇ ਦਿੱਤਾ, ਜਿਸ ਤਰ੍ਹਾਂ ਦਾ ਅਮਨ ਦੇ ਡੈਡੀ ਨੇ ਚਾਰ ਸਾਲ ਪਹਿਲਾਂ ਦਿੱਤਾ ਸੀ। ਪਾਪਾ ਨੇ ਇਹ ਸਾਰੀਆਂ ਗੱਲਾਂ ਮੈਨੂੰ ਦੱਸੀਆਂ ਅਤੇ ਇਸ਼ਤਿਹਾਰ ਦੀ ਨਕਲ ਵੀ ਮੈਨੂੰ ਭੇਜ ਦਿੱਤੀ। ਉਸ ਵਿੱਚ ਲਿਖਿਆ ਸੀ: ਕਨੇਡਾ ਜਾਣ ਦੀ ਚਾਹਵਾਨ ਆਈ ਲੈਟਸ ਵਿੱਚੋਂ 6.5 ਬੈਂਡ ਨਾਲ ਪਾਸ ਲੜਕੀ ਦੀ ਜ਼ਰੂਰਤ ਹੈ। ਸਾਰਾ ਖਰਚ ਲੜਕੇ ਦੀ ਕਨੇਡਾ ਵਿੱਚ ਸੈਟਲਡ ਭੈਣ ਕਰੇਗੀ---।

"ਹਾਂ, ਸਮੇਂ ਨੇ ਤਾਂ ਲੰਘਣਾ ਹੀ ਹੁੰਦੈ," ਮੈਨੂੰ ਅਮਨ ਦੀ ਆਵਾਜ਼ ਸੁਣੀ। ਮੈਨੂੰ ਲੱਗਾ ਜਿਵੇਂ ਉਸ ਨੇ ਹਾਉਕਾ ਲਿਆ ਹੋਵੇ। ਹੋ ਸਕਦਾ ਹੈ ਕਿ ਮੈਨੂੰ ਐਵੇਂ ਹੀ ਲੱਗਾ ਹੋਵੇ।

ਗੁਰਦੁਆਰੇ ਤੋਂ ਲੰਗਰ ਛਕ ਕੇ ਅਸੀਂ ਘਰ ਵੱਲ ਕਾਰ ਕਰ ਲਈ। ਅੱਗੇ ਬੇਅਰ ਕਰੀਕ ਪਾਰਕ ਆ ਗਿਆ। ਇਹ ਉਹੀ ਪਾਰਕ ਹੈ, ਜਿਸਦੇ ਇੱਕ ਹਿੱਸੇ ਵਿੱਚ ਮੈਨੂੰ ਆਪਣਾ ਆਪ ਗੁਰਪ੍ਰੀਤ ਦੇ ਗਲ ਵਿੱਚ ਬਾਹਾਂ ਪਾਈ ਖੜ੍ਹਾ ਦਿਸਦਾ।

ਇੱਕ ਦਿਨ ਗੁਰਪ੍ਰੀਤ ਨੇ ਗੱਲੀਂ-ਬਾਤੀਂ ਦੱਸਿਆ ਸੀ ਕਿ ਉਸ ਨੇ ਕਨੇਡਾ 'ਚ ਪੱਕੇ ਹੋਣ ਲਈ ਅਰਜ਼ੀ ਭਰੀ ਹੋਈ ਸੀ ਤੇ ਕੁਝ ਦਿਨਾਂ 'ਚ ਹੀ ਉਸ ਨੂੰ ਪੱਕੇ ਹੋਣ ਦੀ ਉਮੀਦ ਸੀ। ਮੈਂ ਸੁਭਾਵਿਕ ਹੀ ਪੁੱਛ ਲਿਆ, "ਉਸ ਤੋਂ ਬਾਅਦ ਅੱਗੇ ਕੀ ਪ੍ਰੋਗਰਾਮ ਹੈ?"

"ਜੇ ਤੇਰੇ ਵਰਗੀ ਕੁੜੀ ਮਿਲ ਜਾਵੇ ਤਾਂ ਇੱਥੇ ਹੀ ਵਿਆਹ ਕਰਵਾ ਲਵਾਂ।" ਉਸਦਾ ਇਹ ਜਵਾਬ ਸੁਣ ਕੇ ਮੈਨੂੰ ਆਪਣੇ ਅੰਦਰੋਂ ਕੁਝ ਖੁੱਸਦਾ ਜਿਹਾ ਜਾਪਿਆ। ਮੈਂ ਉਸ ਵੱਲ ਦੇਖਿਆ।

"ਮੇਰਾ ਤਾਂ ਭਰਾਵਾ ਪਹਿਲਾਂ ਹੀ ਹੋਇਆ ਵਿਐ," ਮੇਰੇ ਮੂੰਹੋਂ ਮਸਾਂ ਹੀ ਨਿਕਲਿਆ। ਮੈਨੂੰ ਲੱਗਾ ਜਿਵੇਂ ਇਹ ਸੁਣ ਕੇ ਉਸਦਾ ਵੀ ਚੇਹਰਾ ਲੱਥ ਗਿਆ ਹੋਵੇ। ਉਸ ਰਾਤ ਮੇਰਾ ਦਿਲ ਰੋਣ ਰੋਣ ਕਰੇ। ਮੈਨੂੰ ਆਪਣੇ ਪਾਪਾ 'ਤੇ ਖਿਝ ਆਈ ਕਿ ਉਨ੍ਹਾਂ ਨੂੰ ਐਡੀ ਵੀ ਕੀ ਜਲਦੀ ਸੀ ਮੇਰੇ ਵਿਆਹ ਦੀ। ਫਿਰ ਪਾਪਾ ਦਾ ਰੋਂਦਾ ਚੇਹਰਾ ਸਾਹਮਣੇ ਆ ਗਿਆ ਸੀ। ਕਦੇ-ਕਦੇ ਉਹ ਸ਼ਰਾਬ ਪੀ ਕੇ ਰੋਣ ਲੱਗਦੇ। ਮੈਨੂੰ ਤੇ ਮੇਰੇ ਭਰਾ ਨੂੰ ਬੁੱਕਲ 'ਚ ਲੈ ਕੇ ਆਖਦੇ, "ਜੇ ਕਿਤੇ ਰਾਹ 'ਚ ਫੜਿਆ ਨਾ ਨਾ ਗਿਆ ਹੁੰਦਾ, ਅੱਜ ਮੇਰੇ ਬੱਚੇ ਵੀ ਅਮਰੀਕਾ 'ਚ ਪੜ੍ਹਦੇ ਹੁੰਦੇ।"

ਮੇਰੇ ਜਨਮ ਤੋਂ ਪਹਿਲਾਂ ਉਨ੍ਹਾਂ ਨੇ ਪੈਲੀ ਵੇਚ ਕੇ ਅਮਰੀਕਾ ਜਾਣ ਲਈ ਏਜੰਟ ਨੂੰ ਪੈਸੇ

ਦਿੱਤੇ ਸਨ ਪਰ ਉਨ੍ਹਾਂ ਦਾ ਜੁਗਾੜ ਠੀਕ ਸਿਰ ਨਹੀਂ ਸੀ ਬੈਠਾ। ਉਨ੍ਹਾਂ ਨੂੰ ਇਸਦਾ ਸਾਰੀ ਉਮਰ ਝੋਰਾ ਰਿਹਾ ਸੀ। ਤੇ ਮੈਨੂੰ ਆਈ ਲੈਟਸ ਦੀ ਪੌੜੀ ਰਾਹੀਂ ਵਿਆਹ ਕਰਕੇ ਕਨੇਡਾ ਭੇਜਣ ਦੇ ਫੈਸਲੇ'ਚ ਪਾਪਾ ਬੇਕਸੂਰ ਲੱਗੇ। ਮੈਂ ਸੋਚਿਆ ਕਿ ਜੇ ਉਨ੍ਹਾਂ ਵਿੱਚ ਆਪਣੇ ਬਲਬੂਤੇ ਮੈਨੂੰ ਕਨੇਡਾ ਭੇਜਣ ਦੀ ਸਮਰੱਥਾ ਹੁੰਦੀ ਤਾਂ ਉਹ ਕਿਓਂ ਮੇਰੇ ਪੈਰ ਬੰਨ੍ਹਦੇ।

ਮੈਂ ਅਮਨ ਨੂੰ ਬੇਅਰ ਕਰੀਕ ਪਾਰਕ ਬਾਰੇ ਕੁਝ ਨਾ ਦੱਸਿਆ। ਅੱਗੇ ਇਕ ਹੋਰ ਗੁਰਦੁਆਰਾ ਆ ਗਿਆ ਸੀ। ਮੈਂ ਅਮਨ ਨੂੰ ਕਿਹਾ, "ਆਹ ਗੁਰਦਵਾਰਾ ਤਾਂ ਘਰ ਵਾਂਗ ਹੀ ਹੈ। ਇਸਦਾ ਬਹੁਤ ਆਸਰਾ ਰਿਹੈ ਮੈਨੂੰ। ਜਦੋਂ ਵੀ ਕਦੇ ਸ਼ਾਮ ਨੂੰ ਰੋਟੀ ਖਾਣ ਲਈ ਦਿਲ ਕਰਦਾ, ਇੱਥੇ ਆ ਜਾਂਦੀ।"

"ਅੱਛਾ," ਆਖ ਕੇ ਅਮਨ ਨੇ ਸਿਰ ਨਿਵਾਇਆ।

ਗੁਰਦੁਆਰੇ ਦੇ ਪਿਛਲੇ ਪਾਸੇ, ਜਿੱਥੇ ਪਾਰਕ ਇਸ ਨਾਲ ਮਿਲਦਾ ਹੈ, ਉੱਥੇ ਸੁੰਨ-ਸਾਨ ਥਾਂ 'ਤੇ ਪੰਜਾਬ ਤੋਂ ਆਏ ਅੰਤਰਰਾਸ਼ਟਰੀ ਵਿਦਿਆਰਥੀ ਐਤਵਾਰ ਦੀ ਸ਼ਾਮ ਨੂੰ ਮਿਲਦੇ। ਉਸ ਤੋਂ ਅੱਗੇ ਦਰੱਖਤਾਂ ਦੇ ਝੁੰਡ ਸ਼ੁਰੂ ਹੋ ਜਾਂਦੇ। ਪਾਰਕ ਦਾ ਇਹੀ ਉਹ ਥਾਂ ਸੀ, ਜਿਹੜਾ ਮੇਰੇ ਸੁਪਨੇ ਵਿੱਚ ਆਉਂਦਾ ਸੀ। ਮੈਂ ਇੱਕ ਵਾਰ ਰੋਮੀ ਨਾਲ ਇੱਥੇ ਆਈ ਸੀ। ਮਸਤੀ ਦਾ ਆਲਮ, ਬੇਫਿਕਰੀ, ਹਾਸੇ ਜਿਵੇਂ ਇਸ ਥਾਂ 'ਤੇ ਹੀ ਟਿਕੇ ਹੋਣ। ਚੰਨ-ਚਾਨਣੀ ਰਾਤ ਸੀ ਉਹ। ਰੋਮੀ ਦਾ ਹੱਥ ਉਸਦੇ ਦੋਸਤ ਦੇ ਹੱਥ ਵਿੱਚ ਸੀ ਤੇ ਹੋਰ ਕਈਆਂ ਦੇ ਹੱਥ ਆਪਣੇ ਆਪਣੇ ਸਾਥੀਆਂ ਦੇ ਹੱਥਾਂ ਵਿੱਚ। ਉਹ ਸਮਾਂ ਮੇਰੇ ਅੰਦਰ ਰੁਕ ਗਿਆ। ਰੋਮੀ ਆਪਣੇ ਦੋਸਤ ਨਾਲ ਦਰੱਖਤਾਂ ਦੇ ਝੁੰਡਾਂ ਵਿੱਚ ਅਲੋਪ ਹੋ ਗਈ ਅਤੇ ਮੈਂ ਇਕੱਲੀ ਹੀ ਘਰ ਵੱਲ ਤੁਰ ਪਈ। ਉਸ ਸ਼ਾਮ ਪਹਿਲੀ ਵਾਰ ਮੈਨੂੰ ਦਾਦੀ ਦੀ ਤਕੜੀ ਹੋ ਕੇ ਰਹਿਣ ਵਾਲੀ ਗੱਲ ਦੀ ਸਮਝ ਲੱਗੀ ਸੀ।

"ਫੇਰ ਤਾਂ ਲੱਗਦੈ ਕਿ ਇੱਥੋਂ ਨੇੜੇ ਹੀ ਹੈ ਘਰ," ਅਮਨ ਬੋਲਿਆ।

"ਹਾਂ, ਆਹ ਹੀ ਹੈ। ਤੇਰੇ ਆਉਣ ਨਾਲ ਹੀ ਘਰ ਬਣੇਗਾ। ਹਾਲੇ ਤਾਂ ਇੱਕ ਖਾਲੀ ਕਮਰਾ ਹੀ ਹੈ," ਆਖਦੀ ਨੇ ਮੈਂ ਕਾਰ ਰੋਕ ਦਿੱਤੀ। ਬੇਸਮੈਂਟ ਦਾ ਦਰਵਾਜ਼ਾ ਖੋਲਣ ਤੋਂ ਪਹਿਲਾਂ ਮੇਰੇ ਚਿੱਤ 'ਚ ਆਈ ਕਿ ਅਸੀਂ ਵਿਆਹ ਤੋਂ ਬਾਅਦ ਪਹਿਲੀ ਵਾਰ ਇਕੱਠੇ ਆਪਣੇ ਘਰ ਵਿੱਚ ਦਾਖਲ ਹੋ ਰਹੇ ਹਾਂ ਕੋਈ ਗੀਤ-ਸੰਗੀਤ ਹੁੰਦਾ, ਪਰਿਵਾਰ ਤੇ ਰਿਸ਼ਤੇਦਾਰ ਹੁੰਦੇ। ਕੋਈ ਤੇਲ ਚੋਂਦਾ। ਕੋਈ ਸਗਨ ਵਿਹਾਰ ਹੁੰਦਾ। ਪਰ ਇੱਥੇ ਤਾਂ ਸੁੰਨ- ਸਰਾਂ ਸੀ। ਇਹ ਸੋਚਦਿਆਂ ਮੇਰਾ ਮਨ ਭਰ ਆਇਆ। ਅੰਦਰ ਅਟੈਚੀ ਰੱਖ ਕੇ ਬੇਸਮੈਂਟ ਦਾ ਦਰਵਾਜ਼ਾ ਪਿੱਛੇ ਬੰਦ ਕਰਦਿਆਂ ਮੈਂ ਅਮਨ ਨੂੰ ਚੁੰਬੜ ਗਈ। ਮੇਰਾ ਰੋਣ ਨਿਕਲ ਗਿਆ। ਕੁਝ ਦੇਰ ਮੈਂ ਇਸੇ ਤਰ੍ਹਾਂ ਹੀ ਅਮਨ ਨਾਲ ਲੱਗਕੇ ਖੜ੍ਹੀ ਰਹੀ। ਕੁਝ ਪਲਾਂ ਬਾਅਦ ਅਮਨ ਨੇ ਮੇਰਾ ਚੇਹਰਾ ਉੱਪਰ ਕਰਕੇ ਮੇਰੇ ਹੰਝੂ ਪੂੰਝੇ।

ਤੇ ਫਿਰ ਉਹ ਸੌਂ ਗਿਆ ਸੀ। ਅਮਨ ਵਾਲੇ ਗੱਦੇ ਦੇ ਨਾਲ ਵਾਲੇ ਗੱਦੇ 'ਤੇ ਪਈ ਮੈਂ ਆਪਣੇ ਫੋਨ ਵਿੱਚ ਸੰਭਾਲੀਆਂ ਵਿਆਹ ਵਾਲੀਆਂ ਫੋਟੋ ਦੇਖਣ ਲੱਗ ਪਈ। ਉਸ ਫੋਟੋ 'ਤੇ ਮੇਰੀ ਨਿਗਾਹ ਅਟਕ ਗਈ ਸੀ। ਉਸ ਨੂੰ ਮੈਂ ਅੱਗੇ ਨਾ ਕੀਤਾ। ਉਸ ਵੱਲ ਦੇਖਦੀ ਰਹੀ। ਦੇਖਦੀ ਰਹੀ। ਪਤਾ ਨਹੀਂ ਕਿੰਨੇ ਵਾਰ ਪਹਿਲਾਂ ਵੀ ਇਸ ਫੋਟੋ ਨੂੰ ਇਸ ਤਰ੍ਹਾਂ ਨਿਹਾਰਿਆ ਸੀ। ਇਹ ਸਾਡੀ ਵਿਆਹ ਤੋਂ ਬਾਅਦ ਦੀ ਫੋਟੋ ਸੀ। ਮੇਰੀਆਂ ਚੂੜੇ ਭਰੀਆਂ ਬਾਹਾਂ ਅਮਨ ਦੇ ਮੋਢਿਆਂ ਉੱਤੇ ਟਿਕੀਆਂ ਹੋਈਆਂ ਹਨ। ਅਸੀਂ ਇੱਕ-ਦੂਜੇ ਦੀਆਂ ਅੱਖਾਂ ਵਿੱਚ ਦੇਖ ਰਹੇ ਹਾਂ।

ਵਿਆਹ ਵਾਲੀ ਰਾਤ ਅਮਨ ਨੇ ਮੁੜ ਇਹੀ ਪੋਜ਼ ਬਨਾਉਣ ਲਈ ਕਿਹਾ ਸੀ। ਉਸ ਗਰਮ ਰਾਤ ਬਿਜਲੀ ਚਲੀ ਗਈ ਸੀ। ਅੰਦਰ ਸਾਹ ਘੁਟਣ ਹੋਣ ਲੱਗੀ ਤਾਂ ਅਸੀਂ ਚੁਬਾਰੇ 'ਚੋਂ

ਬਾਹਰ ਆ ਗਏ। ਅਮਨ ਦਾ ਘਰ ਖੇਤਾਂ ਵਿੱਚ ਹੈ। ਆਸੇ-ਪਾਸੇ ਖੇਤ ਹੀ ਖੇਤ। ਹਵਾ ਰੁਮਕ ਰਹੀ ਸੀ। ਸ਼ਾਇਦ ਚੰਨ ਚਾਨਣੀ ਰਾਤ ਸੀ। ਸ਼ਾਇਦ ਨਾ ਹੀ ਹੋਵੇ। ਇਸ ਰਾਤ ਨੂੰ ਮੈਂ ਇੰਨੇ ਵਾਰ ਯਾਦ ਕੀਤਾ ਹੈ ਕਿ ਕਈ ਮੇਰੀਆਂ ਕਲਪਨਾਵਾਂ ਇਸ ਨਾਲ ਜੁੜ ਗਈਆਂ ਹਨ। ਅਮਨ ਨੇ ਕਿਹਾ ਸੀ, "ਮੇਰੇ ਗਲ ਵਿੱਚ ਉਵੇਂ ਹੀ ਬਾਹਾਂ ਪਾ, ਜਿਵੇਂ ਫੋਟੋ ਖਿਚਵਾਉਣ ਵੇਲੇ ਪਾਈਆਂ ਸਨ।"

"ਉਦੋਂ ਤਾਂ ਫੋਟੋ ਖਿਚਵਾਉਣੀ ਸੀ।"

"ਚੱਲ ਹੁਣ ਪਿਆਰ ਨਾਲ ਪਾ ਦੇ।"

" ਲੈ, ਇੱਥੇ ਬਾਹਰ?"

"ਹਾਂ, ਤਾਰਿਆਂ ਦੀ ਗਵਾਹੀ 'ਚ।"

ਮੈਂ ਸੰਗਦਿਆਂ ਆਪਣੀਆਂ ਬਾਹਾਂ ਉਸਦੇ ਮੋਢਿਆਂ 'ਤੇ ਰੱਖ ਦਿੱਤੀਆਂ। ਉਹ ਬੋਲਿਆ, "ਤੇਰੀਆਂ ਬਾਹਾਂ ਬੰਸਰੀਆਂ ਵਰਗੀਐਂ। ਕਿੰਨੀਆਂ ਸੋਹਣੀਆਂ!" ਫਿਰ ਉਸ ਨੇ ਆਪਣੇ ਬੁੱਲ੍ਹ ਮੇਰੀ ਵੀਣੀ 'ਤੇ ਟਿਕਾਅ ਦਿੱਤੇ ਜਿਵੇਂ ਬੰਸਰੀ ਵਿੱਚ ਫੂਕ ਮਾਰ ਰਿਹਾ ਹੋਵੇ।

ਇਹੀ ਸੀਨ ਸੀ ਜਿਹੜਾ ਮੇਰੇ ਚੇਤਿਆਂ ਵਿੱਚ ਡੂੰਘਾ ਲਹਿ ਗਿਆ ਸੀ। ਇਹ ਯਾਦ ਹੀ ਨਹੀਂ ਕਿ ਮੈਂ ਉਸ ਰਾਤ ਨੂੰ ਕਿੰਨਾ ਕੁ ਮਾਣਿਆ ਸੀ। ਬੱਸ ਇੱਕ ਸੁਪਨੇ ਵਾਂਗ ਲਗਦੀ ਹੈ ਉਹ ਰਾਤ। ਉਸ ਵੇਲੇ ਮੇਰੇ ਦਿਮਾਗ ਵਿੱਚ ਦੋ ਦਿਨਾਂ ਬਾਅਦ ਕਨੇਡਾ ਪਹੁੰਚਣ ਦਾ ਚਾਅ ਸੀ। ਇਹ ਕਦੇ ਸੋਚਿਆ ਵੀ ਨਹੀਂ ਸੀ ਕਿ ਅਠਾਰਾਂ ਸਾਲਾਂ ਦੀ ਹੋਣ ਤੋਂ ਦੋ ਦਿਨਾਂ ਬਾਅਦ ਹੀ ਮੇਰਾ ਵਿਆਹ ਹੋ ਜਾਵੇਗਾ। ਸਭ ਕੁਝ ਐਨੀ ਜਲਦੀ ਵਾਪਰ ਗਿਆ ਸੀ ਕਿ ਲਗਦਾ ਸੀ ਕਿ ਵਿਆਹ ਵੀ ਕਨੇਡਾ ਪਹੁੰਚਣ ਲਈ ਇੱਕ ਕਾਰਵਾਈ ਹੀ ਹੈ ਜਿਵੇਂ ਕਿਸੇ ਕਾਲਜ ਵਿੱਚ ਦਾਖਲੇ ਲਈ ਅਤੇ ਵੀਜ਼ੇ ਲਈ ਅਰਜ਼ੀ ਭਰੀ ਹੋਵੇ। ਤੇ ਜਿਸ ਸ਼ਾਮ ਮੈਂ ਰੋਮੀ ਨਾਲ ਪਾਰਕ ਗਈ ਸੀ, ਉਸ ਰਾਤ ਮੈਨੂੰ ਅਹਿਸਾਸ ਹੋਇਆ ਸੀ ਕਿ ਮੈਂ ਇਕ ਵਿਆਹੀ ਵਰੀ ਔਰਤ ਹਾਂ। ਮੇਰਾ ਜੀਅ ਕਰਨ ਲੱਗਾ ਸੀ ਕਿ ਅਮਨ ਛੇਤੀਂ ਇੱਥੇ ਆਵੇ। ਤੇ ਫਿਰ ਮੇਰੀ ਕਲਪਨਾ ਅਤੇ ਸੁਪਨਿਆਂ ਵਿੱਚ ਅਮਨ ਦੇ ਘਰ ਦੀ ਛੱਤ ਉਪਰਲੀ ਰਾਤ ਤੇ ਪਾਰਕ ਵਾਲੀ ਰਾਤ ਆਉਣ ਲੱਗੀਆਂ ਸਨ। ਮੈਂ ਸੋਚਦੀ ਕਿ ਜਿਸ ਦਿਨ ਅਮਨ ਕਨੇਡਾ ਆਵੇਗਾ ਮੈਂ ਮੁੜ ਉਸ ਰਾਤ ਨੂੰ ਜੀਵਾਂਗੀ।

ਤੇ ਉਹ ਦਿਨ ਆ ਗਿਆ ਸੀ। ਮੈਨੂੰ ਲਗਦਾ ਸੀ ਜਿਵੇਂ ਆਉਣ ਵਾਲੀ ਰਾਤ ਹੀ ਅਸਲ ਵਿੱਚ ਵਿਆਹ ਵਾਲੀ ਰਾਤ ਹੋਵੇ। ਦਿਮਾਗ ਵਿੱਚ ਆਇਆ ਕਿ ਜਦੋਂ ਤੱਕ ਅਮਨ ਨੇ ਸੌਂ ਕੇ ਉੱਠਣਾ ਹੈ, ਉਦੋਂ ਤੱਕ ਡੂੰਘੀ ਸ਼ਾਮ ਹੋ ਚੁੱਕੀ ਹੋਵੇਗੀ। ਉਸ ਨੂੰ ਵਾਈਟਰੌਕ ਸ਼ਹਿਰ ਲੈ ਕੇ ਜਾਵਾਂਗੀ। ਬੀਚ 'ਤੇ ਬਣੇ ਰੈਸਤੋਰਾਂ ਦੀ ਛੱਤ 'ਤੇ ਤਾਰਿਆਂ ਤੇ ਮੋਮਬੱਤੀ ਦੇ ਚਾਨਣੇ ਖਾਣਾ ਖਾਵਾਂਗੇ। ਫਿਰ ਇਕ-ਦੂਜੇ ਦਾ ਹੱਥ ਫੜ ਬੀਚ 'ਤੇ ਤੁਰਾਂਗੇ। ਇਸ ਕਲਪਨਾ ਨਾਲ ਮੈਂ ਰੁਮਾਂਚਿਤ ਹੋਣ ਲੱਗੀ। ਕੁਝ ਦੇਰ ਮੈਂ ਉਸ ਕਲਪਨਾਂ ਦਾ ਲੁਤਫ ਲੈਂਦੀ ਰਹੀ ਫਿਰ ਉੱਠ ਕੇ ਤਿਆਰ ਹੋਣ ਲੱਗੀ। ਚਿੱਤ 'ਚ ਆਈ ਕਿ ਕਿੰਨਾ ਚੰਗਾ ਹੁੰਦਾ ਜੇ ਮੈਂ ਪਹਿਲਾਂ ਮਹਿੰਦੀ ਲਵਾ ਆਉਂਦੀ। ਕੱਪੜੇ ਬਦਲਕੇ ਮੈਂ ਚੂੜਾ ਪਾਇਆ। ਕੁਝ ਦੇਰ ਆਪਣੀਆਂ ਬਾਹਾਂ ਨੂੰ ਨਿਹਾਰਦੀ ਰਹੀ। ਇਸ ਚੂੜੇ ਨੂੰ ਮੈਂ ਢਕ ਢਕ ਰੱਖਦੀ ਰਹੀ ਸੀ। ਉਸ ਉਮਰ ਵਿੱਚ ਵਿਆਹੀ ਦਿਸਣ 'ਚ ਮੈਨੂੰ ਸ਼ਰਮ ਆਉਂਦੀ।

ਫਿਰ ਮੈਂ ਅਮਨ ਨੂੰ ਜਗਾਇਆ। ਜਦ ਤਿਆਰ ਹੋ ਕੇ ਮੈਂ ਉਸ ਨਾਲ ਸਵੈ-ਫੋਟੋ ਖਿੱਚਣ ਲੱਗੀ, ਮੈਨੂੰ ਲੱਗਾ ਜਿਵੇਂ ਅਮਨ ਕਹੇਗਾ ਕਿ ਇਨ੍ਹਾਂ ਬੰਸਰੀਆਂ ਨੂੰ ਮੇਰੇ ਗਲ ਵਿੱਚ ਪਾ। ਪਰ ਉਸ ਨੇ ਇਸ ਤਰ੍ਹਾਂ ਨਾ ਕਿਹਾ। ਉਹ ਸ਼ਾਇਦ ਭੁੱਲ ਹੀ ਗਿਆ ਹੋਵੇ ਕਿ ਉਸ ਨੇ ਉਸ ਰਾਤ ਇਸ ਤਰ੍ਹਾਂ

ਕਿਹਾ ਸੀ।

ਕਾਰ ਵਿੱਚ ਬੈਠ ਕੇ ਮੈਂ ਕਾਰ ਵਾਈਟ ਰੌਕ ਵਾਲੀ ਬੀਚ ਵੱਲ ਨਹੀਂ ਮੋੜੀ। ਮੇਰੇ ਦਿਮਾਗ ਵਿੱਚ ਉਸ ਰੈਸਤੋਰਾਂ ਦੇ ਖਾਣੇ ਦੀਆਂ ਕੀਮਤਾਂ ਆ ਗਈਆਂ ਸਨ। ਇੱਕ ਵਾਰ ਮੈਂ ਆਪਣੀ ਸਹੇਲੀ ਨਾਲ ਉੱਥੇ ਗਈ ਸੀ ਤੇ ਅਸੀਂ ਖਾਣੇ ਦੀਆਂ ਕੀਮਤਾਂ ਦੇਖ ਕੇ ਪਾਸਾ ਵੱਟ ਕੇ ਰੈਸਤੋਰਾਂ ਵਿੱਚੋਂ ਬਾਹਰ ਆ ਗਈਆਂ ਸੀ। 'ਕਦੇ ਫਿਰ ਸਹੀ,' ਅਸੀਂ ਸੋਚਿਆ ਸੀ। ਇਸੇ ਤਰ੍ਹਾਂ ਹੀ ਸੋਚ ਕੇ ਮੈਂ ਕਾਰ ਮੈਕਡੋਨਲਡ ਰੈਸਤੋਰਾਂ ਵੱਲ ਮੋੜ ਲਈ। ਉੱਥੇ ਬਰਗਰ 'ਤੇ ਬੁਰਕੀ ਵੱਢ ਕੇ ਅਮਨ ਨੇ ਕੁਸੈਲਾ ਜਿਹਾ ਮੂੰਹ ਬਣਾਇਆ।

"ਸਵਾਦ ਨੀ ਲੱਗਾ?" ਮੈਂ ਪੁੱਛਿਆ।

"ਐਵੇਂ ਬਕਬਕਾ ਜਿਹਾ ਐ, ਕੋਈ ਮਿਰਚ-ਮੁਰਚ ਲਿਆ।"

"ਹੌਲੀ ਹੌਲੀ ਸਵਾਦ ਲੱਗਣ ਲੱਗੂ ਐਥੋਂ ਦਾ ਖਾਣਾ। ਮੈਨੂੰ ਤਾਂ ਹੁਣ ਇੱਥੋਂ ਦਾ ਸਵਾਦ ਪੈ ਗਿਐ।"

"ਤੈਨੂੰ ਹੋਰ ਪਤਾ ਨੀ ਇੱਥੋਂ ਦੇ ਕੀ ਕੀ ਸਵਾਦ ਪਏ ਆ," ਆਖ ਕੇ ਅਮਨ ਥੋੜ੍ਹਾ ਜਿਹਾ ਹੱਸ ਪਿਆ।

ਮੈਨੂੰ ਉਸਦਾ ਇਹ ਮਜ਼ਾਕ ਅਟਪਟਾ ਲੱਗਾ। ਮੈਂ ਇਸ ਵੱਲ ਬਹੁਤਾ ਧਿਆਨ ਨਾ ਦਿੱਤਾ। ਮੇਰਾ ਧਿਆਨ ਤਾਂ ਬਾਹਰ ਵੱਲ ਸੀ ਕਿ ਕਦੋਂ ਹਨੇਰਾ ਉੱਤਰੇ ਅਤੇ ਮੈਂ ਅਮਨ ਨਾਲ ਪਾਰਕ ਵਿੱਚ ਜਾਵਾਂ।

ਜਦੋਂ ਅਸੀਂ ਪਾਰਕ ਵਿੱਚ ਪਹੁੰਚੇ, ਹਨੇਰਾ ਉੱਤਰ ਆਇਆ ਸੀ। ਕਾਰ ਵਿੱਚੋਂ ਬਾਹਰ ਨਿਕਲਕੇ ਮੈਂ ਅਮਨ ਦਾ ਹੱਥ ਫੜ ਲਿਆ। ਹਲਕੀ ਹਲਕੀ ਹਵਾ ਰੁਮਕ ਰਹੀ ਸੀ। ਮੇਰੇ ਸੁਪਨਿਆਂ ਵਿੱਚ ਆਉਣ ਵਾਲੀ ਥਾਂ ਕੁਝ ਕਦਮਾਂ ਦੀ ਵਿੱਥ 'ਤੇ ਸੀ। ਮੈਂ ਓਧਰ ਝਾਤ ਮਾਰੀ। ਫਿਰ ਅਮਨ ਨੂੰ ਕਿਹਾ, "ਅਮਨੇ, ਆਪਣੀ ਅਸਲੀ ਸੁਹਾਗਰਾਤ ਤਾਂ ਅੱਜ ਐ। ਉਦੋਂ ਤਾਂ ਸਭ ਕੁਝ ਬਹੁਤ ਜਲਦੀ ਜਲਦੀ ਹੋ ਗਿਆ ਸੀ। ਇਸ ਬਾਰੇ ਪਤਾ ਹੀ ਨਹੀਂ ਸੀ।" ਇਸ ਤਰ੍ਹਾਂ ਆਖਦਿਆਂ ਮੈਂ ਅਮਨ ਦੇ ਨਾਲ ਲੱਗ ਗਈ।

"ਹੁਣ ਆਪਾਂ ਕਿੱਧਰ ਚੱਲੇ ਆਂ?" ਉਹ ਬੋਲਿਆ।

"ਆਪਣੀ ਸੁਹਾਗਰਾਤ ਮਨਾਉਣ।"

ਮੇਰੀ ਗੱਲ ਸੁਣਕੇ ਅਮਨ ਹੱਸ ਪਿਆ। ਬੋਲਿਆ, "ਏਧਰ ਤਾਂ ਕੋਈ ਪਾਰਕ ਲੱਗਦੈ।"

ਮੈਂ ਅਮਨ ਦਾ ਹੱਥ ਫੜ ਕੇ ਉਸ ਨੂੰ ਪਾਰਕ ਦੇ ਉਸ ਹਿੱਸੇ ਵੱਲ ਲੈ ਤੁਰੀ। ਮੈਂ ਜਿਵੇਂ ਉੱਡ ਰਹੀ ਹੋਵਾਂ। ਚਾਅ ਵਿੱਚ ਸਰੂਰੀ। ਮਖਰੂਰੀ। ਮੈਂ ਕਿਹਾ, "ਅਮਨੇ, ਮੇਰੇ ਮਿੱਠੇ, ਆਪਣੀ ਉਹ ਖੇਤਾਂ ਵਿਚਲੇ ਘਰ ਵਾਲੀ ਰਾਤ। ਕੋਠੇ 'ਤੇ ਖੜਿਆਂ ਵਾਲਾ ਸੀਨ ਪਤਾ ਨਹੀਂ ਕਿੰਨੇ ਵਾਰ ਮੇਰੇ ਜਾਗਦੇ-ਸੌਂਦੇ ਸੁਪਨਿਆਂ ਵਿੱਚ ਆਇਐ। ਤੈਨੂੰ ਚੇਤੈ, ਜਦੋਂ ਮੈਂ ਤੇਰੇ ਗਲ ਬਾਹਾਂ ਪਾਈਆਂ ਸਨ?" ਤੁਰਦਿਆਂ ਮੈਂ ਰੁਕ ਗਈ। ਮੇਰਾ ਜੀਅ ਕੀਤਾ ਕਿ ਹੁਣੇ ਹੀ ਅਮਨ ਮੈਨੂੰ ਆਪਣੇ ਕਲਾਵੇ ਵਿੱਚ ਲੈ ਲਵੇ। ਉਸ ਨੇ ਇਸ ਤਰ੍ਹਾਂ ਨਾ ਕੀਤਾ। ਮੈਂ ਤੁਰ ਪਈ। ਉਸ ਥਾਂ ਪਹੁੰਚਕੇ ਮੈਂ ਘੁੱਟ ਕੇ ਅਮਨ ਨੂੰ ਜੱਫੀ ਪਾ ਲਈ। ਮੈਨੂੰ ਲੱਗਾ ਕਿ ਅਮਨ ਹੁਣੇ ਹੀ ਮੇਰਾ ਚੇਹਰਾ ਆਪਣੇ ਹੱਥਾਂ ਵਿੱਚ ਲੈ ਕੇ ਉੱਪਰ ਕਰੇਗਾ ਅਤੇ ਬੰਸਰੀਆਂ ਵਿੱਚ ਤਰੰਗਾਂ ਛੇੜੇਗਾ। ਕੁਝ ਦੇਰ ਇਸੇ ਤਰ੍ਹਾਂ ਹੀ ਖੜ੍ਹੀ ਰਹਿਣ ਤੋਂ ਬਾਅਦ ਮੈਂ ਆਪ ਹੀ ਅਮਨ ਵੱਲ ਦੇਖਿਆ। ਉਹ ਦਰੱਖਤਾਂ ਦੇ ਝੁੰਡਾਂ ਵੱਲ ਦੇਖ ਰਿਹਾ ਸੀ। ਸਾਡੇ ਦੇਖਦਿਆਂ

ਦੋ ਪਰਛਾਵੇਂ ਉਨ੍ਹਾਂ ਵਿੱਚ ਅਲੋਪ ਹੋਏ ਸਨ। ਕੁਝ ਪਲ ਓਧਰ ਦੇਖਣ ਤੋਂ ਬਾਅਦ ਅਮਨ ਬੋਲਿਆ, "ਤੂੰ ਪਹਿਲਾਂ ਵੀ ਕਿਸੇ ਨਾਲ ਕਦੇ ਇੱਥੇ ਆਈ ਐਂ?"

ਅਮਨ ਦੀ ਠੰਡੀ ਆਵਾਜ਼ ਸੁਣਕੇ ਆਪਣੇ ਹੱਥਾਂ ਵਿੱਚ ਘੁੱਟਿਆ ਉਸਦਾ ਹੱਥ ਮੈਥੋਂ ਆਪਣੇ ਆਪ ਹੀ ਛੱਡਿਆ ਗਿਆ।

✲ ✲ ✲

## ਹਰਪ੍ਰੀਤ ਸੇਖਾ ਦੀ ਕਹਾਣੀ 'ਉਹ ਰਾਤ' ਉੱਤੇ ਹੋਈ ਵਿਚਾਰ-ਚਰਚਾ

ਸੁਕੀਰਤ: ਕਹਾਣੀ ਬਾਰੇ ਗੱਲ ਕਰਨ ਤੋਂ ਪਹਿਲਾਂ ਮੈਂ ਤੁਹਾਡਾ ਧਿਆਨ ਓਸ ਗੱਲ ਵੱਲ ਦਿਵਾਣਾ ਚਾਹਵਾਂਗਾ, ਜਿਹੜੀ ਮੈਨੂੰ ਬਹੁਤ ਮੁਤਾਸਿਰ ਕਰਦੀ ਹੈ। ਇਸ ਕਹਾਣੀ ਵਿਚ ਕਈ ਲਫ਼ਜ਼ ਅਜਿਹੇ ਨੇ, ਜਿਹੜੇ ਹਰਪ੍ਰੀਤ ਸੇਖਾ ਨੇ ਘੜੇ ਨੇ। ਜੀ ਪੀ ਐਸ ਲਈ "ਰਾਹ ਦਸੇਰੂ", ਬੈਂਕੁਇਟ ਹਾਲ ਲਈ "ਦਾਅਵਤ ਭਵਨ", ਵੇਟਰੈਸ ਲਈ "ਵਰਤਾਵੀ", ਸੈਲਫੀ ਲਈ "ਸਵੈ ਫੋਟੋ"। ਮੈਂ ਕੁਝ ਚਿਰ ਤੋਂ ਬਹੁਤ ਸ਼ਿੱਦਤ ਨਾਲ ਮਹਿਸੂਸ ਕਰਦਾ ਹਾਂ ਕਿ ਅਸੀਂ ਆਲਸੀ ਕਿਸਮ ਦੇ ਲੇਖਕ, ਜਾਂ ਆਲੋਚਕ ਹੁੰਦੇ ਜਾ ਰਹੇ ਹਾਂ। ਅਸੀਂ ਉਹ ਲਫਜ਼ ਵੀ ਅੰਗਰੇਜ਼ੀ ਦੇ ਵਰਤਣ ਲੱਗੇ ਹਾਂ, ਜਿਨ੍ਹਾਂ ਦਾ ਪੰਜਾਬੀ ਵਿਚ ਬਦਲ ਮੌਜੂਦ ਹੈ। ਕਿਚਨ, ਲੌਂਜਰ, ਟੀ-ਪੈਨ। ਇਸ ਤੋਂ ਉਲਟ ਹਰਪ੍ਰੀਤ ਸੇਖਾ ਨੇ ਉਹ ਲਫਜ਼ ਲਿਆਂਦੇ ਹਨ, ਜਿਹੜੇ ਪੰਜਾਬੀ ਵਿਚ ਹੈ ਹੀ ਨਹੀਂ ਸਨ। ਕਹਾਣੀ ਪੜ੍ਹਨ ਵੇਲੇ ਇਹ ਓਪਰੇ ਵੀ ਨਹੀਂ ਲਗਦੇ। ਹੋ ਸਕਦਾ ਇਨ੍ਹਾਂ ਵਿਚੋਂ ਕੁਝ ਰਹਿ ਜਾਣ ਤੇ ਕੁਝ ਖਾਰਜ ਹੋ ਜਾਣ। ਗਾਰਗੀ ਨੇ ਕਿਸੇ ਵੇਲੇ ਨਾਈਟ ਗਾਊਨ ਲਈ ਲਫਜ਼ "ਰਾਤ ਚੋਗਾ" ਵਰਤਿਆ ਸੀ, ਉਹ ਪ੍ਰਚੱਲਤ ਨਹੀਂ ਹੋਇਆ। ਜੇ ਪੰਜਾਬੀ ਨੇ ਵਿਕਾਸ ਕਰਨਾ ਤਾਂ ਇਹ ਜ਼ਰੂਰੀ ਹੈ ਕਿ ਅਸੀਂ ਗਾਰਗੀ, ਦੁੱਗਲ, ਗੁਰਬਖਸ਼ ਸਿੰਘ ਪ੍ਰੀਤਲੜੀ ਵਾਂਗ ਪੰਜਾਬੀ ਨੂੰ ਅਮੀਰ ਕਰਨ ਲਈ ਯਤਨ ਕਰੀਏ। ਉਨ੍ਹਾਂ ਨੂੰ ਅੰਗਰੇਜ਼ੀ ਬਹੁਤ ਵਧੀਆ ਆਉਂਦੀ ਸੀ, ਪਰ ਉਨ੍ਹਾਂ ਨੇ ਸੁਚੇਤ ਤੌਰ ਉੱਤੇ ਪੰਜਾਬੀ ਦੇ ਲਫਜ਼ ਘੜੇ।

ਕਹਾਣੀ "ਉਹ ਰਾਤ" ਦੋ ਪੱਧਰ ਉੱਤੇ ਚਲਦੀ ਹੈ। ਇਕ ਸਤਾਹ ਉੱਤੇ ਪੰਜਾਬ ਦੀ ਉਹ ਤਰਾਸਦੀ ਹੈ, ਜਿਸ ਮੁਤਾਬਕ ਪੰਜਾਬੀਆਂ ਵਿਚ ਪਰਵਾਸ ਦੀ ਤੀਬਰ ਇੱਛਾ ਹੈ। ਸੀਰਤ ਦਾ ਪਿਓ ਬਾਹਰ ਜਾਂਦਾ ਫੜਿਆ ਗਿਆ ਸੀ, ਹੁਣ ਉਹ ਆਪਣੇ ਬੱਚਿਆਂ ਰਾਹੀਂ ਇਸ ਇੱਛਾ ਨੂੰ ਪੂਰੀ ਕਰ ਰਿਹਾ ਹੈ। ਪੰਜਾਬ 'ਚ ਇਹ ਗੱਲ ਬਣ ਗਈ ਹੈ ਕਿ ਅਸੀਂ ਕਿਸੇ ਤਰ੍ਹਾਂ ਵੀ ਬਾਹਰ ਪਹੁੰਚੀਏ। ਕਹਾਣੀ ਦਾ ਹਰ ਪਾਤਰ ਆਪਣੇ ਟੱਬਰ ਨੂੰ ਬਾਹਰ ਪੁਚਾਣ/ਮੰਗਵਾਉਣ ਵਿਚ ਲੱਗਾ ਹੋਇਆ ਹੈ। ਦੂਜੀ ਪੱਧਰ ਉੱਤੇ ਉਹ ਔਰਤ ਹੈ, ਜਿਹੜੀ ਆਪਣੀ ਜੁਆਨੀ ਵੇਲੇ ਕੰਤ ਤੋਂ ਵਿਹੂਣੀ ਰਹਿੰਦੀ ਹੈ। ਸੀਰਤ ਦੇ ਮਨ ਵਿਚੋਂ ਕਿਸੇ ਵੇਲੇ ਗੁਰਪ੍ਰੀਤ ਲੰਘਦਾ ਤਾਂ ਹੈ, ਪਰੰਤੂ ਉਹ ਅਮਨ ਦੀ ਉਡੀਕ ਕਰਦੀ ਹੈ। ਏਅਰਪੋਰਟ ਜਾਂਦੀ ਸੀਰਤ ਦੇ ਮਨ ਵਿਚ ਅਮਨ ਨੂੰ ਮਿਲਣ ਦੀ ਤਾਂਘ ਹੈ, ਪਰੰਤੂ ਅਮਨ ਦੀ ਵੱਡੀ ਚਿੰਤਾ ਇਹ ਹੈ ਕਿ ਮੋਹਰ ਪੱਕੀ ਲੱਗ ਗਈ ਕਿ ਨਹੀਂ! ਕੁੜੀ ਮਿਲਣ ਦੀ ਰਾਤ ਮਨਾਉਣਾ ਚਾਹੁੰਦੀ ਹੈ, ਪਰੰਤੂ ਮੁੰਡੇ ਵਿਚ ਅਜਿਹੀ ਕੋਈ ਉਤਸੁਕਤਾ ਨਹੀਂ ਦਿਸਦੀ। ਸਾਡੇ ਪਿਤਰਕੀ ਢਾਂਚੇ ਵਿਚ ਇਹ ਗੱਲ ਬੈਠੀ ਹੋਈ ਹੈ ਕਿ ਮਰਦ ਨੂੰ ਹਮੇਸ਼ਾ ਇਹ ਖੌਫ ਰਹਿੰਦਾ ਕਿ ਉਹਦੀ ਅਣਹੋਂਦ ਵਿਚ ਉਹਦੀ ਦੋਸਤ ਜਾਂ ਬੀਵੀ ਕੋਈ ਹੋਰ ਰਿਸ਼ਤੇ ਤਾਂ ਨਹੀਂ ਪਾਲਦੀ ਰਹੀ! ਇਹ ਮੇਰੀ ਸੰਪਤੀ ਹੈ, ਇਸਨੂੰ ਕਿਸੇ ਨੇ ਹੱਥ ਲਾ ਕੇ ਮੈਲਾ ਤਾਂ ਨਹੀਂ ਕੀਤਾ! ਇਸ ਕਹਾਣੀ ਵਿਚ ਅਮਨ ਨੂੰ ਅਜਿਹਾ ਖਦਸ਼ਾ ਹੈ। ਸੀਰਤ ਦੀਆਂ ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ

ਉਹ ਸ਼ੱਕ ਦੇ ਘੇਰੇ ਵਿਚ ਘਿਰੀ ਰਹਿੰਦੀ ਹੈ। ਅਖੀਰ ਵਿਚ ਦਿਸਦਾ ਹੈ ਕਿ ਹੁਣ ਉਹ ਹੋਰ ਕੋਸ਼ਿਸ਼ ਨਹੀਂ ਕਰਨਾ ਚਾਹੁੰਦੀ। ਮੇਰੇ ਹਿਸਾਬ ਨਾਲ ਇਹ ਵਧੀਆ ਕਹਾਣੀ ਹੈ।

ਹਰਪ੍ਰੀਤ: ਸੁਕੀਰਤ ਹੁਰਾਂ ਨੇ ਕਹਾਣੀ ਦੀ ਬੋਲੀ ਬਾਰੇ ਗੱਲ ਕੀਤੀ ਹੈ। ਇਹ ਕਹਾਣੀ ਉਸ ਪਾਤਰ ਵਲੋਂ ਉੱਤਮ ਪੁਰਖੀ ਵਿਚ ਦੱਸੀ ਜਾ ਰਹੀ ਹੈ, ਜਿਹੜੀ ਪਲੱਸ-ਟੂ ਅਤੇ ਆਈਲੈਟਸ ਕਰ ਕੇ ਇਥੋਂ ਗਈ ਹੈ, ਅਤੇ ਉਸਨੂੰ ਚਾਰ ਸਾਲ ਕੈਨੇਡਾ ਰਹਿੰਦੀ ਨੂੰ ਹੋ ਗਏ ਹਨ। ਉਹਦੇ ਮੂੰਹੋਂ "ਰਾਹ ਦਸੇਰੂ" ਜਾਂ "ਸਵੈ-ਫੋਟੋ" ਵਰਗੇ ਲਫਜ਼ ਮੈਨੂੰ ਤਾਂ ਜਚੇ ਨਹੀਂ। ਇਹ ਕਹਾਣੀ ਉਸ ਨਿਸਚੇ ਨਾਲ ਸ਼ੁਰੂ ਹੁੰਦੀ ਹੈ ਕਿ ਸੀਰਤ ਉਸ ਰਾਤ ਨੂੰ ਮੁੜ ਜਿਊਣਾ ਚਾਹੁੰਦੀ ਹੈ ਅਤੇ ਉਸਨੇ ਉਸ ਲਈ ਵਿਓਂਤ ਵੀ ਬਣਾ ਲਈ ਹੈ। ਜਦੋਂ ਉਸਦੀ ਆਸ ਟੁੱਟਦੀ ਹੈ, ਤਾਂ ਵਿਡੰਵਨਾ ਦੀ ਸਥਿਤੀ ਬਣਦੀ ਹੈ, ਅਤੇ ਕਹਾਣੀ ਮੁੱਕ ਜਾਂਦੀ ਹੈ। ਧਨਵੰਤ ਕੌਰ ਹੁਰਾਂ ਦੇ ਹਵਾਲੇ ਨਾਲ ਮੈਂ ਰਾਊਂਡ ਅਤੇ ਫਲੈਟ ਪਾਤਰਾਂ ਦੀ ਗੱਲ ਕਰਨੀ ਚਾਹਵਾਂਗੀ। ਫਲੈਟ ਪਾਤਰਾਂ ਦਾ ਰੋਲ ਭਾਵੇਂ ਵੱਡਾ ਨਹੀਂ ਹੁੰਦਾ, ਪਰ ਉਹ ਘੱਟ ਮਹੱਤਵਪੂਰਨ ਨਹੀਂ ਹੁੰਦੇ। ਇਸ ਕਹਾਣੀ ਵਿਚ ਗੁਰਪ੍ਰੀਤ ਅਤੇ ਰੋਮੀ ਦਾ ਮੁੱਖ ਰੋਲ ਨਹੀਂ, ਪਰੰਤੂ ਉਹ ਸੀਰਤ ਦੇ ਬਿੰਬ ਨੂੰ ਉਘਾੜਣ ਦਾ ਕੰਮ ਕਰਦੇ ਹਨ। ਰੋਮੀ ਨੂੰ ਕਹਾਣੀਕਾਰ ਗਲਤ ਵਿਖਾ ਰਿਹਾ ਹੈ। ਉਹਦੇ ਲਈ ਸ਼ਬਦ ਲਿਖੇ ਨੇ ਕਿ ਨਵਾਂ-ਨਵਾਂ ਉਸਦਾ ਬੌਏ ਫਰੈਂਡ। ਰੋਮੀ ਬੌਏ ਫਰੈਂਡ ਬਦਲਦੀ ਰਹਿੰਦੀ ਹੈ, ਪਰ ਸੀਰਤ ਆਪਣੇ ਕੌਲਾਂ ਦੀ ਪੱਕੀ ਹੈ ਅਤੇ ਸਿਰੜ ਤੋਂ ਨਹੀਂ ਡੋਲਦੀ। ਜਦੋਂ ਗੁਰਪ੍ਰੀਤ ਸੀਰਤ ਕੋਲ ਵਿਆਹ ਦੀ ਤਜਵੀਜ਼ ਰਖਦਾ ਹੈ, ਤਾਂ ਸੀਰਤ ਉਸਨੂੰ ਸਾਫ-ਸਾਫ ਮਨ੍ਹਾ ਕਰ ਦੇਂਦੀ ਹੈ। ਅਮਨ ਵਾਰ-ਵਾਰ ਸੀਰਤ ਉੱਤੇ ਸ਼ੱਕ ਦੇ ਇਸ਼ਾਰੇ ਕਰਦਾ ਹੈ। ਇਕ ਵਾਰ ਤਾਂ ਉਹ ਇਹ ਵੀ ਕਹਿ ਦੇਂਦਾ ਹੈ ਕਿ ਹੋਰ ਪਤਾ ਨਹੀਂ ਤੈਨੂੰ ਏਥੋਂ ਦੇ ਕੀ-ਕੀ ਸੁਆਦ ਪਏ ਹੋਏ ਨੇ! ਅਗਲੀ ਗੱਲ: ਸੀਰਤ ਇਥੋਂ ਪੜ੍ਹਨ ਲਈ ਗਈ ਹੋਈ ਹੈ, ਪਰ ਉਸਦੇ ਕੋਰਸ ਜਾਂ ਕਾਲਜ ਦਾ ਕਹਾਣੀ ਵਿਚ ਕੋਈ ਜ਼ਿਕਰ ਨਹੀਂ ਆਉਂਦਾ!

ਮਹਿਲ ਸਿੰਘ: ਕਹਾਣੀ ਦਾ ਮਰਦ ਪਾਤਰ ਪੂਰਾ ਸਾਡੇ ਪਿਤਰਕੀ ਸਮਾਜ ਵਾਲਾ ਹੈ। ਉਹ ਔਰਤ ਨੂੰ ਇਕ ਪੌੜੀ ਵਜੋਂ ਵੀ ਵਰਤਦਾ ਹੈ, ਤੇ ਉਸਨੂੰ ਸ਼ੱਕ ਦੀ ਨਜ਼ਰ ਨਾਲ ਵੀ ਵੇਖਦਾ ਹੈ। ਔਰਤ ਇਕ ਆਦਰਸ਼ ਪਾਤਰ ਵਜੋਂ ਪੇਸ਼ ਹੁੰਦੀ ਹੈ। ਪਹਿਲਾਂ ਕੁੜੀ ਕਿਤੇ ਵੀ ਡੋਲਦੀ ਨਹੀਂ, ਪਰੰਤੂ ਅਖੀਰ ਵਿਚ ਨਿਰਾਸ਼ ਹੋ ਕੇ ਉਹ ਹੱਥ ਖਿੱਚ ਲੈਂਦੀ ਹੈ। ਇਕ ਕਿਸਮ ਦੀ ਬਗਾਵਤ ਦਿਸਦੀ ਹੈ। ਲੇਖਕ ਬੜੇ ਕਲਾਤਮਕ ਢੰਗ ਨਾਲ ਔਰਤ ਦੇ ਆਤਮ ਸਨਮਾਨ ਦੀ ਰਾਖੀ ਕਰਦਾ ਦਿਸਦਾ ਹੈ।

ਧਨਵੰਤ ਕੌਰ: ਇਸ ਕਹਾਣੀ ਵਿਚ ਇਕ ਪੱਖ ਹੈ ਔਰਤ ਦੇ ਪਰਵਾਸ ਵਾਲਾ। ਪਹਿਲਾਂ ਪਹਿਲ ਪੰਜਾਬੀ ਮਰਦ ਖੱਟਣ ਕਮਾਉਣ ਲਈ ਬਾਹਰ ਜਾਂਦੇ ਸਨ। ਔਰਤ ਦਾ ਪਰਵਾਸ ਸੈਕੰਡਰੀ ਸੀ, ਪਰਵਾਰ ਨੂੰ ਸਾਂਭਣ ਵਾਲੇ ਕਾਰਜ ਲਈ ਹੁੰਦਾ ਸੀ। ਦੂਜਾ ਪੜਾਅ ਉਹ ਸੀ ਜਦੋਂ ਔਰਤ ਦੀ ਸੌਦੇਬਾਜ਼ੀ, ਜਾਂ ਤਸਕਰੀ ਕਹਿ ਲਓ, ਧੱਕੇ ਦੇ ਵਿਆਹ ਕਰ ਕੇ ਬਾਹਰ ਭੇਜੀ ਗਈ। ਉਧਰਲੇ ਮੁੰਡੇ ਭਾਵੇਂ ਅਨਪੜ੍ਹ ਸਨ, ਭਾਵੇਂ ਦੁਹਾਜੂ, ਉਨ੍ਹਾਂ ਨੂੰ ਇਧਰ ਦੀਆਂ ਸੁਹਣੀਆਂ, ਪੜ੍ਹੀਆਂ ਲਿਖੀਆਂ ਕੁੜੀਆਂ ਵਿਆਹੀਆਂ ਗਈਆਂ। ਵੱਟੇ-ਸੱਟੇ ਦੇ ਵਿਆਹ ਵੀ ਹੋਏ। ਕੁੜੀ ਦੇ ਮਾਪਿਆਂ ਦਾ ਮਕਸਦ ਸੀ ਬਾਕੀ ਪਰਵਾਰ ਨੂੰ ਵੀ ਉੱਧਰ ਭੇਜਣ ਦਾ। ਔਰਤ ਇਕ ਮਾਈਗਰੇਸ਼ਨ ਏਜੰਸੀ ਵਾਂਗ ਵਰਤੀ ਗਈ। ਫੇਰ ਇਕ ਪੜਾਅ ਆਇਆ ਕਿ ਵਿਆਹ ਕਰਵਾਣ ਤੋਂ ਬਾਅਦ ਕੁੜੀਆਂ ਨੂੰ ਬਾਹਰ ਲਿਜਾਇਆ ਨਹੀਂ ਗਿਆ, ਉਹ ਇੱਧਰ ਹੀ ਰੁਲਦੀਆਂ ਰਹੀਆਂ। ਫੇਰ ਉਹ ਵਕਤ ਆਇਆ ਜਦੋਂ ਕੁੜੀਆਂ ਨੂੰ ਵੀ, ਮੁੰਡਿਆਂ ਵਾਂਗ, ਗੈਰਕਾਨੂੰਨੀ ਢੰਗ ਨਾਲ ਪਰਵਾਸ ਕਰਵਾਇਆ

ਗਿਆ। ਹੁਣ ਉਹ ਪੜਾਅ ਆਇਆ ਹੈ ਜਦੋਂ ਔਰਤਾਂ ਸੁਤੰਤਰ ਪਰਵਾਸ ਕਰ ਰਹੀਆਂ ਹਨ। ਔਰਤ ਪਹਿਲਾਂ ਜਾ ਰਹੀ ਹੈ, ਮਰਦ ਮਗਰੋਂ ਜਾਵੇਗਾ। ਮੁੰਡਿਆਂ ਤੋਂ ਆਈਲੈਟਸ ਹੁੰਦਾ ਨਹੀਂ, ਕੁੜੀਆਂ ਕਰ ਲੈਂਦੀਆਂ ਨੇ। ਇਸ ਲਈ ਪਿਤਰਕੀ ਨੇ ਇਕ ਨਵਾਂ ਢੰਗ ਲੱਭਿਆ ਕਿ ਕੁੜੀ ਨੂੰ ਬਾਹਰ ਭੇਜਣ ਅਤੇ ਪੱਕੇ ਕਰਾਣ ਦਾ ਸਾਰਾ ਖਰਚਾ ਮੁੰਡੇ ਵਾਲੇ ਕਰਨਗੇ, ਇਸ ਸ਼ਰਤ ਉੱਤੇ ਕਿ ਉਹ ਮੁੰਡੇ ਨਾਲ ਵਿਆਹ ਕਰਵਾ ਕੇ ਜਾਵੇਗੀ ਅਤੇ ਪੱਕੀ ਹੋ ਕੇ ਪਤੀ ਨੂੰ ਬੁਲਵਾ ਲਵੇਗੀ। ਜਿਵੇਂ ਕਿ ਇਸ ਕਹਾਣੀ ਵਿਚ ਆਇਆ ਹੈ, ਕੁੜੀ ਨੂੰ ਪਰਵਾਸ ਵਾਲੀਆਂ ਰੁਟੀਨ ਦੀਆਂ ਮੁਸ਼ਕਲਾਂ ਤਾਂ ਪੇਸ਼ ਆਉਂਦੀਆਂ ਹੀ ਨੇ, ਇਸ ਤੋਂ ਇਲਾਵਾ ਇਕ ਵਿਆਹੁਤਾ ਔਰਤ ਵਾਂਗ "ਸੁੱਚਤ" ਜਾਂ "ਪਵਿਤਰਤਾ" ਲਈ ਵੀ ਕੋਸ਼ਿਸ਼ ਕਰਨੀ ਪੈਂਦੀ ਹੈ। ਕਹਾਣੀ ਦੀ ਨਾਇਕਾ ਕਹਿੰਦੀ ਹੈ ਕਿ ਇਸ ਮਾਮਲੇ ਵਿਚ ਉਸਦੀ ਪਰਿਵਾਰਕ ਸਿਖਲਾਈ ਨੇ ਵੀ ਮਦਦ ਕੀਤੀ, ਅਤੇ ਤਰੱਦਦ ਵੀ ਕਰਨਾ ਪਿਆ। ਉਹਦੇ ਵਰਗੀਆਂ ਦੂਜੀਆਂ ਕੁੜੀਆਂ ਡੋਲੀਆਂ, ਪਰੰਤੂ ਇਸ ਨੇ ਆਪਣੇ ਆਪ ਨੂੰ ਸੰਭਾਲ ਕੇ ਰਖਿਆ। ਉਹ ਚਾਹ ਰਹੀ ਹੈ ਕਿ ਇਸ ਗੱਲ ਦੀ ਉਸਨੂੰ ਵਡਿਆਈ ਮਿਲੇ। ਰਿਸ਼ਤਿਆਂ ਦੀ ਪਾਕੀਜ਼ਗੀ ਨੂੰ ਉਹ ਅੱਗੇ ਤੋਰਨਾ ਚਾਹੁੰਦੀ ਹੈ। ਉਹਦੇ ਮਰਦ ਨੂੰ ਇਥੇ ਹੁੰਦਿਆਂ ਵੀ ਫਿਕਰ ਸੀ ਕਿ ਪਤਾ ਨਹੀਂ ਉਹ ਉੱਥੇ ਕੀ ਕਰ ਰਹੀ ਹੈ, ਅਤੇ ਉੱਥੇ ਜਾ ਕੇ ਵੀ ਉਹ ਉਸਨੂੰ ਸ਼ੱਕ ਦੀ ਨਜ਼ਰ ਨਾਲ ਵੇਖਦਾ ਹੈ। ਜਦੋਂ ਉਹ ਅਖੀਰ ਵਿਚ ਮੁੰਡੇ ਦਾ ਹੱਥ ਛੱਡ ਦੇਂਦੀ ਹੈ ਤਾਂ ਦਿਸਦਾ ਹੈ ਕਿ ਉਹ ਹੁਣ ਅਧਿਕਾਰਪੂਰਨ ਹੈ। ਉਹ ਰੋਂਦੀ ਕੁਰਲਾਂਦੀ ਨਹੀਂ। ਇਸ ਪੱਖੋਂ ਵਿਸ਼ੇ ਦਾ ਨਿਭਾਅ ਬਹੁਤ ਚੰਗਾ ਹੈ।

ਬਲਬੀਰ ਪਰਵਾਨਾ: ਪੰਜਾਬ ਵਿਚੋਂ ਪਰਵਾਸ ਵਾਲੇ ਵਰਤਾਰੇ ਨੂੰ ਕਹਾਣੀਕਾਰ ਨੇ ਠੀਕ ਢੰਗ ਨਾਲ ਫੜਿਆ ਹੈ। ਕੁੜੀ ਅਤੇ ਮੁੰਡੇ ਦੀ ਪੱਧਰ ਵਿਚ ਬੜਾ ਫਰਕ ਹੈ। ਦੋਵਾਂ ਦੀਆਂ ਰੁਚੀਆਂ ਵਿਚ ਵੱਡਾ ਅੰਤਰ ਹੈ। ਜੇ ਉਨ੍ਹਾਂ ਦਾ ਵਿਆਹ ਏਥੇ ਹੁੰਦਾ ਤਾਂ ਵੀ ਉਹਦਾ ਕੋਈ ਭਵਿਖ ਨਹੀਂ ਸੀ, ਅਤੇ ਕੁੜੀ ਵਲੋਂ ਹੱਥ ਛੱਡ ਦੇਣ ਤੋਂ ਸਾਫ ਹੈ ਕਿ ਉੱਥੇ ਵੀ ਉਹ ਟੁੱਟ ਕੇ ਹੀ ਰਹੇਗਾ। ਇਹੋ ਜਿਹੀ ਜੁਗਾੜਬਾਜ਼ੀ ਵਾਲੇ ਵਿਆਹ ਹੁਣ ਬਹੁਤ ਹੋ ਰਹੇ ਨੇ। ਹਰਪ੍ਰੀਤ ਸੇਖਾ ਨੇ ਬਿਨਾ ਉਲਾਰ ਹੋਏ ਏਸ ਵਰਤਾਰੇ ਨੂੰ ਖ਼ੂਬਸੂਰਤੀ ਨਾਲ ਫੜਿਆ ਹੈ।

ਹਰਵਿੰਦਰ ਭੰਡਾਲ: ਸਾਰੀ ਕਹਾਣੀ ਵਿਚ ਸਭ ਕੁਝ ਬੜੇ ਸਹਿਜ ਰੂਪ ਨਾਲ ਵਾਪਰ ਰਿਹਾ ਹੈ। ਹਰਪ੍ਰੀਤ ਸੇਖਾ ਨੇ ਔਰਤ ਦੀ ਕਾਮੁਕ ਤ੍ਰਿਪਤੀ ਦੀ ਇੱਛਾ ਨੂੰ ਜਿਸ ਤਰ੍ਹਾਂ ਪੇਸ਼ ਕੀਤਾ, ਉਹ ਬਹੁਤ ਵਧੀਆ ਹੈ। ਸੀਰਤ ਦੋ ਰਾਤਾਂ ਬਾਰੇ ਸੋਚਦੀ ਹੈ। ਇਕ ਰਾਤ ਹੈ, ਜਿਸ ਦਿਨ ਉਸਦਾ ਪ੍ਰੰਪਰਿਕ ਵਿਆਹ ਹੋਇਆ। ਦੂਜੀ ਉਹ ਰਾਤ ਹੈ, ਜਿਸ ਬਾਰੇ ਉਹਦੇ ਮਨ ਵਿਚ ਨਰਮ ਵਿਚਾਰ ਮੁੜ-ਮੁੜ ਆਉਂਦੇ ਨੇ। ਜੇ ਕਿਤੇ ਉਹਦੇ ਡੋਲਣ ਦੀ ਸਥਿਤੀ ਬਣਦੀ ਹੈ ਤਾਂ ਉਹ ਉਹਦੇ ਉੱਤੇ ਕਾਬੂ ਪਾਉਂਦੀ ਹੈ। ਕਦੇ ਵੀ ਉਹਦੇ ਮਨ ਵਿਚ ਕੋਈ ਗੁਨਾਹ ਦਾ ਅਹਿਸਾਸ ਨਹੀਂ ਹੈ। ਨਾਲੋ-ਨਾਲ ਚਲਦੇ ਰੋਮੀ ਦੇ ਬਿਰਤਾਂਤ ਰਾਹੀਂ ਸੇਖਾ ਵਿਖਾਉਂਦਾ ਹੈ ਕਿ ਰੋਮੀ ਉਹ ਕੁੜੀ ਹੈ, ਜਿਹੋ ਜਿਹੀ ਸੀਰਤ ਵਿਚ ਬਣਨ ਦੀ ਗੁੰਜਾਇਸ਼ ਸੀ। ਰੋਮੀ ਬਾਰੇ ਸੇਖਾ ਨੇ ਕੋਈ ਨੈਤਿਕ ਨਿਰਣਾ ਨਹੀਂ ਦਿੱਤਾ। ਰੋਮੀ ਆਪਣੀ ਕਾਮਨਾ ਅਨੁਸਾਰ ਚਲਦੀ ਹੋਈ ਸਮਾਜ ਵਲੋਂ ਥੋਪੇ ਹੋਏ ਬੰਦਨਾਂ ਤੋਂ ਮੁਕਤ ਹੁੰਦੀ ਹੈ। ਸਾਡੇ ਸਮਾਜ ਵਿਚ ਸੀਤਾ ਦੇ ਅਗਨੀ ਪ੍ਰੀਕਸ਼ਾ ਵਿਚ ਨਿਕਲਣ ਤੋਂ ਬਾਅਦ ਵੀ ਉਸ ਉੱਤੇ ਸ਼ੱਕ ਕੀਤਾ ਜਾਂਦਾ ਹੈ। ਅਮਨ ਤਾਜ਼ਾ-ਤਾਜ਼ਾ ਇਥੋਂ ਗਿਆ ਹੋਇਆ, ਉਹ ਉਸੇ ਤਰ੍ਹਾਂ ਦਾ ਵਿਹਾਰ ਕਰਦੈ, ਜਿਸ ਤਰ੍ਹਾਂ ਦਾ ਉਹਨੇ ਇਥੇ ਰਹਿੰਦੇ ਹੋਏ ਕਰਨਾ ਸੀ। ਕਹਾਣੀ ਦੇ ਅੰਤ ਵਿਚ ਅਮਨ ਦਾ

ਹੱਥ ਛੱਡ ਕੇ ਸੀਰਤ ਸੰਕੇਤ ਕਰਦੀ ਹੈ ਕਿ ਇਹ ਰਿਸ਼ਤਾ ਚੱਲਣਾ ਨਹੀਂ। ਇਥੇ ਬਹੁਤੀ ਵਾਰ ਅਣਮੇਲ ਵਿਆਹ ਵੀ ਸਮਾਜ ਦੇ ਦਬਾਓ ਕਰਕੇ ਨਿਭਾਉਣਾ ਪੈਂਦਾ, ਪਰੰਤੂ ਉਥੇ ਔਰਤ ਕੋਲ ਅਜਿਹੇ ਰਿਸ਼ਤੇ ਤੋਂ ਮੁਕਤੀ ਦਾ ਮੌਕਾ ਅਤੇ ਮਹੌਲ ਮੌਜੂਦ ਹੈ।

ਰਮਿੰਦਰ ਕੌਰ: ਖਿੱਤਾ ਅਤੇ ਮੁਲਕ ਬਦਲਣ ਦੇ ਬਾਵਜੂਦ ਮਾਨਸਿਕਤਾ ਕਈ ਵਾਰ ਨਹੀਂ ਬਦਲਦੀ। ਰਿਸ਼ਤਿਆਂ ਵਿਚ ਸਮੇਂ ਅਤੇ ਦੂਰੀ ਦੇ ਵਕਫੇ ਨਾਲ ਬਹੁਤੀ ਵਾਰ ਸ਼ੱਕ ਪੈਦਾ ਹੋ ਜਾਂਦੀ ਹੈ। ਸੀਰਤ ਨੇ ਬੜੀ ਮਿਹਨਤ ਕੀਤੀ। ਕਹਾਣੀ ਵਿਚ ਜਦੋਂ-ਜਦੋਂ ਡੋਲਣ ਦੇ ਮੌਕੇ ਬਣੇ, ਉਹ ਆਪਣੇ ਆਪ ਉੱਤੇ ਕਾਬੂ ਪਾਉਂਦੀ ਹੈ। ਜਦੋਂ ਕਿਤੇ ਉਹਦੇ ਮਨ ਵਿਚ ਅਮਨ ਬਾਰੇ ਸ਼ੱਕ ਪੈਦਾ ਹੁੰਦੀ ਹੈ, ਤਾਂ ਉਹ ਇਸ ਲਈ ਉਸਨੂੰ ਖਾਰਜ ਕਰ ਦੇਂਦੀ ਹੈ, ਕਿਉਂਕਿ ਮਰਦ ਨੂੰ ਇਹ ਮੁਆਫ ਹੈ। ਇਹ ਸਭ ਕੁਝ ਉਸਦੀ ਪਰਵਰਿਸ਼ ਵਿਚ ਪਿਆ ਹੈ। ਅਮਨ ਜਦੋਂ ਸੀਰਤ ਦੀਆਂ ਫੀਸਾਂ ਨਹੀਂ ਭਰਨਾ ਚਾਹੁੰਦਾ, ਤਾਂ ਕਹਿੰਦਾ ਹੈ ਕਿ ਤੂੰ ਜਿਹੜੀ ਮਰਜ਼ੀ ਸ਼ਿਫਟ ਉੱਤੇ ਕੰਮ ਕਰ ਲਿਆ ਕਰ। ਜਦੋਂ ਉਥੇ ਪੁੱਜ ਕੇ ਸੀਰਤ ਉਸਨੂੰ ਪਾਰਕ ਵਿਚ ਲੈ ਕੇ ਜਾਂਦੀ ਹੈ, ਤਾਂ ਉਹ ਇਕਦਮ ਆਪਣੇ ਮਨ ਦੀ ਸ਼ੱਕ ਜਾਹਰ ਕਰਦਾ ਹੈ। ਕਹਾਣੀ ਦੇ ਅੰਤ ਵਿਚ ਸੀਰਤ ਤੋਂ ਅਮਨ ਦਾ ਹੱਥ ਆਪਣੇ ਆਪ ਛੱਡਿਆ ਜਾਂਦਾ ਹੈ। ਉਹਦੇ ਅੰਦਰੋਂ ਅਵਾਜ਼ ਆਉਂਦੀ ਹੈ ਕਿ ਇਹ ਰਿਸ਼ਤਾ ਨਹੀਂ ਨਿਭ ਸਕਦੀ। ਕਹਾਣੀ ਦਾ ਸਿਰਲੇਖ "ਉਹ ਰਾਤ" ਮੈਨੂੰ ਬਹੁਤਾ ਜਚਿਆ ਨਹੀਂ, ਜਸੂਸੀ ਜਿਹਾ ਸਿਰਲੇਖ ਲਗਦਾ ਹੈ।

ਜਸ ਮੰਡ: ਕਹਾਣੀ ਤਾਂ ਚੰਗੀ ਹੈ। ਹਾਲਾਂਕਿ ਇਹ ਕਹਾਣੀ ਵੀ ਘੁੰਮਦੀ ਪੰਜਾਬੀਆਂ ਦੇ ਆਲੇ-ਦੁਆਲੇ ਹੀ ਹੈ। ਮੈਨੂੰ ਨਿੱਜੀ ਤੌਰ ਉੱਤੇ ਪਰਵਾਸ ਦੇ ਏਸ ਢੰਗ ਬਾਰੇ ਜਾਣਕਾਰੀ ਨਹੀਂ ਸੀ। ਇਸ ਤਰ੍ਹਾਂ ਦੇ ਪਰਵਾਸੀਆਂ ਨੂੰ ਉਥੇ ਕਿਸ ਤਰ੍ਹਾਂ ਦੀਆਂ ਸਮਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਇਹਦੇ ਬਾਰੇ ਕਹਾਣੀ ਖੂਬਸੂਰਤੀ ਨਾਲ ਬਿਆਨ ਕਰਦੀ ਹੈ। ਪਰੰਤੂ ਮੇਰਾ ਸਵਾਲ ਹੈ ਕਿ ਜੇ ਸੀਰਤ ਵਿਆਹ ਕਰਵਾ ਕੇ ਕੈਨੇਡਾ ਨਹੀਂ ਬਲਕਿ ਨੌਕਰੀ ਕਰਨ ਪੂਨੇ ਗਈ ਹੁੰਦੀ, ਅਤੇ ਕੁਝ ਸਾਲਾਂ ਬਾਅਦ ਉਸਨੂੰ ਮਿਲਣ ਅਮਨ ਪੂਨੇ ਜਾਂਦਾ, ਤਾਂ ਕੀ ਕਹਾਣੀ ਇਸੇ ਤਰ੍ਹਾਂ ਨਾ ਵਾਪਰਦੀ, ਜਿਵੇਂ ਹੁਣ ਵਾਪਰੀ ਹੈ! ਇਸਦੇ ਨਾਲ ਹੀ ਇਕ ਵਾਰ ਫੇਰ ਲੇਖਕ ਦੀ ਪੁਜ਼ੀਸ਼ਨਿੰਗ ਬਾਰੇ ਵੀ ਸਵਾਲ ਹੈ। ਇਸ ਕਹਾਣੀ ਦਾ ਲੇਖਕ ਮੈਨੂੰ ਸੀਰਤ ਦੇ ਉਨ੍ਹਾਂ ਸੰਸਕਾਰਾਂ ਨਾਲ ਖੜ੍ਹਾ ਲਗਦਾ ਹੈ, ਜਿਹੜੇ ਉਸਨੇ ਆਪਣੀ ਦਾਦੀ ਤੋਂ ਲਏ ਹੋਏ ਹਨ। ਇਸੇ ਲਈ ਬਹਿਸ ਦੌਰਾਨ ਹਰਪ੍ਰੀਤ ਕਹਿ ਰਹੀ ਸੀ ਕਿ ਕਹਾਣੀਕਾਰ ਨੇ ਰੋਮੀ ਨੂੰ ਗਲਤ ਵਿਖਾਇਆ ਹੋਇਆ ਹੈ। ਏਨੇ ਸਾਲ ਉਥੇ ਰਹਿ ਕੇ ਵੀ ਪੰਜਾਬੀ ਕਹਾਣੀਕਾਰ ਉਥੋਂ ਦੇ ਸਭਿਆਚਾਰ ਵਿਚ ਰਚੇ-ਮਿਚੇ ਨਹੀਂ ਲਭਦੇ। ਕਹਾਣੀ ਦੇ ਸੰਚਾਰ ਦੀ ਸਮਸਿਆ ਵੀ ਹੋ ਸਕਦੀ ਹੈ ਕਿ ਕਹਾਣੀਕਾਰ ਜੋ ਕਹਿਣਾ ਚਾਹੁੰਦਾ ਹੈ, ਉਹ ਮਨਪ੍ਰੀਤ ਅਤੇ ਮੇਰੇ ਵਰਗੇ ਪਾਠਕ ਤੱਕ ਪਹੁੰਚਿਆ ਨਾ ਹੋਵੇ! ਜਿਹੜੀ ਸੁਕੀਰਤ ਹੁਰਾਂ ਨੇ ਨਵੇਂ ਲਫਜ਼ ਘੜਨ ਦੀ ਸਿਫਤ ਕੀਤੀ ਹੈ, ਉਹ ਸਿਧਾਂਤਕ ਤੌਰ ਉੱਤੇ ਤਾਂ ਠੀਕ ਹੈ, ਪਰੰਤੂ ਜਿਵੇਂ ਮਨਪ੍ਰੀਤ ਨੇ ਕਿਹਾ, ਜਿਸ ਤਰ੍ਹਾਂ ਦੇ ਪਾਤਰਾਂ ਦੇ ਮੂੰਹੋਂ ਉਹ ਲਫਜ਼ ਬੁਲਵਾਏ ਗਏ ਹਨ, ਉਹ ਨਹੀਂ ਜਚਦਾ। ਨਵੇਂ ਘੜੇ ਲਫਜ਼ ਸੁਭਾਵਕ ਹੋਣੇ ਚਾਹੀਦੇ ਹਨ, ਥੋਪੇ ਹੋਏ ਨਹੀਂ ਲੱਗਣੇ ਚਾਹੀਦੇ।

ਰਜਨੀਸ਼: ਨਵੀਂ ਪੀੜ੍ਹੀ ਦੇ ਪਰਵਾਸੀ ਲੇਖਕਾਂ ਵਿਚਕਾਰ ਹਰਪ੍ਰੀਤ ਸੇਖਾ ਮੈਨੂੰ ਵੱਡੀ ਸਮਰਥਾ ਵਾਲਾ ਲੇਖਕ ਲਗਦਾ ਹੈ। ਇਸ ਕਹਾਣੀ ਦੇ ਤਿੰਨ ਪ੍ਰਮੁਖ ਪੜਾਅ ਨੇ। ਪਹਿਲਾ ਪੜਾਅ ਇਕ ਸੁਪਨਾ। ਸੁਪਨਾ ਇਕ ਉਮਰ ਵਿਚ। ਉਸ ਸੁਪਨੇ ਦੀ ਘਾੜਤ ਵਿਚ ਸਾਡੇ ਕੋਲ ਇਕ ਲੰਮੀ

ਪਰੰਪਰਾ ਹੈ। ਕੁੜੀ ਇਕ ਸੁਪਨਾ ਲੈਂਦੀ ਹੈ ਕਿ ਉਹ ਨੌਕਰੀ ਕਰੇ, ਚੰਗਾ ਪਤੀ ਮਿਲੇ, ਚੰਗਾ ਘਰ ਮਿਲੇ, ਅਤੇ ਇਹ ਸਭ ਕੁਝ ਦੇ ਨਾਲ ਉਹ ਸੁਖੀ ਜੀਵਨ ਬਤੀਤ ਕਰੇ। ਸੀਰਤ ਨੂੰ ਇਸ ਸੁਪਨੇ ਦੀ ਪੂਰਤੀ ਭਾਰਤ ਵਿਚ ਹੁੰਦੀ ਨਹੀਂ ਦਿਸਦੀ, ਇਸਲਈ ਉਹ ਪਰਵਾਸ ਕਰਦੀ ਹੈ। ਜਾਣ ਤੋਂ ਪਹਿਲਾਂ ਉਸਦਾ ਵਿਆਹ ਹੋ ਜਾਂਦਾ ਹੈ, ਆਪਣੇ ਪਤੀ ਨੂੰ ਲੈ ਕੇ ਵੀ ਉਹ ਸੁਪਨਾ ਬੁਣਦੀ ਹੈ। ਉਹਦਾ ਸੁਪਨਾ ਜਦੋਂ ਕਾਰਜਸ਼ੀਲਤਾ ਵਿਚ ਪੈਂਦਾ ਹੈ, ਤਾਂ ਸਮਸਿਆਵਾਂ ਵੀ ਆਉਂਦੀਆਂ ਹਨ। ਗੁਰਪ੍ਰੀਤ ਨਾਲ ਉਸਦੀ ਨੇੜਤਾ ਹੁੰਦੀ ਹੈ, ਪਰੰਤੂ ਦਾਦੀ ਦੀ ਨਸੀਅਤ ਉਸਨੂੰ ਵਰਜ ਦੇਂਦੀ ਹੈ। ਬੱਸ ਖੁੰਝਣ ਵਾਲੇ ਕਿੱਸੇ ਵਿਚ ਵੀ ਇਹ ਗੱਲ ਆਉਂਦੀ ਹੈ ਕਿ ਕਿਵੇਂ ਉਹ ਹਰ ਵੇਲੇ ਆਪਣੇ ਆਪ ਨੂੰ ਬਚਾਉਣ ਦੀ ਕੋਸ਼ਿਸ਼ ਕਰਦੀ ਹੈ। ਜਿਵੇਂ ਮੰਡ ਹੁਰਾਂ ਨੇ ਕਿਹਾ, ਪ੍ਰਜ਼ੀਸ਼ਨਿੰਗ ਦੇ ਪੱਖ ਤੋਂ ਇਥੇ ਲੇਖਕ ਦਾਦੀ ਨਾਲ ਖੜ੍ਹਾ ਜਾਪਦਾ ਹੈ। ਭਾਰਤ ਵਿਚ ਨੈਤਿਕਤਾ ਅਜੇ ਵੀ ਸ਼ਰੀਰਕ ਰਿਸ਼ਤੇ ਨਾਲ ਜੋੜ ਕੇ ਵੇਖੀ ਜਾਂਦੀ ਹੈ। ਸ਼ਰੀਰਕ ਰਿਸ਼ਤਾ ਨਹੀਂ ਬਣਾਇਆ, ਤਾਂ ਨੈਤਿਕਤਾ ਦੇ ਮਿਆਰ ਕਾਇਮ ਹਨ। ਜੇ ਇਸ ਮਾਮਲੇ ਵਿਚ ਔਰਤ ਜਾਂ ਮਰਦ ਤਿੜਕ ਜਾਂਦਾ ਹੈ, ਤਾਂ ਇਹਦਾ ਮਤਲਬ ਉਹ ਨੈਤਿਕਤਾ ਤੋਂ ਡਿਗੇ ਹੋਏ ਨੇ। ਹੋ ਸਕਦਾ ਹੈ ਕਿ ਕਹਾਣੀਕਾਰ ਦੇ ਮਨ ਵਿਚ ਹੋਵੇ ਕਿ ਉਸਨੇ ਨਾਇਕਾ ਨੂੰ ਕਿਸੇ ਵੀ ਪੱਖ ਤੋਂ ਮੈਲੀ ਨਹੀਂ ਕਰਨਾ। ਸੀਰਤ ਨੂੰ ਲਗਦਾ ਕਿ ਜਿਹੜੇ ਮਰਦ ਦੇ ਨਾਲ ਉਸਨੇ ਆਪਣਾ ਸੁਪਨਾ ਬੁਣਿਆ ਸੀ, ਉਹ, ਜਿਵੇਂ ਧਨਵੰਤ ਹੁਰਾਂ ਨੇ ਕਿਹਾ, ਉਸਦੀ ਇਸ ਗੱਲੋਂ ਵਡਿਆਈ ਸਮਝੇਗਾ, ਕਿ ਏਨਾ ਸਮਾਂ ਵਿਦੇਸ਼ ਵਿਚ ਜੁਦੇ ਰਹਿ ਕੇ ਵੀ ਉਹ "ਪਵਿੱਤਰ" ਰਹੀ ਹੈ। ਪਰੰਤੂ ਉਸ ਮਰਦ ਦੀ ਘਾੜਤ ਵੱਖਰੇ ਕਿਸਮ ਦੀ ਹੈ। ਉਸਨੂੰ ਵਾਰ-ਵਾਰ ਲਗਦਾ ਹੈ ਕਿ ਉਹ ਸ਼ਾਇਦ ਕਿਤੇ ਨਾ ਕਿਤੇ ਉਹਦੀ ਬੀਵੀ ਤਿੜਕੀ ਹੋਵੇਗੀ। ਕਹਾਣੀ ਦਾ ਅੰਤ ਕਹਾਣੀਕਾਰ ਨੇ ਖੁੱਲ੍ਹਾ ਛੱਡਿਆ ਹੈ। ਆਪਣੇ ਵਲੋਂ ਕੋਈ ਫੈਸਲਾ ਨਹੀਂ ਦਿੱਤਾ। ਲੇਖਕ ਇਕ ਸਥਿਤੀ ਪੈਦਾ ਕਰਦਾ ਹੈ, ਜਿਸ ਵਿਚ ਮੁੰਡਾ ਸਵਾਲ ਖੜ੍ਹੇ ਕਰਦਾ ਹੈ, ਕੁੜੀ ਦਾ ਸੁਪਨਾ ਟੁੱਟਦਾ ਹੈ, ਅਤੇ ਉਸਦਾ ਹੱਥ ਆਪਣੇ ਆਪ ਛੁੱਟ ਜਾਂਦਾ ਹੈ। ਉਸਨੂੰ ਅਹਿਸਾਸ ਹੁੰਦਾ ਹੈ ਕਿ ਉਹ ਤਾਂ ਉਹਦੀ ਕਦਰ ਹੀ ਨਹੀਂ ਕਰਦਾ। ਹੱਥ ਛੱਡਣ ਤੋਂ ਬਾਅਦ ਉਨ੍ਹਾਂ ਦੇ ਰਿਸ਼ਤੇ ਦਾ ਕੀ ਬਣਨਾ, ਇਹ ਕਹਾਣੀਕਾਰ ਨਿਸਚਿਤ ਨਹੀਂ ਕਰਦਾ। ਨਾਇਕਾ ਦੇ ਸੁਪਨੇ ਨੂੰ ਉਸਾਰਨ ਅਤੇ ਉਸਨੂੰ ਤਿੜਕਣ ਦੀ ਸਥਿਤੀ ਤੱਕ ਦੀ ਗੋਲਾਈ ਦੇਣ ਵਿਚ ਕਹਾਣੀ ਦੀ ਖੂਬਸੂਰਤੀ ਪਈ ਹੈ। ਇਹ ਸੰਜਮੀ ਸ਼ੈਲੀ ਦੀ ਕਹਾਣੀ ਦੀ ਸੁਹਣੀ ਮਿਸਾਲ ਹੈ। ਬਿਨਾ ਮਤਲਬ ਦੇ ਕੋਈ ਫੈਲਾਅ ਨਹੀਂ ਪਾਏ ਹੋਏ। ਵਿਸ਼ੇ, ਕ੍ਰਾਫਟ, ਬੋਲੀ ਅਤੇ ਸੰਗਠਨ ਦੇ ਪੱਖ ਤੋਂ ਇਹ ਵਧੀਆ ਕਹਾਣੀ ਹੈ।

ਸੁਖਪ੍ਰੀਤ: ਮੰਡ ਹੁਰਾਂ ਨੇ ਕਿਹਾ ਸੀ ਕਿ ਜੇ ਇਹ ਕੁੜੀ ਕੈਨੇਡਾ ਦੀ ਬਜਾਏ ਪੂਨੇ ਜਾਂਦੀ ਤਾਂ ਕਹਾਣੀ ਨੂੰ ਕੀ ਫਰਕ ਪੈਣਾ ਸੀ ! ਹਰਿਆਣੇ ਦੀ ਇਕ ਕੁੜੀ ਪੂਨੇ ਗਈ। ਉਥੇ ਉਸਦੇ ਵਿਦੇਸ਼ੀ ਦੋਸਤ ਬਣ ਗਏ। ਫੇਰ ਉਹ ਯੋਰਪ ਦੀ ਸੈਰ ਉੱਤੇ ਗਈ, ਜਿਸ ਬਾਰੇ ਉਸਨੇ "ਅਜ਼ਾਦੀ ਮੇਰਾ ਬਰਾਂਡ" ਨਾਂਅ ਦੀ ਕਿਤਾਬ ਲਿਖੀ। ਕੁੜੀ ਦਾ ਨਾਂਅ ਹੈ ਅਨੁਰਾਧਾ ਬੇਨੀਵਾਲ। ਸੋ ਇਹ ਗੱਲ ਨਹੀਂ ਕਿ ਕਨੇਡਾ ਜਾ ਕੇ ਹੀ ਔਰਤ ਸੁਤੰਤਰ ਹੋਂਦ ਨੂੰ ਪਛਾਣ ਸਕਦੀ ਹੈ। ਮੈਂ ਸਹਿਮਤ ਹਾਂ ਕਿ ਇਹ ਕਹਾਣੀ ਏਥੇ ਵੀ ਵਾਪਰ ਸਕਦੀ ਸੀ। ਪਿੱਛਲਝਾਤ ਰਾਹੀਂ ਕਹਾਣੀ ਦਾ ਬਿਰਤਾਂਤ ਤਿੰਨ, ਸਾਢੇ ਤਿੰਨ ਸਾਲ ਦੇ ਸਮੇਂ ਵਿਚ ਫੈਲਿਆ ਹੋਇਆ ਹੈ, ਵਰਤਮਾਨ ਦਾ ਸਮਾਂ ਇਕ ਦਿਨ ਦਾ ਹੈ। ਧਨਵੰਤ ਕੌਰ ਹੁਰਾਂ ਨੇ ਕਿਹਾ ਸੀ ਕਿ ਇਹ ਔਰਤ ਦੇ ਸੁਤੰਤਰ ਪਰਵਾਸ ਦੀ ਕਹਾਣੀ ਹੈ। ਇਸ ਕਹਾਣੀ ਵਿਚ ਰੋਮੀ ਦਾ ਪਰਵਾਸ ਤਾਂ ਸੁਤੰਤਰ ਜਾਪਦਾ ਹੈ, ਕਿਉਂਕਿ ਉਹ ਆਪ ਆਈਲੈਟਸ

ਕਰ ਕੇ ਬਾਹਰ ਜਾਂਦੀ ਹੈ, ਪਰੰਤੂ ਸੀਰਤ ਦਾ ਨਹੀਂ। ਉਹ ਤਾਂ ਏਥੇ ਵਿਆਹ ਕਰਵਾ ਕੇ ਜਾਂਦੀ ਹੈ, ਜਿਸ ਬਾਰੇ ਇਕ ਫਿਕਰਾ ਹੈ ਕਿ ਖੰਭ ਕਟਾ ਕੇ ਜਾਂਦੀ ਹੈ, ਅਤੇ ਆਪਣੀਆਂ ਫੀਸਾਂ ਲਈ ਵੀ ਪਹਿਲਾਂ ਪਤੀ ਉੱਤੇ ਨਿਰਭਰ ਰਹਿੰਦੀ ਹੈ। ਸੀਰਤ ਨੇ ਉਥੋਂ ਦਾ ਪ੍ਰਭਾਵ ਅਚੇਤ ਰੂਪ ਵਿਚ ਕਬੂਲ ਕੀਤਾ, ਤਾਂ ਹੀ ਉਸਦਾ ਹੱਥ ਆਪਣੇ ਆਪ ਛੱਡਿਆ ਜਾਂਦਾ ਹੈ, ਉਹ ਛੱਡਦੀ ਨਹੀਂ। ਪਹਿਲੇ ਸਮੇਂ ਵਿਚ ਸੀਰਤ ਦੀ ਰੋਲ ਮਾਡਲ ਉਸਦੀ ਦਾਦੀ ਹੈ। ਉਸਦਾ ਦਾਦਾ ਫੌਜੀ ਸੀ, ਲੋਕ ਫੌਜਣਾਂ ਬਾਰੇ ਸੌ ਗੱਲਾਂ ਬਣਾਉਂਦੇ ਸਨ, ਪਰੰਤੂ ਉਸਦੀ ਦਾਦੀ ਡੋਲੀ ਨਹੀਂ। ਸੇਖਾ ਦਾ ਕਹਾਣੀ ਕਹਿਣ ਦਾ ਢੰਗ ਬਹੁਤ ਵਧੀਆ ਲੱਗਾ।

ਰਾਜ ਕੁਮਾਰ: ਮੈਨੂੰ ਇਹ ਬਹੁਤ ਮਾਰਮਿਕ ਕਹਾਣੀ ਲੱਗੀ ਹੈ। ਸਹੂਲਤ ਲਈ ਵਿਆਹ ਦਾ ਬੜਾ ਸਟੀਕ ਚਿਤਰਣ ਹੈ। ਸਫਲ ਕਹਾਣੀ ਲਈ ਵਧਾਈ।

ਮਨਮੋਹਨ ਬਾਵਾ: ਕਹਾਣੀ ਬਾਰੇ ਬਹੁਤ ਗੱਲਾਂ ਆ ਚੁੱਕੀਆਂ ਹਨ। ਮੈਨੂੰ ਵੀ ਇਹ ਕਹਾਣੀ ਚੰਗੀ ਲੱਗੀ। ਜਦੋਂ ਅੰਗਰੇਜ਼ਾਂ ਦੀ ਹਕੂਮਤ ਇਥੇ ਸ਼ੁਰੂ ਹੋਈ ਤਾਂ ਸਾਡੇ ਪਿੰਡ, ਵੈਰੋਵਾਲ ਬਾਵਿਆਂ ਦਾ, ਵਿਚੋਂ ਅੱਧੇ ਬੰਦੇ ਇਸਲਈ ਕਨੇਡਾ ਚਲੇ ਗਏ, ਕਿਉਂਕਿ ਉਹ ਗੁਲਾਮ ਦੇਸ਼ ਵਿਚ ਨਹੀਂ ਸੀ ਰਹਿਣਾ ਚਾਹੁੰਦੇ। ਜਦੋਂ ਮੈਂ ਕਨੇਡਾ ਗਿਆ ਤਾਂ ਉਨ੍ਹਾਂ ਵਿਚੋਂ ਕੁਝ ਨੂੰ ਮਿਲਣ ਗਿਆ। ਉਨ੍ਹਾਂ ਵਿਚੋਂ ਜ਼ਿਆਦਿਆਂ ਦਾ ਕੰਮ ਲੱਕੜੀ ਦਾ ਸੀ। ਫੇਰ ਦੂਜੀ ਪੀੜ੍ਹੀ ਸਪੈਸ਼ਲਿਸਟਾਂ ਦੀ ਗਈ, ਡਾਕਟਰਾਂ, ਇੰਜਨੀਅਰਾਂ ਦੀ। ਇਸ ਪੀੜ੍ਹੀ ਦੀ ਜ਼ਿੰਦਗੀ ਪਹਿਲੀ ਪੀੜ੍ਹੀ ਨਾਲੋਂ ਵੱਖਰੀ ਸੀ। ਹੁਣ ਤੀਜੀ ਪੀੜ੍ਹੀ ਜਾਣ ਲੱਗੀ ਹੈ। ਮੇਰਾ ਸਵਾਲ ਹੈ ਕਿ ਪੰਜਾਬੀਆਂ ਵਿਚ ਹੀ ਕਿਉਂ ਵਿਦੇਸ਼ ਜਾਣ ਦੀ ਦੌੜ ਲੱਗੀ ਹੋਈ ਹੈ! ਕੀ ਇਹਦਾ ਸੰਬੰਧ ਸਭਿਆਚਾਰ ਨਾਲ ਜੁੜਿਆ ਹੋਇਆ ਹੈ?

ਜਸਵਿੰਦਰ: ਬਾਵਾ ਜੀ, ਇਹ ਗੱਲ ਨਹੀਂ ਕਿ ਪੰਜਾਬੀ ਹੀ ਪਰਵਾਸ ਕਰ ਰਹੇ ਹਨ। ਗੁਜਰਾਤ, ਬੰਗਾਲ, ਕੇਰਲਾ, ਆਂਧਰਾ, ਆਦਿ ਤੋਂ ਵੀ ਬੜਾ ਪਰਵਾਸ ਹੋਇਆ। ਸ਼ਾਇਦ ਪੰਜਾਬੀਆਂ ਦਾ ਪਰਵਾਸ ਸਾਨੂੰ ਜ਼ਿਆਦਾ ਤਿੱਖਾ ਦਿਸਦਾ ਹੈ। ਜਿਵੇਂ ਝੂਠੇ ਅਤੇ ਜੁਗਾੜੂ ਵਿਆਹ ਕਰਵਾ ਕੇ ਪੰਜਾਬੀ ਬਾਹਰ ਜਾ ਰਹੇ ਹਨ, ਸ਼ਾਇਦ ਦੂਜੇ ਨਾ ਜਾਂਦੇ ਹੋਣ। ਦੂਜਾ, ਤੀਹ-ਤੀਹ, ਪੈਂਤੀ-ਪੈਂਤੀ ਲੱਖ ਰੁਪਏ ਖਰਚ ਕੇ ਜਾਣ ਵਾਲੇ ਪੰਜਾਬ ਵਿਚ ਬਹੁਤ ਪੈਦਾ ਹੋ ਗਏ, ਹੋਰਨਾਂ ਪ੍ਰਦੇਸ਼ਾਂ ਵਿਚ ਏਨੇ ਨਹੀਂ ਹਨ। ਤੀਜਾ, ਪੰਜਾਬੀਆਂ ਵਿਚ ਸ਼ਾਇਦ ਖਤਰਾ ਸਹੇੜਨ ਦਾ ਮਾਦਾ ਵੀ ਵਧੇਰੇ ਹੈ। ਇਕ ਗੱਲ ਇਹ ਵੀ ਹੈ ਕਿ ਪੰਜਾਬੀ ਲੋੜ ਨਾਲੋਂ ਵੱਧ ਉਮੀਦ ਲਾ ਲੈਂਦੇ ਨੇ ਉਹ ਉਮੀਦ ਜਦੋਂ ਏਥੇ ਪੂਰੀ ਹੁੰਦੀ ਨਹੀਂ ਦਿਸਦੀ ਤਾਂ ਬਾਹਰ ਜਾ ਕੇ ਪੂਰੀ ਕਰਨ ਦੀ ਕੋਸ਼ਿਸ਼ ਕਰਦੇ ਹਨ। ਪੰਜਾਬੀਆਂ ਵਿਚ ਬਾਹਰ ਜਾਣ ਦਾ ਰਿਵਾਜ਼ ਜਿਹਾ ਵੀ ਬਣ ਚੁੱਕਾ ਹੈ। ਪਰਵਾਸ ਵਿਚ ਰਿਸ਼ਤੇਦਾਰ ਵੀ ਇਕ ਦੂਜੇ ਦੇ ਸਹਾਈ ਬਣਦੇ ਹਨ।

ਜਸ ਮੰਡ: ਖੈਰ, ਇਹ ਮਸਲਾ ਆਪਣੇ ਆਪ ਵਿਚ ਸ਼ਾਇਦ ਪੂਰੀ ਗੋਸ਼ਟੀ ਦਾ ਮਸਲਾ ਹੈ। ਇਸ ਵੇਲੇ ਕਹਾਣੀ ਉੱਤੇ ਬਹਿਸ ਵੱਲ ਮੁੜ ਆਈਏ!

ਜਨਮੀਤ: ਕਹਾਣੀ ਬਾਰੇ ਤਾਂ ਮੈਂ ਸਹਿਮਤ ਹਾਂ ਕਿ ਸੇਖਾ ਨੂੰ ਕਹਾਣੀ ਲਿਖਣੀ ਆਉਂਦੀ ਹੈ। ਨਵੇਂ ਲਫਜ਼ ਘੜਨ ਬਾਰੇ ਮੇਰੇ ਹਿਸਾਬ ਨਾਲ ਵਰਤਾਵਾ-ਵਰਤਾਵੀ ਤਾਂ ਨਵੇਂ ਲਫਜ਼ ਨਹੀਂ। ਰਾਹ ਦਸੇਰੂ ਵਰਗਾ ਲਫਜ਼ ਵੀ ਥੋਪਿਆ ਹੋਇਆ ਲਗਦਾ ਹੈ, ਮੇਰੇ ਹਿਸਾਬ ਨਾਲ ਇਹ ਚੱਲਣਾ ਨਹੀਂ। ਇਸ ਕਹਾਣੀ ਵਿਚ ਬੰਸਰੀ ਵਰਗੀਆਂ ਬਾਹਾਂ ਦੀ ਇਕ ਤਸ਼ਬੀਹ ਆਈ ਹੈ, ਇਹ ਮੈਂ ਪਹਿਲੀ ਵਾਰੀ ਸੁਣਿਆ ਹੈ। ਗੱਲ ਮੈਨੂੰ ਜਚੀ ਨਹੀਂ।

ਜਸਵਿੰਦਰ: ਕਹਾਣੀ ਪਰਵਾਸ ਅਤੇ ਵਿਆਹ ਦੇ ਮੁੱਦਿਆਂ ਉੱਤੇ ਫੋਕਸ ਕਰਦੀ ਹੈ। ਪਰਵਾਸ ਲਈ ਵਿਆਹ ਨੂੰ ਇਕ ਜੁਗਤ ਵਾਂਗ ਵਰਤਿਆ ਜਾ ਰਿਹੈ। ਵਿਆਹ ਸਮਾਜਕ ਜਾਂ ਨਿੱਜੀ ਚੋਣ ਮੁਤਾਬਕ ਨਹੀਂ, ਇਕ ਜੁਗਾੜ ਵਾਂਗ ਪੇਸ਼ ਹੁੰਦਾ ਹੈ। ਮੈਂ ਪਰਵਾਸੀ ਸਾਹਿਤ ਦੇ ਹਵਾਲੇ ਨਾਲ ਇਕ ਲੇਖ ਵਿਚ ਅੱਠ ਅਜਿਹੇ ਕਿਸਮ ਦੇ ਵਿਆਹਾਂ ਦੀ ਨਿਸ਼ਾਨਦੇਹੀ ਕੀਤੀ ਸੀ, ਜਿਹੜੇ ਪੰਜਾਬੀਆਂ ਨੇ ਕੇਵਲ ਪਰਵਾਸ ਖਾਤਿਰ ਨਵੇਂ ਘੜੇ ਹਨ। ਇਹ ਕਹਾਣੀ ਵੀ ਜੁਗਾੜ ਵਿਆਹ ਦੀ ਗੱਲ ਕਰਦੀ ਹੈ, ਪਰੰਤੂ ਇਹ ਡੂੰਘੀ ਜਾਂਦੀ ਹੈ। ਇਹਦੇ ਵਿਚ ਗਰਜਾਂ ਅਤੇ ਸਧਰਾਂ ਦੇ ਦਵੰਦ ਨੇ। ਗਰਜ ਕੁੜੀ ਦੇ ਮਾਪਿਆਂ ਦੀ ਵੀ ਹੈ, ਅਤੇ ਕੁੜੀ ਦੀ ਵੀ ਬਣਦੀ ਹੈ। ਉਹ ਗਰਜ ਉਸ ਮੁੰਡੇ ਦੀ ਵੀ ਹੈ, ਜਿਹੜਾ ਆਈਲੈਟਸ ਨਹੀਂ ਕਰ ਪਾ ਰਿਹਾ, ਪਰ ਪੈਸੇ ਵਾਲਾ ਹੈ। ਕੁੜੀ ਦਾ ਪਿਓ ਪਹਿਲਾਂ ਇਕ ਵਾਰ ਬਾਹਰ ਜਾਂਦਾ ਫੜਿਆ ਗਿਆ ਸੀ, ਹੁਣ ਉਹ ਧੀ ਰਾਹੀਂ ਉਹ ਰੀਝ ਪੂਰੀ ਕਰਨਾ ਚਾਹੁੰਦਾ ਹੈ। ਕੁਝ ਸਮੇਂ ਤੋਂ ਪੰਜਾਬੀਆਂ ਨੇ ਪੜ੍ਹਾਈ ਦਾ ਇਕ ਜਰੀਆ ਲੱਭ ਲਿਆ ਬਾਹਰ ਜਾਣ ਲਈ। ਕੋਈ ਪੜ੍ਹਾਈ ਲਈ ਨਹੀਂ ਜਾਂਦਾ, ਪੀ ਆਰ ਲਈ ਜਾਂਦੇ ਨੇ। ਸੇਖਾ ਦੀ ਕਹਾਣੀ ਵਿਚ ਜੁਗਾੜ ਵਿਆਹ ਦੇ ਬਾਵਜੂਦ ਸੀਰਤ ਉਸ ਰਿਸ਼ਤੇ ਨੂੰ ਮਨੋਂ ਪਰਵਾਨ ਕਰਦੀ ਹੈ। ਤਿੰਨ ਸਾਢੇ ਤਿੰਨ ਸਾਲਾਂ ਦੌਰਾਨ ਉਹ ਸਾਬਤ ਕਦਮੀਂ ਤੁਰਦੀ ਹੈ। ਜਿਵੇਂ ਰਜਨੀਸ਼ ਹੁਰਾਂ ਨੇ ਕਿਹਾ ਕਿ ਸੰਜਮੀ ਸ਼ੈਲੀ ਵਿਚ ਸੇਖਾ ਨੇ ਜਿਸ ਤਰ੍ਹਾਂ ਦੇ ਵੇਰਵੇ ਦਿੱਤੇ ਹਨ, ਉਨ੍ਹਾਂ ਤੋਂ ਸਾਫ ਹੈ ਕਿ ਸੀਰਤ ਲਈ ਉਹ ਸਮਾਂ ਸੌਖਾ ਨਹੀਂ ਸੀ, ਪਰ ਉਹ ਡੋਲਦੀ ਨਹੀਂ ਅਤੇ ਪੀ ਆਰ ਮਿਲਦੇ ਸਾਰ ਅਮਨ ਨੂੰ ਬੁਲਾ ਲੈਂਦੀ ਹੈ। ਰੋਮੀ ਅਤੇ ਸੀਰਤ ਦੀ ਤੁਲਨਾ ਤਾਂ ਕਹਾਣੀ ਵਿਚ ਜ਼ਰੂਰ ਹੈ, ਪਰੰਤੂ ਕਿਤੇ ਵੀ ਅਜਿਹਾ ਸੰਕੇਤ ਨਹੀਂ ਆਉਂਦਾ ਕਿ ਰੋਮੀ ਮਾੜੀ ਹੈ। ਰੋਮੀ ਕਹਿੰਦੀ ਹੈ ਕਿ ਮਕਾਨ ਮਾਲਕਾਂ ਦਾ ਉਹਦੀ ਜ਼ਿੰਦਗੀ ਵਿਚ ਦਖਲ ਦੇਣ ਦਾ ਹੱਕ ਨਹੀਂ ਹੈ। ਰਜਨੀਸ਼ ਹੁਰਾਂ ਨੇ ਇਥੇ ਗੱਲ ਲਿਆਂਦੀ ਹੈ ਕਿ ਅਸੀਂ ਨੈਤਿਕਤਾ ਨੂੰ ਪਵਿਤਰਤਾ ਦੇ ਹਵਾਲੇ ਨਾਲ ਤੈਅ ਕਰਦੇ ਹਾਂ। ਇਸਦੇ ਨਾਲ ਹੀ ਇਹ ਗੱਲ ਵੀ ਹੈ ਕਿ ਪਵਿੱਤਰਤਾ ਵੀ ਆਪਣੇ ਆਪ ਵਿਚ ਅੰਤਮ ਨਹੀਂ।ਸੀਰਤ ਏਨਾ ਸਿਦਕ ਰਖਦੀ ਹੈ, ਉਹ ਰਾਤ ਨੂੰ ਬੱਸ ਨਹੀਂ ਉਡੀਕਦੀ, ਤੁਰ ਕੇ ਜਾਂਦੀ ਹੈ, ਕਿਉਂਕਿ ਮਾਲਕ ਉੱਤੇ ਉਸਨੂੰ ਯਕੀਨ ਨਹੀਂ। ਗੁਰਪ੍ਰੀਤ ਨੂੰ ਉਹ ਸਾਫ ਮਨ੍ਹਾ ਕਰਦੀ ਹੈ, ਹਾਲਾਂਕਿ ਉਹ ਮਹਿਸੂਸ ਕਰਦੀ ਹੈ ਕਿ ਵਿਆਹ ਨੇ ਉਹਦੇ ਪਰ ਕੱਟ ਦਿੱਤੇ। ਉਹਦੇ ਪਤੀ ਦੀ ਸਮੇਂ ਨਾਲ ਬਦਲਦੀ ਸੁਰ ਵੀ ਖ਼ੂਬਸੂਰਤ ਹੈ। ਵਿਆਹ ਕਰਵਾਣ ਵੇਲੇ ਉਸਦੀ ਸੁਰ ਹੋਰ ਹੈ, ਜਦੋਂ ਉਹ ਵੀਜ਼ੇ ਦੀ ਉਡੀਕ ਵਿਚ ਬੈਠਾ ਹੈ, ਤਾਂ ਹੋਰ ਸੁਰ ਹੈ, ਕਨੇਡਾ ਪਹੁੰਚ ਕੇ ਹੋਰ। ਕਦੇ ਉਹ ਮਿੰਨਤਾਂ ਕਰਦਾ ਹੈ, ਤੇ ਕਦੇ ਉਸਦੀ ਮਰਦਾਨਗੀ ਬੰਨ੍ਹ ਮਾਰ ਕੇ ਖੜੋ ਜਾਂਦੀ ਹੈ। ਉਹਨੂੰ ਏਅਰਪੋਰਟ ਉੱਤੇ ਲੈਣ ਗਈ ਕੁੜੀ ਦੇ ਮਨ ਵਿਚ ਅਰਮਾਨ ਹੈ, ਉਹ ਸੋਚਦਾ ਹੈ ਹੁਣ ਮੈਂ ਆ ਗਿਆਂ, ਹੁਣ ਮੈਂ ਦੇਖ ਲਊਂ! ਵਰਤਮਾਨ ਦਾ ਹਰ ਵਾਕਿਆ ਸੀਰਤ ਨੂੰ ਇਹ ਅਹਿਸਾਸ ਕਰਵਾ ਰਿਹਾ ਹੈ ਕਿ ਉਸਦੇ ਖੁਆਬਾਂ ਦਾ ਅਮਨ ਕਿਤੇ ਗੁਆਚ ਚੁੱਕਾ ਹੈ। ਕਹਾਣੀ ਵਿਚ ਟਕਰਾਅ ਇਸ ਗੱਲ ਵਿਚ ਪਿਆ ਹੈ ਕਿ ਬਾਵਜੂਦ ਸਾਰੇ ਸਿਦਕ ਦੇ, ਸੀਰਤ ਨੂੰ ਸ਼ੱਕ ਦੀ ਨਜ਼ਰ ਨਾਲ ਵੇਖਿਆ ਗਿਆ। ਇਸਨੂੰ ਉਹ ਬਰਦਾਸ਼ਤ ਨਹੀਂ ਕਰਦੀ। ਵਿਡੰਬਨਾ ਇਹਦੀ ਇਹ ਹੈ ਕਿ ਉਨ੍ਹਾਂ ਦੋਵਾਂ ਦੀ ਵਿਦੇਸ਼ ਪਹੁੰਚਣ ਦੀ ਲਿਲਕ ਤਾਂ ਪੂਰੀ ਹੋ ਗਈ, ਪਰੰਤੂ ਜ਼ਿੰਦਗੀ ਜਿਊਣ ਦੀ ਸਧਰ, ਪਹਿਲਾਂ ਵਰਗੀ ਇਕ ਰਾਤ ਮੁੜ ਜਿਊਣ ਦੀ ਸਧਰ, ਟੁੱਟ ਗਈ। ਕਹਾਣੀ ਸਵਾਲ ਖੜ੍ਹਾ ਕਰਦੀ ਹੈ ਕਿ ਰਿਸ਼ਤਿਆਂ ਨਾਲ ਖਿਲਵਾੜ ਕਰ ਕੇ ਪਰਵਾਸ ਸਾਡੇ ਲਈ ਕਿਹੋ ਜਿਹੇ ਰਾਹ ਉਲੀਕ ਰਿਹਾ। ਸੇਖਾ ਬਹੁਤ ਸਮਰੱਥ ਕਹਾਣੀਕਾਰ ਹੈ। ਭਾਸ਼ਾ ਦੀ ਖ਼ੂਬਸੂਰਤੀ ਵੀ ਦਿਸਦੀ ਹੈ।

✲✲✲

ਕਹਾਣੀ

# ਭਾਰ

**ਬਲਬੀਰ ਕੌਰ ਸੰਘੇੜਾ (ਕੈਨੇਡਾ)**

ਰੀਨਾ ਕਈ ਦਿਨਾਂ ਤੋਂ ਮੇਰੇ ਕੋਲ ਠਹਿਰੀ ਹੋਈ ਸੀ। ਉਸਦਾ ਸੱਤਵਾਂ ਮਹੀਨਾ ਚੱਲ ਰਿਹਾ ਸੀ। ਰੀਨਾ ਮੇਰੇ ਕੋਲ ਕਾਹਦੀ ਆਈ, ਬੱਸ ਕੋਈ ਨਾ ਕੋਈ ਕੰਮਪਲੇਨ ਕਰੀ ਜਾ ਰਹੀ ਸੀ। 'ਪਿੱਠ ਦਾ ਦਰਦ, ਲੱਤਾਂ ਦੀ ਪੀੜ, ਉਸਦੇ ਪਤੀ ਕਾਰਲ ਦਾ ਬਿਜ਼ਨੈੱਸ ਟਰਿੱਪ, ਮੇਰੇ ਘਰ ਰੌਸ਼ਨੀ ਉਸਦੀਆਂ ਅੱਖਾਂ ਨੂੰ ਚੁੱਭ ਰਹੀ ਹੈ, ਹਵਾ ਕਿਸੇ ਪਾਸੇ ਤੋਂ ਨਹੀਂ ਆ ਰਹੀ।' ਜਿਵੇਂ ਉਸਨੂੰ ਕੋਈ ਨਾ ਕੋਈ ਬਹਾਨਾ ਚਾਹੀਦਾ ਸੀ। ਤੇ ਮੈਂ ਆਪਣੀ ਧੀ ਨੂੰ ਆਪਣੇ ਨਾਲ਼ ਘਰ ਵਿੱਚ ਰਹਿੰਦਿਆਂ ਦੇਖ ਕੇ, ਦੋ ਚਾਰ ਦਿਨਾਂ ਵਿੱਚ ਔਖ ਮਹਿਸੂਸ ਕਰਨ ਲੱਗ ਪਈ ਸਾਂ। ਬੱਚੇ ਵੱਡੇ ਹੋ ਕੇ ਘਰੋਂ ਚਲੇ ਗਏ ਸਨ। ਤੇ ਮੈਂ ਇਕੱਲੀ ਰਹਿਣਾ ਗਿੱਝ ਗਈ ਸਾਂ। ਸ਼ੋਰ ਸ਼ਰਾਬਾ ਹੁਣ ਮੈਥੋਂ ਝੱਲਿਆ ਨਹੀਂ ਸੀ ਜਾਂਦਾ। ਮੇਰਾ ਅੰਦਰ ਮੈਨੂੰ ਕੁੱਝ ਹੋਰ ਕਹਿੰਦਾ ਅਤੇ ਬਾਹਰੋਂ ਸ਼ਿਸ਼ਟਾਚਾਰ ਮੈਥੋਂ ਕੁੱਝ ਹੋਰ ਕਰਵਾਉਂਦਾ। ਮੈਂ ਸੋਚਦੀ, ਕਿਉਂ ਅਸੀਂ ਲੋਕ ਇਸ ਦੋਹਰੀ ਨੀਤੀ ਤੋਂ ਬਾਹਰ ਨਹੀਂ ਆ ਰਹੇ ਜਿਵੇਂ?

'ਕਾਰਲ ਆਪਣੀ ਬਿਜਨੈੱਸ ਟਰਿੱਪ 'ਤੇ ਅਮਰੀਕਾ ਗਿਆ ਹੋਇਆ ਸੀ। ਉਹ ਅਕਸਰ ਇਸੇ ਤਰ੍ਹਾਂ ਮਹੀਨੇ-ਦੋ ਮਹੀਨੀਂ ਜਾਂਦਾ ਰਹਿੰਦਾ। ਕਦੀ ਅਮਰੀਕਾ, ਮੈਕਸੀਕੋ, ਵੈਸਟ ਇੰਡੀਜ਼ ਤੇ ਕਦੀ ਯੂਰਪ ਵੀ ਜਾਣਾ ਪੈਂਦਾ। ਉਸਦਾ ਕੰਮ ਜੁ ਐਸਾ ਸੀ। ਅਜ ਪਹਿਲਾਂ ਵਰਗੇ ਕੰਮ ਰਹੇ ਨਹੀਂ। ਨਾਈਨ ਟੂ ਫਾਈਵ ਕੰਮ ਉੱਤੇ ਜਾਵੋ ਅਤੇ ਸ਼ਾਮ ਨੂੰ ਆਪਣੇ ਘਰ ਬੱਚਿਆਂ ਵਿੱਚ ਬੈਠੋ। ਮੰਡੀ ਨੇ ਸਭ ਕੁਝ ਬਦਲ ਕੇ ਰੱਖ ਦਿੱਤੈ। ਹੁਣ ਬੰਦੇ ਨੂੰ ਜਿੱਥੇ ਕੰਮ ਮਿਲਦਾ, ਜਿਸ ਤਰ੍ਹਾਂ ਦਾ ਮਿਲਦਾ, ਉੱਥੇ ਹੀ ਭੱਜਣਾ ਪੈਂਦੈ। ਕੰਪਿਊਟਰ ਯੁੱਗ ਨੇ ਦੁਨੀਆਂ ਜਿਵੇਂ ਤੁਹਾਡੇ ਘਰ ਅੰਦਰ ਵਾੜ ਦਿੱਤੀ ਹੈ। ਬੰਦੇ ਨੇ ਰੋਟੀ ਜੁ ਕਮਾਉਣੀ ਹੋਈ। ਅਜ ਕਲ ਲੋਕੀਂ ਘਰੋਂ ਵੱਧ ਕੰਮ ਕਰਦੇ ਹਨ ਤੇ ਕਿਸੇ ਨਾ ਕਿਸੇ ਮੀਟਿੰਗ ਵਾਸਤੇ ਉਨ੍ਹਾਂ ਨੂੰ ਦਫ਼ਤਰ ਪਹੁੰਚਣਾ ਹੀ ਪੈਂਦੈ। ਉਹ ਕੰਪਨੀ ਦਾ ਦਫ਼ਤਰ ਕਿਸੇ ਵੀ ਦੇਸ਼ ਵਿੱਚ ਹੋ ਸਕਦੈ। ਇਹ ਕਿਹੜਾ ਪਿੰਡ ਹੈ ਕਿ ਘਰੋਂ ਖੂਹ ਉੱਤੇ ਤੇ ਖੂਹ ਤੋਂ ਘਰ। ਵਰਨਾ ਚੌਂਕ ਵਿੱਚ ਬੈਠ ਕੇ ਗੱਪਾਂ ਮਾਰੋਂ। ਤਾਸ਼ ਦੇ ਪੱਤੇ 'ਤੇ ਪੱਤਾ ਸਿੱਟੋ। ਇਹ ਸੋਚਦਿਆਂ ਹੋਇਆਂ ਮੈਂ ਜਿਵੇਂ ਆਪਣੇ ਮਨ ਵਿੱਚ ਹੱਸਦੀ ਹਾਂ।

ਰੀਨਾ ਸਵੇਰ ਦੀ ਮੂਡੀ ਜਿਹੀ ਹੋਈ ਬੈਠੀ ਸੀ। ਕਾਰਲ ਨੂੰ ਬੁਰਾ ਭਲਾ ਆਖ ਰਹੀ ਸੀ। ਸੈੱਲ ਫੋਨ ਤੇਜ਼ਗਤੀ ਵਿੱਚ ਚੱਲ ਰਿਹਾ ਸੀ। ਕਦੀ ਕੋਈ ਸਹੇਲੀ ਤੇ ਕਦੀ ਕੋਈ ਸਹੇਲੀ ਉਸਦੇ ਅੜਿੱਕੇ ਆ ਜਾਂਦੀ। ਮੈਂ ਉਸਦੀਆਂ ਗੱਲਾਂ ਚੁੱਪ ਚੁਪੀਤੀ ਸੁਣ ਰਹੀ ਸਾਂ। ਮੈਂ ਆਪਣੇ ਮਨ ਵਿੱਚ ਸੋਚ ਰਹੀ ਸਾਂ, "ਵਿਚਾਰਾ 'ਕਾਰਲ ਚੁਗਲੀਆਂ ਕਰਨ ਨੂੰ ਅਜ ਇਸਦੇ ਅੜਿੱਕੇ ਆਇਆ ਹੋਇਐ। ਚੰਗਾ ਹੋਇਐ ਉਹ ਕੋਲ ਨ੍ਹੀ। ਵਰਨਾ ਇਨ੍ਹਾਂ ਦੀ ਕਿੜ-ਕਿੜ ਹੋਣੀ ਸੀ।" ਸੋਚਦਿਆਂ ਮੇਰੇ ਬੁੱਲ੍ਹਾਂ ਉੱਤੇ ਮਾੜੀ ਜਿਹੀ ਮੁਸਕਾਨ ਆ ਗਈ। ਤੇ ਮੈਨੂੰ ਰੀਨਾ ਦੇ ਡੈਡੀ ਅਤੇ ਮੇਰੀ ਲੜਾਈ ਚੇਤੇ ਵਿੱਚ ਉੱਭਰ ਆਈ। ਲੜਾਈ ਤਾਂ ਦੇਵ ਕਰਦਾ ਸੀ। ਮੇਰੀ ਚੁੱਪ ਦੀ ਕਿੜ-ਕਿੜ ਮੇਰੇ ਅੰਦਰ ਵੱਜਦੀ ਰਹਿੰਦੀ।

ਰੀਨਾ ਇਕ ਕੁਰਸੀ ਵਿੱਚੋਂ ਉੱਠਦੀ ਤੇ ਦੂਜੀ ਵਿੱਚ ਬੈਠ ਜਾਂਦੀ। ਫੋਨ ਬੰਦ ਕਰਦੀ ਤਾਂ

ਚਿੜ-ਚਿੜ ਜਿਹੀ ਕਰੀ ਜਾਂਵੀ। ਤੁਰੀ ਫਿਰਦੀ, ਇੱਧਰ ਦੀ ਉੱਧਰ ਤੇ ਉੱਧਰ ਦੀ ਇੱਧਰ। ਢਿੱਡ ਉੱਤੇ ਹੱਥ ਧਰੀ। ਕਦੀ ਬੇਵੀ ਨੂੰ ਆਖੇ, "ਬੇਵੀ ! ਪਾਪਾ ਵਿਲ ਵੀ ਹਿਅਰ ਸੂਨ। ਹੀ ਲਵਜ਼ ਅੱਸ ਬੋਥ।" ਤੇ ਫੇਰ ਆਖ ਦੇਵੇ, "ਭਲਾ ਬੰਦਾ ਫੋਨ ਵੀ ਨ੍ਹੀ ਕਰ ਸਕਦਾ? ਪਤਾ ਨ੍ਹੀ ਕਿਹਦੇ ਸਰ੍ਹਾਣੇ ਬੈਠਾ ਹੋਣੈ।"

ਮੈਂ ਉਸਨੂੰ ਕਿਹਾ, "ਕੁੜੀਏ ! ਇਹ ਵੀ ਕੀ ਗੱਲ ਹੋਈ? ਐਵੇਂ ਮੂਡ ਖਰਾਬ ਕਰੀ ਫਿਰਦੀ ਐਂ। ਤੇਰਾ ਮੂਡ ਖਰਾਬ ਐ ਤੇ ਤੂੰ ਕਾਰਲ ਵਿਚਾਰੇ ਨੂੰ ਵਾਧੂ ਦਾ ਘੜੀਸੀ ਜਾਂਦੀ ਐ?"

"ਮਾਂ ! ਉਸਨੇ ਫੋਨ ਹੀ ਨਹੀਂ ਕੀਤਾ। "

"ਫੋਨ ਦਾ ਕੀ ਐ? ਤੂੰ ਆਪ ਕਰ ਲੈਂਦੀ।" ਮੈਂ ਔਖੀ ਹੁੰਦਿਆਂ ਆਖਿਆ। ਰੀਨਾ ਦੀ ਗੱਲ ਸੁਣ ਕੇ ਮੇਰੇ ਅੰਦਰ ਜਿਵੇਂ ਰੋਹ ਦੀ ਮਧਾਣੀ ਜਿਹੀ ਫਿਰੇ।

"ਫੇਰ ਕਹੂਗਾ, ਤੂੰ ਮੈਨੂੰ ਕੰਮ 'ਤੇ ਬੌਂਦਰ ਕਰਦੀ ਰਹਿੰਦੀ ਐ।" ਉਸਨੇ ਮੂੰਹ ਨੂੰ ਵਟਾ ਜਿਹਾ ਦਿੱਤਾ।

"ਜੇ ਤੈਨੂੰ ਐਨੀ ਸਮਝ ਹੈ ਤਾਂ ਤੂੰ ਆਰਾਮ ਨਾਲ਼ ਬੈਠ।" ਮੈਂ ਇਹ ਆਖਦਿਆਂ ਹੋਇਆਂ ਉੱਠ ਕੇ ਗਾਰਡਨ ਵੱਲ ਤੁਰ ਪਈ। ਮਨ ਵਿੱਚ ਸੋਚਾਂ, "ਕਾਹਨੂੰ ਇਸ ਕਮਲ਼ੀ ਨੂੰ ਮੇਰੇ ਕੋਲ ਛੱਡਣਾ ਸੀ?" ਫੇਰ ਮਨ 'ਚ ਖਿਆਲ ਆਇਆ, ਬੰਦਾ ਹੁਣ ਜਿਵੇਂ ਦੂਜੇ ਨੂੰ ਸਹਾਰ ਹੀ ਨਹੀਂ ਸਕਦਾ। ਮੇਰੀ ਧੀ ਹੈ ਇਹ। ਤੇ ਚਾਰ ਦਿਨਾਂ ਲਈ ਮੇਰੇ ਕੋਲ ਰਹਿਣ ਆਈ ਹੈ। ਮੈਨੂੰ ਔਖ ਮਹਿਸੂਸ ਹੋ ਰਹੀ ਹੈ। ਮਹਿਸੂਸ ਹੁੰਦੈ ਜਿਵੇਂ ਇਸਨੇ ਮੇਰੀ ਸਾਰੀ ਹਵਾ ਖਾ ਲਈ ਹੋਵੇ। ਹਵਾ ਊਂ ਹੀ ਪ੍ਰਦੂਸ਼ਿਤ ਹੋਈ ਪਈ ਹੈ। ਕੋਈ ਵੇਲਾ ਸੀ ਮੈਂ ਸਕੂਲੋਂ ਪਰਤਦੀ ਰੀਨਾ ਨੂੰ ਘਰੋਂ ਬਾਹਰ ਪੈਰ ਨਹੀਂ ਸਾਂ ਪਾਉਣ ਦਿੰਦੀ। ਤੇ ਹੁਣ ੩

ਮੈਂ ਫੇਰ ਆਪਣੇ ਮਨ ਵਿੱਚ ਸੋਚਦੀ ਹਾਂ, ਭਲਾ ਕਦੀ ਮਾਵਾਂ ਵੀ ਇਸ ਤਰ੍ਹਾਂ ਸੋਚਦੀਆਂ ਹੁੰਦੀਆਂ? ਮੈਨੂੰ ਤਾਂ ਖੁਸ਼ ਹੋਣਾ ਚਾਹੀਦੈ ਕਿ ਮੇਰੀ ਧੀ ਮੇਰੇ ਕੋਲ ਹੈ। ਪਰ ਨਹੀਂ, ਇਨ੍ਹਾਂ ਦੇਸ਼ਾਂ ਵਿੱਚ ਆ ਕੇ ਅਸੀਂ ਵੀ ਜਿਵੇਂ ਇੱਕਲੇ ਰਹਿਣ ਦੇ ਆਦੀ ਹੋ ਗਏ ਹੋਈਏ। ਮੇਰੀ ਗੁਆਂਢਣ 'ਮਰੀਆ' ਇਟਾਲੀਅਨ ਹੈ। ਉਸਦਾ ਸਭ ਤੋਂ ਛੋਟਾ ਮੁੰਡਾ 'ਬਰੂਨੋ ਜਿਸ ਦਿਨ ਯੂਨੀਵਰਸਿਟੀ ਗਿਆ, ਉਸੇ ਦਿਨ ਤੋਂ ਉਹ ਆਪਣੇ ਵਾਸਤੇ ਛੋਟਾ ਘਰ ਦੇਖਣ ਲੱਗ ਪਈ। ਵੱਡੇ ਤਾਂ ਆਪਣੇ-ਆਪਣੇ ਥਾਂਹੀਂ ਸੈੱਟ ਹੋ ਗਏ ਸਨ। ਮੈਂ ਸੋਚਾਂ ਭਲਾ ਮੁੰਡੇ ਨੇ ਮੁੜ ਕੇ ਛੁੱਟੀਆ ਕੱਟਣ ਵੀ ਆਉਣੈ। ਸਿਰਫ਼ ਤਿੰਨ ਚਾਰ ਸਾਲ ਦੀ ਗੱਲ ਹੈ। ਉਹ ਪੜ੍ਹ ਕੇ ਘਰ ਹੀ ਆਊ। ਪਰ ਨਹੀਂ। 'ਮਰੀਆ' ਕਹਿੰਦੀ ਹੈ, "ਉਹ ਜਿੱਥੇ ਉਸਨੂੰ ਕੰਮ ਮਿਲਿਆ, ਉੱਥੇ ਕੰਮ 'ਤੇ ਲਗੂ ਤੇ ਆਪਣੇ ਰਹਿਣ ਲਈ ਥਾਂ ਭਾਲੂ। ਉਹ ਵੀ ਫਰੀ ਤੇ ਅਸੀਂ ਵੀ ਫਰੀ।"

ਮੈਨੂੰ ਲਗਦੈ ਕਿ ਹੁਣ 'ਮਰੀਆ' ਜਿਵੇਂ ਮੇਰੇ ਅੰਦਰ ਵੀ ਆ ਵੱਸੀ ਹੋਵੇ। ਮੈਂ ਵੀ ਉਹਦੇ ਵਾਂਗ ਹੀ ਸੋਚਣ ਲੱਗ ਪਈ ਹੋਵਾਂ।

ਜੁਲਾਈ ਦਾ ਪਹਿਲਾ ਹਫ਼ਤਾ ਸੀ। ਕਈ ਦਿਨਾਂ ਤੋਂ ਮੀਂਹ ਪੈਣ ਦੀ ਉਡੀਕ ਸੀ। ਲੋਹੜੇ ਦੀ ਗਰਮੀ ਪੈ ਰਹੀ ਸੀ। ਤਾਪਮਾਨ ਛੱਤ ਨੂੰ ਛੂੰਹਦਾ ਸੀ। ਹੁੰਮ ਨਾਲ਼ ਬੁਰਾ ਹਾਲ। ਹਰ ਕਿਸੇ ਦੇ ਬੋਲ ਇਹੋ ਹੁੰਦੇ ਕਿ ਮੀਂਹ ਪੈ ਜਾਵੇ।ਅੰਬਰ ਵਿਚ ਕੋਈ ਬੱਦਲੀ ਵਿਖਾਈ ਨਹੀਂ ਸੀ ਦੇ ਰਹੀ। ਘਰਾਂ ਦੇ ਘਾਹ ਸੁੱਕ ਕੇ ਪੀਲੇ ਪੈ ਗਏ। ਮੈਂ ਵੀ ਹੁੰਮ ਦੀ ਮਾਰੀ ਗਾਰਡਨ ਵੱਲ ਤਾਜ਼ੀ ਹਵਾ ਲੈਣ ਹੀ ਤੁਰੀ ਸਾਂ। ਪਸੀਨੋ-ਪਸੀਨਾ ਹੋਈ। ਸੋਚਿਆ ਸੀ ਬਾਹਰ ਦਰਖ਼ਤਾਂ ਦੇ ਪੱਤੇ ਮਾੜੇ ਜਿਹੇ ਹਿੱਲਦੇ ਹਨ।

ਸ਼ਾਇਦ ਸਕੂਨ ਮਿਲੇ। ਅੰਦਰ ਗੀਨਾ ਦੀਆਂ ਗੱਲਾਂ ਦੀ ਗਰਮੀ ਵੀ ਸੀ। ਸ਼ਾਇਦ ਜਦੋਂ ਤੋਂ ਬੱਚੇ ਘਰੋਂ ਚਲੇ ਗਏ ਸਨ ਤੇ ਮੇਰੇ ਇਕੱਲੀ ਰਹਿਣ ਕਾਰਨ ਕੰਫਰਟਜ਼ੋਨ ਵੀ ਜਿਵੇਂ ਘੁੱਟਣ ਜਿਹੀ 'ਚ ਆ ਗਿਆ ਹੋਵੇ। ਮੈਨੂੰ ਵੀ ਇਕੱਲਿਆਂ ਰਹਿਣਾ ਚੰਗਾ ਚੰਗਾ ਲੱਗਣ ਲੱਗ ਪਿਆ ਸੀ। ਨਾ ਕਿਸੇ ਦਾ ਹੈਹਾ ਨਾ ਖੈਹਾ। ਬੱਚੇ ਆਉਂਦੇ, ਮਿਲਦੇ, ਹੱਸਦੇ ਖੇਡਦੇ ਤੇ ਚਲੇ ਜਾਂਦੇ। ਮੈਂ ਆਪਣੀ ਮਰਜ਼ੀ ਦੀ ਮਾਲਕ ਆਪ। ਜੋ ਜੀਅ ਕਰਦਾ, ਮੈਂ ਕਰਦੀ।

ਅਜ ਵੀ ਮੈਂ ਏਅਰ-ਕੰਡੀਸ਼ਨ ਲਾਈ ਨਹੀਂ ਸੀ। ਇਕੱਲੀ ਵਾਸਤੇ ਸਾਰਾ ਘਰ ਠੰਢਾ ਕਰਨਾ ਮੈਨੂੰ ਜਿਵੇਂ ਚੰਗਾ ਨਾ ਲੱਗਦਾ। ਵੈਸੇ ਵੀ ਮੈਂ ਪੱਖਾ ਲਾ ਕੇ ਵੱਧ ਖੁਸ਼ ਸਾਂ। ਮਸਾਂ-ਮਸਾਂ ਸਿਆਲ਼ ਦੀ ਰੁੱਤ ਤੋਂ ਬਾਅਦ ਕਿਤੇ ਗਰਮੀ ਦਾ ਮੌਸਮ ਆਉਂਦਾ ਸੀ। ਕੈਨੇਡਾ ਦੇ ਈਸਟ ਕੋਸਟ ਭਾਵ ਓਨਟੈਰੀਓ ਦੀ ਰਿਆਸਤ ਵਿਚ ਠੰਢ ਵੀ ਕਹਿਰਾਂ ਦੀ ਪੈਂਦੀ ਅਤੇ ਗਰਮੀਆਂ ਨੂੰ ਗਰਮੀਂ ਵੀ ਅੱਤ ਲਿਆ ਦਿੰਦੀ। ਗੀਨਾ ਵੀ ਆਖਣ ਲੱਗੀ, "ਮੌਮ! ਏਅਰ-ਕੰਡੀਸ਼ਨ ਨਾ ਲਾਈਂ। ਮੈਨੂੰ ਠੰਢੀ ਹਵਾ ਸੂਟ ਨ੍ਹੀਂ ਕਰਦੀ। ਮੈਨੂੰ ਠੰਢ ਲੱਗ ਗਈ ਤਾਂ ਮੇਰੇ ਬੇਥੀ ਲਈ ਠੀਕ ਨ੍ਹੀ।"

ਬਾਹਰ ਨਿੱਕਲੀ ਤਾਂ ਮੈਨੂੰ ਹੋਰ ਵੀ ਗਰਮੀ ਲੱਗੀ। ਹਵਾ ਗੀਣ ਕੁ ਵੀ ਨਹੀਂ ਸੀ ਵਗ ਰਹੀ। ਮੈਂ ਅੰਦਰ ਆ ਕੇ ਦੋ ਗਲਾਸ 'ਕੋਲਡ ਟੀ ਦੇ ਬਣਾ ਕੇ ਗੀਨਾ ਨੂੰ ਅਵਾਜ਼ ਦੇ, ਗਲਾਸ ਟੇਬਲ ਉੱਤੇ ਰੱਖ ਦਿੱਤੇ। ਤੇ ਆਪ ਵਾਸ਼ਰੂਮ ਨੂੰ ਤੁਰ ਪਈ। ਮੈਂ ਵਾਸ਼ਰੂਮ ਵਿੱਚ ਜਾ ਕੇ ਸ਼ੀਸ਼ੇ ਵਿੱਚੀਂ ਆਪਣਾ ਚਿਹਰਾ ਵੇਖਿਆ। ਮੈਨੂੰ ਲੱਗਾ ਕਿ ਮੇਰੇ ਚਿਹਰੇ ਉੱਤੇ ਕੋਈ ਰੌਣਕ ਜਿਹੀ ਨਹੀਂ ਸੀ ਰਹੀ। ਚਿਹਰੇ ਉੱਤੇ ਝੁਰੜੀਆਂ ਵੀ ਪੈਣ ਲਗ ਪਈਆਂ ਸਨ। ਮੈਥੋਂ ਹੀ ਮੇਰਾ ਚਿਹਰਾ ਪਛਾਣਿਆ ਨਹੀਂ ਸੀ ਜਾ ਰਿਹਾ। 'ਕੌਣ ਹੈ ਇਹ ਔਰਤ? ਇਹ ਸੋਚਦਿਆਂ ਮੇਰੇ ਜ਼ਿਹਨ ਵਿੱਚ ਬਖਸ਼ੋ ਆ ਖੜੀ ਹੋਈ। ਬਖਸ਼ੋ ਅਕਸਰ ਕਹਿੰਦੀ, ਭੈਣ ਜੀ! ਮੈਨੂੰ ਲਗਦੈ ਮੇਰੇ ਅੰਦਰ ਕੋਈ ਹੋਰ ਤੀਂਵੀ ਬੈਠੀ ਹੈ ਜਿਵੇਂ।" ਮੈਂ ਉਸਦੀ ਗੱਲ ਤੇ ਹੱਸ ਛੱਡਦੀ ਸਾਂ। ਤੇ ਅੱਜ ਸ਼ੀਸ਼ੇ ਮੋਹਰੇ ਖੜੀ ਮੈਂ ਵੀ ਇਹੋ ਪੁੱਛ ਰਹੀ ਸਾਂ।

ਮੈਂ ਮੂੰਹ ਦੀਆਂ ਸ਼ਕਲਾਂ ਬਣਾ ਕੇ ਦੇਖਿਆ, ਕੋਈ ਬਦਲਾਵ ਨਜ਼ਰ ਨਾ ਆਇਆ। ਮੈਨੂੰ ਸਗੋਂ ਚਿਹਰਾ ਹੋਰ ਲਿੱਸਾ ਹੋ ਗਿਆ ਜਾਪਿਆ। ਜਿਸਮ ਵੀ ਢਿਲਕਵਾਂ ਜਿਹਾ ਮਹਿਸੂਸ ਹੋਇਆ। ਮੈਂ ਸਾਹ ਅੰਦਰ ਨੂੰ ਖਿੱਚ ਕੇ ਲਿਆ। ਪੇਟ ਅੰਦਰ, ਛਾਤੀ ਬਾਹਰ। ਪਰ ਕੋਈ ਫ਼ਰਕ ਨਾ ਪਿਆ। ਪੂਰੀ ਉਮਰ ਮੈਂ ਯੋਗਾ ਕਰਦੀ ਰਹੀ। ਪਰ ਜਿਸਮ ਵਿਚ ਨਾ ਤਾਂ ਉਹ ਤਾਜ਼ਗੀ ਰਹੀ ਸੀ ਨਾ ਕੱਸਵਾਂਪਣ। ਢਿਲਕੀ-ਢਿਲਕੀ ਜਿਹੀ। ਗਲ਼ ਦੁਆਲ਼ੇ ਵੱਟ ਪੈ ਗਏ ਸਨ। ਚਿਹਰੇ 'ਤੇ ਤ੍ਰੇੜਾਂ ਆ ਗਈਆ ਸਨ।

ਮੈਂ ਪਾਸਾ ਵੱਟ ਕੇ ਉਸ ਕੋਲੋਂ ਤੁਰ ਪਈ। ਉਸ ਵੱਲ ਪਿੱਠ ਮੋੜ ਲਈ।

ਬਾਹਰ ਨਿੱਕਲੀ, ਗੀਨਾ ਰੌਲ਼ੀ ਪਾਈ ਜਾ ਰਹੀ ਸੀ, "ਮਾਂ! ਵਿਅਰ ਆਰ ਯੂ?"

ਕੁਲੈਹਿਣੀ ਕਿਸੇ ਥਾਂ ਦੀ। ਮੇਰੇ ਅੰਦਰੋਂ ਜਿਵੇਂ ਆਵਾਜ਼ ਆਈ। ਰੱਬਾ! ਮੈਨੂੰ ਹੀ ਚੈਨ ਨਹੀਂ। ਭਲਾ ਬੱਚਾ ਹੀ ਜੰਮਣ ਵਾਲ਼ਾ ਹੈ। ਹੋਰ ਕੀ? ਕੁੜੀ ਕਿੰਨਾ ਰੌਲ਼ਾ ਪਾਉਂਦੀ ਐ। ਜੇ ਮੇਰੇ ਵੇਲੇ ਇਸ ਤਰ੍ਹਾਂ ਦਾ ਰੌਲ਼ਾ ਪੈਂਦਾ ਤਾਂ ਮੇਰੀਆਂ ਸੱਸਾਂ-ਪਤੀਸਾਂ ਆਖ ਦਿੰਦੀਆਂ, "ਵਹੁਟੀਏ! ਬੱਚੇ ਕੰਨਾਂ ਰਾਹੀਂ ਨ੍ਹੀ ਡਿੱਗਦੇ ਹੁੰਦੇ। ਐਂਵੇ ਨਾ ਸ਼ੋਰ ਮਚਾ।" ਸੋਚਦੀ ਹੋਈ ਆਪਣੇ ਮਨ ਵਿੱਚ ਹੱਸਦੀ ਹਾਂ ਕਿ ਇਹ ਨਵੇਂ ਯੁੱਗ ਦੇ ਨਿਆਣੇ ਹਨ। ਇਨ੍ਹਾਂ ਵਿੱਚ ਭੋਰਾ ਭਰ ਸਹਿਣਸ਼ੀਲਤਾ ਹੈ ਨ੍ਹੀ ਜਿਵੇਂ। ਫੇਰ ਨਾ ਬੜੇ ਛੋਟੇ ਦਾ ਲਿਹਾਜ। ਲੈ ਅਸੀਂ ਕਿਸੇ ਸਿਆਣੇ ਬੈਠੇ ਤੇ ਆਪਣੇ ਬੱਚੇ ਬਾਰੇ ਕੋਈ ਗੱਲ ਕਰ

ਲੈਂਦੇ? ਤੇ ਇਹ ਰੌਲ਼ੀ ਪਾ ਕੇ ਸਾਰਾ ਪਿੰਡ ਇੱਕਠਾ ਕਰ ਲੈਣਗੇ। ਹਰ ਗੱਲ ਖੱਟ ਖਿਲਾਰ ਕੇ ਸਾਮ੍ਹਣੇ ਰੱਖ ਦੇਣਗੇ।

ਮੈਂ ਦੇਖਿਆ, 'ਕੋਲਡ ਟੀ ਬਹੁਤੀ ਠੰਢੀ ਨਹੀਂ ਸੀ ਰਹੀ। ਸੋਚਿਆ ਦੋ ਆਈਸ ਕਿਊਬ ਹੋਰ ਪਾ ਲਵਾਂ। ਰੀਨਾ ਬੋਲੀ, "ਮਾਂ ਆਈਸ ਕਿਊਬ ਪਾਉਣ ਨਾਲ਼ ਇਹ ਹੋਰ ਵੀ ਫਲੈਟ ਹੋ ਜਾਵੇਗੀ।"

ਉਸਦੀ ਗੱਲ ਸੁਣ ਕੇ ਮੈਂ ਉਸੇ ਤਰ੍ਹਾਂ ਗਲਾਸ ਹੱਥ ਫੜਿਆ ਅਤੇ ਸੋਫੇ ਵਿੱਚ ਬੈਠ ਕੇ ਪੀਣ ਲੱਗ ਪਈ। ਰੀਨਾ ਆਈਸ ਟੀ ਪੀ ਚੁੱਕੀ ਸੀ ਤੇ ਆਪਣੇ ਪੇਟ ਉੱਤੇ ਹੱਥ ਫੇਰੀ ਜਾ ਰਹੀ ਸੀ। ਆਪਣੀ ਬੇਵੀ ਨਾਲ਼ ਗੱਲਾਂ ਕਰੀ ਜਾ ਰਹੀ ਸੀ। ਰੀਨਾ ਦਾ ਬੇਵੀ ਨਾਲ਼ ਗੱਲਾਂ ਕਰਨਾ ਮੈਨੂੰ ਚੰਗਾ ਵੀ ਲੱਗਾ। ਉਸ 'ਤੇ ਮੋਹ ਜਿਹਾ ਵੀ ਆਇਆ।

ਰੀਨਾ ਵੱਲ ਦੇਖਦਿਆਂ ਹੋਇਆਂ ਮੈਂ ਫੇਰ ਆਪਣੇ ਮਨ 'ਚ ਖਿਆਲ ਕਰਦੀ ਹਾਂ ਕਿ 'ਕਾਰਲ' ਆਵੇ ਤਾਂ ਇਹ ਆਪਣੇ ਘਰ ਨੂੰ ਜਾਵੇ। ਮੇਰੇ ਕੋਲੋਂ ਹੁਣ ਇਹ ਰੌਲ਼ਾ ਸੁਣ ਨਹੀਂ ਹੁੰਦਾ। ਬੱਚੇ ਪਲ਼ ਕੇ ਆਪਣਾ ਆਪ ਸਾਂਭਣ, ਭਾਈ ਉਹੀ ਠੀਕ ਹੈ। ਰੀਨਾ ਜਿਵੇਂ ਮੇਰੇ ਮਨ ਉੱਤੇ ਭਾਰ ਜਿਹਾ ਬਣ ਕੇ ਬੈਠੀ ਸੀ।

ਆਪਣੇ ਮਨ ਵਿੱਚ ਸੋਚਦਿਆਂ ਹੋਇਆਂ ਗਿੰਦਰੋ ਮੇਰੀ ਸੋਚ ਵਿਚ ਉੱਭਰ ਆਈ। ਗਿੰਦਰੋ ਸੱਠਾਂ-ਪੈਂਟਾਂ ਵਰ੍ਹਿਆਂ ਦੀ ਸੀ। ਉਸਦੀ ਲੱਤ ਇੰਨਫੈਕਸ਼ਨ ਨੇ ਖਾ ਲਈ। ਡਾਕਟਰਾਂ ਨੂੰ ਗਿੰਦਰੋ ਦੀ ਲੱਤ ਗੋਡੇ ਉੱਪਰੋਂ ਵੱਢਣੀ ਪੈ ਗਈ। ਮੈਂ ਵੀ ਉਸ ਵੇਲੇ ਕਰੈਡਿੱਟ ਵੈਲੀ ਹਸਪਤਾਲ ਵਿਚ ਆਪਣਾ ਇਲਾਜ਼ ਕਰਵਾ ਰਹੀ ਸਾਂ। ਜਿਸ ਦਿਨ ਗਿੰਦਰੋ ਦੀ ਲੱਤ ਕੱਟ ਹੋਈ, ਉਸ ਸ਼ਾਮ ਉਸਨੂੰ ਸੁਰਤ ਆਉਂਦਿਆਂ ਹੀ, ਉਸਦੀਆਂ ਲੇਰਾਂ ਅਸਮਾਨੋਂ ਉੱਚੀਆ ਸਨ। ਦਰਦ ਨਾਲ਼ ਉਹ ਕੁਰਲਾ ਰਹੀ ਸੀ। ਟਾਇਨੌਲ ਥਰੀ ਵੀ ਫਿੱਟੇ ਮੂੰਹ ਨਹੀਂ ਸੀ ਕਰ ਰਹੀ। ਦਰਦ ਵਾਸਤੇ ਉਸਦੇ ਡਰਿੱਪ ਵਿੱਚ ਲਾਇਆ ਇੰਜੈਕਸ਼ਨ ਵੀ ਅਸਰ ਨਹੀਂ ਸੀ ਕਰ ਰਿਹਾ। ਉਹ ਸਾਰੀ ਰਾਤ ਹੂੰਘਦੀ ਰਹੀ। ਨਾ ਪਿੱਛਲੇ ਦਿਨ ਅਤੇ ਨਾ ਦੂਜੇ ਦਿਨ ਉਸਦੇ ਧੀਆਂ ਪੁੱਤਾਂ ਵਿੱਚੋਂ ਕੋਈ ਉਸਨੂੰ ਦੇਖਣ ਆਇਆ। ਪਹਿਲੇ ਦਿਨ ਤਾਂ ਸਮਝ ਆਉਂਦੀ ਸੀ ਕਿ ਸ਼ਾਇਦ ਸਭ ਸੋਚ ਰਹੇ ਹੋਣ ਕਿ ਅਪਰੇਸ਼ਨ ਕਾਰਨ ਵਿਜ਼ੀਟੇਸ਼ਨ ਵਾਲਿਆਂ ਨੂੰ ਰੋਕ ਦਿੱਤਾ ਗਿਆ ਹੋਵੇਗਾ। ਪਰ ਦੂਜੇ ਦਿਨ, ਫੇਰ ਤੀਜੇ ਦਿਨ, ਕੋਈ ਨਾ ਆਇਆ। ਗਿੰਦਰੋ ਇਕੱਲੀ ਪਈ ਕੁਰਲਾਉਂਦੀ ਰਹੀ। ਵਾਹੁੜੀਆਂ ਪਾਉਂਦੀ ਹੋਈ, ਉਹ ਆਪਣੀ ਮਾਂ ਨੂੰ ਅਵਾਜ਼ਾਂ ਮਾਰ ਰਹੀ ਸੀ। "ਹਾਏ ਮਾਂ! ਮੈਨੂੰ ਲੈ ਲੈੜ।" ਉਹਦੇ ਅੰਦਰਲੀ ਮਾਂ ਆਪਣੇ ਆਪ ਲਈ ਤੜਪ ਰਹੀ ਸੀ।

ਮੈਂ ਸੋਚਿਆ ਰੀਨਾ ਅੰਦਰਲੀ ਮਾਂ ਵੀ ਸ਼ਾਇਦ ਤੜਪ ਰਹੀ ਹੋਵੇਗੀ। ਉਸ ਬੱਚੇ ਵਾਸਤੇ, ਜਿਹੜਾ ਇਸਦੇ ਪੇਟ ਵਿੱਚ ਪੁੰਗਰ-ਪਲ਼ ਰਿਹੈ। ਰੀਨਾ ਨੂੰ ਕੋਈ ਫ਼ਿਕਰ ਨਹੀਂ ਸੀ ਕਿ ਬੇਵੀ ਕੁੜੀ ਹੈ ਜਾਂ ਮੁੰਡਾ। ਮੈਂ ਸੋਚਿਆ, ਸਾਡੇ ਵੇਲੇ ਬੁੜੀਆਂ ਨੇ ਸਾਨੂੰ ਇਹੋ ਆਖ-ਆਖ ਕਮਲ਼ੇ ਕੀਤਾ ਹੋਇਆ ਸੀ, "ਭਾਈ ਪੁੱਤ ਜਣੇਂਦੀ ਨਾਰ ਵਰਨਾ ਬੇਕਾਰ।" ਮੈਂ ਰੀਨਾ ਦੇ ਪੇਟ ਵੱਲ ਦੇਖ ਕੇ ਖੁਸ਼ ਹੁੰਦੀ ਨੇ ਸੋਚਿਆ, ਜੋ ਕੁੱਝ ਵੀ ਹੋਵੇ ਧੀ ਜਾਂ ਪੁੱਤ ਸਾਨੂੰ ਸਵਿਕਾਰ ਐ ਭਾਈ। ਤੂੰ ਆ ਤੇ ਸਹੀ। ਮੈਂ ਤੇਰੇ ਨਾਲ਼ ਖੇਡਾਂ। ਮੇਰੇ ਅੰਦਰਲੀ ਨਿੱਕੀ ਕੁੜੀ ਜਿਵੇਂ ਚਾਂਗਰਾਂ ਪਾਉਣ ਲੱਗ ਪਈ।

ਇਨ੍ਹਾਂ ਹੀ ਸੋਚਾਂ ਵਿੱਚ ਕੋਲਡ ਟੀ ਮੇਰੇ ਹੱਥੋਂ ਛੁੱਟ ਕੇ ਛਲਕ ਗਈ। ਮੈਂ ਗਲਾਸ ਫੇਰ ਘੁੱਟ ਕੇ ਫੜਿਆ। ਰਤਾ ਕੁ ਛਲਕਾ ਲੱਗ ਕੇ ਕੋਲਡ ਟੀ ਕਾਰਪੈੱਟ ਉੱਤੇ ਡੁੱਲ੍ਹ ਗਈ ਜਿਵੇਂ ਮੇਰੀ

ਜ਼ਿੰਦਗੀ ਭੰਗ ਦੇ ਭਾੜੇ ਰੁੜ੍ਹ ਗਈ ਸੀ। ਬਿਲਕੁਲ ਉਸੇ ਤਰ੍ਹਾਂ। ਸੋਚਿਆ ਜੇ ਸਾਡੇ ਵਿੱਚ ਬੱਚਿਆਂ ਵਾਲੀ ਦਲੇਰੀ ਹੁੰਦੀ ਤਾਂ ਅਸੀਂ ਜ਼ਿੰਦਗੀ ਨੂੰ ਖੁਲ੍ਹ ਕੇ ਜਿਉਂਦੇ।

ਰੀਨਾ ਮੈਨੂੰ ਝਿੜਕਦੀ ਹੈ। "ਮਾਂ! ਵੱਟ ਆਰ ਯੂ ਥਿੰਕਿੰਗ? ਆਈ ਕਾਂਟ ਬੈਂਟ ਡਾਊਨ। ਤੁਸੀਂ ਆਪਣਾ ਸੋਚੋ। ਤੁਹਾਥੋਂ ਅੱਗੇ ਨ੍ਹੀ ਮੁੜ ਹੁੰਦਾ।" ਉਹ ਉੱਠ ਕੇ ਪੇਟ ਫੜੀ ਹੌਲੀ-ਹੌਲੀ ਕਿਚਨ ਵਿੱਚੋਂ ਸਪੰਜ ਚੁੱਕ ਲਿਆਈ।

ਸੱਚ ਹੀ ਮੇਰੀ ਸਿਹਤ ਵੀ ਦੋ-ਚਾਰ ਹੋ ਗਈ ਸੀ। ਮੈਂ ਰੀਨਾ ਨੂੰ ਮੂਧੀ ਹੋਣ ਤੋਂ ਰੋਕਿਆ। ਆਪ ਸਪੰਜ ਜਿਹੇ ਨੂੰ ਪੈਰ ਨਾਲ਼ ਦਬਾ ਕੇ ਕਾਰਪੈੱਟ ਉੱਤੇ ਫੇਰਿਆ। ਪਹਿਲਾਂ ਸਪੰਜ ਨੂੰ ਇਕ ਦੋ ਵੇਰ ਧੋ ਕੇ ਕਾਰਪੈੱਟ ਪੂੰਝਿਆ। ਤੇ ਫੇਰ ਕਿਚਨ ਟਾਵਲ ਲੈ ਕੇ ਉਸ ਥਾਂ ਉੱਤੇ ਗਿੱਲੇ ਨੂੰ ਸਪੰਜ ਕੀਤਾ। ਮੈਂ ਸੋਚਦੀ ਹਾਂ ਅੰਦਰਲੀ ਤਨਹਾਈ ਵੀ ਇਸ ਤਰ੍ਹਾਂ ਸਪੰਜ ਕਿਉਂ ਨਹੀਂ ਹੋ ਸਕਦੀ? ਤੇ ਅੰਦਰ ਨਵਾਂ ਨਰੋਆ ਕਿਉਂ ਨਹੀਂ ਹੋ ਜਾਂਦਾ? ਬਿਲਕੁਲ ਤਰੋ ਤਾਜ਼ਾ। ਜਿਵੇਂ ਕੰਪਿਊਟਰ ਦੀ ਫਾਇਲ ਡੀਲੀਟ ਕਰਨ ਬਾਅਦ ਜੀ।ਬੀ। ਨਵੀਂ ਨਰੋਈ ਰਹਿ ਜਾਂਦੀ ਹੈ। ਬਿਲਕੁਲ ਖਾਲੀ। ਹੋਰ ਨਵਾਂ ਉਸ ਉੱਤੇ ਲਿਖਣ ਵਾਸਤੇ। ਜੋ ਜੀਅ ਕਰਦਾ ਉਸ ਉੱਤੇ ਲਿਖ ਦਿਓ।

ਗਿੰਦਰੋ ਦੀ ਲੱਤ ਵੱਢ ਹੋਣ ਤੋਂ ਬਾਅਦ ਉਸਦਾ ਅੰਦਰ ਵੀ ਨਵਾਂ ਨਰੋਆ ਹੋ ਗਿਆ ਸੀ। ਉਹ ਜ਼ਿੰਦਗੀ ਨੂੰ ਕਿਸੇ ਹੋਰ ਹੀ ਕੋਣ ਤੋਂ ਦੇਖਣ ਲੱਗ ਪਈ ਸੀ। ਡਾਕਟਰ ਕਹਿੰਦਾ, "ਜਦੋਂ ਵੀ ਕਿਸੇ ਦਾ ਅਪਰੇਸ਼ਨ ਹੁੰਦਾ ਹੈ ਉਸਦੇ ਅੰਦਰਲੇ ਇਨਫੈਕਸ਼ਨ ਦਾ ਸਫ਼ਾਇਆ ਹੋ ਜਾਂਦੈ। ਤੇ ਬੰਦਾ ਨਵਾਂ ਨਰੋਆ ਮਹਿਸੂਸ ਕਰਦਾ ਹੈ। ਹਰ ਸੁੱਖ ਤੋਂ ਪਹਿਲਾਂ ਦੁੱਖ ਝੱਲਣਾ ਹੀ ਪੈਂਦੈ। ਤਾਂਹੀ ਕਹਿੰਦੇ ਐ, ਨੋ ਪੇਨ ਨੋ ਗੇਨ। ਪੇਨ ਝੱਲ ਕੇ ਹੀ ਗੇਨ ਹੁੰਦੈ।"

ਸ਼ਾਇਦ ਇਸੇ ਲਈ ਗਿੰਦਰੋ ਦੀ ਪੁਰਾਣੀ ਸੋਚ ਉਸ ਦਰਦ ਨੇ ਖਾ ਲਈ ਤੇ ਜਿਹੜੀ ਗਿੰਦਰੋਂ ਨੇ ਹੁਣ ਜਨਮ ਲਿਆ ਸੀ ਉਹ ਸੋਚ ਬੱਚਿਆਂ ਨਾਲ਼ ਮਿਲਦੀ ਸੀ।

ਮੇਰੀ ਸੋਚ ਫੇਰ ਆਪਣੇ ਪਿਛੋਕੜ ਵੱਲ ਭੰਵੀਰੀ ਵਾਂਗ ਘੁੰਮਦੀ ਹੈ। ਜ਼ਿੰਦਗੀ ਜੋ ਇਸੇ ਘੁੰਮਣਘੇਰ ਵਿੱਚ ਐਂਵੇ ਕਿਵੀਂ ਚਲੀ ਗਈ ਮਹਿਸੂਸ ਹੁੰਦੀ। ਬਸ ਇਸੇ ਤਰ੍ਹਾਂ ਭੱਜ ਜਾਂਦੀ ਹੈ ਸਭ ਕੋਲੋਂ। ਘੁੱਟ-ਘੁੱਟ ਕੇ ਫੜਦੇ ਵੀ ਰਹਵੋ। ਤੇ ਉਹ ਤਿਲਕ ਜਾਂਦੀ ਹੈ ਰੇਤ ਵਾਙੂੰ।ੜ ਤੇ ਘਰ? ਘਰ ਇਕ ਫਾਲਤੂ ਥਾਂ ਹੀ ਹੁੰਦੈ। ਘਰ ਦਾ ਤਾਂ ਇਕ ਕਮਰਾ ਬੰਦੇ ਨੂੰ ਚਾਹੀਦੈ। ਐਂਵੇ ਬਣਾ ਲੈਂਦੇ ਨੇ ਐਡੇ ਵੱਡੇ ਮਕਾਨ। ਭਲਾ ਮੈਂ ਵੀ ਕੀ ਕਰਨਾ ਸੀ ਐਡਾ ਵੱਡਾ ਘਰ। ਐਨੇ ਕਮਰੇ। ਜੋ ਖਾਲੀ ਪਏ ਦੇਖਦੇ ਨੇ ਬੂਹਿਆਂ ਵੱਲ।

ਮੇਰੇ ਘਰ ਦੇ ਦੁਆਲ਼ੇ ਵੱਡੇ-ਵੱਡੇ ਘਰਾਂ ਦਾ ਜੰਗਲ ਵਿਛਿਆ ਹੋਇਐ। ਮੇਰੀ ਗੁਆਂਢਣ ਸਰਿਤਾ ਨੇ ਸਾਡੇ ਬਰੈਂਪਟਨ ਦੇ ਕਾਸਲਮੋਰ ਇਲਾਕੇ ਵਿੱਚ ਪੰਜ ਬੈੱਡ ਰੂਮ ਦਾ ਘਰ ਬਣਵਾਇਆ। ਮੋਟੀ ਮੌਰਟਗੇਜ਼ ਚੁੱਕੀ। ਹੇਠਾਂ ਬੇਸਮੈਂਟ ਵਿਚ ਦੋ ਫਲੈਟ ਜਿਹੇ ਬਣਵਾ ਲਏ। ਦੋਨੋਂ ਕਿਰਾਏ ਉੱਤੇ ਦੇ ਦਿੱਤੇ ਤਾਂਕਿ ਮੌਰਟਗੇਜ਼ ਦੀ ਕਿਸ਼ਤ ਦਿੱਤੀ ਜਾਵੇ। ਮੈਂ ਸੋਚਦੀ ਹਾਂ, ਭਲਾ ਘਰ ਹੀ ਛੋਟਾ ਲੈ ਲੈਂਦੀ। ਕਿਉਂ ਆਪਣੇ ਗਲ਼ ਫਾਹਾ ਪਾ ਬੈਠੀ। ਹੁਣ ਕਿਰਾਏਦਾਰਾਂ ਦੀ ਚਿੜ-ਚਿੜ ਵੀ ਝੱਲਦੀ ਹੈ। ਹਰ ਰੋਜ਼ ਡਰਾਈਵ-ਵੇਅ ਵਿਚ ਕਾਰਾਂ ਖੜੀਆਂ ਕਰਨ ਦਾ ਝੰਜਟ। ਝਿੰਜੜੀ ਦੀ ਵੇਲ ਵਾਂਗ ਕਿਰਾਏਦਾਰ ਆਪੋ ਵਿੱਚੀ ਫਸੇ ਰਹਿੰਦੇ ਐ। ਆਪ ਸਰਿਤਾ ਬੁੱਢੀ ਹੋ ਚੁੱਕੀ ਐ ਤੇ ਘਰ ਸਾਂਭ ਨਹੀਂ ਹੁੰਦਾ। ਉਸਦੇ ਬੱਚੇ ਆਪਣੇ ਰਾਹਵਾਂ ਉੱਤੇ ਤੁਰ ਗਏ। ਇਹ ਕਿਹੜਾ ਇੰਡੀਆ ਹੈ ਜਿੱਥੇ ਇਕੋ ਵਿਹੜੇ ਵਿਚ ਸਾਰਿਆਂ ਨੇ ਬੈਠਣਾ ਹੋਇਆ। ਹੱਸਣਾ-ਗਾਉਣਾ ਹੋਇਆ। ਦੁੱਖ-ਸੁੱਖ ਸਾਂਝੇ ਕਰਨੇ ਹੋਏ। ਇਹ

ਕੈਨੇਡਾ ਹੈ। ਇਥੇ ਹਰ ਕੋਈ ਬੰਦ ਦਰਵਾਜ਼ੇ ਓਹਲੇ ਆਪਣੀ ਜ਼ਿੰਦਗੀ ਨੂੰ ਤੋਰਦਾ ਹੈ। ਬੱਚੇ ਉਨਾਂ ਚਿਰ ਮਾਂ-ਪਿਓ ਦੇ ਨਾਲ਼ ਹਨ ਜਿੰਨਾ ਚਿਰ ਉਹ ਪਲ਼ਦੇ ਹਨ।

ਕੋਲਡ ਟੀ ਦਾ ਘੁੱਟ ਭਰਦਿਆਂ ਮੈਂ ਸੋਚਦੀ ਹਾਂ, ਗੋਰੇ ਲੋਕ ਰਿਟਾਇਰਮੈਂਟ ਤੋਂ ਪਹਿਲਾਂ ਹੀ ਪਲੈਨ ਬਣਾਉਣ ਲੱਗ ਪੈਂਦੇ ਹਨ। ਘਰ ਨੂੰ ਡਾਊਨਸਾਈਜ਼ ਕਰੋ। ਉਨ੍ਹਾਂ ਕੁ ਘਰ ਖਰੀਦ ਲਵੋ ਜਿੰਨਾ ਕੁ ਸਾਂਭ ਸਕਦੇ ਹੋ। ਕਿਸੇ ਨੇ ਤੁਹਾਡੀ ਮਦਦ ਕਰਨ ਨਹੀਂ ਆਉਣਾ ਤੇ ਨਾ ਉਹ ਲੋਕ ਕਿਸੇ ਧੀ-ਪੁੱਤ ਤੋਂ ਉਮੀਦ ਰੱਖਦੇ ਹਨ। ਵੈਸੇ ਵੀ ਉਹ ਆਪਣੇ ਰਹਿਣ ਲਈ ਗਰਮ ਥਾਂ ਦਾ ਪ੍ਰਬੰਧ ਕਰ ਲੈਣਗੇ। ਮੇਰੇ 'ਆਇਰਸ਼ ਗੁਆਂਢੀ ਨੇ ਪਿੱਛਲੇ ਸਾਲ ਹੀ ਘਰ ਫਲੋਰਿਡਾ ਖਰੀਦ ਲਿਆ। ਕਹਿਣ ਲੱਗਾ, "ਅਸੀਂ ਵਿਨਟਰ ਫਲੌਰਿਡਾ ਕਟਾਂਗੇ ਤੇ ਗਰਮੀਆਂ ਕੈਨੇਡਾ ਵਿਚ। ਗਰਮ ਮੁਲਕ ਵਿੱਚ ਸਿਹਤ ਵੀ ਠੀਕ ਰਹੂ। ਸਿਆਲ਼ ਦੀ ਠੰਢ ਬੁੱਢੇ ਹੱਢਾਂ ਵਾਸਤੇ ਚੰਗੀ ਨਹੀਂ।"

ਗੱਲ ਕੀ, ਅਸੀਂ ਲੋਕ ਕੋਈ ਪਲੈਨ ਜਿਵੇਂ ਬਣਾਉਂਦੇ ਹੀ ਨਹੀਂ। ਰਿਟਾਇਰ ਹੋ ਕੇ ਦਰਵਾਜ਼ੇ ਵੱਲ ਹੀ ਨਿਗ੍ਹਾ ਟਿਕਾਈ ਬੈਠੇ ਰਹਿੰਦੇ ਹਾਂ। ਸਾਡੀਆਂ ਉਮੀਦਾਂ ਸਾਡੇ ਘਰ ਤੋਂ ਵੀ ਉੱਚੀਆਂ ਹੁੰਦੀਆਂ ਹਨ। ਸੋਚਦੇ ਹਾਂ ਬੱਚੇ ਕੰਮ ਕਰਕੇ ਆਉਣਗੇ, ਸਾਡੇ ਘਰ ਦਾ ਕੰਮ ਵੀ ਕਰਨਗੇ, ਸਾਡਾ ਰੋਟੀ ਪਾਣੀ ਵੀ ਤਿਆਰ ਕਰਨਗੇ ਤੇ ਸਾਨੂੰ ਖੁਆਉਣਗੇ, ਸਾਨੂੰ ਬਾਹਰ ਨੂੰ ਸੈਰ ਕਰਾਉਣ ਲੈ ਕੇ ਜਾਣਗੇ। ਸੋਫਿਆਂ ਵਿੱਚ ਬੈਠ ਕੇ ਅਸੀਂ ਲੋਕ ਸੇਵਾ ਕਰਵਾ ਕੇ ਵੱਧ ਰਾਜ਼ੀ ਹੁੰਦੇ ਹਾਂ। ਸਿਹਤ ਵੀ ਸ਼ਾਇਦ ਤਾਂਹੀ ਦੋ-ਚਾਰ ਹੋ ਜਾਂਦੀ ਐ। ਤੇ ਜਦੋਂ ਛੁੱਟੀਆਂ ਹੋਣ ਤਾਂ ਵੀ ਆਸ ਲਾਈ ਬੈਠੇ ਹੁੰਦੇ ਹਾਂ ਕਿ ਬੱਚੇ ਸਾਨੂੰ ਨਾਲ਼ ਘੜੀਸੀ ਫਿਰਨਗੇ। ਹੋਰਨਾਂ ਨੂੰ ਆਪਣੀ ਟੌਹਰ ਜੁ ਦਿਖਾਉਣੀ ਹੋਈ। ਉਦੋਂ ਭੁੱਲ ਜਾਂਦੇ ਹਾਂ ਕਿ ਬੱਚਿਆਂ ਨੇ ਵੀ ਆਪਣੀ ਜ਼ਿੰਦਗੀ ਤੋਰਨੀ ਹੈ। ਉਨ੍ਹਾਂ ਨੂੰ ਪੁੱਛਣ ਵਾਲਾ ਹੋਵੇ ਕਿ, ਭਲਾ ਕਿੱਥੇ ਵਕਤ ਹੈ ਬੱਚਿਆ ਕੋਲ? ਅਜ ਦੇ ਸਮੇਂ ਬੱਚੇ ਕੰਪੀਟੀਸ਼ਨ ਵਿੱਚ ਗ੍ਰਸੇ ਪਏ ਹਨ। ਹੋਰ ਨਹੀਂ ਤਾਂ ਤੁਸੀਂ ਹੀ ਉਨ੍ਹਾਂ ਨੂੰ ਕੁੱਝ ਰਾਹਤ ਦੇ ਦਿਓ। ਆਪਣਾ ਆਪ ਸਾਂਭਣਾ ਸਿੱਖੋ।

ਮੇਰਾ ਪੁੱਤਰ ਸ਼ਿਵ ਪਿੱਛਲੇ ਹਫ਼ਤੇ ਮੈਨੂੰ ਮਿਲਣ ਆਇਆ ਦੱਸਦਾ ਸੀ "ਮੌਮ! ਸਟੀਲਜ਼ ਐਵਨਿਊ ਉੱਤੇ ਜਿਹੜਾ ਬੰਗਲੋ ਸੇਲ 'ਤੇ ਸੀ ਉਹ ਵਿੱਕ ਗਿਐ। ਉੱਥੇ ਟਰੱਕ ਖੜਾ ਹੈ।"

"ਅੱਛਾ! ਉਸ ਬੰਗਲੋ ਨਾਲ਼ ਤਾਂ ਦੋ-ਤਿੰਨ ਕੁ ਏਕੜ ਜ਼ਮੀਨ ਵੀ ਹੈ। ਮਹਿੰਗਾ ਵਿਕਿਆ ਹੋਵੇਗਾ।" ਮੈਂ ਉਸਨੂੰ ਪੁੱਛਿਆ ਸੀ।

"ਡੌਂਟ ਨੋ ਮੌਮ। ਟਰੱਕ ਖੜਾ ਹੈ। ਲਗਦਾ ਫੌਬਜ਼ ਨੇ ਹੀ ਖਰੀਦ ਲਿਆ ਹੋਣੈ। ਆਪਣੇ ਬੰਦੇ ਜ਼ਮੀਨਾਂ ਨੂੰ ਵੱਧ ਪੈਂਦੇ ਐ। ਟਰੱਕ ਜੁ ਖੜੇ ਕਰ ਸਕਦੇ ਐ।"

ਉਹ ਸਾਰੇ ਇੰਡੀਅਨਾਂ ਜਾਂ ਪਾਕਿਸਤਾਨੀਆਂ ਨੂੰ 'ਫੌਬ ਆਖਦਾ ਹੈ। ਅਕਸਰ ਸਾਰੀ ਨਵੀਂ ਇੰਡੋ-ਕੈਨੇਡੀਅਨ ਜੈਨਰੇਸ਼ਨ ਇਨ੍ਹਾਂ ਨੂੰ ਫੌਬ ਆਖਦੀ ਹੈ। ਜਿਵੇਂ ਕਿਸੇ ਵੇਲੇ 'ਪਾਕੀ ਕਹਿੰਦੀ ਸੀ। 'ਫੌਬ ਭਾਵ ਫਰੈੱਸ਼ ਔਫ ਦਾ ਬੋਟ। ਮਤਲਬ ਤਾਜ਼ਾ-ਤਾਜ਼ਾ ਕਿਸ਼ਤੀ ਰਾਹੀਂ ਜਾਹਲੀ ਉੱਤਰਿਆ ਹੋਣੈ। ਹੁਣ ਇੰਡੀਆ ਤੋਂ ਆਉਣ ਵਾਲੇ ਆਪਣੀਆਂ ਜ਼ਮੀਨਾਂ ਵੇਚ ਕੇ ਪੈਸਾ ਜੁ ਧੜਾ-ਧੜ ਕੈਨੇਡਾ ਨੂੰ ਲਿਆ ਰਹੇ ਹਨ ਅਤੇ ਆਉਂਦੇ ਹੀ ਵੱਡੇ ਘਰ ਨਾਲ਼ ਜ਼ਮੀਨ ਖਰੀਦ ਲੈਂਦੇ ਹਨ। ਬਾਹਰਲੇ ਵਿਦਿਆਰਥੀ ਆਉਂਦੇ ਹਨ ਤੇ ਬੇਸਮੈਂਟ ਉਹ ਕਿਰਾਏ 'ਤੇ ਲੈ ਲੈਂਦੇ ਹਨ। ਬੇਸਮੈਂਟਾਂ ਦਾ ਕਿਰਾਇਆ ਵੀ ਛੱਤ ਨੂੰ ਛੂਹਣ ਲੱਗ ਪਿਆ ਹੈ।

ਮੈਨੂੰ ਸ਼ਿਵ ਦੀ ਗੱਲ ਬੁਰੀ ਲੱਗਦੀ ਹੈ। ਮੇਰੇ ਅੰਦਰ ਸ਼ਾਇਦ ਮੇਰੀ ਇੰਡੀਅਨ ਸੋਚ ਜੱਫਾ ਪਾਈ ਬੈਠੀ ਹੋਊ। ਪਰ ਮੈਂ ਚੁੱਪ ਰਹਿੰਦੀ ਹਾਂ। ਕਿੰਨਿਆਂ ਨੂੰ ਅਸੀਂ ਇਸ ਤਰ੍ਹਾਂ ਬੋਲਣ ਤੋਂ ਰੋਕ ਸਕਦੇ

ਹਾਂ।

ਬਾਹਰ ਜਾਂਦੀਂ ਹੋਈ ਦੇਖਦੀ ਹਾਂ ਪੁਰਾਣੇ ਘਰਾਂ ਜਾਂ ਛੋਟੇ ਬੰਗਲੇ ਨਾਲ਼ ਕਈ ਏਕੜ ਜ਼ਮੀਨ, ਵਿਚਾਲ਼ੇ ਖੜੇ ਟਰੱਕ, ਗੋਡੇ-ਗੋਡੇ ਘਾਅ, ਘਰ ਦੇ ਵਿੰਡੋ ਵਿੱਚੀ ਝਾਤੀਆਂ ਮਾਰਦੇ ਗੱਠਾਂ ਮਾਰ ਕੇ ਲਟਕਦੇ ਪਰਦੇ, ਤਾਂ ਝੱਟ ਸਮਝ ਆ ਜਾਂਦੀ ਐ ਕਿ ਸਾਡੇ ਲੋਕਾਂ ਨੇ ਇਹ ਘਰ ਖਰੀਦ ਲਿਆ ਹੋਣੈ। ਹੁਣ ਇਸ ਘਰ ਨੂੰ ਢਾਅ ਕੇ ਉਹ ਇਕ ਵੱਡਾ ਘਰ ਬਣਾਉਣਗੇ ਤੇ ਖਾਲੀ ਥਾਂ ਵਿੱਚ ਟਰੱਕਾਂ ਦੀਆਂ ਲਾਈਨਾਂ ਖੜੀਆ ਹੋਣਗੀਆਂ। ਪੰਜਾਬੀਆਂ ਨੂੰ ਜਿੱਥੇ ਵੱਡੇ ਘਰਾਂ ਦੀ ਹੋੜ ਹੈ ਉੱਥੇ ਵੱਧ ਪੈਸਾ ਬਣਾਉਣ ਦੀ ਵੀ ਹੋੜ ਹੈ। ਇਕ ਟਰੱਕ ਖੜਾ ਕਰਾਉਣ ਲਈ  ਪੰਜ-ਸੱਤ ਕੁ ਸੌ ਡਾਲਰ ਤਾਂ ਕਿਤੇ ਗਿਆ ਨ੍ਹੀ। ਦਸ ਟਰੱਕ ਖੜੇ ਕਰਾ ਲਏ ਤਾਂ ਸੱਤ-ਅੱਠ ਹਜ਼ਾਰ ਡਾਲਰ ਬੱਝਾ ਮਹੀਨੇ ਦਾ ਘਰ ਆਊ। ਬੇਸਮੈਂਟ ਕਿਰਾਏ ’ਤੇ ਚਾੜ੍ਹ ਕੇ ਹਜ਼ਾਰ ਪੰਦਰਾਂ ਸੌ ਉਹ ਬਟੋਰਨਗੇ। ਤੇ ਆਪ ਵੀ ਟੁੱਟ-ਟੁੱਟ ਮਰਨਗੇ। ਤੀਂਵੀਂਆਂ ਵੀ ਦੋਹਰੀਆਂ ਸ਼ਿਫ਼ਟਾਂ ਲਾਉਣਗੀਆਂ। ਨਿਆਣੇ ਪਲ਼ ਜਾਣਗੇ ਰੁਲ਼-ਖੁਲ਼ ਕੇ। ਜਦੋਂ ਨਿਆਣੇ ਵੱਡੇ ਹੋਣਗੇ ਤਾਂ ਫੇਰ ਰੋਹਬ ਦਿਖਾਉਣਗੇ ਕਿ ਅਸੀਂ ਸਭ ਕੁਝ ਤੁਹਾਡੇ ਲਈ ਕੀਤਾ। ਭਲਾ ਉਨ੍ਹਾਂ ਨੂੰ ਪੁੱਛਣ ਵਾਲਾ ਹੋਵੇ ਕਿ ਤੁਸੀਂ ਉਨ੍ਹਾਂ ’ਤੇ ਕੋਈ ਅਹਿਸਾਨ ਕੀਤਾ? ਜੇਬਾਂ ਤੁਸੀਂ ਆਪਣੀਆਂ ਭਰੀਆਂ।

ਮੈਨੂੰ ਯਾਦ ਆਇਆ ਸਾਡੇ ਭਤੀਜੇ ਤੀਰਥ ਨੇ ਵੀ ਵੱਡਾ ਘਰ ਖਰੀਦਿਆ ਸੀ। ਕਹਿਣ ਲੱਗਾ, “ਆਂਟੀ! ਇਟਾਲੀਅਨਾਂ ਦਾ ਕਸਟਮ ਮੇਡ ਘਰ ਐ। ਬੰਦਾ ਮਰ ਗਿਐ। ਮੌਰਟਗੇਜ਼ ਦੀ ਇੰਸ਼ੁਰੈਂਸ ਕਰਵਾਈ ਨਾ। ਤੇ ਉਸਦੀ ਤੀਂਵੀ ਕੋਲੋਂ ਮੌਰਟਗੇਜ਼ ਦੇ ਨਹੀਂ ਹੋ ਰਹੀ। ਸਸਤਾ ਸੌਦਾ ਹੈ। ਵੱਡਾ ਘਰ ਤੇ ਪੰਜ-ਛੇ ਏਕੜ ਜ਼ਮੀਨ। ਆਲ਼ੇ ਦੁਆਲ਼ੇ ਰੁੱਖ ਹੀ ਰੁੱਖ। ਬਹੁਤ ਵਧੀਆ ਵਾਤਾਵਰਨ ਹੈ।”

ਸਾਨੂੰ ਵੀ ਸੁਣ ਕੇ ਖੁਸ਼ੀ ਹੋਈ। ਜਦੋਂ ਉਸਨੇ ਬਾਰਵੇਕਿਊ ਕਰਨਾ ਤਾਂ ਸਾਨੂੰ ਵੀ ਸੱਦਣਾ। ਕਈ ਵੇਰ ਹਿਰਨੀਆਂ, ਖਰਗੋਸ਼ ਤੁਰੇ ਫਿਰਨੇ। ਬੱਚਿਆਂ ਨੇ ਉਨ੍ਹਾਂ ਦੇ ਮਗਰ ਭੱਜਣਾ। ਤੇ ਉਸਦੇ ਸਵਿਮਿੰਗ-ਪੂਲ ਦੇ ਦੁਆਲ਼ੇ ਲਾਉਂਜਰਾਂ ਉੱਤੇ ਬੈਠ ਕੇ ਅਸੀਂ ਗੱਲਾਂ ਮਾਰਨੀਆਂ। ਮੇਰੇ ਬੱਚਿਆਂ ਰੀਨਾ ਤੇ ਸ਼ਿਵ ਨੇ ਪੂਲ ਵਿੱਚ ਤਰਨਾ। ਜਿਵੇਂ ਆਨੰਦ ਆ ਜਾਣਾ। ਕਈ ਸਾਲ ਉਹ ਘਰ ਰੱਖ ਕੇ ਤੀਰਥ ਨੇ ਵੇਚਣ ਦਾ ਫੈਸਲਾ ਲੈ ਲਿਆ। ਕਹਿਣ ਲੱਗਾ, “ਆਂਟੀ! ਇਸਦਾ ਘਾਹ ਮੈਥੋਂ ਹੁਣ ਕੱਟਿਆ ਨਹੀਂ ਜਾਂਦਾ। ਟਰੈਕਟਰ ਉੱਤੇ ਬੈਠ ਕੇ ਐਨਾ ਘਾਹ ਕੌਣ ਕੱਟੇ? ਮੇਰਾ ਕੰਮ ਵੀ ਵੱਧ ਗਿਐ। ਤੇ ਪੰਮੀ ਕੋਲ ਬੱਚਿਆਂ ਨੂੰ ਸਾਂਭਦਿਆਂ ਵਕਤ ਹੀ ਨਹੀਂ।”

ਦੋ ਕੁ ਹਫ਼ਤੀਂ ਪਤਾ ਲੱਗਾ ਕਿ ਘਰ ਵਿਕ ਗਿਐ। ਲੈ ਵੀ ਕਿਸੇ ਪੰਜਾਬੀ ਨੇ ਲਿਆ। ਇੱਕ ਦਿਨ ਮੇਰੀ ਕਾਰ ਉੱਧਰ ਦੀ ਲੰਘੀ ਤਾਂ ਦੇਖਿਆ, ਸਾਰੇ ਲਾਅਨ ਉੱਤੇ ਟਰੱਕ ਹੀ ਟਰੱਕ ਖੜੇ। ਉਨ੍ਹਾਂ ਨੇ ਸਵਿਮਿੰਗ-ਪੂਲ ਵੀ ਪੂਰ ਦਿੱਤਾ। ਹੌਟ ਟੱਬ ਬੰਦ ਕਰ ਦਿੱਤਾ। ਦਰਖਤ ਕੱਟ ਦਿੱਤੇ। ਮੇਰੇ ਮੂੰਹੋਂ ਐਂਵੇ ਨਿੱਕਲ ਗਿਆ, “ਬੇਈਮਾਨੋ! ਇਹ ਕੀ ਕੀਤਾ ਤੁਸੀਂ? ਲੋਕੀਂ ਰੁੱਖ ਲਾਉਂਦੇ ਹਨ ਤੇ ਤੁਸੀਂ ਸਾਰੇ ਵੱਢ ਦਿੱਤੇ।” ਮੈਂ ਜਿਵੇਂ ਉੱਥੋਂ ਕਾਰ ਮੋੜ ਲਈ। ਮੁੜਕੇ ਉਸ ਪਾਸੇ ਜਾਣ ਨੂੰ ਜੀਅ ਨਾ ਕੀਤਾ।

ਮੈਂ ਆਹ ਘਰ ਖਰੀਦਿਆ। ਕਮਰੇ ਵੀ ਤਿੰਨ ਕੁ ਹਨ। ਮੈਨੂੰ ਇਹ ਵੀ ਬਹੁਤ ਵੱਡਾ ਲੱਗਦਾ ਹੈ। ਭਲਾ ਬੰਦੇ ਦੀਆਂ ਕਿੰਨੀਆਂ ਕੁ ਲੋੜਾਂ ਹੋ ਸਕਦੀਆਂ ਹਨ? ਜਦੋਂ ਬੱਚੇ ਘਰ ਸਨ ਤਾਂ ਸਾਡੇ ਵਾਸਤੇ ਇਹ ਠੀਕ ਸੀ। ਤੇ ਹੁਣ ਇਹ ਵੀ ਖਾਲੀ ਖੜਾ ਭਾਂ-ਭਾਂ ਕਰਦਾ ਹੈ। ਫੇਰ ਮੇਰੀ ਹੋਈ

ਇੱਕਲੀ ਜਿੰਦ ਜਾਨ। ਨਾਲ਼ ਦਾ ਸਾਥੀ ਤ? ਉਹ ਤਾਂ ਮੈਂ ਕਦੋਂ ਦਾ ਛੱਡ ਆਈ। ਜੋ ਮੇਰੇ ਨਾਲ਼ ਜਾਂ ਮੇਰੇ ਦੁਆਲ਼ੇ ਬੀਤ ਰਿਹਾ ਸੀ, ਸਮੇਂ ਦੇ ਟੁੱਟੇ ਮਨੁੱਖ ਦੀਆਂ ਲੀਰਾਂ ਮੈਂ ਨਹੀਂ ਸਾਂ ਗੰਢ ਸਕਦੀ। ਦੇਵ ਘਰ ਥੱਕਾ-ਟੁੱਟਾ ਆਉਂਦਾ ਮੇਰੀ ਠਿੱਪ-ਠਪਾਈ ਕਰਦਾ ਤੇ ਘੁਰਾੜੇ ਮਾਰ ਕੇ ਸੌਂ ਜਾਂਦਾ। ਬੱਚੇ ਬੂਹੇ ਪਿੱਛੇ ਲੁਕ ਕੇ ਦੇਖਦੇ। ਡਰ ਨਾਲ਼ ਸਹਿਮੇ ਬੱਚੇ ਗੁੱਛਾ-ਮੁੱਛਾ ਹੋ ਕੇ ਬੈਠ ਰਹਿੰਦੇ।

ਤੇ ਮੈਨੂੰ ਲੋੜ ਸੀ ਬੱਚਿਆਂ ਨੂੰ ਸੰਭਾਲਣ ਦੀ। ਮੈਂ ਹੱਠ ਦੀ ਚਾਦਰ ਆਪਣੇ ਦੁਆਲ਼ੇ ਲਪੇਟ ਲਈ। ਬਥੇਰਾ ਮੇਰੀ ਮਾਂ ਨੇ ਰੋਕਿਆ। ਪਰ ਮੈਂ ਇਕ ਨਾ ਸੁਣੀ। ਮੈਂ ਤੋਰ ਲਈ ਸੀ ਆਪਣੀ ਜ਼ਿੰਦਗੀ ਆਪਣੇ ਤਰੀਕੇ ਨਾਲ਼। ਕੈਨੇਡਾ ਵਿਚ ਔਰਤ ਦੇ ਨਾਲ਼ ਸਰਕਾਰ ਖੜੀ ਰਹਿੰਦੀ ਐ। ਸ਼ੁਕਰ ਐ ਕਿਸੇ ਵੇਲੇ ਦੇਵ ਮੈਨੂੰ ਕੈਨੇਡਾ ਲੈ ਆਇਆ ਸੀ। ਕੈਨੇਡਾ ਆ ਕੇ ਮੈਂ ਦੇਵ ਦੇ ਬਰਾਬਰ ਕੰਮ ਕਰਦੀ ਰਹੀ। ਬੱਚੇ ਜਣੇ, ਪਾਲ਼ੇ ਤੇ ਦੇਵ ਦੀ ਈਨ ਮੇਖ ਝੱਲੀ। ਜਦੋਂ ਉਸਦੇ ਹੱਥ ਚੱਲਣ ਲੱਗ ਪਏ ਤਾਂ ਮੈਂ ਬੱਚੇ ਚੁੱਕੇ ਅਤੇ ਪੁਲੀਸ ਦੀ ਮਦਦ ਨਾਲ਼ ਸ਼ੈਲਟਰ ਹੋਮ ਜਾ ਵੜੀ। ਕੁੱਝ ਹਫ਼ਤੇ ਧੱਕੇ ਖਾਧੇ ਤੇ ਫੇਰ ਜ਼ਿੰਦਗੀ ਰਵਾਂ ਹੋ ਤੁਰੀ। ਕਿਰਾਏ ਦੇ ਅਪਾਰਟਮੈਂਟ ਵਿੱਚ ਮੈ ਸਾਂ ਜਾਂ ਮੇਰੇ ਬੱਚੇ। ਕੰਮ ਮੇਰੇ ਕੋਲ ਪਹਿਲਾਂ ਹੀ ਚੰਗਾ ਸੀ। ਮੈਨੂੰ ਪਤਾ ਸੀ ਕਿ ਮੈਂ ਬੱਚੇ ਖੁਦ ਪਾਲ਼ ਸਕਦੀ ਹਾਂ। ਮੈਂ ਜ਼ਿੰਦਗੀ ਆਪਣੇ ਤਰੀਕੇ ਨਾਲ਼ ਤੋਰ ਲਈ। ਕੌਣ ਬਣਾਉਂਦਾ ਖਸਮ ਦੀਆਂ ਰੋਟੀਆਂ ਤੇ ਬਾਅਦ ਖਾਂਦਾ ਜੁੱਤੀਆਂ। ਬਾਅਦ ਵਿੱਚ ਦੇਵ ਬਥੇਰਾ ਮਿੰਤਾ ਕਰਦਾ ਰਿਹਾ। ਕਹਿੰਦਾ, "ਦੇਖ ਮੈਂ ਕਾਉਂਸਲਿੰਗ ਵੀ ਕਰ ਲਈ ਹੈ। ਤੂੰ ਬੱਚੇ ਲੈ ਕੇ ਘਰ ਪਰਤ ਆ। ਮੈਂ ਮੁੜ ਕੇ ਕਦੀ ਇਸ ਤਰ੍ਹਾਂ ਨ੍ਹੀ ਕਰੂੰਗਾ।" ਪਰ ਮੈਂ ਉਸਦੀ ਇਕ ਨਾ ਸੁਣੀ। ਵੈਸੇ ਵੀ ਜਿੱਥੇ ਮਨ ਦੀਆਂ ਕੁੰਡੀਆਂ ਨਾ ਅੜਣ ਉੱਥੇ ਰਹਿਣ-ਬਹਿਣ ਦਾ ਕੀ ਮਤਲਬ? ਉਸਨੂੰ ਹਫ਼ਤੇ ਬਾਅਦ ਕੋਰਟ ਵੱਲੋਂ ਇਕ ਦਿਨ ਬੱਚਿਆ ਨੂੰ ਦੇਖਣ ਲਈ ਮਿਲਿਆ। ਉਸਨੇ ਉਹ ਵੀ ਅੱਧਾ-ਅਧੂਰਾ ਹੀ ਵਰਤਿਆ। ਬੱਚਿਆਂ ਦਾ ਵੀ ਉਸ ਵਿਚ ਅੱਧਾ-ਅਧੂਰਾ ਪਿਆਰ ਹੀ ਪਿਆ।

ਮੈਂ ਕੰਮ ਕੀਤਾ ਰੱਜ ਕੇ। ਦੇਵ ਨੇ ਬੱਚਿਆਂ ਦਾ ਖਰਚਾ ਦਿੱਤਾ ਪਰ ਉਹ ਮੂੰਗਫਲੀ ਦੇ ਦਾਨਿਆਂ ਵਰਗਾ। ਜਦ ਕੰਮ ਹੀ ਨਹੀਂ ਸੀ ਕਰਦਾ ਤਾਂ ਖਰਚਾ ਕਿੱਥੋਂ ਦਿੰਦਾ। ਸਿੰਗਲ ਮਦਰ ਹੋਣ ਕਾਰਨ ਕੁੱਝ ਮਦਦ ਸਰਕਾਰ ਦੇ ਦਿੰਦੀ। ਮੇਰਾ ਘਰ ਵਧੀਆ ਚਲਦਾ ਰਿਹਾ। ਮੈਂ ਬੱਚੇ ਪਾਲ਼ੇ-ਪੜ੍ਹਾਏ ਆਪਣੀ ਮਰਜ਼ੀ ਨਾਲ਼। ਘਰ ਬਣਾਇਆ। ਬੱਜਟ ਨਾਲ਼ ਘਰ ਚਲਾਉਂਦੀ ਰਹੀ। ਬੈਂਕ ਵਿਚ ਪੈਸਾ ਵੀ ਜਮ੍ਹਾ ਹੋ ਗਿਆ। ਦੇਵ ਨਾ ਬੱਚਿਆਂ ਮਗਰ ਆਇਆ ਤੇ ਬੱਚੇ ਵੀ ਭੱਜ ਕੇ ਉਸ ਵੱਲ ਨਾ ਅਹੁੜੇ। ਦੋਨੋਂ ਬੱਚੇ ਚੰਗਾ ਪੜ੍ਹ-ਲਿਖ ਗਏ। ਆਪਣੇ-ਆਪਣੇ ਕੰਮਾਂ ਉੱਤੇ ਲੱਗ ਗਏ।

ਜਦੋਂ ਸ਼ਿਵ ਅਤੇ ਰੀਨਾ ਪੜ੍ਹ-ਲਿਖ ਕੇ ਆਪਣੇ-ਆਪਣੇ ਥਾਂਹੀਂ ਚਲੇ ਗਏ ਤਾਂ ਮੈਂ ਜਿਵੇਂ ਅੰਦਰੋਂ ਖਾਲੀ ਜਿਹੀ ਹੋ ਗਈ। ਉਨ੍ਹਾਂ ਨੂੰ ਪਾਲ਼ਦਿਆਂ ਵਕਤ ਜਿਵੇਂ ਅੱਖ ਦੀ ਫੋਰ ਵਿੱਚ ਨਿੱਕਲ ਗਿਆ। ਪਤਾ ਈ ਨ੍ਹੀ ਲੱਗਾ ਕਦੋਂ ਉਹ ਵੱਡੇ ਹੋਏ ਅਤੇ ਕਦੋਂ ਉਹ ਆਪਣੇ ਜੀਵਨ ਦੀਆਂ ਪੁਲਾਂਘਾ ਪੁੱਟਣ ਲੱਗ ਪਏ। ਇਕ ਦਿਨ ਉਹ ਮੈਨੂੰ ਬਿਠਾਲ ਕੇ ਕਹਿਣ ਲੱਗੇ, "ਮੌਮ ਵਰੀ ਨਾ ਕਰੋ। ਹਰ ਇਕ ਨੂੰ ਆਪਣਾ ਭਾਰ ਢੋਣਾ ਪੈਂਦੈ। ਤੁਸੀਂ ਵੀ ਢੋਇਆ ਸੀ। ਤੇ ਹੁਣ ਅਗਲੀ ਜੈਨਰੇਸ਼ਨ ਹੈ। ਯੁੱਗ ਬਦਲ ਗਿਐ। ਅਜ ਕੰਪੀਟੀਸ਼ਨ ਦਾ ਸਮਾਂ ਹੈ। ਤੇ ਸਾਨੂੰ ਵੀ ਉਸ ਦੌੜ ਵਿਚ ਸ਼ਾਮਲ ਹੋ ਕੇ ਆਪਣਾ ਆਪ ਚੁੱਕਣਾ ਪੈਣੈ। ਤੁਸੀਂ ਹੁਣ ਆਪਣੀ ਜ਼ਿੰਦਗੀ ਜਿਉਣੀ ਸ਼ੁਰੂ ਕਰੋ। ਇੰਜੁਆਏ ਕਰੋ ਆਪਣੀ ਲਾਈਫ। ਲਰਨ ਟੂ ਲਿਵ ਵਿਦ ਦਾ ਟਾਈਮ। ਅਜ ਮੰਡੀ ਦਾ ਯੁੱਗ ਐ। ਮੰਡੀ ਮੌਕੇ ਦੇ ਨਾਲ਼ ਚੱਲਦੀ ਹੈ ਜਿਵੇਂ ਸੱਟਾ ਬਜ਼ਾਰ ਚੱਲਦਾ ਹੈ। ਟੁਡੇਅ ਰਿਸ਼ਤੇ ਵੀ ਮੰਡੀ ਵਿਚ

ਆ ਗਏ ਹਨ। ਸਾਨੂੰ ਜਾਣਾ ਹੀ ਪੈਣੈ। ਇਹ ਸਾਡਾ ਸਮਾਂ ਹੈ ਇਸ ਦੌੜ ਵਿਚ ਸ਼ਾਮਿਲ ਹੋਣ ਦਾ। ਅਸੀਂ ਆਪਣੀ ਸਮਰੱਥਾ ਨੂੰ ਟੈਸਟ ਕਰਨੈ। ਟੈਸਟ ਕਰਾਂਗੇ ਤਾਂ ਹੀ ਜੀਅ ਸਕਾਂਗੇ।"

ਮੈਂ ਸੋਚ ਰਹੀ ਸਾਂ, ਕੀ ਹਰ ਰਿਸ਼ਤਾ ਹੁਣ ਸੱਟਾ ਬਜ਼ਾਰ ਹੈ? ਤਾਹੀਂਓਂ ਕੋਈ ਕਿਸੇ ਦੀ ਪਰਵਾਹ ਨਹੀਂ ਕਰਦਾ। ਕੀ ਮੈਂ ਵੀ ਮੰਡੀ ਦੀਆਂ ਵਸਤਾਂ ਵਿੱਚ ਤਾਂ ਨਹੀਂ ਆ ਗਈ? ਕੀ ਹਰ ਬੰਦਾ ਇਕ ਵਸਤੂ ਤਾਂ ਨਹੀਂ ਬਣਦਾ ਜਾ ਰਿਹਾ?

ਇਹ ਸੋਚਦਿਆਂ ਦੇਵ ਮੇਰੇ ਸਾਮ੍ਹਣੇ ਆ ਖਲੋਂਦਾ। ਜਿਵੇਂ ਆਖ ਰਿਹਾ ਹੋਵੇ, "ਹੁਣ ਦੱਸ? ਤੂੰ ਵੀ ਭੱਜੀ ਸੀ ਘਰੋਂ ਇਕ ਦਿਨ। ਇਸੇ ਦੌੜ ਵਿਚ ਰਲ਼ਣ ਲਈ।"

ਦੇਵ ਨਾਲ਼ ਮੇਰਾ ਰਿਸ਼ਤਾ ਜਜ਼ਬਾਤੀ ਕਦੀ ਬਣਿਆ ਹੀ ਨਹੀਂ। ਇਕ ਘਰ ਵਿਚ ਇਕੱਠੇ ਰਹਿੰਦੇ ਸਾਂ। ਪਰ ਉਸਦੀ ਦੁਨੀਆ ਆਪਣੀ ਸੀ ਤੇ ਮੇਰੀ ਆਪਣੀ। ਕੋਈ ਸੋਚ ਦੀ ਸਾਂਝ ਨਹੀਂ, ਕਿਸੇ ਇਮੋਸ਼ਨ ਨਾਲ਼ ਵਾਹ ਵਾਸਤਾ ਨਹੀਂ। ਘਰ, ਬੱਚੇ, ਕੰਮ ਸਭ ਮੇਰੀ ਜਿੰਮੇਵਾਰੀ। ਤੇ ਦੇਵ ਕੰਮ ਤੋਂ ਆਉਂਦਾ, ਖਾਂਦਾ-ਪੀਂਦਾ ਬਾਹਰ ਨੂੰ ਦੌੜ ਜਾਂਦਾ। ਘਰ ਉਸ ਲਈ ਕੈਦ ਸੀ। ਅਸੀਂ ਉਸਦੇ ਪੈਰਾਂ ਵਿਚ ਪਈਆ ਜੰਜ਼ੀਰਾਂ। ਤੇ ਜਦੋਂ ਉਹ ਮਾਨਸਿਕ ਸੰਤੁਲਨ ਗੁਆ ਬੈਠਦਾ ਤਾਂ ਸਾਡੀ ਸਾਰਿਆਂ ਦੀ ਠਿੱਪ-ਠਪਾਈ ਕਰਨ ਲੱਗ ਪੈਂਦਾ। ਉਸਦੇ ਪੈਰੀਂ ਪਈਆਂ ਬੇੜੀਆਂ ਮੈਂ ਲਾਹ ਕੇ ਵਗਾਹ ਮਾਰੀਆ। ਹੋ ਗਈ ਸਾਂ ਆਪ ਆਜ਼ਾਦ ਤੇ ਦੇਵ ਵੀ ਆਪਣੀ ਖੁਲ੍ਹ ਵਿਚ ਜੀਣ ਲੱਗ ਪਿਆ ਸੀ। ਇਕੱਠੇ ਰਹਿੰਦਿਆਂ ਸਾਡਾ ਜਿਵੇਂ ਤਾਲ ਮੇਲ ਬਣਿਆ ਹੀ ਨਾ। ਮੈਂ ਕੋਈ ਗੱਲ ਕਰਦੀ, ਉਹ ਕੋਈ ਮਤਲਬ ਕੱਢਦਾ।

ਮੈਂ ਪੂਰੀ ਜ਼ਿੰਦਗੀ ਉਸਦੀਆਂ ਗੱਲਾਂ ਦੇ ਮਤਲਬ ਸਮਝਣ 'ਤੇ ਨਹੀਂ ਸਾਂ ਗੁਜ਼ਾਰਨਾ ਚਾਹੁੰਦੀ। ਤੇ ਮੈਂ ਜਿਵੇਂ ਆਪਣੀ ਜਿੰਮੇਵਾਰੀਆਂ ਦੀ ਪੰਡ ਚੁੱਕੀ ਤੇ ਆਪਣਾ ਰਾਹ ਅੱਡ ਕਰ ਲਿਆ ਸੀ।

ਮੇਰੀ ਧੀ ਰੀਨਾ ਨੂੰ ਵੈਸਟ ਇੰਡੀਅਨ ਮੁੰਡਾ ਯੂਨੀਵਰਸਿਟੀ ਵਿਚ ਮਿਲਿਆ। ਉਹ ਚਾਹੁੰਦੀ ਸੀ ਕਿ ਲਿਵ ਇੰਨ ਰਿਲੇਸ਼ਨ ਵਿੱਚ ਉਸ ਨਾਲ਼ ਰਹਿਣ ਲੱਗ ਪਵੇ। ਮੇਰੇ ਕੋਲੋਂ ਇਹ ਗੱਲ ਬਰਦਾਸ਼ਤ ਨਾ ਹੋਵੇ। ਇੱਕ ਵੈਸਟ ਇੰਡੀਅਨ ਮੁੰਡਾ ਤੇ ਦੂਜਾ ਇਕੱਠੇ ਰਹਿਣਾ। ਮੈਂ ਉਸਨੂੰ ਕਿਹਾ, "ਕੁੜੀਏ ! ਇੱਕ ਗੱਲ ਤੈਨੂੰ ਮੇਰੀ ਮੰਨਣੀ ਪਊ। ਜੇ ਤੂੰ ਕਾਰਲ ਨਾਲ਼ ਰਹਿਣੈ ਤਾਂ ਵਿਆਹ ਕਰਵਾ ਕੇ ਰਹੁ। ਵਰਨਾ ਤੇਰਾ-ਮੇਰਾ ਰਿਸ਼ਤਾ ਖ਼ਤਮ ਹੈ।" ਮੈਂ ਅੰਦਰੋਂ ਡਰਾਂ ਵੀ ਕਿ ਕੁੜੀ ਕਿੱਧਰੇ ਗ਼ਲਤ ਫੈਸਲਾ ਨਾ ਲੈ ਲਵੇ। ਪਰ ਨਹੀਂ, ਰੀਨਾ ਨੇ ਕਾਰਲ ਨਾਲ਼ ਵਿਆਹ ਕਰਾ ਲਿਆ। ਮੈਂ ਅੰਦਰੋ-ਅੰਦਰ ਤੜਫ਼ੀ ਜ਼ਰੂਰ। ਪਰ ਫੇਰ ਸੋਚਿਆ, ਮੈਂ ਨਾ ਵੀ ਮੰਨਾ ਤਾਂ ਵੀ ਇਸਨੇ ਹਟਣਾ ਤਾਂ ਹੈ ਨੀ। ਕਹਿੰਦੇ ਐ ਨਾ ਪੂਰੀ ਜਾਂਦੀ ਦੇਖ ਕੇ ਅੱਧੀ ਦੇਈਏ ਗੁਆ। ਇਹ ਸੋਚ ਕੇ ਮੈਂ ਚੁੱਪ ਰਹੀ। ਵੈਸੇ ਵੀ 'ਕਾਰਲ ਦੀ ਮਾਂ ਗੋਰੀ ਸੀ ਤੇ ਪਿਓ ਵੈਸਟ ਇੰਡੀਅਨ। ਮੇਰੇ ਅੰਦਰਲੀ ਮਾਂ ਦੀ ਨਫ਼ਰਤ ਆਖੀ ਜਾਵੇ, ਚਲੋ ਮੁੰਡਾ ਪੂਰਾ ਕਾਲ਼ਾ ਤਾਂ ਹੈ ਨ੍ਹੀ। ਨਸਲੀ ਵਿਤਕਰਾ ਜਿਵੇਂ ਮੇਰੇ ਦਿਮਾਗ ਦੀਆ ਨਾੜਾਂ ਨੂੰ ਫੜੀ ਬੈਠਾ ਸੀ। ਮੈਂ ਇਹ ਵੀ ਸੋਚਾਂ ਜੇ ਅਜ ਦੇਵ ਜਿਉਂਦਾ ਹੁੰਦਾ ਤਾਂ ਉਹ ਕੀ ਕਹਿੰਦਾ? ਉਹ ਰੀਨਾ ਦੇ ਵਿਆਹ ਤੋਂ ਸਾਲ ਪਹਿਲਾਂ ਹੀ ਐਕਸੀਡੈਂਟ ਵਿੱਚ ਜਾਨ ਗੁਆ ਬੈਠਾ ਸੀ। ਕਾਰਲ ਨੂੰ ਜਾਨਣ ਤੋਂ ਬਾਅਦ ਮੈਂ ਸੋਚਿਆ, ਰੀਨਾ ਦਾ ਫੈਸਲਾ ਸਹੀ ਸੀ। ਮੈਨੂੰ ਵਿਸ਼ਵਾਸ ਹੈ ਕਿ ਦੇਵ ਨੇ ਵੀ ਕਾਰਲ ਨੂੰ ਪਸੰਦ ਕਰਨਾ ਸੀ। ਕਾਰਲ ਹੈ ਹੀ ਐਨਾ ਮੋਹ ਖੋਰਾ।

ਮੇਰੇ 'ਸ਼ਿਵ ਨੇ ਚਾਈਨੀਜ਼ ਕੁੜੀ ਨਾਲ਼ ਵਿਆਹ ਕਰਵਾ ਲਿਆ। ਪਤਾ ਨਹੀਂ ਉਹ

ਚਾਈਨੀਜ਼ ਹੈ, ਫਿਲਪੀਨੋ ਜਾਂ ਵਿਟਨਾਮੀਜ਼।ਅਸੀਂ ਲੋਕ ਅਕਸਰ ਉਨ੍ਹਾਂ ਸਭ ਨੂੰ ਚੀਨੇ ਹੀ ਆਖ ਦਿੰਦੇ ਹਾਂ। ਚੀਨੀ ਕੁੜੀ 'ਨੈਂਸੀ ਮੇਰੇ ਗੁਆਂਢ ਹੀ ਰਹਿੰਦੀ ਸੀ। ਸ਼ਿਵ ਤੇ ਨੈਂਸੀ ਇਕੱਠੇ ਪਲੇ, ਪੜ੍ਹੇ।ਇਕ ਦੂਜੇ ਦੇ ਘਰੀਂ ਆਉਂਦੇ ਜਾਂਦੇ ਰਹੇ।ਨੈਂਸੀ ਦੀ ਮਾਂ ਵੀ ਮੇਰੀ ਸਹੇਲੀ ਬਣ ਗਈ।ਅਸੀਂ ਇਕੱਠੀਆਂ ਸ਼ਾਪਿੰਗ ਵੀ ਕਰਦੀਆਂ, ਸੈਰ ਨੂੰ ਜਾਂਦੀਆਂ। ਗੱਲ ਕੀ ਸਾਡਾ ਜਿਵੇਂ ਭੈਣਾਂ ਵਰਗਾ ਮੋਹ-ਪਿਆਰ ਪੈ ਗਿਆ ਸੀ। ਨੈਂਸੀ ਮੈਨੂੰ ਬਚਪਨ ਤੋਂ ਹੀ ਚੰਗੀ ਲੱਗਦੀ। ਮੇਰੇ ਨਾਲ਼ ਵਾਹਵਾ ਸੋਹਣਾ ਘੁਲ-ਮਿਲ ਗਈ। ਜਦੋਂ ਸ਼ਿਵ ਨੇ ਦੱਸਿਆ ਤਾਂ ਮੈਂ ਸੋਚਿਆ ਜੇ ਮੁੰਡਾ ਖੁਸ਼, ਤਾਂ ਮੈਂ ਵੀ ਖੁਸ਼।ਮੈਂ ਰੀਨਾ ਅਤੇ ਸ਼ਿਵ ਦੋਹਾਂ ਦੇ ਵਿਆਹਾਂ ਤੇ ਗਈ।ਉਨ੍ਹਾਂ ਦੇ ਮਿੱਤਰ ਦੋਸਤ ਵੀ ਆਏ।ਮੇਰੇ ਦੋ ਕੁ ਰਿਸ਼ਤੇਦਾਰ ਵੀ ਮੈਂ ਸੱਦ ਲਏ।ਜਦੋਂ ਕੇਕ ਕੱਟੇ ਤਾਂ ਵਿੱਚ ਮੈਂ ਵੀ ਖੜੀ ਹੋਈ।ਸਭ ਨੂੰ ਹਾਇ-ਬਾਇ ਮੈਂ ਵੀ ਕਰਦੀ ਰਹੀ।ਸਾਡੀਆਂ ਰਸਮਾਂ ਨਾਲ਼ ਵਿਆਹ ਤਾਂ ਉਹ ਕਰਾਉਣਾ ਚਾਹੁੰਦੇ ਸੀ ਪਰ ਬਹੁਤੇ ਲੋਕਾਂ ਨੂੰ ਸਦਣਾਂ ਨਹੀਂ ਸੀ ਚਾਹੁੰਦੇ। ਮੇਰੀ ਖੁਸ਼ੀ ਲਈ ਉਨ੍ਹਾਂ ਦੋਹਾਂ ਨੇ ਫੇਰੇ ਲੈ ਲਏ ਅਤੇ ਵਿਆਹ ਹੋ ਗਏ।ਬਹੁਤੇ ਖਰਚੇ ਉਹ ਦੋਨੋਂ ਨਹੀਂ ਸਨ ਕਰਨਾ ਚਾਹੁੰਦੇ।ਕਹਿਣ ਲੱਗੇ, "ਮੌਮ! ਉਹ ਲੋਕ ਜਿਨ੍ਹਾਂ ਨੂੰ ਅਸੀਂ ਜਾਣਦੇ ਵੀ ਨਹੀਂ, ਕਿਉਂ ਸਦੀਏ? ਅਸੀਂ ਉਨ੍ਹਾਂ ਲੋਕਾਂ ਨਾਲ਼ ਆਪਣਾ ਖਾਸ ਦਿਨ ਸਾਂਝਾ ਕਰਨਾ ਚਾਹੁੰਦੇ ਹਾਂ ਜਿਹੜੇ ਸਾਡੇ ਕਰੀਬ ਹਨ।ਵਰਨਾ ਲੋਕੀਂ ਕਈ ਸੌ ਬੰਦੇ ਸੱਦ ਲੈਂਦੇ ਹਨ।ਅਗਲੇ ਖਾਂਦੇ ਪੀਂਦੇ ਹਨ ਤੇ ਡਕਾਰ ਮਾਰਦੇ ਚਲਦੇ ਬਣਦੇ ਹਨ।ਖਰਚੇ ਦੀਆਂ ਕਸਰਾਂ ਕੱਢ ਜਾਣਗੇ। ਉਨ੍ਹਾਂ ਨੇ ਸਾਡੀ ਜ਼ਿੰਦਗੀ ਦੇ ਦੁੱਖ-ਸੁੱਖ ਵਿੱਚ ਕਦੀ ਸਾਰ ਨਹੀਂ ਲਈ। ਕਦੀ ਹਾਲ-ਚਾਲ ਨ੍ਹੀ ਪੁੱਛਿਆ। ਅਸੀਂ ਉਨ੍ਹਾਂ ਲੋਕਾਂ ਉੱਤੇ ਖਰਚੇ ਕਿਉਂ ਕਰੀਏ? ਉਸੇ ਪੈਸੇ ਨਾਲ਼ ਅਸੀਂ ਆਪਣਾ ਘਰ-ਘਾਟ ਬਣਾਵਾਂਗੇ।"

ਮੈਨੂੰ ਵੀ ਉਨ੍ਹਾਂ ਦੀ ਗੱਲ ਜੱਚੀ।

ਰੀਨਾ ਤੇ ਸ਼ਿਵ ਦੋਨਾਂ ਨੇ ਆਪਣੇ-ਆਪਣੇ ਤਰੀਕੇ ਨਾਲ਼ ਵਿਆਹ ਕਰਾ ਕੇ ਆਪਣੇ ਘਰੀਂ ਸੈੱਟ ਹੋ ਗਏ। ਵਿਆਹਾਂ ਤੋਂ ਪਹਿਲਾਂ ਹੀ ਸ਼ਿਵ ਨੇ ਕੌਂਡੋ ਬੁੱਕ ਕਰਵਾ ਲਿਆ ਤੇ ਰੀਨਾ ਨੇ ਸੇਮੀ ਡਿਟੈਚ ਘਰ ਲੈ ਲਿਆ।ਮੈਂ ਸੋਚਿਆ, ਚਲੋ ਮੈਂ ਆਪਣੀ ਦੁਨੀਆਂ ਵਸਾਈ ਸੀ ਤੇ ਇਨ੍ਹਾਂ ਨੇ ਆਪਣੀ ਵਸਾ ਲਈ। ਦੂਜੀਆਂ ਕੌਮਾਂ ਦੇ ਮੁੰਡਾ ਤੇ ਕੁੜੀ ਵੀ ਕੰਮ ਕਾਰ ਨੂੰ ਚੰਗੇ ਨਿੱਕਲੇ। 'ਕਾਰਲ ਕੰਪਿਊਟਰ ਪ੍ਰੋਗਰਾਮਰ ਸੀ ਤੇ ਚੰਗੀ ਕਮਾਈ ਕਰਦਾ ਸੀ।ਨੈਂਸੀ ਬੈਂਕ ਮੈਨੇਜਰ ਸੀ।ਉਹ ਵੀ ਮੇਰੀ ਰੀਨਾ ਅਤੇ ਸ਼ਿਵ ਵਾਂਗ ਹੀ ਭੱਜ-ਭੱਜ ਕੰਮ ਕਰਦੇ।

ਫੇਰ ਵੀ ਮੇਰੇ ਮਨ ਵਿੱਚ ਕੁੱਝ ਘਾਊਂ ਮਾਊਂ ਜਿਹਾ ਹੋਈ ਜਾਂਦਾ। ਕਿਸੇ ਨੂੰ ਦੱਸਣ ਨੂੰ ਜੀਅ ਨ੍ਹੀ ਕਰਦਾ ਕਿ ਮੇਰੇ ਪਾਲ਼ੇ ਪੜ੍ਹਾਏ ਬੱਚੇ ਇਨ੍ਹਾਂ ਲੀਹਾਂ ਉੱਤੇ ਤੁਰ ਪਏ ਹਨ।ਸਾਡੇ ਲੋਕਾਂ ਨੇ ਸੌ-ਸੌ ਗੱਲਾਂ ਕਰਨੀਆਂ ਹਨ।ਸੋਚਦੀ ਹਾਂ, ਲੋਕਾਂ ਨੇ ਤਾਂ ਇਹੀ ਕਹਿਣੈ ਕਿ ਕੁੜੀ ਨੂੰ ਵਿਆਹ ਕਰਾਉਣ ਨੂੰ ਕਾਲ਼ਾ ਹੀ ਲੱਭਾ? ਭਾਵੇਂ ਉਸਦੀ ਮਾਂ ਗੋਰੀ ਹੈ। ਜਮੀਕਾ ਉਸਦੇ ਪਿਓ ਦਾ ਦੇਸ਼ ਹੈ। ਤੇ ਉਸਦਾ ਦੇਸ਼ ਤਾਂ ਕੈਨੇਡਾ ਹੈ।ਫੇਰ ਮੈਂ ਸੋਚਦੀ ਹਾਂ ਜਿਸ ਇੰਡੀਅਨ ਬੰਦੇ ਦੇ ਮੈਂ ਲੜ ਲੱਗੀ ਸਾਂ, ਉਸਨੇ ਮੈਨੂੰ ਕੀ ਦਿੱਤਾ? ਜੇ ਇਨ੍ਹਾਂ ਦੀ ਜ਼ਿੰਦਗੀ ਇਸ ਤਰ੍ਹਾਂ ਖੁਸ਼ੀ ਨਾਲ਼ ਨਿਕਲਦੀ ਹੈ ਤਾਂ ਏਸੇ ਤਰ੍ਹਾਂ ਸਹੀ। ਮੈਂ ਉਸੇ ਤਰ੍ਹਾਂ ਖੁਸ਼ ਹਾਂ ਜਿਸ ਤਰ੍ਹਾਂ ਮੇਰੇ ਬੱਚੇ ਖੁਸ਼ ਹਨ। ਲੋਕਾਂ ਦਾ ਕੀ ਐ? ਅਜ ਮੇਰੀਆਂ ਗੱਲਾਂ ਕਰਨਗੇ ਤੇ ਕਲ ਨੂੰ ਕੋਈ ਹੋਰ ਹੱਥ ਆ ਜਾਊ ਉਸਦੀਆਂ ਕਰਨਗੇ।ਸਾਨੂੰ ਵੀ ਸਾਡੇ ਬੱਚਿਆਂ ਤੋਂ ਕੁਝ ਸਿੱਖਣ ਦੀ ਲੋੜ ਐ। ਜੋ ਉਨ੍ਹਾਂ ਦੇ ਮਨ ਵਿੱਚ ਹੈ ਉਹੀ ਜ਼ੁਬਾਨ ਉੱਤੇ ਹੈ।

ਜਦੋਂ ਬੱਚੇ ਛੋਟੇ ਸਨ ਤਾਂ ਸ਼ਿਵ ਕਹਿੰਦਾ ਹੁੰਦਾ ਸੀ, "ਮੌਮ! ਵਾਈ ਡੌਂਟ ਯੂ ਹੈਵ ਏ ਬੁਆਏ

ਫਰੈਂਡ?" ਉਸਦੀ ਗੱਲ ਤੇ ਮੈਂ ਹੱਸ ਛੱਡਦੀ ਸਾਂ। ਸੋਚਦੀ ਸਾਂ ਇੱਥੇ ਦੇ ਜੰਮੇ ਪਲ਼ੇ ਬੱਚਿਆਂ ਨੂੰ ਸਾਡੀ ਤਹਿਜ਼ੀਬ ਜਿਵੇਂ ਪਤਾ ਹੀ ਨਹੀਂ। ਕਈ ਵੇਰ ਮੈਂ ਉਸਨੂੰ ਕਹਿੰਦੀ, 'ਤੂੰ ਜੁ ਹੈ। ਮੇਰਾ ਨਿੱਕਾ ਜਿਹਾ ਬੁਆਏ ਫਰੈਂਡ।' ੜ ਤੇ ਹੁਣ ਕਦੀ ਕਦਾਈਂ ਸੋਚਦੀ ਹਾਂ, ਗੋਰੇ ਸ਼ਾਇਦ ਗੱਲਾਂ-ਬਾਤਾਂ ਦੀ ਸਾਂਝ ਲਈ ਬੁਆਏ ਫਰੈਂਡ-ਗਰਲ ਫਰੈਂਡ ਬਣਾ ਲੈਂਦੇ ਹੋਣਗੇ। ਅਸੀਂ ਤਾਂ ਕਿਸੇ ਨਾਲ਼ ਗੱਲ ਵੀ ਕਰ ਲਈਏ ਤਾਂ ਲੋਕ ਧੜੀ ਧੜੀ ਦੀਆਂ ਗੱਲਾਂ ਬਣਾਉਣਗੇ ਜਿਵੇਂ ਉਨ੍ਹਾਂ ਨੂੰ ਕਿਸੇ ਨੇ ਬੈੱਡਰੂਮ ਵਿੱਚ ਇਕੱਠੇ ਦੇਖ ਲਿਆ ਹੋਵੇ। ਭਲਾ ਕੀ ਹਰਜ਼ ਹੈ ਦੋਸਤੀ ਵਿੱਚ? ਬੰਦਾ ਕਿਸੇ ਨਾਲ਼ ਗੱਲ ਹੀ ਕਰ ਸਕਦੈ। ਮੇਰਾ ਤਾਂ ਜੀਅ ਕਰਦੈ ਮੈਂ ਵੀ ਕੋਈ ਫਰੈਂਡ ਬਣਾ ਲਵਾਂ। ਉਹ ਮੈਨੂੰ ਚਾਹ ਦਾ ਕੱਪ ਹੀ ਬਣਾ ਦੇਊ। ਮੇਰੇ ਨਾਲ਼ ਕੋਈ ਗੱਲ ਬਾਤ ਹੀ ਕਰੂ। ਸਾਰੇ ਦਿਨ ਦੀ ਚੁੱਪ ਵੀ ਘਾਤਕ ਹੁੰਦੀ ਹੈ। ਬੰਦਾ ਊਂ ਹੀ ਪਾਗਲ ਹੋ ਜਾਂਦੈ।

ਗਿੰਦਰੋ ਫੇਰ ਮੇਰੀ ਸੋਚ ਵਿੱਚ ਉੱਭਰ ਆਉਂਦੀ ਹੈ। ਜਦੋਂ ਉਹ ਹਸਪਤਾਲ ਪਈ ਹੂੰਘਦੀ ਸੀ, ਮੈਂ ਸੋਚਿਆ ਸੀ ਕਿ ਜੇ ਕਰ ਇਸਦੇ ਬੱਚਿਆਂ ਨੂੰ ਕੋਈ ਦੁੱਖ-ਪੀੜ ਪਵੇਗੀ ਤਾਂ ਉਹ ਵੀ ਇਸੇ ਮਾਂ ਨੂੰ ਆਵਾਜ਼ਾਂ ਮਾਰਨਗੇ। ਜਿਸਨੂੰ ਉਹ ਦੇਖਣ ਨਹੀਂ ਸਨ ਆਏ। ਨਾਲ਼ ਦੇ ਕਮਰਿਆਂ ਵਾਲੇ ਮੁੜ-ਮੁੜ ਕੇ ਉਸਦੇ ਕਮਰੇ ਵਿਚ ਝਾਤੀਆਂ ਮਾਰਦੇ। ਦੇਖਦੇ ਕਿ ਸ਼ਾਇਦ ਕੋਈ ਉਸਨੂੰ ਦੇਖਣ ਆਇਆ ਹੋਵੇਗਾ। ਗੋਰੀਆਂ ਆਪੋ ਵਿਚੀਂ ਗਿੱਟ-ਮਿੱਟ ਕਰਦੀਆਂ, "ਪੂਅਰ ਵੋਮਨ" ਆਖਦੀਆਂ ਤੁਰ ਪੈਂਦੀਆਂ। ਸਭ ਦੇ ਚਿਹਰਿਆਂ ਉੱਤੇ ਨਿਰਾਸ਼ਾ ਹੁੰਦੀ। ਸ਼ਾਮ ਨੂੰ ਸਭ ਦੇ ਰਿਸ਼ਤੇਦਾਰ ਆਉਂਦੇ ਪਰ ਗਿੰਦਰੋ ਆਪਣੇ ਦਰਦ ਵਿਚ ਕੁਰਲਾਉਂਦੀ ਹੋਈ ਦਰਵਾਜ਼ੇ ਉੱਤੇ ਨਿਗ੍ਹਾ ਟਿਕਾਈ ਰੱਖਦੀ।

ਪਰ ਨਹੀਂ? ਕੋਈ ਉਸਨੂੰ ਦੇਖਣ ਨਾ ਢੁੱਕਾ। ਨਾ ਕੋਈ ਧੀ ਅਤੇ ਨਾ ਪੁੱਤ। ਮੈਂ ਸੋਚਾਂ, ਫੇਰ ਬੰਦਾ ਟੱਬਰ ਬਣਾਉਣ ਵਾਸਤੇ ਐਨਾ ਤਾਂਘੜਦਾ ਕਿਉਂ ਐ?

ਮੇਰੀ ਧੀ ਰੀਨਾ ਮੈਨੂੰ ਹਸਪਤਾਲ ਦੇਖਣ ਆਉਂਦੀ। ਉਹ ਮੈਨੂੰ ਪੁੱਛਦੀ, "ਮਾਂ! ਗਿੰਦਰੋ ਨੂੰ ਕੋਈ ਆਇਆ ਦੇਖਣ?" ਮੇਰਾ ਉੱਤਰ ਨਾਂਹ ਵਿਚ ਹੁੰਦਾ। ਮੇਰਾ ਚਿਹਰਾ ਤਣਿਆ ਦੇਖ ਕੇ ਆਖਦੀ, "ਕੋਈ ਨ੍ਹੀ ਮਾਂ ਮੈਂ ਜਾਂਦੀ ਹੋਈ ਉਸਨੂੰ ਹੈਲੋ ਆਖ ਕੇ ਜਾਵਾਂਗੀ।" ਤੇ ਉਹ ਆਪਣੇ ਰੁੱਝੇ ਹੋਏ ਵਕਤ ਵਿੱਚੋਂ ਘੰਟਾ-ਦੋ ਘੰਟੇ ਮੈਨੂੰ ਦੇਖ ਕੇ ਚਲੀ ਜਾਂਦੀ।

ਜਾਣ ਤੋਂ ਪਹਿਲਾਂ ਰੀਨਾ, ਗਿੰਦਰੋ ਦੇ ਕਮਰੇ ਵਿਚ ਵੀ ਗੇੜਾ ਮਾਰਦੀ। ਕਦੀ ਅੰਗੂਰ ਅਤੇ ਕਦੀ ਸੰਤਰੇ ਉਸਨੂੰ ਫੜਾ ਜਾਂਦੀ। ਗਿੰਦਰੋ ਮੇਰੀ ਧੀ ਨੂੰ-ਸੌ-ਸੌ ਅਸੀਸਾਂ ਦਿੰਦੀ। ਮੇਰੀ ਰੂਹ ਵੀ ਖੁਸ਼ ਹੋ ਜਾਂਦੀ। ਮੈਂ ਸੋਚਦੀ, ਭਾਵੇਂ ਬੱਚੇ ਆਪਣੀ ਦੌੜ ਵਿਚ ਹਨ, ਪਰ ਐਨਾ ਕੁ ਖਿਆਲ ਤਾਂ ਸਾਡਾ ਕਰਨਾ ਹੀ ਚਾਹੀਦੈ।

ਅਗਲੇ ਐਤਵਾਰ ਗਿੰਦਰੋ ਦੀਆਂ ਦੋ ਨੂੰਹਾਂ ਅਤੇ ਦੋਨੋਂ ਪੁੱਤਰ ਉਸਨੂੰ ਦੇਖਣ ਆਏ ਸਨ। ਠੁੱਮਕ-ਠੁੱਮਕ ਕਰਦੇ। ਪਹਿਨੇ ਪਚਰੇ ਹੋਏ। ਬਾਹਵਾਂ ਲਮਕਾਉਂਦੇ ਹੋਏ। ਮੇਰੇ ਵਿੰਡੋਂ ਕੋਲ ਦੀ ਲੰਘਦਿਆਂ ਦੀ ਆਵਾਜ਼ ਸਾਫ਼ ਸੁਣਾਈ ਦੇ ਰਹੀ ਸੀ। ਉਨ੍ਹਾਂ ਨੂੰ ਦੇਖ ਕੇ ਮੈਂ ਵੀ ਖੁਸ਼ ਹੋ ਗਈ। ਸੋਚਿਆ, "ਨਿਕਰਮਣ ਨੂੰ ਕੋਈ ਤਾਂ ਦੇਖਣ ਆਇਐ।"

ਉਹ ਚਾਰੋਂ ਧੱਮਕ-ਧੱਮਕ ਕਰਦੇ, ਗਿੰਦਰੋ ਦੇ ਕਮਰੇ ਅੰਦਰ ਵੜੇ। ਸੱਜੀਆਂ-ਧੱਜੀਆ ਨੂੰਹਾਂ। ਮੁੰਡੇ ਵੀ ਪਹਿਨੇ ਪਚਰੇ ਹੋਏ। ਸੂਟ-ਬੂਟ ਪਹਿਨੇ। ਟਾਈ-ਛਾਈ ਲਾਈ ਹੋਈ। ਸੋਚਦੇ ਹੋਣਗੇ, ਹਸਪਤਾਲ ਵਿਚ ਜਾਣੈ, ਆਪਣੀ ਪਰਸਨੈਲਿਟੀ ਦਾ ਰੋਅਬ ਪਾ ਦੇਣਗੇ। ਮਾਂ ਨੂੰ ਖੁਸ਼ੀ ਹੋਵੇਗੀ ਕਿ ਉਸਦੇ ਪੁੱਤਰ-ਨੂੰਹਾਂ ਕਿੰਨੇ ਵੱਡੇ ਮੁਕਾਮ 'ਤੇ ਹਨ। ਉਨ੍ਹਾਂ ਨੇ ਅੰਦਰ ਵੜ ਕੇ ਮਾਂ ਨੂੰ

ਦੇਖਿਆ। ਉੱਥੇ ਸਿਰਫ਼ ਦੋ ਹੀ ਕੁਰਸੀਆਂ ਸਨ। ਇਹ ਦੇਖ ਕੇ ਦੋਨੋਂ ਭਰਾ ਬਾਹਰ ਆਣ ਖੜੋਤੇ। ਸ਼ਾਇਦ ਦਵਾਈਆਂ ਦੀ ਮਹਿਕ ਨੇ ਜਾਂ ਉਨ੍ਹਾਂ ਦੀ ਮਾਂ ਦੀ ਹਾਲਤ ਨੇ ਉਨ੍ਹਾਂ ਦਾ ਉੱਥੇ ਖੜੋਣਾ ਦੁੱਭਰ ਕਰ ਦਿੱਤਾ ਹੋਵੇ। ਮੇਰੇ ਕਮਰੇ ਦੇ ਬਾਹਰ ਉਹ ਗੱਲਾਂ ਕਰਦੇ ਦਿਖਾਈ ਵੀ ਦੇ ਰਹੇ ਸਨ ਤੇ ਸੁਣਾਈ ਵੀ।

ਵਾਰੀ-ਵਾਰੀ ਦੋਨੋਂ ਜੋੜੇ ਪੰਜ-ਪੰਜ ਮਿੰਟ ਵਾਸਤੇ ਅੰਦਰ ਵੜੇ। ਮਾਂ ਦਾ ਹਾਲ-ਚਾਲ ਪੁੱਛਿਆ, ਅਤੇ ਬਾਹਰ ਆ ਗਏ। ਬੱਸ ਦਸਾਂ ਮਿੰਟਾਂ ਦੀ ਗੱਲ ਸੀ। ਦਸ ਮਿੰਟ ਬਾਅਦ ਉਹ ਉਸੇ ਤਰ੍ਹਾਂ ਹੱਸਦੇ-ਗੁਟਕਦੇ ਠੁੱਮਕ-ਠੁੱਮਕ ਕਰਦੇ ਬਾਹਰ ਵੱਲ ਜਾ ਰਹੇ ਸਨ।

ਉਨ੍ਹਾਂ ਨੂੰ ਦੇਖ ਕੇ ਮੇਰੇ ਜਿਵੇਂ ਕਾਲਜੇ ਦਾ ਰੁੱਗ ਭਰਿਆ ਗਿਆ। ਕੀ ਕਰਨਾ ਸੀ ਐਦਾਂ ਦੇ ਧੀਆਂ-ਪੁੱਤਰਾਂ ਨੂੰ? ਪੁੱਤ ਤਾਂ ਪੈਰ ਜਿਹੇ ਮਲ਼ਦੇ ਮਾਂ ਕੋਲੋਂ ਤੁਰੇ ਪਰ ਵਹੁਟੀਆਂ ਤੋਂ ਉੱਥੇ ਖੜੋ ਨਹੀਂ ਸੀ ਹੁੰਦਾ। ਉਨ੍ਹਾਂ ਨੂੰ ਮਾਂ ਦੀ ਪੀੜ ਵੀ ਮਹਿਸੂਸ ਨਹੀਂ ਸੀ ਹੋਈ। ਉਹ ਨਾ ਉਸ ਵਾਸਤੇ ਕੁਝ ਖਾਣ ਨੂੰ ਲੈ ਕੇ ਆਏ ਅਤੇ ਨਾ ਉਸਦੇ ਨਾਲ਼ ਦੁੱਖ-ਸੁੱਖ ਸਾਂਝਾ ਕੀਤਾ। ਬਸ ਚਿਹਰਾ ਵਿਖਾਇਆ ਅਤੇ ਸਾਰੇ ਚਲਦੇ ਬਣੇ।

ਗਿੰਦਰੋ ਐਨੇ ਵਿਚ ਹੀ ਖੁਸ਼ ਸੀ। ਬਹੁਤ ਖੁਸ਼। ਮੈਂ ਵੀ ਉਸਦਾ ਭਰਮ ਨਾ ਤੋੜਿਆ। ਮੈਂ ਵਾਕਰ ਨਾਲ਼ ਤੁਰ ਕੇ ਉਸ ਕੋਲ ਗਈ। ਤੇ ਦਸ ਮਿੰਟ ਬੈਠੀ ਵੀ। ਜਦੋਂ ਥਕਾਨ ਮਹਿਸੂਸ ਹੋਈ ਤਾਂ ਮੈਂ ਆਪਣੇ ਬਿਸਤਰੇ ਵਿਚ ਆ ਲੰਮੀ ਪਈ।

ਮੈਂ ਹਸਪਤਾਲ ਪੰਦਰਾਂ ਦਿਨ ਰਹੀ। ਉਸਦੇ ਟੱਬਰ ਵਿੱਚੋਂ ਬਸ ਦੋ-ਤਿੰਨ ਕੁ ਵੇਰ ਉਸਦੇ ਨੂੰਹਾਂ ਪੁੱਤਰ ਆਏ ਹੋਣਗੇ। ਗਿੰਦਰੋ ਪੋਚੇ ਪਾਉਂਦੀ ਆਖਦੀ, "ਦੀਪ ਭੈਣਾਂ! ਸਾਰਿਆਂ ਨੇ ਕੰਮ 'ਤੇ ਵੀ ਜਾਣਾ ਹੁੰਦੈ। ਮੁੰਡੇ ਲੰਮੇ ਘੰਟੇ ਕੰਮ ਕਰਦੇ ਐ। ਆਪਣਾ ਬਿਜ਼ਨੈੱਸ ਜੁ ਹੋਇਆ। ਉਨ੍ਹਾਂ ਕੋਲ ਟੈਮ ਕਿੱਥੇ? ਵਹੁਟੀਆਂ ਨੂੰ ਬੱਚੇ ਵੀ ਸਾਂਭਣੇ ਪੈਂਦੇ ਐ। ਫੇਰ ਥੋੜ੍ਹਾ ਘਣਾ ਮੁੰਡਿਆਂ ਨਾਲ਼ ਕੰਮ ਵੀ ਕਰਾਉਣਾ ਪੈਂਦੈ। ਬੱਚਿਆਂ ਦੇ ਸਕੂਲ ਦਾ ਕੰਮ, ਘਰ ਦਾ ਕੰਮ। ਉਹ ਵੀ ਵਿਚਾਰੀਆਂ ਕੀ ਕਰਨ? ਤੇ ਉਹ ਜਿਵੇਂ ਮੈਥੋਂ ਅੱਖ ਚੁਰਾ ਕੇ ਦੇਖਦੀ।

ਪੰਦਰਵੇਂ ਦਿਨ 'ਨੈਂਸੀ ਮੈਨੂੰ ਲੈਣ ਆਈ। ਜਿਹੜਾ ਫਲ-ਫਰੂਟ ਮੇਰੇ ਕੋਲ ਬਚਿਆ ਸੀ, ਮੈਂ ਨੈਂਸੀ ਦੇ ਹੱਥ ਗਿੰਦਰੋ ਲਈ ਭਿਜਵਾ ਦਿੱਤਾ। ਤੇ 'ਨੈਂਸੀ ਨੇ ਮੇਰੀ ਵੀਲ੍ਹ ਚੇਅਰ ਧੱਕਦੀ ਹੋਈ, ਗਿੰਦਰੋ ਦੇ ਦਰਵਾਜ਼ੇ ਮੋਹਰੇ ਲਿਆ ਖੜ੍ਹੀ ਕੀਤੀ। ਉੱਥੋਂ ਹੀ ਮੈਂ ਉਸਦੇ ਨਾਲ਼ ਦੋ-ਚਾਰ ਗੱਲਾਂ ਕੀਤੀਆਂ ਤੇ ਉਸਨੂੰ ਛੇਤੀਂ ਰਾਜ਼ੀ ਹੋਣ ਦੀ ਦੁਆ ਦਿੱਤੀ। 'ਨੈਂਸੀ ਨੇ ਮੇਰੀ ਵੀਲ੍ਹ ਚੇਅਰ ਅੱਗੇ ਤੋਰ ਲਈ।

ਘਰ ਆਉਂਦਿਆਂ ਹੋਇਆਂ ਵੀ, ਮੇਰੇ ਮਨ ਵਿਚ ਗਿੰਦਰੋ ਜਿਵੇਂ ਅਟਕੀ ਰਹੀ। ਭਾਵੇਂ ਘਰ ਆ ਕੇ ਬੱਚਿਆਂ ਵਿਚ ਬੈਠਿਆਂ ਮੇਰੀ ਸੋਚ ਕੁਝ ਦੂਰ ਹੋ ਗਈ ਪਰ ਬਾਅਦ ਵਿਚ ਆਪਣਾ ਖਿਆਲ ਰੱਖਦਿਆਂ ਹੋਇਆਂ ਮੇਰਾ ਮਨ ਆਪਣੇ ਘਰ ਵਿਚ ਰਚ ਮਿਚ ਗਿਆ। ਬੱਚੇ ਸਵੇਰੇ ਸ਼ਾਮ ਮੈਨੂੰ ਦੇਖ ਜਾਂਦੇ ਅਤੇ ਆਪਣੇ ਕੰਮਾਂ ਉੱਤੇ ਚਲੇ ਜਾਂਦੇ। ਰਾਤ ਨੂੰ ਸੌਣ ਆਪਣੇ ਘਰੀਂ ਚਲੇ ਜਾਂਦੇ। ਪਹਿਲੀਆਂ ਕੁਝ ਰਾਤਾਂ 'ਨੈਂਸੀ ਮੇਰੇ ਕੋਲ ਰਹੀ। ਰੀਨਾ ਦੇ ਬੇਵੀ ਹੋਣ ਲਈ ਦਿਨ ਟੱਪੇ ਹੀ ਸਨ। ਉਸਦੀ ਤਬੀਅਤ ਕੱਚੀ ਪਿੱਲੀ ਜਿਹੀ ਰਹਿੰਦੀ। 'ਨੈਂਸੀ ਨੇ ਉਸਨੂੰ ਰਹਿਣ ਲਈ ਮਨ੍ਹਾਂ ਕਰ ਦਿੱਤਾ। ਫੇਰ ਮੈਂ ਹੀ 'ਨੈਂਸੀ ਨੂੰ ਆਖ ਦਿੱਤਾ, "ਨੈਂਸੀ! ਇਹ ਇਕ ਦਿਨ ਦੀ ਗੱਲ ਤਾਂ ਹੈ ਨ੍ਹੀ। ਤੂੰ ਜਾਹ, ਮੈਂ ਠੀਕ ਹਾਂ। ਮੈਨੂੰ ਆਪਣਾ ਆਪ ਸਾਂਭਣਾ ਹੀ ਪੈਣੈ।" ਜਿਸ ਤਰ੍ਹਾਂ ਕਿਸੇ ਦਿਨ ਬੱਚਿਆਂ

ਨੇ ਕਿਹਾ ਸੀ ਕਿ, "ਮੌਮ! ਸਾਨੂੰ ਜਾਣਾ ਹੀ ਪੈਣੈ।" ਨਿਰਾ ਉਸੇ ਤਰ੍ਹਾਂ।

ਘਰ ਰਹਿੰਦਿਆਂ ਹੋਇਆਂ ਮੇਰੀ ਸੋਚ ਦੀ ਕੁੰਡੀ ਗਿੰਦਰੋ ਵਿਚ ਅੜੀ ਰਹੀ। ਉਹ ਜਿਵੇਂ ਮੇਰੇ ਦਿਮਾਗ ਦੀਆਂ ਨਾੜਾਂ ਵਿਚ ਅੜ ਕੇ ਬੈਠ ਗਈ। ਉਸਦੀਆਂ ਲੇਰਾਂ ਮੇਰੇ ਕੰਨਾਂ ਵਿਚ ਵਾਰ-ਵਾਰ ਸੁਣਾਈ ਦਿੰਦੀਆਂ।

ਦੋ-ਚਾਰ ਹਫ਼ਤੇ ਹੋਰ ਪਏ ਤਾਂ ਮੈਨੂੰ ਫਿਜ਼ਿਓ ਥਰਪੀ ਲਈ ਉਸੇ ਹਸਪਤਾਲ ਜਾਣਾ ਪਿਆ। ਮੈਂ ਫਿਜ਼ੀਓਥਰਪੀ ਕਰਦੀ ਅਤੇ ਆਪਣੇ ਘਰ ਆ ਜਾਂਦੀ। ਫਿਜ਼ੀਓਥਰਪੀ ਲਈ ਵੀ ਮੈਂ 'ਵੀਲ ਟਰਾਂਸ' ਦਾ ਪ੍ਰਬੰਧ ਕਰ ਲਿਆ। ਦਿਨ ਨੂੰ ਬੱਚੇ ਆਪਣੇ-ਆਪਣੇ ਕੰਮ ਉੱਤੇ ਸਨ। ਸੋਚਿਆ ਉਹ ਕਿੰਨੀਆਂ ਕੁ ਦਿਹਾੜੀਆਂ ਭੰਨਣਗੇ। ਇਹ ਇੰਡੀਆ ਤਾਂ ਹੈ ਨ੍ਹੀ, ਮਜ਼ਦੂਰ ਆਇਆ-ਆਇਆ ਨਹੀਂ ਤਾਂ ਦੂਜੇ ਦਿਨ ਉਡੀਕੋ। ਇਹ ਕੈਨੇਡਾ ਹੈ। ਇੱਥੇ ਬੰਦਾ ਤਿੰਨ ਮਿੰਟ ਲੇਟ ਹੋ ਜਾਵੇ ਤਾਂ ਪੰਦਰਾਂ ਮਿੰਟਾਂ ਦੇ ਪੈਸੇ ਕੱਟ ਹੋ ਜਾਂਦੇ ਹਨ। ਜੇ ਨਾ ਵੀ ਕੱਟ ਹੋਣ ਤਾਂ ਭਲਾ ਉਹ ਕਿੰਨੀ ਕੁ ਵੇਰ ਆਪਣੇ ਬੌਸ ਕੋਲ ਬਹਾਨੇ ਘੜਨਗੇ। ਇਸ ਲਈ ਹਰ ਇਕ ਨੂੰ ਆਪਣਾ-ਆਪਣਾ ਭਾਰ ਢੋਣਾਂ ਹੀ ਪੈਂਦੈ। ਤੇ ਫੇਰ ਕੈਨੇਡਾ ਤੁਹਾਨੂੰ ਸੁੱਖ ਵੀ ਬਥੇਰਾ ਦਿੰਦੈ। ਇਸ ਤਰ੍ਹਾਂ ਢਿੱਲੇ-ਮੱਠੇ ਨੂੰ ਕਿਤੇ ਜਾਣਾ ਪੈ ਜਾਵੇ ਤਾਂ 'ਵੀਲ੍ਹ ਟਰਾਂਸ ਦਾ ਪ੍ਰਬੰਧ ਕਰ ਲਵੋ। ਉਹ ਬੰਦੇ ਨੂੰ ਹਰ ਥਾਂ ਲੈ ਜਾਣਗੇ। ਘਰ ਮੂਹਰਿਓਂ ਚੁੱਕਣਗੇ ਤੇ ਵਾਪਸ ਘਰ ਮੂਹਰੇ ਹੀ ਉਤਾਰਨਗੇ। ਮੇਰੇ ਮਨ ਵਿਚ ਕੈਨੇਡਾ ਨੂੰ ਸੌ-ਸੌ ਦੁਆਵਾਂ ਨਿੱਕਲਦੀਆਂ। ਜੇ ਮੈਂ ਇੰਡੀਆ ਹੁੰਦੀ ਤਾਂ ਮੇਰਾ ਕੀ ਹਾਲ ਹੁੰਦਾ? ਇਹੋ ਮੈਂ ਸੋਚਦੀ ਰਹਿੰਦੀ। ਕੈਨੇਡਾ ਵਿਚ ਕੋਈ ਵੀ ਇਲਾਜ ਬਿਨਾਂ ਨਹੀਂ ਮਰਦਾ। ਜਿਸ ਦੇ ਧੀਆਂ-ਪੁੱਤ ਨਾ ਵੀ ਹੋਣ ਤਾਂ ਵੀ ਸਰਕਾਰ ਨੇ ਹੀਲੇ-ਵਸੀਲੇ ਕੀਤੇ ਹੋਏ ਹਨ।

ਹਸਪਤਾਲ ਵਿਚ ਮੇਰਾ ਜੀਅ ਕਰਦਾ, ਮੈਂ ਕਿਸੇ ਨੂੰ ਪੁੱਛਾਂ ਕਿ ਗਿੰਦਰੋ ਦਾ ਕੀ ਬਣਿਆ? ਅੰਦਰਲੀ ਸੋਚ ਫੇਰ ਆਖਦੀ, ਭਲਾ ਉਹ ਤਾਂ ਹਾਲੀਂ ਵੀ ਹਸਪਤਾਲ ਵਿਚ ਹੀ ਹੋਵੇਗੀ। ਉਸਦਾ ਇੱਥੇ ਫਿਜ਼ੀਓ ਨਾਲ਼ ਕੀ ਵਾਸਤਾ? ੜ ਤੇ ਰਿਸੈਪਸ਼ਨ ਵਾਲੇ ਮੈਨੂੰ ਕੀ ਦੱਸ ਸਕਣਗੇ?

ਮੈਨੂੰ ਪਛਤਾਵਾ ਸੀ ਕਿ ਮੈਂ ਗਿੰਦਰੋ ਤੋਂ ਉਸਦਾ ਟੈਲੀਫੋਨ ਨੰਬਰ ਨਹੀਂ ਸੀ ਲਿਆ। ਵਰਨਾ ਕਦੀ ਉਸਦਾ ਹਾਲ-ਚਾਲ ਹੀ ਪੁੱਛਦੀ। ਉਹ ਜਿਵੇਂ ਮੇਰੇ ਚੇਤੇ ਵਿੱਚੋਂ ਜਾਵੇ ਹੀ ਨਾ। ਕਈ ਵੇਰ ਮੈਂ ਸੋਚਾਂ, ਕੀ ਪਰਦੇਸਾਂ ਦਾ ਰਹਿਣਾ ਤੇ ਕੀ ਜਿਉਣਾ? ਦੁਨੀਆਂ ਭਰ ਵਿਚ ਸਰਕਾਰਾਂ ਨੇ ਬੰਦੇ ਨੂੰ ਮਸ਼ੀਨ ਬਣਾ ਕੇ ਰੱਖ ਦਿੱਤੈ। ਇਸ ਰੋਟੀ ਵਾਸਤੇ ਅਤੇ ਕੁਝ ਆਪਣੀ ਵਾਧੂ ਦੀ ਖੋਹ-ਖਿੱਚ ਨੇ ਟੱਬਰ ਤੋੜ ਦਿੱਤੇ।

ਦੋ-ਤਿੰਨ ਹਫ਼ਤੇ ਹੋਰ ਬੀਤੇ। ਇਕ ਦਿਨ ਮੈਂ ਹਸਪਤਾਲ ਗਈ। ਗਿੰਦਰੋ ਦੀ ਵੀਲ੍ਹ ਚੇਅਰ, ਵੀਲ੍ਹ ਟਰਾਂਸ ਵਿਚੋਂ ਆਉਂਦੀ ਵਿਖਾਈ ਦਿੱਤੀ। ਵੀਲ੍ਹ ਟਰਾਂਸ ਵਾਲਾ ਗੋਰਾ ਉਸਦੀ ਵੀਲ੍ਹ ਚੇਅਰ ਧੱਕੀ ਆ ਰਿਹਾ ਸੀ। ਉਸਨੇ ਗਿੰਦਰੋ ਨੂੰ ਲਿਆ ਕੇ ਮੇਰੇ ਨੇੜੇ ਵਾਲੀ ਕੁਰਸੀ ਕੋਲ, ਖੜੀ ਕਰ ਦਿੱਤਾ। ਗਿੰਦਰੋ ਨੇ ਹੱਥ ਦੇ ਇਸ਼ਾਰੇ ਨਾਲ਼ ਉਸਨੂੰ ਆਪਣੀ ਵੀਲ੍ਹ ਚੇਅਰ ਮੇਰੇ ਕੋਲ ਲਿਆਉਣ ਲਈ ਆਖਿਆ ਸੀ।

ਉਸਦੇ ਗੰਦੇ ਕੱਪੜੇ। ਵਾਲ਼ ਖਿਲਰੇ ਹੋਏ। ਜਿਵੇਂ ਉਹ ਕਈ ਦਿਨਾਂ ਤੋਂ ਨਹਾਤੀ ਹੀ ਨਾ ਹੋਵੇ। ਉਹ ਮੇਰੇ ਕੋਲ ਆਈ ਤਾਂ ਬਦਬੂ ਜਿਵੇਂ ਨੱਕ ਨੂੰ ਚੜ੍ਹੇ। ਉਹ ਮੈਨੂੰ ਦੇਖ ਕੇ ਖਿੜ ਗਈ। ਆਉਂਦੀ ਹੀ ਮੇਰੇ ਦੋਨੋਂ ਹੱਥ ਫੜ ਕੇ ਬੜੇ ਤਪਾਕ ਨਾਲ਼ ਮਿਲੀ।

ਮੈਂ ਉਸਦੀ ਰਾਜ਼ੀ ਖੁਸ਼ੀ ਪੁੱਛੀ। ਉਹ ਅੱਖਾਂ ਭਰਦੀ ਬੋਲੀ, "ਭੈਣਾਂ! ਕਾਹਦੀ ਰਾਜ਼ੀ ਖੁਸ਼ੀ?

ਜੂਨ ਨੂੰ ਧੱਕਾ ਦੇ ਰਹੀ ਹਾਂ। ਇਕ ਸਵਾਸ ਨਹੀਂ ਨਿੱਕਲਦੇ।"

ਉਸਦੀਆਂ ਇਨ੍ਹਾਂ ਗੱਲਾਂ ਨਾਲ਼ ਮੈਨੂੰ ਜਿਵੇਂ ਅਗਲੀ ਗੱਲ ਭੁੱਲ ਗਈ। ਕੀ ਪੁੱਛਦੀ? ਕਿਵੇਂ ਪੁੱਛਦੀ? ਇਨ੍ਹਾਂ ਦੋ ਚਾਰ ਸ਼ਬਦਾਂ ਵਿਚ ਉਸਦੀ ਜ਼ਿੰਦਗੀ ਦੀ ਕਹਾਣੀ ਲੁਕੀ ਪਈ ਸੀ। ਮੈਂ ਸੋਚਿਆ ਜੇ ਕੁੱਝ ਪੁੱਛਿਆ ਵੀ ਤਾਂ ਇਸਦੇ ਹੋਰ ਕੋਈ ਡੂੰਘਾ ਪੱਛ ਨਾ ਲੱਗ ਜਾਵੇ। ਮੈਂ ਮਿੰਟ ਕੁ ਲਈ ਚੁੱਪ ਹੋ ਗਈ। ਗਿੰਦਰੋ ਨੀਝ ਲਾ ਕੇ ਮੇਰੇ ਵੱਲ ਤੱਕਣ ਲੱਗੀ। ਉਸਦੀਆਂ ਮੋਟੀਆਂ ਚੀਰਵੀਆਂ ਅੱਖਾਂ ਜਿਵੇਂ ਮੇਰੇ ਉੱਤੇ ਗੱਡ ਹੋ ਗਈਆਂ। ਬਿੰਦ ਕੁ ਬਾਅਦ ਉਹ ਬੋਲੀ, "ਅਜ ਤੂੰ ਵੀ ਕੁਛ ਉਦਾਸ ਲੱਗਦੀ ਐਂ?

"ਨਹੀਂ ਨੀਂ। ਮੈਂ ਤਾਂ ਤੇਰੀ ਪੀੜ ਨੂੰ ਮਹਿਸੂਸ ਕਰਨ ਦੀ ਕੋਸ਼ਿਸ਼ ਕਰ ਰਹੀ ਹਾਂ। ਕਿਵੇਂ ਤੂੰ ਝੱਲ ਰਹੀ ਹੋਵੇਂਗੀ ਐਨੀ ਪੀੜ?" ਮੈਂ ਜਿਵੇਂ ਸਹਾਨਭੂਤੀ ਜਤਾਉਂਦਿਆ ਆਖਿਆ

ਗਿੰਦਰੋ ਨੇ ਲੰਬਾ ਜਿਹਾ ਹਾਉਕਾ ਲਿਆ ਤੇ ਬੋਲੀ, "ਭੈਣਾਂ! ਸਭ ਕਰਮਾਂ ਦੀ ਖੇਡ ਐ। ਕਹਿੰਦੇ ਐ, ਬੰਦਾ ਆਪਣੇ ਕਰਮ ਨਾਲ਼ ਚੁੱਕੀ ਫਿਰਦੈ। ਅਸੀਂ ਕਹਿੰਦੇ ਹਾਂ ਕਿ ਮੈਂ ਇਸ ਜਨਮ ਵਿਚ ਤਾਂ ਕਿਸੇ ਦਾ ਕੁਝ ਵਿਗਾੜਿਆ ਨ੍ਹੀ। ਤੇ ਫੇਰ ਇਹ ਸਜਾ ਮੈਨੂੰ ਕਿਉਂ ਮਿਲੀ? ਭੈਣਾਂ ਇਹ ਸਭ ਕਹਿਣ ਦੀਆ ਗੱਲਾਂ, ਅਸੀਂ ਸਭ ਕੁਝ ਇਸੇ ਜਨਮ ਵਿਚ ਕਰਦੇ ਹਾਂ ਤੇ ਭੁਗਤਦੇ ਹਾਂ। ਇਸ ਲਈ ਜੋ ਰੱਬ ਦੇ ਰਿਹੈ, ਉਸਨੂੰ ਖਿੜੇ ਮੱਥੇ ਪ੍ਰਵਾਨ ਤਾਂ ਕਰਨਾ ਹੀ ਪੈਣੈ।"

"ਐਸੀ ਕਿਹੜੀ ਗੱਲ ਹੋਗੀ, ਅਜ ਤੂੰ ਬੜੀਆਂ ਸਿਆਣੀਆ ਗੱਲਾਂ ਕਰਨ ਲੱਗ ਪਈ?" ਮੈਂ ਐਂਵੇ ਆਖ ਬੈਠੀ। ਮੈਨੂੰ ਕੀ ਪਤਾ ਸੀ ਕਿ ਉਸਦੇ ਅੰਦਰ ਕੀ ਬੀਤ ਰਿਹੈ।

ਕੁਝ ਪਲ ਉਹ ਚੁੱਪ ਰਹੀ, ਤੇ ਫੇਰ ਬੋਲੀ, "ਦੀਪ ਭੈਣ ਜੀ! ਹੁਣ ਮੈਂ ਬਿਰਧ ਆਸ਼ਰਮ ਵਿਚ ਰਹਿੰਦੀ ਹਾਂ। ਕੋਈ ਨ੍ਹੀ। ਇਸਦੀ ਜਿੰਮੇਵਾਰ ਵੀ ਮੈਂ ਹੀ ਹਾਂ। ਮੇਰੀ ਇਸ ਹਾਲਤ ਨੇ ਮੁੰਡੇ-ਵਹੁਟੀਆਂ ਦੇ ਕੰਮ ਖਰਾਬ ਕਰ ਦਿੱਤੇ। ਉਨ੍ਹਾਂ ਦੀ ਚੰਗੀ ਭਲੀ ਚੱਲਦੀ ਜ਼ਿੰਦਗੀ ਵਿਚ ਤ੍ਰੇੜਾਂ ਜਿਹੀਆਂ ਆ ਗਈਆਂ। ਭਲਾ ਕਿਵੇਂ ਸਾਂਭਣ ਮੈਨੂੰ? ਉਨ੍ਹਾਂ ਨੇ ਆਪਣੇ ਘਰ-ਘਾਟ ਅਤੇ ਬੱਚੇ ਵੀ ਪਾਲਣੇ-ਸਾਂਭਣੇ ਹੋਏ ਤੇ ਕੰਮ ਵੀ ਕਰਨੇ ਹੋਏ। ਘਰ ਵਾਲੀਆਂ ਨੂੰ ਵੀ ਖੁਸ਼ ਰੱਖਣਾ ਹੋਇਐ।"

"ਤੇਰੇ ਲਈ ਵੀ ਤਾਂ ਉਨ੍ਹਾਂ ਦੀ ਜਿੰਮੇਵਾਰੀ ਬਣਦੀ ਹੈ?" ਮੈਂ ਨਜ਼ਰ ਉਸਦੇ ਚਿਹਰੇ ਉੱਤੇ ਗੱਡ ਦਿੱਤੀ।

"ਨਹੀਂ ਭੈਣਾਂ! ਮੇਰੇ ਲਈ ਕੋਈ ਜਿੰਮੇਵਾਰੀ ਨ੍ਹੀ ਬਣਦੀ ਉਨ੍ਹਾਂ ਦੀ।" ਉਹ ਬੜੇ ਸ਼ਾਂਤ ਰੌਂਅ ਵਿਚ ਸੀ।

"ਫੇਰ ਵੀ, ਮਾਂ ਐਂ ਤੂੰ ਉਨ੍ਹਾਂ ਦੀ।" ਮੈਂ ਸਵਾਲ ਦਾਗ਼ਿਆ।

"ਇਹੋ ਤਾਂ ਸਮੱਸਿਆ ਭੈਣਾਂ, ਮਾਂ ਹੁੰਦੀ ਤਾਂ ਗੱਲ ਹੋਰ ਸੀ। ਮੈਂ ਤਾਂ ਮਾਸੀ ਵੀ ਨਾ ਬਣ ਸਕੀ।" ਉਹ ਜਿਵੇਂ ਨੀਂਵੀ ਪਾ ਕੇ ਬੈਠ ਗਈ।

"ਕੀ ਮਤਲਬ? ਮੈਂ ਸਮਝੀ ਨਹੀਂ। ਤੁਸੀਂ ਹੀ ਕਿਹਾ ਸੀ ਕਿ ਤੁਹਾਡੇ ਬੱਚੇ ਹਨ।" ਮੈਂ ਹੈਰਾਨ ਹੁੰਦਿਆਂ ਪੁੱਛਿਆ।

"ਜੇ ਕਿਸੇ ਨੂੰ ਆਪਣੇ ਆਖ ਦੇਈਏ ਤਾਂ ਜ਼ਰੂਰੀ ਨਹੀਂ ਕਿ ਉਹ ਆਪਣੇ ਬਣ ਜਾਂਦੇ ਹੋਣ। ਬੱਸ ਮੇਰਾ ਵੀ ਕੁਝ ਇਹੋ ਜਿਹਾ ਹਾਲ ਐ।" ਉਸਨੇ ਆਖ ਤਾਂ ਦਿੱਤਾ ਪਰ ਮੈਨੂੰ ਇਉਂ ਮਹਿਸੂਸ ਹੋਇਆ ਜਿਵੇਂ ਇਸਦੇ ਪਿੱਛੇ ਜੋ ਸੀ ਉਹ ਮੈਨੂੰ ਦਿਖਾਈ ਨਹੀਂ ਸੀ ਦੇ ਰਿਹਾ।

ਗਿੰਦਰੋ ਫੇਰ ਬੋਲ ਪਈ, "ਹੌਸਪਿਟਲਾਂ ਵਿਚ ਐਹ ਜਿਹੜੀ ਵੇਟ ਕਰਨੀ ਪੈਂਦੀ ਐ, ਉਹ

ਜਾਨ ਲੈ ਲੈਂਦੀ ਐ। ਮੇਰਾ ਭੁੱਖੀ ਦਾ ਢਿੱਡ ਵੱਢ-ਵੱਢ ਖਾ ਹੋ ਰਿਹੈ।"

"ਤੁਸੀਂ ਲੰਚ ਨ੍ਹੀ ਕੀਤਾ? ਲੰਚ ਦਾ ਟੈਮ ਸੀ।" ਮੈਂ ਉਸਦੇ ਚਿਹਰੇ ਵੱਲ ਤੱਕਦਿਆ ਆਖਿਆ।

ਉਹ ਖਿੜ-ਖਿੜਾ ਕੇ ਹੱਸ ਪਈ ਤੇ ਬੋਲੀ, "ਲੰਚ? ਲੰਚ ਛਡਿਆ, ਇੱਥੇ ਤਾ ਬਰੇਕਫਾਸਟ ਵੀ ਨਹੀਂ ਕੀਤਾ ਭੈਣਾਂ।"

"ਉਹ ਕਿਉਂ?" ਮੈਂ ਹੈਰਾਨ ਸਾਂ। ਦਿਨ ਦੇ ਡੇਢ ਵਜੇ ਦਾ ਸਮਾਂ ਸੀ। ਤੇ ਉਸਨੇ ਕੁਝ ਨਹੀਂ ਸੀ ਖਾਧਾ।

"ਭੈਣਾਂ ਗੱਲ ਇਹ ਵੇ, ਮੇਰੀ ਅਜ ਡਾਇਲਸਜ਼ ਦੀ ਵਾਰੀ ਐ। ਚੰਦਰੀ ਕਿਡਨੀਆਂ ਦੀ ਪਰਾਬਲਮ ਜੁ ਹੋਈ। ਇਹ ਵੀ ਸਾਥ ਛੱਡ ਰਹੀਆਂ ਨੇ। ਤੇ ਜਦੋਂ ਡਾਇਲਸਜ਼ ਹੋਣਾ ਹੋਵੇ ਤਾਂ ਉਸ ਦਿਨ ਮੈਨੂੰ ਖਾਣਾ ਮਨ੍ਹਾ ਹੁੰਦੈ। ਇਸੇ ਵਾਸਤੇ ਮੈਂ ਕੱਪੜੇ ਵੀ ਨਹੀਂ ਬਦਲੇ। ਕਈ ਵੇਰ ਮੈਨੂੰ ਅਵੱਤ ਜਿਹੇ ਆਉਣ ਲੱਗ ਪੈਂਦੇ ਹਨ ਤੇ ਮੇਰੇ ਕੱਪੜੇ ਗੰਦੇ ਹੋ ਜਾਂਦੇ ਐ। ਤੇ ਬਾਅਦ ਵਿਚ ਬਦਲਨੇ ਪੈਂਦੇ ਐ। ਮੈਂ ਸੁੱਤੀ ਉੱਠਦੀ ਬਸ ਇਸੇ ਤਰ੍ਹਾਂ ਆ ਜਾਂਦੀ ਹਾਂ। ਡਾਇਲਸਜ਼ ਤੋਂ ਬਾਅਦ ਨਰਸਾਂ ਆਪੇ ਮੇਰਾ ਹੱਥ ਮੂੰਹ ਧੋ ਕੇ ਕੱਪੜੇ ਬਦਲ ਦਿੰਦੀਆਂ ਹਨ। ਖਾਣ ਨੂੰ ਵੀ ਉਸਤੋਂ ਬਾਅਦ ਹੀ ਮਿਲਦਾ ਹੈ।"

"ਫੇਰ ਤਾਂ ਬਹੁਤ ਮੁਸ਼ਕਲ ਹੁੰਦੀ ਹੋਵੇਗੀ?" ਮੈਨੂੰ ਹੈਰਾਨੀ ਦੇ ਨਾਲ਼ ਉਸਦੀ ਚਿੰਤਾ ਜਿਹੀ ਵੀ ਹੋ ਗਈ।

"ਹਾਹੋ, ਉਹ ਤਾਂ ਹੈ। ਤੇ ਕੁਝ ਚਿਰ ਠਹਿਰ ਕੇ ਬੋਲੀ, ਲੈ ਮੈਨੂੰ ਲੈਣ ਆ ਗਏ। ਹੁਣ ਦੋ-ਤਿੰਨ ਘੰਟੇ ਨਿੱਕਲਣਗੇ ਇਸੇ ਮਸ਼ੀਨਾਂ ਦੇ ਚੱਕਰ ਵਿਚ।"

ਨਰਸ ਉਸਨੂੰ ਲੈ ਕੇ ਚਲੀ ਗਈ। ਤੇ ਮੈਂ ਬੈਠੀ ਉਸ ਬਾਰੇ ਸੋਚੀ ਜਾ ਰਹੀ ਸਾਂ। ਉਸ ਨਾਲ਼ ਐਨਾ ਕੁਝ ਹੋ ਰਿਹਾ ਸੀ ਪਰ ਉਹ ਫੇਰ ਵੀ ਸ਼ਾਂਤ ਸੀ। ਨਰਸ ਨੇ ਮੈਨੂੰ ਵੀ ਆਵਾਜ਼ ਦਿੱਤੀ ਤੇ ਮੈਂ ਆਪਣੀ ਫਿਜ਼ੀਓਥਰਪੀ ਲਈ ਚਲੀ ਗਈ। ਮੇਰਾ ਮਨ ਉਸਦੀਆ ਕਹੀਆ ਅਣਕਹੀਆ ਗੱਲਾਂ ਵਿਚ ਉਲਝਿਆ ਰਿਹਾ। ਮੇਰੀ ਫਿਜ਼ੀਓਥਰਪਿਸਟ ਡੌਨਾ ਆਖਣ ਲੱਗੀ "ਮਿਸਜ਼ ਕਾਂਗ ਅਜ ਤੇਰਾ ਧਿਆਨ ਕਿੱਥੇ ਹੈ?"

"ਸੌਰੀ ਨਰਸ, ਮੈਂ ਐਂਵੇਂ ਕੁਝ ਸੋਚ ਰਹੀ ਸੀ।" ਮੈਂ ਇਹ ਵੀ ਬੇਧਿਆਨੇ ਜਿਹੇ ਆਖਿਆ ਸੀ। ਮੈਂ ਆਪਣੇ ਲਿਵਿੰਗਰੂਮ ਵਿੱਚ ਬੈਠੀ ਪਤਾ ਨਹੀਂ ਕਿਨ੍ਹਾਂ-ਕਿਨ੍ਹਾਂ ਵਹਿਣਾਂ ਵਿਚ ਸੋਚੀ ਜਾ ਰਹੀ ਸਾਂ। ਜਾਪਦਾ ਸੀ ਬੀਤੇ ਪਲ ਜਿਵੇਂ ਮੇਰੇ ਲਿਵਿੰਗ ਰੂਮ ਵਿੱਚ ਧੂਣੀ ਧੁਖਾ ਕੇ ਬੈਠ ਗਏ ਹੋਣ।

ਗੱਲ ਕੀ, ਉਸ ਦਿਨ ਘਰ ਆ ਕੇ ਵੀ ਮੇਰਾ ਜਿਵੇਂ ਮਨ ਨਾ ਟਿਕੇ। ਆਖਰ ਆਪਣੇ ਮਨ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਹਰ ਬੰਦਾ ਆਪਣੀ ਕੋਈ ਨਾ ਕੋਈ ਸਮੱਸਿਆ ਚੁੱਕੀ ਫਿਰਦੈ। ਮੈਨੂੰ ਕੀ ਲੋੜ ਹੈ ਐਂਵੇ ਇਨ੍ਹਾਂ ਵਹਿਣਾਂ ਵਿਚ ਪੈਣ ਦੀ। ਮੇਰੀਆਂ ਆਪਣੀਆ ਸਮੱਸਿਆਵਾਂ ਕਿਹੜੀਆਂ ਘੱਟ ਹਨ? ਗਿੰਦਰੋ ਨੂੰ ਦੇਖਦਿਆਂ ਮੈਨੂੰ ਜਿਵੇਂ ਆਪਣੀ ਸਭ ਤੋਂ ਛੋਟੀ ਭੈਣ ਨਿੰਦਰਾਂ ਚੇਤੇ ਆ ਜਾਂਦੀ। ਉਹ ਅਮਰੀਕਾ ਟਵਿੱਨ ਟਾਵਰ ਵਿਚ ਕੰਮ ਕਰਦੀ ਸੀ। ਬਹੁਤ ਖੁਸ਼ ਹੁੰਦੀ ਸੀ ਦੱਸ ਕੇ ਕਿ, 'ਉਹ ਅਮਰੀਕਾ ਦੇ ਟਵਿੱਨ ਟਾਵਰਾਂ ਵਿਚ ਕੰਮ ਕਰਦੀ ਹੈ।' ਤੇ ਜਿਸ ਦਿਨ ਨੌ ਗਿਆਰਾਂ ਨੂੰ ਟਾਵਰਾਂ ਉੱਤੇ ਹਮਲਾ ਹੋਇਆ ਤਾਂ ਉਹ ਦੋ ਕੁ ਮੰਜ਼ਲਾਂ ਹੀ ਹੇਠਾਂ ਸੀ ਜਿਸ ਵਿੱਚੀ ਜਹਾਜ ਨਿੱਕਲੇ ਸਨ। ਉਸ ਤਬਾਹੀ ਨੇ ਤਾਂ ਕਿਸੇ ਨੂੰ ਸਾਹ ਵੀ ਨਹੀਂ ਸੀ ਲੈਣ ਦਿੱਤਾ।

ਕਈ ਦਿਨ ਟਾਵਰਾਂ ਵਿੱਚੋਂ ਨਿੱਕਲਦੇ, ਧੂੜ–ਮਿੱਟੀ, ਧੂਆਂ, ਕਾਲ਼ੀ ਸੁਆਹ ਨਾਲ਼ ਭਰੇ ਹੋਏ ਬੰਦੇ ਬਾਹਰ ਭੱਜੇ ਆਉਂਦੇ ਮੈਂ ਟੀ. ਵੀ ਉੱਤੇ ਦੇਖਦੀ ਰਹੀ। ਸੋਚਦੀ ਰਹੀ ਕਿ ਕਿੱਧਰੇ ਮੈਨੂੰ ਮੇਰੀ ਭੈਣ ਦਿਖਾਈ ਦੇ ਜਾਵੇ। ਪਰ ਕਿੱਥੇ? ਉਹ ਤਾਂ ਪਹਿਲੇ ਹੱਲੇ ਨਾਲ਼ ਹੀ ਪਤਾ ਨਹੀਂ ਕਿਹੜੀ ਦੁਨੀਆਂ 'ਚ ਅਲੋਪ ਹੋ ਗਈ। ਉਹ ਵੀ ਸੁਆਹ ਵਿਚ ਸੁਆਹ ਬਣ ਰਲ਼ ਗਈ। ਸੁਆਹ ਦੀ ਢੇਰੀ ਬਣ ਗਈ। ਤੇ ਪਿੱਛੇ ਰਹਿ ਗਈ ਮੇਰੇ ਅੰਦਰ ਵਿਛੀ ਕਾਲਖ਼। ਕਈ ਵੇਰ ਮੈਂ ਸੋਚਦੀ ਹਾਂ ਕਿ ਉਹ ਮੈਨੂੰ ਜਿਉਂਦੀ ਜਾਗਦੀ ਹੀ ਮਿਲ ਜਾਂਦੀ ਭਾਵੇਂ ਗਿੰਦਰੋ ਵਾਂਗ ਲੱਤਾਂ ਬਾਹਵਾਂ ਤੋਂ ਬਿਨਾਂ ਹੀ ਹੁੰਦੀ। ਮੈਂ ਉਸ ਨਾਲ਼ ਗੱਲ ਕਰ ਸਕਦੀ, ਉਸਨੂੰ ਮਿਲ ਸਕਦੀ। ਪਰ ਨਹੀਂ? ਤੇ ਸਰਕਾਰ ਨੇ ਉੱਥੇ ਵਿਛੜੀਆਂ ਰੂਹਾਂ ਲਈ ਇਕ ਖ਼ੂਬਸੂਰਤ ਸਮਾਰਕ ਬਣਵਾ ਦਿਤੈ। ਭਲਾ ਉਸ ਪੱਥਰ ਨਾਲ਼ ਅਸੀਂ ਗੱਲਾਂ ਕਰਨੀਆਂ? ਤੇ ਇਨ੍ਹਾਂ ਤਾਕਤਾਂ ਦੇ ਭੇੜ ਵਿਚ ਮਾਰੇ ਗਏ ਗਰੀਬ। ਟੱਬਰ ਤਬਾਹ ਹੋ ਗਏ। ਧੀਆਂ ਪੁੱਤਰ ਮਾਰੇ ਗਏ, ਮਾਂ–ਬਾਪ ਰੁਲ਼ ਗਏ ਰੋਂਦੇ ਕੁਰਲਾਉਂਦੇ। ਤੇ ਇੱਥੇ ਗਿੰਦਰੋ ਦੀ ਪਤਾ ਨਹੀਂ ਕੀ ਸਮੱਸਿਆ ਹੈ? ਉਹ ਕਿਹੜੀ ਬਿਪਤਾ ਦੀ ਮਾਰੀ ਝੱਲ ਰਹੀ ਐ ਇਹ ਸਭ ਇੱਕਲੀ।

ਉਸ ਦਿਨ ਤੋਂ ਬਾਅਦ ਮੈਂ ਫਿਜ਼ੀਓ ਜਾਂਦੀ ਰਹੀ। ਗਿੰਦਰੋ ਮੈਨੂੰ ਕਿੱਧਰੇ ਦਿਖਾਈ ਨਾ ਦਿੱਤੀ। ਦੋ–ਤਿੰਨ ਕੁ ਹਫ਼ਤੇ ਬਾਅਦ ਉਹ ਫੇਰ ਵੀਲ੍ਹ ਟਰਾਂਸ ਵਿਚ ਆਈ ਅਤੇ ਵੀਲ੍ਹ ਟਰਾਂਸ ਦਾ ਬੰਦਾ ਉਸਦੀ ਵੀਲ੍ਹ ਚੇਅਰ ਲਿਆ ਕੇ ਅੰਦਰ ਖੜੀ ਕਰ ਗਿਆ ਤੇ ਉਸਦਾ ਕਾਰਡ ਰਿਸੈਪਸ਼ਨ ਵਾਲੀ ਕੁੜੀ ਨੂੰ ਫੜਾ ਗਿਆ।

ਉਹ ਆਉਂਦੀ ਹੀ ਬੋਲੀ, "ਭੈਣਾਂ! ਇਨ੍ਹਾਂ ਦੇਸ਼ਾਂ ਵਿਚ ਆ ਕੇ ਅਸੀਂ ਰੁਲਣੋਂ ਬਚ ਗਏ। ਖਸਮਾਂ ਨੂੰ ਖਾਣ ਧੀਆਂ–ਪੁੱਤ। ਇੱਥੇ ਦੀਆਂ ਸਰਕਾਰਾਂ ਹੀ ਤੁਹਾਡੇ ਧੀਆਂ–ਪੁੱਤ ਤੇ ਮਾਪੇ ਹਨ, ਜਿਹੜੇ ਸਾਨੂੰ ਚੁੱਕੀ ਫਿਰਦੇ ਐ।" ਤੇ ਉਹ ਖਿੜ–ਖਿੜ ਹੱਸ ਪਈ।

ਮੈਂ ਝੂਠੀ ਜਿਹੀ ਮੁਸਕਾਨ ਲਿਆ ਕੇ ਸਿਰ ਫੇਰਿਆ। ਉਸ ਦਿਨ ਉਹ ਮੈਨੂੰ ਬਹੁਤ ਖੁਸ਼ ਨਜ਼ਰ ਆ ਰਹੀ ਸੀ। ਮੇਰਾ ਦਿਲ ਨਹੀਂ ਸੀ ਕਰ ਰਿਹਾ ਉਸ ਨਾਲ਼ ਕੋਈ ਗੱਲ ਕਰਾਂ। ਕਈ ਵੇਰ ਮਨੁੱਖ ਆਪਣੀਆਂ ਹੀ ਸੋਚਾਂ ਵਿਚ ਡੁੱਬਿਆ ਹੁੰਦੈ।

ਪਰ ਉਹ ਗੱਲਾਂ ਦੇ ਮੂਡ ਵਿੱਚ ਸੀ। ਆਪੇ ਦੱਸਣ ਬੈਠ ਗਈ। ਉਸਨੇ ਜਿਵੇਂ ਭਰੀ–ਪੀਤੀ ਹੋਈ ਨੇ ਢਿੱਡ ਫੋਲਿਆ ਸੀ। ਕਹਿਣ ਲੱਗੀ, "ਦੀਪ ਭੈਣ ਜੀ! ਇਹ ਨਿਆਣੇ ਮੇਰੀ ਭੈਣ ਦੇ ਨਿਆਣੇ ਐ। ਮੇਰੀ ਭੈਣ ਛੋਟੇ ਦੇ ਹੋਣ ਵੇਲੇ ਜਣੇਪੇ ਵਿੱਚ ਮਰ ਗਈ ਤੇ ਘਰ ਦਿਆਂ ਨੇ ਬੱਚੇ ਦੀਆਂ ਸੌਂਹਾਂ ਦੇ ਕੇ ਮੈਨੂੰ ਕੈਨੇਡਾ ਤੋਰ ਦਿੱਤਾ। ਉਨ੍ਹਾਂ ਨੂੰ ਆਪਣਾ ਵੀ ਲਾਲਚ ਸੀ ਕਿ ਮੈਂ ਚਲੇ ਗਈ ਤਾਂ ਉਨ੍ਹਾਂ ਲਈ ਵੀ ਕੈਨੇਡਾ ਦੇ ਦਰ ਖੁੱਲੇ ਕੁ ਖੁੱਲੇ। ਮੈਂ ਵੀ ਉਪਭਾਵਕ ਜਿਹੀ ਨੇ ਫੈਸਲਾ ਕੀਤਾ ਕਿ ਮੈਂ ਆਪਣਾ ਬੱਚਾ ਪੈਦਾ ਨਹੀਂ ਕਰੂੰਗੀ। ਇਹੋ ਮੇਰੇ ਬੱਚੇ ਹਨ। ਮੈਂ ਬੱਚੇ ਘਨੇੜੀ ਚੁੱਕ–ਚੁੱਕ ਕੇ ਖਿਡਾਏ। ਬੱਚਿਆਂ ਨੇ ਵੀ ਮੈਨੂੰ ਰੱਜ ਕੇ ਮੋਹ ਪਿਆਰ ਦਿੱਤਾ। ਅਸੀਂ ਇੱਕ ਦੂਜੇ ਬਿਨਾਂ ਜਿਉਂਦੇ ਨਹੀਂ ਸਾਂ। ਬੱਸ ਭੈਣਾਂ ਮੈਂ ਲਾਈਫ਼ ਵਿੱਚ ਇਕੋ ਗ਼ਲਤੀ ਕਰ ਬੈਠੀ। ਬੱਚੇ ਪੜ੍ਹ ਲਿਖ ਗਏ ਤੇ ਆਪਣੀ ਮਰਜ਼ੀ ਦੇ ਸਾਥੀਆਂ ਨਾਲ਼ ਵਿਆਹ ਕਰਾਉਣੇ ਚਾਹੁੰਦੇ ਸਨ। ਪੜ੍ਹਦਿਆਂ ਦੀਆਂ ਗਰਲ ਫਰੈਂਡਾਂ ਸਨ। ਉਹ ਦੋਨੋਂ ਚਾਹੁੰਦੇ ਸਨ ਕਿ ਮੈਂ ਉਨ੍ਹਾਂ ਨੂੰ ਮਿਲਾਂ। ਪਰ ਮੈਂ ਇੱਕੋ ਨੰਨਾ ਭਰੀ ਰੱਖਿਆ। ਮੈਂ ਆਪਣੀ ਜ਼ਿੱਦ ਉੱਤੇ ਅੜੀ ਰਹੀ ਕਿ ਇੰਡੀਅਨ ਕੁੜੀਆਂ ਨਾਲ਼ ਹੀ ਵਿਆਹ ਕਰਨੇ ਐ। ਦੋਨੋਂ ਮੁੰਡੇ ਮੇਰੇ ਕਹਿਣੇ ਵਿੱਚ ਸੀ ਤੇ ਉਹ ਵੱਧੇ ਰੁੱਧੇ ਮੰਨ ਗਏ। ਵਿਆਹਾਂ ਤੋਂ ਬਾਅਦ ਉਨ੍ਹਾਂ ਦਾ ਡੈਡੀ ਛੇਤੀਂ ਤੁਰ ਗਿਆ। ਚੰਗਾ ਹੋਇਆ ਉਸਨੇ ਕੁਛ ਨ੍ਹੀ ਦੇਖਿਆ। ਨਹੀਂ ਤਾਂ ਉਸ

ਭਲੇ ਬੰਦੇ ਦੀ ਆਤਮਾ ਤੇ ਕੀ ਬੀਤਦੀ? ਤੇ ਹੁਣ ਆਹ ਸੇਵਾ ਮੇਰੀਆਂ ਲਿਆਂਦੀਆਂ ਇੰਡੀਅਨ ਨੂੰਹਾਂ ਨੇ ਮੇਰੀ ਕੀਤੀ ਕਿ ਉਹ ਮੁੰਡਿਆਂ ਨੂੰ ਮੇਰੇ ਨੇੜੇ ਵੀ ਨਹੀਂ ਆਉਣ ਦਿੰਦੀਆਂ। ਦੋਨੋਂ ਭੈਣਾਂ ਨੇ ਆਪਣੇ ਮਾਂ-ਬਾਪ ਕੈਨੇਡਾ ਸੱਦ ਲਏ ਤੇ ਮੁੰਡੇ ਜਿਵੇਂ ਕਮਾਈ ਕਰਦੇ ਐ ਤੇ ਉਹ ਬੈਠੇ ਐਸ਼ ਨਾਲ਼ ਖਾਂਦੇ ਐ। ਮੈਂ ਮਾਂ ਛੱਡਿਆ ਮਾਸੀ ਵੀ ਨਾ ਰਹੀ। ਸੋਚਦੀ ਹਾਂ ਜੇ ਮੈਂ ਮੁੰਡਿਆਂ ਦੀ ਗੱਲ ਸਮਝੀ ਹੁੰਦੀ ਤਾਂ ਸ਼ਾਇਦ ਅਸੀਂ ਸਾਰੇ ਸੁਖੀ ਹੁੰਦੇ। ਸੋ ਭੈਣਾਂ ਬੰਦਾ ਆਪਣੀਆਂ ਕੀਤੀਆਂ ਦਾ ਹੀ ਪਾਉਂਦੈ।"

ਮੈਂ ਉਸ ਦੀਆਂ ਗੱਲਾਂ ਸੁਣਦੀ ਰਹੀ। ਮੇਰੀ ਸੋਚ ਪਤਾ ਨਹੀਂ ਕਿੱਥੇ ਅਟਕੀ ਪਈ ਸੀ। ਉਸ ਦਿਨ ਲੋੜ ਤੋਂ ਵੱਧ ਮਰੀਜ਼ ਉੱਥੇ ਬੈਠੇ ਸਨ। ਸਾਡੇ ਆਲ਼ੇ-ਦੁਆਲ਼ੇ ਭੀੜ ਹੀ ਭੀੜ ਸੀ। ਉਸ ਭੀੜ ਵਿਚ ਵੀ ਜਿਵੇਂ ਹਰ ਕੋਈ ਇਕੱਲਾ ਸੀ। ਮੈਂ ਵੀ ਉਸੇ ਤਰ੍ਹਾਂ ਗੁਆਚੀ ਜਿਹੀ ਪਈ ਸਾਂ। ਉਸਦੀਆਂ ਗੱਲਾਂ ਸੁਣ ਕੇ ਮੈਂ ਸੋਚਿਆ ਕਿ ਸਭ ਕੁਝ ਹੁੰਦਿਆਂ-ਸ-ਹੁੰਦਿਆਂ ਬੰਦੇ ਨੂੰ ਸਬਰ ਸੰਤੋਖ ਨਹੀਂ। ਅਸੀਂ ਕਿਉਂ ਚਾਹੁੰਦੇ ਹਾਂ ਦੂਜੇ ਨੂੰ ਆਪਣੇ ਕੰਟਰੋਲ ਵਿੱਚ ਰੱਖਣਾ?

ਗਿੰਦਰੋ ਬੈਠੀ-ਬੈਠੀ ਹੱਸੀ। ਕਹਿਣ ਲੱਗੀ, "ਭੈਣਾਂ! ਇਸ ਤਰ੍ਹਾਂ ਦੀ ਚੁੱਪੀ ਤਾਂ ਮੇਰੀ ਹੁੰਦੀ ਐ। ਤੇ ਅਜ ਤੂੰ ਮੈਥੋਂ ਖੋਹ ਲਈ। ਬੜਾ ਮਾੜਾ ਕੀਤਾ।"

"ਕੀ ਭਾਵ?" ਮੈਂ ਮਸੀਂ ਐਨਾ ਹੀ ਆਖ ਸਕੀ।

"ਭੈਣਾਂ! ਸਾਨੂੰ ਰੱਬ ਦਾ ਸ਼ੁਕਰ ਮਨਾਉਣਾ ਚਾਹੀਦੈ ਕਿ ਅਸੀਂ ਆਪਣਾ ਆਪ ਸਾਂਭਣ ਜੋਗੀਆਂ ਹਾਂ। ਸਾਨੂੰ ਵੀ ਸਾਡੇ ਬੱਚਿਆਂ ਤੋਂ ਕੁੱਝ ਸਿੱਖਣ ਦੀ ਲੋੜ ਐ। ਉਹ ਕਹਿੰਦੇ ਐ ਨਾ, ਵੀ ਹੈਵ ਟੂ ਬੀ ਫਰੀ। ਆਪਾਂ ਫਰੀ ਹਾਂ ਭੈਣ। ਜਿੰਨਾ ਜੀਅ ਹੁੰਦੈ ਜੀਅ ਰੱਜ ਕੇ ਇਸ ਜ਼ਿੰਦਗੀ ਨੂੰ। ਅਪਾਹਜ ਮੈਂ ਨਹੀਂ। ਮੈਂ ਅਪਾਹਜ ਉਦੋਂ ਹੋਵਾਂਗੀ ਜਦੋਂ ਮੇਰੀ ਸੋਚ ਅਪਾਹਜ ਹੋ ਜਾਵੇਗੀ।"

ਨਰਸ ਉਸਦੀ ਵੀਲ੍ਹ ਚੇਅਰ ਧੱਕਦੀ ਡਾਇਲਸਜ਼ ਲਈ ਲੈ ਗਈ ਤੇ ਮੈਂ ਆਪਣੀਆਂ ਸੋਚਾਂ ਵਿਚ ਫੇਰ ਡੁੱਬ ਗਈ। ਕੀ ਆਖ ਗਈ ਸੀ ਗਿੰਦਰੋ? ਕੀ ਅਰਥ ਸੀ ਇਸਦਾ?

ਕੋਲਡ ਕੌਫੀ ਪੀਂਦਿਆਂ ਹੋਇਆਂ ਮੈਂ ਗਿੰਦਰੋ ਦੇ ਖਿਆਲਾਂ ਵਿਚ ਡੁੱਬੀ ਹੋਈ ਸਾਂ। ਗਿੰਦਰੋ ਇਕ ਧੜੱਲੇਦਾਰ ਔਰਤ ਜਿਸਨੂੰ ਕੀ ਕੁੱਝ ਸਹਿਣਾ ਪਿਆ ਹੋਵੇਗਾ ਤੇ ਹੁਣ ਵੀ ਸਹਿ ਰਹੀ ਸੀ।

ਮੈਂ ਸੋਚਾਂ, ਇੱਕਲੀ ਰਹਿਣਾ ਮੇਰੀ ਆਪਣੀ ਚੋਣ ਸੀ। ਬਿਲਕੁਲ ਗਿੰਦਰੋ ਦੀ ਤਰ੍ਹਾਂ। ਮੈਂ ਦੇਵ ਤੋਂ ਅੱਡ ਇਸ ਲਈ ਹੋਈ ਕਿ ਮੈਂ ਬੱਚਿਆਂ ਦੇ ਨਾਲ਼ ਦੇਵ ਨੂੰ ਵੀ ਪਾਲ਼ ਰਹੀ ਸਾਂ। ਇਕ ਬੋਝ ਮੇਰੀ ਪਿੱਠ ਉੱਤੇ ਲੱਦਿਆ ਰਹਿੰਦਾ ਸੀ। ਉਹ ਆਪਣਾ ਭਾਰ ਚੁੱਕਦਾ ਹੀ ਨਹੀਂ ਸੀ। ਮੈਂ ਸੋਚਿਆ ਕਿ, ਜੇ ਮੈਂ ਪੂਰੀ ਜਿੰਮੇਵਾਰੀ ਚੁੱਕਣੀ ਹੈ, ਤਾਂ ਇੱਕਲੀ ਕਿਉਂ ਨਾ ਚੁੱਕਾਂ। ਵਾਧੂ ਬੋਝ ਕਿਉਂ ਚੁੱਕਾਂ? ਫੇਰ ਹਰ ਰੋਜ਼ ਦੀ ਟਿਰੜ-ਫਿਰੜ, ਸ਼ੱਕੀ ਸੁਭਾ, ਵਿਹਲੇ ਬੈਠੇ ਟੀ।ਵੀ। ਦੇਖੀ ਜਾਣਾ, ਦਾਰੂ ਦੀ ਬੋਤਲ ਵਾਧੂ ਦਾ ਖਰਚਾ। ਨਿੱਕੀ-ਨਿੱਕੀ ਗੱਲ ਤੋਂ ਠਿੱਪ-ਠਪਾਈ। ੩ਤੇ ਮੈਂ ਅੱਕ ਥੱਕ ਗਈ। ਆਪਣੀ ਮਰਜ਼ੀ ਨਾਲ਼ ਕੁੱਝ ਨਾ ਕਰ ਸਕਦੀ। ਕਿਸੇ ਨੂੰ ਮਿਲ-ਗਿਲ ਨਾ ਸਕਦੀ। ਖਾ-ਪਹਿਨ ਨਾ ਸਕਦੀ। ਕਿਸੇ ਨਾਲ਼ ਗੱਲ ਨਾ ਕਰ ਸਕਦੀ। ਤੇ ਮੇਰੇ ਦੋਨੋਂ ਬੱਚੇ ਬਾਹਰ ਜਾਣ ਨੂੰ ਵੀ ਤਰਸਣ। ਜਿਸ ਦਿਨ ਦੇਵ ਨੇ ਸ਼ਰਾਬੀ ਹੋ ਕੇ ਮੈਨੂੰ ਕੰਧ ਵਿਚ ਮਾਰਿਆ, ਮੈਂ ਉਸੇ ਦਿਨ ਮਨ ਨਾਲ਼ ਫੈਸਲਾ ਕਰ ਲਿਆ ਸੀ ਆਪਣੇ ਰਿਸ਼ਤੇ ਨੂੰ ਤਲਾਂਜਲੀ ਦੇਣ ਦਾ।

ਭਾਵੇਂ ਦੇਵ ਨੇ ਗ਼ਲਤੀਆਂ ਮੰਨੀਆਂ। ਕੰਨ ਫੜੇ। ਆਖੇ ਉਠਕ-ਬੈਠਕ ਵੀ ਕਰ ਦਿੰਦਾ

ਹਾਂ। ਮੈਂ ਦਿਲ ਦੀ ਆਵਾਜ਼ ਸੁਣ ਕੇ ਇੱਕੋ ਨੰਨਾ ਰੱਖਿਆ। ਸੋਚਿਆ, ਜਿਹੜਾ ਬੰਦਾ ਇਕ ਵੇਰ ਇਸ ਤਰ੍ਹਾਂ ਕਰਦਾ ਹੈ ਉਹ ਹਮੇਸ਼ਾਂ ਇਹੋ ਕੁਝ ਕਰੇਗਾ। ਉਸਨੂੰ ਪਤਾ ਹੁੰਦਾ ਹੈ ਕਿ ਮੁਆਫੀ ਤਾਂ ਮਿਲ ਹੀ ਜਾਣੀ ਹੈ। ਤੇ ਮੈਂ ਮੁਆਫੀਆਂ ਦੇਣ ਦੀਆਂ ਲਾਈਨਾਂ ਨਹੀਂ ਸੀ ਲਾਉਣੀਆਂ ਚਾਹੁੰਦੀ। ਮੈਂ ਸਿੱਧ-ਪੱਧਰੀ ਜ਼ਿੰਦਗੀ ਚਾਹੁੰਦੀ ਸਾਂ। ਦੇਵ ਕਹਿਣ ਲੱਗਾ, "ਕੈਨੇਡਾ ਵਿਚ ਆਉਣ ਨਾਲ਼ ਤੀਂਵੀਆਂ ਦੇ ਦਿਮਾਗ ਖਰਾਬ ਹੋ ਜਾਂਦੇ ਐ। ਹੁੰਦੀ ਇੰਡੀਆ ਵਿਚ ੩"

ਬਸ ਇਹ ਉਸਦੇ ਆਖਰੀ ਬੋਲ ਸਨ। ਇਸਤੋਂ ਬਾਅਦ ਬੋਲਣ-ਸੁਣਨ ਵਾਲਾ ਕੁੱਝ ਰਹਿ ਨਹੀਂ ਸੀ ਗਿਆ। ਮੈਨੂੰ ਫੈਸਲਾ ਲੈਣਾ ਸੌਖਾ ਹੋ ਗਿਆ। ਮੈਂ ਹੀ ਕੰਮ ਕਰਦੀ ਸਾਂ। ਦੇਵ ਕੁਝ ਹਫ਼ਤੇ ਕੰਮ ਕਰਦਾ ਤੇ ਫੇਰ ਲੜ ਝਗੜ ਕੇ ਘਰ ਆ ਬੈਠਦਾ। ਸ਼ਰਾਬ ਦੀ ਬੋਤਲ ਤੋਂ ਬਿਨਾਂ ਉਸਦਾ ਗੁਜ਼ਾਰਾ ਨਹੀਂ ਸੀ ਹੁੰਦਾ। ਬਾਹਰ ਹਰ ਕਿਸੇ ਨਾਲ਼ ਕੋਈ ਨਾ ਕੋਈ ਪੰਗਾ ਖੜਾ ਰੱਖਦਾ। ਜਿਹੜੇ ਸਾਡੀ ਮਦਦ ਵੀ ਕਰਦੇ, ਉਨ੍ਹਾਂ ਨੂੰ ਵੀ ਦੇਵ ਬੁਰਾ ਭਲਾ ਬੋਲ ਆਉਂਦਾ।

ਆਈਸ ਟੀ ਦੇ ਆਖਰੀ ਘੁੱਟ ਨਾਲ਼ ਮੇਰਾ ਗਲਾਸ ਖਾਲੀ ਹੋ ਗਿਆ। ਗੀਨਾ ਉਸੇ ਤਰ੍ਹਾਂ ਪੇਟ ਉੱਤੇ ਹੱਥ ਧਰੀ ਤੁਰ ਫਿਰ ਰਹੀ ਸੀ। ਤੇ ਮੇਰੀਆਂ ਸੋਚਾਂ ਦਾ ਪਤੀਲਾ ਉੱਬਲੀ ਜਾ ਰਿਹਾ ਸੀ। ਕਦੀ ਗਿੰਦਰੋ, ਕਦੀ ਮੇਰੀ ਭੈਣ ਤੇ ਕਦੀ ਦੇਵ। ਜਦੋਂ ਨੂੰ ਮੇਰੇ ਟੈਲੀਫੋਨ ਦੀ ਘੰਟੀ ਖੜਕੀ। ਨੈਂਸੀ ਦਾ ਫੋਨ ਸੀ। ਉਹ ਮੈਨੂੰ ਦੱਸ ਰਹੀ ਸੀ, "ਮੌਮ ਯੂ ਨੋ ਯੂਅਰ ਫਰੈਂਡ ਫਰੌਮ ਹੌਸਪਿਟਲ, ਵੱਟਸ ਹਰ ਨੇਮ, ਯੈਹ! ਯੈਹ!! ਗਿੰਡਰੋ। ਯੂ ਨੋ ਸ਼ੀ ਪਾਸਡ ਅਵੇਅ।

"ਤੈਨੂੰ ਕਿੱਦਾਂ ਪਤਾ ਲੱਗਾ?" ਮੈਂ ਨੈਂਸੀ ਨੂੰ ਪੁੱਛਿਆ।

"ਮੌਮ! ਉਸਦੇ ਪੁੱਤ ਬੈਂਕ ਵਿੱਚ ਆਏ ਸੀ। ਉਸਦਾ ਅਕਾਉਂਟ ਮੇਰੀ ਬੈਂਕ ਵਿੱਚ ਹੀ ਹੈ। ਦੇ ਟੋਲਡ ਮੀ।"

"ਅੱਛਾ ... ਕਦੋਂ?" ਮੈਂ ਮਨ ਵਿੱਚ ਸੋਚ ਰਹੀ ਸਾਂ ਹੁਣ ਪੁੱਤ ਪੈਸੇ ਦੇਖਣ ਨੂੰ ਝੱਟ ਆ ਗਏ ਹੋਣੇ ਨੇ।

"ਦੇ ਕੇਮ ਟੁਡੇ। ਸ਼ੀ ਪਾਸਡ ਅਵੇਅ ਲਾਸਟ ਫਰਾਈਡੇ।"

"ਚਲੋ ਉਹ ਤਾਂ 'ਫਰੀਅ ਹੋਈ।" ਮੈਂ ਹੌਲੀ ਦੇਣੀ ਕਿਹਾ।

"ਵੱਟ ਮੌਮ! ਮੈਨੂੰ ਪਤਾ ਨਹੀਂ ਲੱਗਾ।" ਨੈਂਸੀ ਨੇ ਪੁੱਛਿਆ।

"ਕੁਛ ਨ੍ਹੀ ਨੈਂਸੀ। ਸੋ ਸੌਰੀ। ਹਾਓ ਅਬਾਊਟ ਦ ਫਿਊਨਰਲ? ਮੈਂ ਨੈਂਸੀ ਨੂੰ ਸਵਾਲ ਕੀਤਾ।

"ਇੱਟਸ ਟੁਮਾਰੋ। ਆਈ ਹੈਵ ਏ ਡੇ ਔਫ। ਆਈ ਵਿੱਲ ਟੇਕ ਯੂ ਇਫ ਯੂ ਵਾਂਟਸ ਟੂ ਗੋ?" ਨੈਂਸੀ ਕਹਿਣ ਲੱਗੀ।

ਮੈਂ ਮਿੰਟ ਕੁ ਲਈ ਆਪਣੇ ਮਨ ਵਿੱਚ ਸੋਚਦੀ ਰਹੀ। ਮਨ ਨੇ ਕਿਹਾ, 'ਮਨਾਂ ਬੰਦੇ ਦਾ ਆਖਰੀ ਸਮਾਂ ਹੈ, ਜਾਣਾ ਚਾਹੀਦੈ।' ਇਹ ਸੋਚਕੇ ਮੈਂ ਨੈਂਸੀ ਨੂੰ ਹਾਂਅ ਕਰ ਦਿੱਤੀ।

ਦੂਜੀ ਸਵੇਰ ਨੈਂਸੀ ਮੈਨੂੰ ਆਪਣੇ ਨਾਲ਼ ਲੈ ਗਈ। ਨਾਰਮਲ ਜਿਹੀ ਰਸਮ ਸੀ। ਥੋੜ੍ਹੇ ਜਿਹੇ ਬੰਦੇ ਸਨ। ਦੋਨੋਂ ਮੁੰਡੇ ਬਕਸੇ ਦੇ ਕੋਲ ਖੜੇ ਸਨ। ਮੈਂ ਗਿੰਦਰੋ ਦਾ ਚਿਹਰਾ ਦੇਖਿਆ। ਆਖਰੀ ਅਲਵਿਦਾ ਕਹੀ ਤੇ ਕੁਰਸੀ ਉੱਤੇ ਆਣ ਬੈਠੀ। ਦੋ ਕੁ ਤੀਂਵੀਆਂ ਮੇਰੇ ਮੋਹਰੇ ਬੈਠੀਆਂ ਗੱਲਾਂ ਕਰ ਰਹੀਆਂ ਸਨ। ਗਿੰਦਰੋ ਬਾਰੇ। ਉਸਦੀ ਜ਼ਿੰਦਗੀ ਬਾਰੇ ਤੇ ਪਾਲ਼ੇ ਪੜ੍ਹਾਏ ਮੁੰਡਿਆਂ ਬਾਰੇ। ਉਸਦੀਆਂ ਨੂੰਹਾਂ ਬਾਰੇ।

ਉਨ੍ਹਾਂ ਔਰਤਾਂ ਦੀਆਂ ਗੱਲਾਂ ਜਿਵੇਂ ਮੇਰੀ ਹਿੱਕ ਵਿੱਚ ਠੱਕਠੱਕ ਕਰਕੇ ਵੱਜ ਰਹੀਆਂ ਸਨ। ਮੈਂ ਆਲ਼ਾ ਦੁਆਲ਼ਾ ਦੇਖਿਆ। ਹਰ ਕੋਈ ਗਿੰਦਰੋ ਦੇ ਜੀਵਨ ਦੀਆਂ ਫੋਟੋਆਂ ਦੀ ਰੀਲ੍ਹ ਕੰਧ ’ਤੇ ਲੱਗੇ ਟੀ. ਵੀ. ਤੇ ਦੇਖ ਰਿਹਾ ਸੀ। ਫੋਟੋਆਂ ਵਿੱਚ ਗਿੰਦਰੋ ਮੁੰਡਿਆਂ ਨੂੰ ਕਲਾਵੇ ’ਚ ਲਈ ਹੱਸ ਹੱਸ ਦੋਹਰੀ ਹੋ ਰਹੀ ਸੀ। ਇਹ ਦੇਖਦਿਆਂ ਮੇਰੀ ਛਾਤੀ ਵਿੱਚ ਭਾਰ ਜਿਹਾ ਪੈਣ ਲੱਗ ਪਿਆ। ਜਿਵੇਂ ਰੀਨਾ ਮੈਨੂੰ ਚਿੰਬੜ ਗਈ ਹੋਵੇ। ਜੀਅ ਕੀਤਾ ਮੈਂ ਉਸਨੂੰ ਹੋਰ ਵੀ ਘੁੱਟ ਕੇ ਕਲਾਵੇ ਵਿੱਚ ਲੈ ਲਵਾਂ। ਮੇਰੇ ਸੱਜੇ ਹੱਥ ਬੈਠੀ ਨੈਂਸੀ ਵੱਲ ਮੈਂ ਤੱਕਿਆ। ਤੇ ਮੈਂ ਆਪਣਾ ਹੱਥ ਵਧਾ ਕੇ ਉਸਦਾ ਹੱਥ ਘੁੱਟ ਕੇ ਫੜ ਲਿਆ। (ਮਾਰਚ 2019)

✡✡✡

## ਬਲਬੀਰ ਕੌਰ ਸੰਘੇੜਾ ਦੀ ਕਹਾਣੀ ‘ਭਾਰ’ ਉੱਤੇ ਹੋਈ ਵਿਚਾਰ-ਚਰਚਾ

ਜਸ ਮੰਡ: ਕਹਾਣੀ ਦੀ ਮੁੱਖ ਪਾਤਰ ਪਹਿਲੀ ਪੀੜ੍ਹੀ ਦੀ ਪਰਵਾਸੀ ਹੈ। ਪੰਜਾਬ ਤੋਂ ਉੱਠ ਕੇ ਜਦੋਂ ਉਹ ਪਰਵਾਸ ਵਾਲੇ ਦੇਸ਼ ਪੁੱਜਦੀ ਹੈ, ਤਾਂ ਉਸਦਾ ਸਾਹਮਣਾ ਉਥੋਂ ਦੇ ਸਭਿਆਚਾਰ ਨਾਲ ਹੁੰਦਾ ਹੈ। ਉਹ ਦਿਮਾਗੀ ਤੌਰ ਉੱਤੇ ਨਵੇਂ ਸਭਿਆਚਾਰ ਵਿਚ ਰਚਣ-ਮਿਚਣ ਲਈ ਤਿਆਰ ਹੈ। ਤਾਰਕਿਕ ਪੱਧਰ ਉੱਤੇ ਉਹ ਮੰਨਦੀ ਹੈ ਕਿ ਗੋਰਿਆਂ ਦੀ ਜੀਵਨ-ਜਾਚ ਸਹੀ ਹੈ। ਗੋਰੇ ਬੁਢਾਪੇ ਦੀ ਅਗਾਊਂ ਤਿਆਰੀ ਕਰ ਲੈਂਦੇ ਹਨ, ਬੱਚਿਆਂ ਦੇ ਮੋਹ ਵਿਚ ਨਹੀਂ ਜਕੜੇ ਰਹਿੰਦੇ, ਉਨ੍ਹਾਂ ਉੱਤੇ ਨਿਰਭਰ ਵੀ ਨਹੀਂ ਰਹਿੰਦੇ, ਆਪਣਾ ਖਿਆਲ ਖੁਦ ਰਖਦੇ ਹਨ। ਪਰੰਤੂ ਅਵਚੇਤਨ ਦੀ ਪੱਧਰ ਉੱਤੇ ਉਹ ਪਿਛਲੇ ਸਭਿਆਚਾਰ ਨਾਲੋਂ ਪੂਰੀ ਤਰ੍ਹਾਂ ਟੁੱਟ ਵੀ ਨਹੀਂ ਰਹੀ। ਪਤੀ ਨਾਲੋਂ ਉਹ ਜੁਦੀ ਹੋ ਜਾਂਦੀ ਹੈ, ਉਹਦੇ ਮਿੰਨਤਾਂ ਕਰਨ ਦੇ ਬਾਵਜੂਦ ਵਾਪਸ ਨਹੀਂ ਮੁੜਦੀ। ਪਰੰਤੂ ਜਦੋਂ ਉਹਦੇ ਬੱਚੇ ਆਪਣੀ ਮਰਜ਼ੀ ਨਾਲ ਵਿਆਹ ਕਰਵਾਉਣਾ ਚਾਹੁੰਦੇ ਹਨ ਤਾਂ ਉਹ ਸ਼ਰਤਾਂ ਲਾਉਂਦੀ ਹੈ ਕਿ ਲਿਵ-ਇਨ ਰਿਲੇਸ਼ਨ ਵਿਚ ਨਹੀਂ ਰਹਿਣਾ, ਵਿਆਹ ਕਰਵਾ ਕੇ ਰਹੋ। ਨਾਲ ਹੀ ਇਸ ਗੱਲ ਦੀ ਵੀ ਤਸੱਲੀ ਪ੍ਰਗਟਾਉਂਦੀ ਹੈ ਕਿ ਉਸਦੀ ਬੇਟੀ ਦਾ ਪਤੀ ਪੂਰਾ ਕਾਲਾ ਨਹੀਂ। ਗਿੰਦਰੋ ਨਾਲ ਮੁਕਾਬਲੇ ਵਿਚ ਉਹ ਆਪਣੇ ਆਪ ਨੂੰ ਅਗਾਂਹਵਧੂ ਵਾਂਗ ਪੇਸ਼ ਕਰਦੀ ਹੈ। ਗਿੰਦਰੋ ਨੇ ਆਪਣੇ ਬੇਟਿਆਂ ਤੋਂ ਪੰਜਾਬਣਾਂ ਨਾਲ ਵਿਆਹ ਕਰਵਾਣ ਵਾਲੀ ਗੱਲ ਤਾਂ ਮੰਨਵਾ ਲਈ, ਪਰੰਤੂ ਨੂੰਹਾਂ ਉਹਦੀ ਸੇਵਾ ਨਹੀਂ ਕਰਦੀਆਂ। ਇਹਦੀ ਸੇਵਾ ਇਸ ਲਈ ਹੁੰਦੀ ਹੈ, ਕਿਉਂਕਿ ਕਿਸੇ ਹੱਦ ਤੱਕ ਇਸਨੇ ਆਪਣੇ ਬੱਚਿਆਂ ਨੂੰ ਮਰਜ਼ੀ ਚਲਾਉਣ ਦਿੱਤੀ।

ਭਾਸ਼ਾ ਦੇ ਪੱਖੋਂ ਬਲਬੀਰ ਕੌਰ ਸੰਘੇੜਾ ਕਾਫੀ ਸੁਚੇਤ ਹੈ। ਕੱਲ ਗੁਰਪ੍ਰੀਤ ਅਤੇ ਹਰਪ੍ਰੀਤ ਨੇ ਇਕ ਸਵਾਲ ਕੀਤਾ ਸੀ ਕਿ ਜਦੋਂ ਕੋਈ ਲੇਖਕ ਆਪਣੀ ਰਚਨਾ ਵਿਚ ਵਿਦੇਸ਼ੀ ਪਾਤਰ ਲੈ ਕੇ ਆਉਂਦਾ ਹੈ, ਤਾਂ ਉਸਤੋਂ ਕਿਹੜੀ ਬੋਲੀ ਬੁਲਵਾਵੇ! ਅਸੀਂ ਕਿਹਾ ਸੀ ਕਿ ਕਹਾਣੀ ਕਿਉਂਕਿ ਪੰਜਾਬੀ ਵਿਚ ਲਿਖੀ ਜਾ ਰਹੀ ਹੈ, ਅਤੇ ਪੰਜਾਬੀ ਪਾਠਕ ਨੇ ਪੜ੍ਹਨੀ ਹੈ, ਇਸ ਲਈ ਮੁੱਖ ਤੌਰ ਉੱਤੇ ਵਿਦੇਸ਼ੀ ਪਾਤਰ ਦੀ ਬੋਲੀ ਹੋਵੇਗੀ ਤਾਂ ਪੰਜਾਬੀ ਹੀ, ਪਰੰਤੂ ਉਸ ਵਿਚੋਂ ਉਸਦੇ ਵਿਦੇਸ਼ੀ ਹੋਣ ਦਾ ਫਲੇਵਰ ਮਿਲਣਾ ਚਾਹੀਦਾ ਹੈ। ਸਾਰੀ ਦੀ ਸਾਰੀ ਰਚਨਾ ਵਿਚ ਇਕ ਪਾਤਰ ਤੋਂ ਵਿਦੇਸ਼ੀ ਬੋਲੀ ਬੁਲਵਾਣੀ ਠੀਕ ਨਹੀਂ ਹੋਵੇਗੀ। ਕਹਾਣੀ ਦੀ ਪਾਤਰ ਨੈਂਸੀ ਕਈ ਵਾਰ ਪੂਰੇ ਦੇ ਪੂਰੇ ਫਿਕਰੇ ਅੰਗਰੇਜ਼ੀ ਵਿਚ ਬੋਲਦੀ ਹੈ। ਮੈਂ ਪਾਤਰ, ਜਿਹੜੀ ਨੈਰੇਟਰ ਹੈ, ਉਹ ਵੀ ਵਿਚ-ਵਿਚ

ਅੰਗਰੇਜ਼ੀ ਦੇ ਲਫਜ਼ ਬੋਲਦੀ ਹੈ। ਪੰਜਾਬੀ ਦੇ ਲੇਖਕ ਇਹ ਮੰਨ ਕੇ ਚਲਦੇ ਹਨ ਕਿ ਅੰਗਰੇਜ਼ੀ ਦੇ ਸ਼ਬਦ ਬਹੁਤੇ ਪੰਜਾਬੀਆਂ ਨੂੰ ਸਮਝ ਆ ਜਾਂਦੇ ਹਨ। ਪਰੰਤੂ ਕੀ ਪੰਜਾਬੀ ਦੀ ਕਹਾਣੀ ਵਿਚ ਕੋਈ ਲੇਖਕ ਰੂਸੀ, ਫਰਾਂਸੀਸੀ, ਜਾਂ ਇਥੋਂ ਤੱਕ ਕਿ ਤਾਮਿਲ ਲਫਜ਼ ਵਰਤ ਸਕਦਾ ਹੈ! ਦੂਜੀ ਬੋਲੀ ਦਾ ਫਲੇਵਰ ਪਾਠਕ ਤਾਈਂ ਪੁਚਾਣ ਦੀਆਂ ਕਈ ਤਕਨੀਕਾਂ ਹੋ ਸਕਦੀਆਂ ਹਨ। ਮਿਸਾਲ ਵਜੋਂ ਨਾਵਲ 'ਦ ਕਾਈਟ ਰਨਰ' ਵਿਚ ਖਾਲਿਦ ਹੋਸੈਨੀ ਆਪਣੇ ਪਾਤਰਾਂ ਤੋਂ ਮੁੱਖ ਤੌਰ 'ਤੇ ਤਾਂ ਅੰਗਰੇਜ਼ੀ ਬੁਲਵਾਂਦਾ ਹੈ, ਪਰੰਤੂ ਵਿਚ-ਵਿਚ ਦਰੀ ਬੋਲੀ ਦੇ ਲਫਜ਼ ਬੁਲਵਾ ਕੇ ਨਾਲ ਹੀ ਅੰਗਰੇਜ਼ੀ ਤਰਜਮਾ ਲਿਖ ਦੇਂਦਾ ਹੈ। ਬਲਬੀਰ ਕੌਰ ਸੰਘੇੜਾ ਨੇ ਕਹਾਣੀ ਵਿਚ ਕਾਫੀ ਸਾਰੇ ਮੁਹਾਵਰੇ ਅਤੇ ਵਧੀਆ ਇਜ਼ਹਾਰ ਵਰਤੇ ਹਨ। "ਮੇਰੇ ਅੰਦਰ ਜਿਵੇਂ ਰੋਹ ਦੀ ਮਧਾਣੀ ਜਿਹੀ ਫਿਰੇ", "ਮਹਿਸੂਸ ਹੁੰਦਾ ਜਿਵੇਂ ਇਸਨੇ ਮੇਰੀ ਸਾਰੀ ਹਵਾ ਖਾ ਲਈ ਹੋਵੇ", "ਵਹੁਟੀਏ! ਬੱਚੇ ਕੰਨਾਂ ਰਾਹੀਂ ਨ੍ਹੀ ਡਿਗਦੇ ਹੁੰਦੇ", "ਪੁੱਤ ਜਣੇਂਦੀ ਨਾਰ, ਵਰਨਾ ਬੇਕਾਰ"। ਇਸ ਤਰ੍ਹਾਂ ਦੇ ਹੋਰ ਵੀ ਬਹੁਤ ਚੁਸਤ ਫਿਕਰੇ ਵਰਤੇ ਗਏ ਹਨ। ਗੋਰਿਆਂ ਅਤੇ ਪੰਜਾਬੀਆਂ ਦੇ ਰਹਿਣ ਸਹਿਣ ਦਾ ਮੁਕਾਬਲਾ ਕਰ ਕੇ, ਉਨ੍ਹਾਂ ਦੇ ਘਰਾਂ ਵਿਚ ਫਰਕ ਵਿਖਾ ਕੇ, ਕਦੇ-ਕਦੇ ਉਥੋਂ ਦੇ ਮੌਸਮ ਦੀ ਗੱਲ ਲਿਆ ਕੇ ਉਸ ਦੇਸ਼ ਦੇ ਮਹੌਲ ਨੂੰ ਵੀ ਕਿਸੇ ਹੱਦ ਤੱਕ ਪੇਸ਼ ਕਰਨ ਦੀ ਕੋਸ਼ਿਸ਼ ਹੈ।

ਬਹੁਤੇ ਦੁਆਬੀਆਂ ਵਾਂਗ 'ਵ' ਅਤੇ 'ਬ' ਵਾਲੀ ਬਲਬੀਰ ਕੌਰ ਸੰਘੇੜਾ ਦੀ ਵੀ ਸਮਸਿਆ ਹੈ। ਹਰ ਥਾਂ ਬੇਬੀ ਨੂੰ ਬੇਵੀ ਲਿਖਿਆ ਹੈ। ਬਹੁੜੀਆਂ ਦੀ ਥਾਂ ਵਾਹੁੜੀਆਂ। ਇੰਝ ਹੀ ਹੂੰਗਦੀ ਨੂੰ ਹੂੰਘਦੀ। ਦੂਜੀ ਗੱਲ ਮੈਨੂੰ ਇਹ ਨਹੀਂ ਸਮਝ ਆਈ ਕਿ ਪਾਤਰਾਂ ਦੇ ਨਾਂਅ ਕੌਮਿਆਂ ਵਿਚ ਕਿਉਂ ਪਾਏ ਹੋਏ ਹਨ!

ਇਕ ਗੱਲ ਕੱਲ ਵੀ ਏਥੇ ਆਈ ਸੀ, ਕਿ ਵਿਦੇਸ਼ ਵਿਚ ਜਾ ਵਸੇ ਪੰਜਾਬੀਆਂ ਨੂੰ ਸ਼ਾਇਦ ਲਗਦਾ ਹੈ ਕਿ ਪੰਜਾਬ ਸ਼ਾਇਦ ਅਜੇ ਵੀ ਉੱਥੇ ਹੀ ਖੜੋਤਾ ਹੈ, ਜਿਥੇ ਉਹ ਛੱਡ ਕੇ ਗਏ ਸਨ। ਸ਼ਾਇਦ ਇਸੇ ਲਈ ਇਸ ਕਹਾਣੀ ਵਿਚ ਇਹੋ ਜਿਹੇ ਫਿਕਰੇ ਹਨ ਕਿ "ਇਹ ਕਿਹੜਾ ਇੰਡੀਆ ਹੈ ਜਿੱਥੇ ਇਕੋ ਵਿਹੜੇ ਵਿਚ ਸਾਰਿਆਂ ਨੇ ਬੈਠਣਾ ਹੋਇਆ, ਹੱਸਣਾ-ਗਾਉਣਾ ਹੋਇਆ। ਦੁੱਖ-ਸੁੱਖ ਸਾਂਝੇ ਕਰਨੇ ਹੋਏ।" ਇਕ ਹੋਰ ਗੱਲ ਜਿਹੜੀ ਮੈਂ ਕੱਲ ਵੀ ਕੀਤੀ ਸੀ, ਉਹ ਇਹ ਹੈ ਕਿ ਰਚਨਾ ਵਿਚੋਂ ਲੇਖਕ ਦੀ ਪੁਜ਼ੀਸ਼ਨਿੰਗ ਦਾ ਪਤਾ ਲੱਗਣਾ ਜ਼ਰੂਰੀ ਹੈ, ਕਿ ਉਹ ਕਿਸ ਰੁੱਖ ਖੜ੍ਹਾ ਹੈ! ਇਸ ਕਹਾਣੀ ਤੋਂ ਇਹ ਸਾਫ ਨਹੀਂ ਹੁੰਦਾ ਕਿ ਲੇਖਕ ਪਿਛਲਾ ਰੱਖਣ ਦੇ ਨਾਲ ਖੜ੍ਹੀ ਹੈ ਕਿ ਅਗਲੇ ਦਾ ਪੱਲਾ ਫੜਨ ਦੇ ਨਾਲ! ਉਹਦਾ ਨੁਕਤਾ-ਏ-ਨਿਗਾਹ ਸਾਫ ਨਹੀਂ। ਮੇਰੇ ਹਿਸਾਬ ਨਾਲ ਸਾਫ ਨੁਕਤਾ-ਏ-ਨਿਗਾਹ ਹੋਣਾ ਚੰਗੀ ਕਿਰਤ ਦਾ ਜ਼ਰੂਰੀ ਅੰਗ ਹੈ।

ਰਜਨੀਸ਼: ਜਿਹੜੀਆਂ ਗੱਲਾਂ ਮੰਡ ਹੁਰਾਂ ਨੇ ਆਖੀਆਂ ਨੇ, ਮੈਂ ਉਨ੍ਹਾਂ ਨੂੰ ਇਤਿਹਾਸਕ ਪਰਿਪੇਖ ਅਤੇ ਸਿਧਾਂਤਕ ਪੱਖ ਤੋਂ ਵਿਚਾਰਨ ਦੀ ਕੋਸ਼ਿਸ਼ ਕਰਾਂਗਾ। ਜਦੋਂ ਅਸੀਂ ਪਰਵਾਸੀ ਕਹਾਣੀ ਦਾ ਗਰਾਫ ਵੇਖਦੇ ਹਾਂ, ਤਾਂ ਉਹ ਸ਼ੁਰੂ ਹੁੰਦਾ ਭੂ-ਹੇਰਵੇ, ਨਸਲਵਾਦ, ਪੀੜ੍ਹੀ ਪਾੜੇ, ਅਤੇ ਸਭਿਆਚਾਰਕ ਤਨਾਅ ਤੋਂ। ਫੇਰ ਇਕ ਪੜਾਅ ਆਉਂਦਾ ਸਮਨਵੇ ਦਾ। ਪਹਿਲੇ ਪੜਾਅ ਵਿਚ ਪਰਵਾਸੀ ਲੇਖਕ ਪੇਸ਼ ਕਰਦਾ ਸੀ ਕਿ ਉਹ ਸਭਿਆਚਾਰ ਓਪਰਾ ਹੀ ਨਹੀਂ, ਮਾੜਾ ਵੀ ਹੈ। ਉਹ ਨਸਲਵਾਦੀ ਹੈ। ਸਾਡਾ ਉਸ ਨਾਲ ਟਕਰਾਅ ਰਹਿੰਦਾ ਹੈ। ਅੰਤਰ ਨਸਲੀ ਵਿਆਹ ਦਾ ਵਿਰੋਧ ਸੀ। ਜਾਤੀ ਦਾ ਵਰਤਾਰਾ ਵੀ ਵੇਖਣ ਨੂੰ ਮਿਲਦਾ ਸੀ, ਜਿਵੇਂ "ਕੰਜਕਾਂ" ਨਾਵਲ ਵਿਚ ਅਤੇ ਹੋਰ ਕਹਾਣੀਆਂ ਵਿਚ ਵੀ ਜ਼ਿਕਰ ਆਇਆ। ਹੌਲੀ-ਹੌਲੀ ਓਸ ਸਭਿਆਚਾਰ ਦਾ ਸਿਰਫ ਕਾਲਾ

ਪਾਸਾ ਹੀ ਨਹੀਂ, ਬਲਕਿ ਚਿੱਟਾ ਪਾਸਾ ਵੀ ਸਾਹਮਣੇ ਆਉਣ ਲੱਗਾ। ਇਸ ਕਹਾਣੀ ਵਿਚ ਵੀ ਗੋਰਿਆਂ ਦੇ ਕੁਝ ਉਹ ਪੱਖ ਲਿਆਂਦੇ ਗਏ ਨੇ ਜਿਹੜੇ ਸਾਡੇ ਨਾਲੋਂ ਬਿਹਤਰ ਦਿਸਦੇ ਨੇ। ਗਿੰਦਰੋ ਦੀ ਅੜੀ ਸੀ ਕਿ ਨੂੰਹਾਂ ਪੰਜਾਬ ਤੋਂ ਵਿਆਹ ਕੇ ਲਿਆਉਣੀਆਂ ਨੇ। ਤੇ ਉਹ ਕਹਿੰਦੀ ਹੈ ਕਿ ਉਹ ਇਸੇ ਗੱਲ ਦਾ ਦੁੱਖ ਭੋਗ ਰਹੀ ਹੈ। ਮੁੱਖ ਪਾਤਰ ਦੀ ਆਪਣੇ ਨੂੰਹ ਚੀਨੀ ਹੈ ਅਤੇ ਜੁਆਈ ਵੈਸਟ ਇੰਡੀਜ਼ ਦਾ ਕਾਲਾ ਹੈ। ਉਨ੍ਹਾਂ ਨਾਲ ਮਿਲਣ-ਮਿਲਾਪ ਤੋਂ ਉਹ ਇਹ ਸਿੱਟਾ ਕਢਦੀ ਹੈ ਕਿ ਉਹ ਦੋਵੇਂ ਵਧੀਆ ਇਨਸਾਨ ਨੇ, ਘਟੀਆ ਨਹੀਂ, ਜਿਵੇ ਕੁਝ ਲੋਕ ਉਨ੍ਹਾਂ ਨੂੰ ਪੇਸ਼ ਕਰਦੇ ਆਏ ਸਨ। ਸੱਠਵਿਆਂ ਦੀ ਪਰਵਾਸੀ ਕਹਾਣੀ ਦੇ ਮੁਕਾਬਲੇ ਇਹ ਅਗਲੇ, ਭਾਵ ਤਾਲਮੇਲ ਦੇ ਪੜਾਅ ਦੀ ਕਹਾਣੀ ਹੈ। ਇਸ ਤੋਂ ਪਹਿਲਾਂ ਅਮਨਪਾਲ ਸਾਰਾ ਜਾਂ ਸੰਤੋਖ ਧਾਲੀਵਾਲ ਦੀਆਂ ਕਹਾਣੀਆਂ ਵਿਚ ਇਸ ਪੜਾਅ ਦੀ ਆਮਦ ਹੋ ਚੁੱਕੀ ਸੀ।

ਇਸ ਕਹਾਣੀ ਵਿਚ ਵਿਸਥਾਰਾਂ ਦੀ ਸਮਸਿਆ ਜ਼ਰੂਰ ਹੈ। ਪੰਜਾਬੀ ਵਿਚ ਲੰਮੀ ਕਹਾਣੀ ਲਿਖਣ ਦਾ ਰੁਝਾਨ ਸ਼ੁਰੂ ਹੋਇਆ। ਕੁਝ ਰਸਾਲਿਆਂ ਨੇ ਲੰਮੀ ਕਹਾਣੀ ਦੇ ਅੰਕ ਕੱਢੇ। ਪਹਿਲੀ ਵਾਰ ਲੰਮੀ ਕਹਾਣੀ ਦਾ ਵਿਸ਼ੇਸ਼ ਅੰਕ ਜਗਜੀਤ ਛਾਬੜਾ ਨੇ ਕੱਢਿਆ ਸੀ। 'ਸਮਦਰਸ਼ੀ' ਨੇ ਵੀ ਕੱਢਿਆ। ਲੰਮੀ ਕਹਾਣੀ ਲਿਖਣ ਦਾ ਇਕ ਫੈਸ਼ਨ ਜਿਹਾ ਹੀ ਚੱਲ ਪਿਆ। ਜੇ ਕਹਾਣੀ ਦੀ ਲੋੜ ਵਿਸਥਾਰ ਮੰਗਦੀ ਹੈ, ਤਾਂ ਲੰਮੀ ਕਰੋ, ਪਰੰਤੂ ਬੇਲੋੜੇ ਵਿਸਥਾਰ ਨਹੀਂ ਹੋਣੇ ਚਾਹੀਦੇ। ਇਸ ਕਹਾਣੀ ਵਿਚ ਗਿੰਦਰੋ ਬਾਰੇ ਏਨੇ ਵਿਸਥਾਰ ਦੀ ਕੀ ਲੋੜ ਸੀ! ਇਸੇ ਕਰਕੇ ਇਸ ਕਹਾਣੀ ਵਿਚ ਕਈ ਵਾਰ ਅਕੇਵਾਂ ਪੈਦਾ ਹੁੰਦਾ ਹੈ। ਹਾਲਾਂਕਿ ਕੁੱਲ ਮਿਲਾ ਕੇ ਮੈਨੂੰ ਇਹ ਕਹਾਣੀ ਚੰਗੀ ਲੱਗੀ।

ਸੁਖਪ੍ਰੀਤ: ਕਹਾਣੀ ਦਾ ਸਿਰਲੇਖ ਹੈ ਭਾਰ। ਪਰੰਤੂ ਪੂਰੀ ਕਹਾਣੀ ਪੜ੍ਹ ਕੇ ਵੀ ਮੈਨੂੰ ਇਸ ਗੱਲ ਦਾ ਨਹੀਂ ਪਤਾ ਲੱਗਾ ਕਿ ਭਾਰ ਹੈ ਕਿਸ ਗੱਲ ਦਾ! ਕਹਾਣੀ ਦੇ ਸ਼ੁਰੂ ਵਿਚ ਲਗਦਾ ਕਿ ਸ਼ਾਇਦ ਬੱਚਿਆਂ ਦਾ ਭਾਰ ਹੈ। ਉਹਦੇ ਕੋਲ ਕੁਝ ਦਿਨਾਂ ਲਈ ਰਹਿਣ ਆਈ ਬੇਟੀ ਨੂੰ ਉਹ ਭਾਰ ਸਮਝਦੀ ਹੈ। ਦੂਜੇ ਭਾਗ ਵਿਚ ਜਦੋਂ ਗਿੰਦਰੋ ਦੀ ਮੌਤ ਬਾਰੇ ਪਤਾ ਲਗਦਾ ਹੈ, ਤਾਂ ਉਹ ਸੋਚਦੀ ਹੈ ਕਿ ਇਕੱਲੀ ਰਹਿ ਕੇ ਪਤਾ ਨਹੀਂ ਉਹ ਠੀਕ ਕਰ ਰਹੀ ਹੈ ਕਿ ਨਹੀਂ! ਉਹਨੂੰ ਲੱਗਣ ਲਗਦੈ ਕਿ ਉਹਨੂੰ ਉਹਦੇ ਬੱਚੇ ਸਾਂਭਣ। ਜਦੋਂ ਉਹ ਨੌਂ-ਗਿਆਰਾਂ ਵਾਲੇ ਦਿਨ ਆਪਣੀ ਭੈਣ ਦੇ ਮਰਨ ਦੀ ਗੱਲ ਕਰਦੀ ਹੈ, ਤਾਂ ਇਹ ਲਗਦੈ ਕਿ ਹੋ ਸਕਦਾ ਉਸਨੂੰ ਭੈਣ ਦੇ ਵਿਛੋੜੇ ਦਾ ਭਾਰ ਹੋਵੇ! ਇਕ ਪਾਸਿਓਂ ਮੁਖ ਪਾਤਰ ਕਹਿੰਦੀ ਹੈ ਕਿ ਬੱਚੇ ਆਪਣੀ ਥਾਂ ਸੁਖੀ ਹਨ, ਅਤੇ ਉਹ ਇਕੱਲੀ ਰਹਿ ਕੇ ਸੁਖੀ ਹੈ, ਪਰੰਤੂ ਨਾਲ ਹੀ ਉਹ ਉਮੀਦ ਕਰਦੀ ਹੈ ਕਿ ਉਸਨੂੰ ਬੱਚੇ ਸਾਂਭਣ। ਇਹ ਵਿਰੋਧਾਭਾਸ ਜਾਪਦਾ ਹੈ। ਕਹਾਣੀ ਦਾ ਵਰਤਮਾਨ ਸਮਾਂ ਦੋ ਦਿਨਾਂ ਦਾ ਹੈ। ਪਹਿਲੇ ਦਿਨ ਉਹ ਸੋਫੇ ਉੱਤੇ ਬੈਠੀ ਚਾਹ ਦੇ ਘੁੱਟ ਪੀ ਰਹੀ ਹੈ। ਬਾਕੀ ਗੱਲਾਂ ਉਹ ਪਿੱਛਲਝਾਤ ਵਿਚ ਕਰਦੀ ਹੈ। ਫੇਰ ਇਕ ਹੋਰ ਦਿਨ ਉਹ ਗਿੰਦਰੋ ਦੇ ਭੋਗ ਉੱਤੇ ਜਾਂਦੀ ਹੈ। ਵਿਸ਼ਵੀਕਰਨ ਅਤੇ ਮੰਡੀਕਰਨ ਬਾਰੇ ਕੀਤੀਆਂ ਗੱਲਾਂ ਬੇਲੋੜੀਆਂ ਜਾਪਦੀਆਂ ਹਨ। ਕਹਾਣੀ ਵਿਚ ਦਰਸਾਇਆ ਗਿਆ ਹੈ ਕਿ ਜਿਨ੍ਹਾਂ ਬੱਚਿਆਂ ਨੇ ਮਾਪਿਆਂ ਦੇ ਕਹਿਣ 'ਤੇ ਆਪਣੇ ਸਾਥੀ ਚੁਣੇ, ਉਹ ਮਾਪੇ ਔਖੇ ਨੇ, ਅਤੇ ਜਿਨ੍ਹਾਂ ਨੇ ਆਪਣੀ ਮਰਜ਼ੀ ਨਾਲ ਵਿਆਹ ਕਰਵਾਏ, ਉਨ੍ਹਾਂ ਦੇ ਮਾਪੇ ਸੌਖੇ ਨੇ। ਮੇਰਾ ਸਵਾਲ ਇਹ ਹੈ ਕਿ ਕੀ ਇਹ ਉਨ੍ਹਾਂ ਦੇਸ਼ਾਂ ਦਾ ਆਮ ਵਰਤਾਰਾ ਹੈ?ਨਵੇਂ ਆਏ ਪੰਜਾਬੀਆਂ ਨੂੰ "ਫੌਬ" ਕਹਿਣਾ ਵਰਗੇ ਵਿਸਥਾਰਾਂ ਦੀ ਲੋੜ ਨਹੀਂ ਸੀ। ਇਸ ਕਹਾਣੀ ਵਿਚ ਪੈਰ੍ਹਾ ਵੰਡ ਦਾ ਸਿਸਟਮ ਵੀ ਮੈਨੂੰ ਸਮਝ ਨਹੀਂ ਆਇਆ। ਅਸੀਂ ਨਵਾਂ ਪੈਰ੍ਹਾ ਉਦੋਂ ਬਣਾਉਂਦੇ ਹਾਂ, ਜਦੋਂ ਪਹਿਲੇ ਪੈਰ੍ਹੇ ਵਿਚ ਕਹਿਣ

ਵਾਲੀ ਗੱਲ ਖਤਮ ਹੋ ਜਾਵੇ, ਅਤੇ ਨਵੀਂ ਗੱਲ ਕਹਿਣੀ ਹੋਵੇ। ਪਰੰਤੂ ਇਸ ਕਹਾਣੀ ਵਿਚ ਪੈਰ੍ਹਿਆਂ ਦਾ ਅਜਿਹਾ ਕੋਈ ਹਿਸਾਬ ਨਹੀਂ।

ਰਾਜ ਕੁਮਾਰ: ਇਸ ਕਹਾਣੀ ਵਿਚ ਪਰਵਾਸੀ ਮਾਨਸਕਤਾ ਦਾ ਚਿਤਰਣ ਬੜਾ ਸਟੀਕ ਹੈ। ਵਿਸਥਾਰ ਘੱਟ ਹੁੰਦਾ ਤਾਂ ਬਿਹਤਰ ਹੁੰਦਾ।

ਜਨਮੀਤ: ਭਾਰ ਬਾਰੇ ਮੈਨੂੰ ਤਾਂ ਕੋਈ ਸ਼ੱਕ ਨਹੀਂ। ਮੁੱਖ ਪਾਤਰ ਉੱਤੇ ਇਕੱਲਤਾ ਦਾ ਭਾਰ ਹੈ। ਇਸ ਕਹਾਣੀ ਵਿਚ ਏਨੇ ਪਾਤਰ ਹਨ ਕਿ ਮੇਰੇ ਹਿਸਾਬ ਨਾਲ ਤਾਂ ਇਹ ਇਕ ਨਾਵਲ ਦਾ ਮਸੌਦਾ ਹੈ। ਕਹਾਣੀ ਵਿਚ ਇਸ ਸਭ ਕੁਝ ਨੂੰ ਸਮੇਟਣ ਦੀ ਕੋਸ਼ਿਸ਼ ਕਾਮਯਾਬ ਨਹੀਂ ਹੋਈ।

ਸੁਕੀਰਤ: ਮੇਰੇ ਹਿਸਾਬ ਨਾਲ ਸਾਰੀ ਕਹਾਣੀ ਇਕ ਖਾਸ ਮੁੱਦੇ ਨੂੰ ਉਭਾਰਦੀ ਹੈ। ਇਹ ਲੰਮੀ ਜ਼ਰੂਰ ਹੈ, ਪਰੰਤੂ ਉਹਦੀ ਭੈਣ ਵਾਲੇ ਕਿੱਸੇ ਤੋਂ ਸਿਵਾ ਹੋਰ ਕੁਝ ਵੀ ਮੈਨੂੰ ਬੇਲੋੜਾ ਨਹੀਂ ਜਾਪਦਾ। ਮੰਡ ਹੁਰਾਂ ਤੋਂ ਉਲਟ ਮੇਰੀ ਰਾਇ ਹੈ ਕਿ ਇਸ ਕਹਾਣੀ ਵਿਚ ਲੇਖਕ ਦੀ ਪੁਜ਼ੀਸ਼ਨਿੰਗ ਵੀ ਬਿਲਕੁਲ ਸਾਫ ਹੈ। ਇਹ ਓਸ ਪਰਵਾਸੀ ਮਾਨਸਕਤਾ ਦੀ ਕਹਾਣੀ ਹੈ, ਜਿਹੜਾ ਆਪਣੇ ਪਰਵੇਸ਼ ਤੋਂ ਲਗਾਤਾਰ ਸਿੱਖ ਰਿਹਾ ਹੈ। ਲੇਖਕ ਨੇ ਜੁਗਤ ਅਪਨਾਈ ਹੈ ਟਕਰਾਵਾਂ ਦੀ। ਜਿਹੜੇ ਸੰਸਕਾਰ ਉਹ ਭਾਰਤ ਤੋਂ ਲੈ ਕੇ ਆਈ ਸੀ, ਉਨ੍ਹਾਂ ਨਾਲ ਉਸਦਾ ਦਵੰਦ ਚਲਦਾ ਹੈ, ਪਰ ਉਹ ਲਗਾਤਾਰ ਆਪਣੇ ਆਪ ਨੂੰ ਬਦਲ ਵੀ ਰਹੀ ਹੈ। ਇਕ ਪਾਸੇ ਉਹ ਦੇਵ ਤੋਂ ਕੁੱਟ ਵੀ ਖਾਂਦੀ ਹੈ, ਕਿਉਂਕਿ ਪਿਛਿਓਂ ਲਿਆਂਦੇ ਸੰਸਕਾਰਾਂ ਮੁਤਾਬਕ ਤਲਾਕ ਭੈੜਾ ਮੰਨਿਆ ਜਾਂਦਾ ਹੈ। ਬਾਅਦ ਵਿਚ ਤਲਾਕ ਲੈ ਲੈਂਦੀ ਹੈ, ਹਾਲਾਂਕਿ ਵਿਚ-ਵਿਚ ਦੇਵ ਉਸਨੂੰ ਯਾਦ ਆਉਂਦਾ ਰਹਿੰਦਾ ਹੈ। ਜਿਵੇਂ ਰਜਨੀਸ਼ ਹੁਰਾਂ ਨੇ ਕਿਹਾ ਇਹ ਓਸ ਸਭਿਆਚਾਰ ਨਾਲ ਤਾਲਮੇਲ ਸਥਾਪਤ ਕਰਨ ਦੀ ਕਹਾਣੀ ਹੈ। ਗੁਰਪ੍ਰੀਤ ਦੇ ਹਿਸਾਬ ਨਾਲ "ਫੌਬ" ਬਾਰੇ ਜ਼ਿਕਰ ਬੇਲੋੜਾ ਹੈ, ਪਰੰਤੂ ਅੱਜ ਦੇ ਦਿਨ ਪਰਵਾਸੀਆਂ ਦਾ ਇਸ ਸਮਸਿਆ ਨਾਲ ਸਾਹਮਣਾ ਹੋ ਰਿਹਾ ਹੈ। ਫੌਬ, ਯਾਨੀ "ਫਰੈਸ਼ ਆਫ ਦਾ ਬੋਟ", ਯਾਨੀ ਨਵੇਂ ਪਰਵਾਸੀਆਂ ਅਤੇ ਪੁਰਾਣੇ ਵਸੇ ਪਰਵਾਸੀਆਂ ਵਿਚਕਾਰ ਤਾਲਮੇਲ ਦੀ ਸਮਸਿਆ ਵੱਡੀ ਸਮਸਿਆ ਬਣ ਕੇ ਸਾਹਮਣੇ ਆਈ ਹੈ। ਫੇਰ ਇਸ ਕਹਾਣੀ ਵਿਚ ਪੁੱਤਰ (ਸ਼ਿਵ) ਮਾਂ ਨੂੰ ਕਹਿੰਦਾ ਹੈ ਕਿ ਮਾਂ ਤੂੰ ਕੋਈ ਦੋਸਤ ਬਣਾ ਲੈ। ਇਹ ਪੁੱਤਰ ਹਰਜੀਤ ਅਟਵਾਲ ਦੀ ਕਹਾਣੀ ਵਾਲੇ ਪੁੱਤਰ ਤੋਂ ਬਿਲਕੁਲ ਉਲਟ ਹੈ, ਜਿਹਦਾ ਮਕਸਦ ਸਿਰਫ ਪਿਓ ਦੀ ਜਾਇਦਾਦ ਹੜੱਪਣ ਤੱਕ ਸੀਮਤ ਹੈ। ਇਸ ਕਹਾਣੀ ਦੀ ਮੁੱਖ ਪਾਤਰ ਏਥੇ ਪਹੁੰਚ ਗਈ ਹੈ ਕਿ ਉਹ ਬੁਆਏ ਫਰੈਂਡ ਬਣਾਉਣ ਵਿਚ ਕੋਈ ਹਰਜ਼ ਨਹੀਂ ਸਮਝਦੀ, ਹਾਲਾਂਕਿ ਉਸਨੂੰ ਲੋਕਾਂ ਵਲੋਂ ਗੱਲਾਂ ਬਣਾਏ ਜਾਣ ਦੀ ਪਰਵਾਹ ਵੀ ਦਿਸਦੀ ਹੈ। ਬਲਬੀਰ ਕੌਰ ਸੰਘੇੜਾ ਲਗਾਤਾਰ ਅਜਿਹੇ ਟਕਰਾਅ ਉਸਾਰਦੀ ਜਾਂਦੀ ਹੈ।

ਇਕ ਸਵਾਲ ਜਿਹੜਾ ਮਨਪ੍ਰੀਤ ਨੇ ਇਸਤੋਂ ਪਹਿਲਾਂ ਵਿਚਾਰੀ ਗਈ ਕਹਾਣੀ ਦੀ ਬਹਿਸ ਦੌਰਾਨ ਕੀਤਾ ਸੀ। ਉੱਤਮ ਪੁਰਖੀ ਕਹਾਣੀ ਵਿਚ ਜਦੋਂ ਵਾਰਤਾਲਾਪ ਚੱਲ ਰਿਹਾ ਹੁੰਦਾ ਹੈ, ਤਾਂ ਉਹ ਪਾਤਰ ਬੋਲ ਰਿਹਾ ਹੁੰਦਾ ਹੈ, ਉਦੋਂ ਯਕੀਨਨ ਹੀ ਪਾਤਰ ਦੇ ਲਹਿਜੇ ਦੇ ਹਿਸਾਬ ਨਾਲ ਸ਼ਬਦ ਵਰਤਣੇ ਚਾਹੀਦੇ ਹਨ। ਪਰੰਤੂ ਜਦੋਂ ਮਨਵਚਨੀ ਚੱਲ ਰਹੀ ਹੋਵੇ, ਵੇਰਵਾ ਦਿੱਤਾ ਜਾ ਰਿਹਾ ਹੋਵੇ, ਉਦੋਂ ਅਸਲ ਵਿਚ ਲੇਖਕ ਬੋਲ ਰਿਹਾ ਹੁੰਦਾ ਹੈ। ਉਦੋਂ ਲੇਖਕ ਨੂੰ ਆਪਣੀ ਪੱਧਰ ਦੇ ਸ਼ਬਦ ਵਰਤਣ ਦੀ ਖੁੱਲ੍ਹ ਹੁੰਦੀ ਹੈ।

ਹਰਪ੍ਰੀਤ: ਕਹਾਣੀ ਵਿਚ ਵਰਤੀ ਜਾਂਦੀ ਬੋਲੀ ਬਾਰੇ ਮੰਡ ਹੁਰਾਂ ਅਤੇ ਸੁਕੀਰਤ ਹੁਰਾਂ ਦੇ

ਵਿਚਾਰਾਂ ਨਾਲ ਗੱਲ ਕਾਫੀ ਸਾਫ ਹੋਈ ਹੈ। ਮੈਂ ਇਹਦੇ ਬਾਰੇ ਹੋਰ ਸੋਚਾਂਗੀ। ਇਸ ਕਹਾਣੀ ਵਿਚ ਲੇਖਕਾ ਗੱਲਾਂ ਵਿਚੋਂ ਗੱਲਾਂ ਕਢਦੀ ਚਲੀ ਜਾਂਦੀ ਹੈ। ਹਰਪ੍ਰੀਤ ਸੇਖਾ ਦੀ ਕਹਾਣੀ ਬਾਰੇ ਗੱਲ ਕਰਦਿਆਂ ਏਥੇ ਕਿਹਾ ਗਿਆ ਸੀ ਕਿ ਕਹਾਣੀ ਵਿਚ ਬਹੁਤ ਕੁਝ ਅਣਕਿਹਾ ਛਡਿਆ ਜਾਂਦਾ ਹੈ। ਇਸਦੇ ਉਲਟ ਹਥਲੀ ਕਹਾਣੀ ਵਿਚ ਕੁਝ ਵੀ ਅਣਕਿਹਾ ਨਹੀਂ ਰਿਹਾ। ਫੌਬਾਂ ਬਾਰੇ ਪੂਰਾ ਪੈਰ੍ਹਾ ਦੇਣ ਦੀ ਕੋਈ ਲੋੜ ਨਹੀਂ ਸੀ। ਭੈਣ ਦੀ ਨੌਂ-ਗਿਆਰਾਂ ਵੇਲੇ ਮੌਤ ਦਾ ਵਿਸਥਾਰ ਵੀ ਵਾਧੂ ਹੈ। ਮੈਨੂੰ ਤਾਂ ਇਹ ਕਹਾਣੀ ਬੜੀ ਹੀ ਅਕਾਊ ਜਾਪੀ।

ਮਹਿਲ ਸਿੰਘ: ਥੀਮ ਦੇ ਪੱਖ ਤੋਂ ਇਹ ਕਹਾਣੀ ਚੰਗੀ ਹੈ। ਉਸ ਦੇਸ਼ ਦੇ ਸਭਿਆਚਾਰ ਮੁਤਾਬਕ ਇਕੱਲੇ ਰਹਿਣਾ ਉਸਦੇ ਸੁਭਾਅ ਵਿਚ ਆ ਚੁੱਕਾ ਹੈ। ਸ਼ੁਰੂ ਵਿਚ ਉਹ ਆਪਣੀ ਬੇਟੀ ਤੋਂ ਵੀ ਤੰਗ ਜਾਪਦੀ ਹੈ ਅਤੇ ਚਾਹੁੰਦੀ ਹੈ ਕਿ ਉਸਦਾ ਜੁਆਈ ਆ ਕੇ ਆਪਣੀ ਪਤਨੀ ਨੂੰ ਲੈ ਜਾਵੇ। ਜਦੋਂ ਉਹ ਗਿੰਦਰੋ ਦੀਆਂ ਆਪਣੇ ਬੱਚਿਆਂ ਨਾਲ ਖੁਸ਼ੀ ਵਾਲੀਆਂ ਫੋਟੋਆਂ ਵੇਖਦੀ ਹੈ, ਤਾਂ ਉਹ ਕੋਲ ਖੜ੍ਹੀ ਆਪਣੀ ਨੂੰਹ ਦਾ ਹੱਥ ਘੁੱਟ ਕੇ ਫੜਦੀ ਹੈ। ਉਦੋਂ ਲਗਦਾ ਹੈ ਕਿ ਇਕੱਲਤਾ ਵੀ ਉਸਨੂੰ ਸਤਾਉਂਦੀ ਹੈ। ਜਿਵੇਂ ਮਨਪ੍ਰੀਤ ਨੇ ਗੱਲ ਕੀਤੀ ਹੈ ਕਿ ਕਹਾਣੀ ਦੇ ਪਿਛੋਕੜ ਦੀ ਵਿਆਖਿਆ ਕਰਨ ਲੱਗ ਜਾਣੀ, ਪਾਠਕ ਨੂੰ ਬੁੱਧੂ ਸਮਝ ਕੇ ਉਪਦੇਸ਼ ਦੇਣ ਲੱਗ ਜਾਣਾ, ਅਣਕਹੇ ਦੀ ਥਾਂ ਸਭ ਕੁਝ ਕਹਿਣਾ ਸ਼ੁਰੂ ਕਰ ਦੇਣਾ, ਇਹ ਕਹਾਣੀ ਦਾ ਚੰਗਾ ਲੱਛਣ ਨਹੀਂ ਹੁੰਦਾ।

ਜਸਵਿੰਦਰ: ਕਹਾਣੀ ਉੱਤੇ ਬੜੀ ਦਿਲਚਸਪ ਬਹਿਸ ਹੋ ਰਹੀ ਹੈ। ਇਸ ਵਿਚ ਗੋਸ਼ਟੀ ਦੀ ਵੀ, ਅਤੇ ਕਹਾਣੀ ਦੀ ਵੀ ਖੂਬਸੂਰਤੀ ਹੈ ਕਿ ਉਹ ਪਾਠਕ ਦੇ ਮਨ ਵਿਚ ਬਹੁਤ ਸਾਰੇ ਸਵਾਲ ਪੈਦਾ ਕਰੇ। ਸੁਕੀਰਤ ਹੁਰਾਂ ਨੇ ਕਿਹਾ ਕਿ ਉੱਤਮ ਪੁਰਖੀ ਕਹਾਣੀ ਵਿਚ ਮੈਂ ਪਾਤਰ ਲੇਖਕ ਹੁੰਦਾ ਹੈ, ਪਰੰਤੂ ਹਮੇਸ਼ਾ ਇੰਝ ਨਹੀਂ ਹੁੰਦਾ। ਕਈ ਵਾਰ ਲੇਖਕ, ਨੈਰੇਟਰ ਅਤੇ ਮੁੱਖ ਪਾਤਰ ਇਕੋ ਵੀ ਹੁੰਦਾ, ਪਰੰਤੂ ਹਰ ਕਹਾਣੀ ਵਿਚ ਇੰਝ ਨਹੀਂ ਹੁੰਦਾ। ਇਹ ਕਹਾਣੀ, ਜਿਵੇਂ ਮੰਡ ਹੁਰਾਂ ਨੇ ਕਿਹਾ, ਇਥੋਂ ਇਕ ਸਭਿਆਚਾਰ ਲੈ ਕੇ ਗਈ ਮੁੱਖ ਪਾਤਰ ਦੇ ਉਥੋਂ ਦੇ ਸਭਿਆਚਾਰ ਨਾਲ ਟਕਰਾਵਾਂ ਦੀ ਕਹਾਣੀ ਹੈ। ਮੁੱਖ ਪਾਤਰ ਦੇ ਚੇਤਨਾ ਪਰਵਾਹ ਦੀ ਤਕਨੀਕ ਵਿਚ, ਜੋ ਕੁਝ ਹੋਇਆ ਵਾਪਰਿਆ, ਉਹਦਾ ਸਵੈ-ਕਥਨ ਜਾਂ ਇਕਬਾਲੀਆ ਬਿਆਨ ਹੈ। ਉਹਦੇ ਜੀਵਨ ਦਾ ਸਫਰ ਹੈ। ਇਕ ਵੇਲੇ ਉਸਨੂੰ ਲਗਦਾ ਹੈ ਕਿ ਉਸਦਾ ਨਿੱਜੀ ਜੀਵਨ ਬਹੁਤ ਮਹੱਤਵਪੂਰਨ ਹੈ। ਆਪਣੇ ਪਤੀ ਉੱਤੇ ਉਹ ਜਿਹੜੇ ਇਲਜ਼ਾਮ ਲਾਉਂਦੀ ਹੈ, ਉਹ ਬੜੇ ਰੂੜੀ ਕਿਸਮ ਦੇ ਹਨ। ਕਹਾਣੀ ਵਿਚ ਕੋਈ ਨਵੀਆਂ ਗੋਲਾਈਆਂ, ਜਾਂ ਨਵੀਆਂ ਸੈਨਤਾਂ ਨਹੀਂ ਮਿਲਦੀਆਂ। ਇਕੱਲਤਾ ਨੂੰ ਉਹ ਹੁਣ ਪਸੰਦ ਕਰਨ ਲੱਗੀ ਹੈ, ਜਿਸਦਾ ਇਸ਼ਾਰਾ ਕਹਾਣੀ ਦੇ ਸ਼ੁਰੂ ਵਿਚ ਉਹ ਆਪਣੀ ਧੀ ਦੀ ਮੌਜੂਦਗੀ ਬਾਰੇ ਕਰਦੀ ਹੈ। ਕਹਾਣੀ ਵਿਚ ਬਹੁਤ ਬੇਲੋੜਾ ਵਿਸਥਾਰ ਹੈ, ਬਹੁਤ ਜ਼ਿਆਦਾ ਵਿਖਿਆਨ ਹੈ। ਕਹਾਣੀ ਦਾ ਫੋਕਸ ਵਾਰ-ਵਾਰ ਹਿੱਲਦਾ ਹੈ। ਪਾਠਕ ਨੂੰ ਉਹਦੇ ਨਾਲ ਜੁੜੇ ਰਹਿਣ ਲਈ ਤਰੱਦਦ ਕਰਨਾ ਪੈਂਦਾ। ਕਹਾਣੀ ਦਾ ਮਹੱਤਵਪੂਰਨ ਹਿੱਸਾ ਉਹ ਹੈ ਜਦੋਂ ਉਹ ਗਿੰਦਰੋ ਦੀਆਂ ਖੁਸ਼ੀ ਵਾਲੇ ਪਲਾਂ ਦੀਆਂ ਫੋਟੋਆਂ ਵੇਖਦੀ ਹੈ। ਉਦੋਂ ਉਹ ਮਹਿਸੂਸ ਕਰਦੀ ਹੈ ਕਿ ਇਕੱਲੇ ਰਹਿਣਾ ਵੀ ਕੋਈ ਖੁਸ਼ੀਆਂ ਵਾਲੀ ਗੱਲ ਨਹੀਂ। ਕਹਾਣੀ ਦਾ ਮੋੜਾ ਇਸ ਵਿਚ ਹੈ ਕਿ ਇਕ ਪੱਧਰ ਉੱਤੇ ਉਸਨੂੰ ਇਕੱਲਤਾ ਵੀ ਖੌਲਦੀ ਹੈ। ਨੂੰਹ ਦਾ ਹੱਥ ਫੜਨਾ ਰਿਸ਼ਤਿਆਂ ਦੀ ਬਾਂਹ ਫੜਨ ਦਾ ਪ੍ਰਤੀਕ ਹੈ। ਇਕ ਬਿੰਦੂ ਤੋਂ ਤੁਰ ਕੇ ਦੂਜੇ ਬਿੰਦੂ ਤੱਕ ਦਾ ਸਫਰ ਖੂਬਸੂਰਤ ਹੈ। ਇਕ

ਪੱਧਰ ਤੱਕ ਨਿੱਜਤਾ ਠੀਕ ਹੈ, ਪਰੰਤੂ ਹੱਦ ਤੋਂ ਵੱਧ ਨਿੱਜਤਾ ਸੰਤਾਪ ਵੀ ਬਣ ਜਾਂਦੀ ਹੈ। ਨਿੱਜਤਾ ਅਤੇ ਸਾਂਝ ਦੇ ਮਨੋਵਿਗਿਆਨਕ ਪੱਖਾਂ ਨੂੰ ਫਰੋਲਣ ਵਿਚ ਕਹਾਣੀ ਕਾਮਯਾਬ ਹੈ। ਬੇਲੋੜੇ ਵਿਸਥਾਰਾਂ ਦਾ ਖਿਲਾਰਾ ਕਹਾਣੀ ਦੇ ਥੀਮ ਦੀ ਏਕਤਾ ਨੂੰ ਭੰਗ ਕਰਦਾ ਹੈ। ਜਿਨ੍ਹਾਂ ਘਟਨਾਵਾਂ ਨਾਲ ਉਸ ਔਰਤ ਦਾ ਸਾਹਮਣਾ ਹੁੰਦਾ ਹੈ, ਜੇ ਉਹ ਘਟਨਾਵਾਂ ਉਸਦੇ ਚੇਤਨਾ ਪਰਵਾਹ ਉੱਤੇ ਡੂੰਘਾ ਅਸਰ ਛੱਡ ਕੇ ਗਈਆਂ ਹੁੰਦੀਆਂ ਤਾਂ ਕਹਾਣੀ ਵੱਡੀ ਬਣ ਸਕਦੀ ਸੀ। ਕਹਾਣੀ ਦੇ ਸਿਰਲੇਖ ਬਾਰੇ ਮੇਰੀ ਰਾਇ ਹੈ ਕਿ ਇਸ ਕਹਾਣੀ ਨੂੰ ਮਨਿੰਦਰ ਕਾਂਗ ਦੀ ਕਹਾਣੀ "ਭਾਰ" ਨਾਲੋਂ ਨਿਖੇੜਨ ਲਈ ਲੋੜੀਂਦੀ ਤਬਦੀਲੀ ਕਰ ਲਈ ਜਾਵੇ ਤਾਂ ਬਿਹਤਰ ਹੋਵੇਗਾ।

ਧਨਵੰਤ ਕੌਰ: ਇਥੇ ਸਵਾਲ ਆਇਆ ਕਿ ਭਾਰ ਕਾਹਦਾ ਹੈ? ਇਕ ਭਾਰ ਤਾਂ ਇਹ ਹੈ ਕਿ ਜਦੋਂ ਉਹਦੀ ਬੇਟੀ ਉਹਦੇ ਕੋਲ ਕੁਝ ਦਿਨਾਂ ਲਈ ਰਹਿਣ ਆ ਜਾਂਦੀ ਹੈ, ਤਾਂ ਉਹਦੇ ਸੌਖ ਪਸੰਦੀ ਵਾਲੇ ਮਹੌਲ ਵਿਚ ਖਲਲ ਪੈਦਾ ਹੁੰਦੀ ਹੈ। ਅੱਗੇ ਜਾ ਕੇ ਦਿਸਦਾ ਹੈ ਕਿ ਉਸਦੇ ਪਤੀ ਨਾਲ ਖਰਾਬ ਰਿਸ਼ਤਾ ਉਹਦੇ ਲਈ ਭਾਰ ਸੀ। ਫੇਰ ਜਦੋਂ ਉਹਦੇ ਬੱਚੇ ਕਹਿੰਦੇ ਹਨ ਕਿ ਹਰੇਕ ਨੂੰ ਆਪਣਾ ਭਾਰ ਆਪ ਢੋਣਾ ਪੈਂਦਾ ਹੈ, ਤੂੰ ਆਪਣਾ ਭਾਰ ਢੋਇਆ, ਅਸੀਂ ਆਪਣਾ ਖੁਦ ਦਾ ਭਾਰ ਢੋਣਾ ਹੈ। ਗਿੰਦਰੋ ਨੂੰ ਅਹਿਸਾਸ ਹੋਇਆ ਕਿ ਬੱਚਿਆਂ ਨੂੰ ਆਪਣੀ ਮਰਜ਼ੀ ਨਾਲ ਵਿਆਹ ਨਾ ਕਰਵਾਣ ਦੇਣ ਵਿਚ ਉਹ ਗਲਤ ਸੀ। ਉਹ ਮਹਿਸੂਸ ਕਰਦੀ ਹੈ ਕਿ ਉਹਦੀ ਜ਼ਿੱਦ ਕਰਕੇ ਉਹ ਮਾਂ ਤਾਂ ਕੀ, ਮਾਸੀ ਵੀ ਨਾ ਬਣ ਸਕੀ। ਆਪਣੇ ਪੁੱਤਾਂ ਨੂੰਹਾਂ ਵਲੋਂ ਪੂਰੀ ਤਵੱਜੋ ਨਾ ਮਿਲਣ ਦੀ ਗਿੰਦਰੋ ਸ਼ਿਕਾਇਤ ਨਹੀਂ ਕਰਦੀ, ਬਲਕਿ ਉਨ੍ਹਾਂ ਨੂੰ ਜਾਇਜ਼ ਠਹਿਰਾਂਦੀ ਹੈ। ਜਦੋਂ ਗਿੰਦਰੋ ਡਾਇਲਸਸ ਲਈ ਆਉਂਦੀ ਹੈ ਤਾਂ ਉਹ ਕਹਿੰਦੀ ਹੈ ਕਿ ਬੰਦੇ ਦੀ ਸੋਚ ਅਪਾਹਜ ਨਹੀਂ ਹੋਣੀ ਚਾਹੀਦੀ। ਕਹਾਣੀ ਦਾ ਨਿਭਾਅ ਮਨੁੱਖੀ ਫਿਤਰਤ ਦੇ ਬਿਲਕੁਲ ਅਨੁਕੂਲ ਹੈ। ਨਿੱਜਤਾ ਆਪਣੀ ਥਾਂ ਹੈ, ਪਰੰਤੂ ਮਨੁੱਖ ਰਿਸ਼ਤਿਆਂ ਵਿਚ ਸਕੂਨ ਭਾਲਦਾ ਹੈ। ਕਹਾਣੀ ਵਿਚ ਵੱਡੇ ਘਰ, ਛੋਟੇ ਘਰ ਦੇ ਵੇਰਵੇ, ਨੌਂ-ਗਿਆਰਾਂ ਦੇ ਵੇਰਵੇ, ਇਸ ਕਹਾਣੀ ਦੇ ਥੀਮ ਦਾ ਕੁਝ ਨਹੀਂ ਸੰਵਾਰਦੇ। ਉਸਦੇ ਚੇਤਨਾ ਪਰਵਾਹ ਵਿਚ ਕੁਝ ਨਵਾਂ ਨਹੀਂ ਜੋੜਦੇ। ਥੀਮ ਅਤੇ ਗੋਲਾਈ ਪੱਖੋਂ ਵਧੀਆ ਹੋਣ ਦੇ ਬਾਵਜੂਦ ਫਾਲਤੂ ਵੇਰਵਿਆਂ ਕਾਰਨ ਕਹਾਣੀ ਵਿਚ-ਵਿਚ ਅਕਾਊ ਵੀ ਜਾਪਣ ਲਗਦੀ ਹੈ।

ਬਲਬੀਰ ਪਰਵਾਨਾ: ਚੈਖੋਵ ਨੇ ਕਿਹਾ ਸੀ ਕਿ ਕਿਸੇ ਕਹਾਣੀ ਵਿਚ ਜੇ ਕੋਈ ਕਿੱਲ ਦਾ ਜ਼ਿਕਰ ਹੋਵੇ, ਅਤੇ ਉਸ ਕਿੱਲ ਨਾਲ ਕੁਝ ਟੰਗਿਆ ਨਾ ਹੋਵੇ, ਤਾਂ ਲੇਖਕ ਨੂੰ ਉਸ ਕਿੱਲ ਨਾਲ ਲਟਕਾ ਕੇ ਫਾਹੇ ਲਾ ਦੇਣਾ ਚਾਹੀਦਾ। ਇਸ ਕਹਾਣੀ ਵਿਚ ਤਾਂ ਇਕ ਨਹੀਂ, ਪਤਾ ਨਹੀਂ ਕਿੰਨੇ ਕਿੱਲ ਨੇ, ਜਿਨ੍ਹਾਂ ਨਾਲ ਕੁਝ ਵੀ ਟੰਗਿਆ ਨਹੀਂ ਗਿਆ। ਦੂਜਾ, ਮੈਨੂੰ ਪੱਕਾ ਯਾਦ ਨਹੀਂ ਕਿ ਮੋਹਨ ਰਾਕੇਸ਼ ਨੇ ਜਾਂ ਨਿਰਮਲ ਵਰਮਾ ਨੇ ਕਿਸੇ ਇੰਟਰਵਿਊ ਵਿਚ ਕਿਹਾ ਸੀ ਕਿ ਕਹਾਣੀਕਾਰ ਨੇ ਪਾਤਰ ਦੇ ਪੂਰੇ ਦਿਨ ਦੀ ਜ਼ਿੰਦਗੀ ਨਹੀਂ ਦੱਸਣੀ ਹੁੰਦੀ, ਕੁਝ ਪਲਾਂ ਦਾ ਜ਼ਿਕਰ ਕਰ ਕੇ ਪਾਠਕ ਨੂੰ ਪੂਰੀ ਜ਼ਿੰਦਗੀ ਵਿਖਾਣੀ ਹੁੰਦੀ ਹੈ। ਜੇ ਕਹਾਣੀ ਹੀ ਕਹਾਣੀ ਨਹੀਂ ਤਾਂ ਸੁਕੀਰਤ ਜੀ, ਅਸੀਂ ਲੇਖਕ ਦੀ ਪੁਜ਼ੀਸ਼ਨਿੰਗ ਦਾ ਕੀ ਕਰੀਏ!

ਹਰਵਿੰਦਰ ਭੰਡਾਲ: ਜਦੋਂ ਅਸੀਂ ਲੰਮੀ ਕਹਾਣੀ ਦੀ ਗੱਲ ਕਰਦੇ ਹਾਂ ਤਾਂ ਨਾਵਲ ਤੋਂ ਉਲਟ, ਉਸ ਵਿਚ ਇਕ ਕੇਂਦਰੀ ਨੁਕਤਾ ਹੁੰਦਾ ਹੈ। ਵੇਰਵੇ ਉਹੀ ਚਾਹੀਦੇ ਹਨ, ਜਿਹੜੇ ਕੇਂਦਰੀ ਨੁਕਤੇ ਨੂੰ ਅੱਗੇ ਲਿਜਾਣ ਦਾ ਕੰਮ ਕਰਦੇ ਹੋਣ। ਇਸ ਕਹਾਣੀ ਵਿਚ ਕਹਾਣੀਕਾਰਾ ਇੰਞ ਕਰਨ ਵਿਚ ਅਸਫਲ ਰਹਿੰਦੀ ਹੈ। ਇਸ ਕਹਾਣੀ ਦਾ ਕੇਂਦਰੀ ਨੁਕਤਾ ਇਕੱਲਤਾ ਦਾ ਹੈ। ਅਸਲ ਵਿਚ

ਸਥਿਤੀ ਇਕੱਲਤਾ ਦੀ ਨਹੀਂ ਬੇਗਾਨਗੀ ਦੀ ਹੈ। ਇਕੱਲਤਾ ਇਕ ਭੌਤਿਕ ਸਥਿਤੀ ਹੈ, ਜਿਸ ਵਿਚ ਤੁਸੀਂ ਇਕੱਲੇ ਹੋ, ਬੇਗਾਨਗੀ ਇਕ ਮਾਨਸਿਕ ਸਥਿਤੀ ਹੈ, ਜਿਸ ਵਿਚ ਤੁਸੀਂ ਆਲੇ-ਦੁਆਲੇ ਦੇ ਲੋਕਾਂ ਨਾਲ ਜੁੜਾਵ ਮਹਿਸੂਸ ਨਹੀਂ ਕਰ ਰਹੇ। ਕਹਾਣੀਕਾਰਾ ਨੇ ਇਸ ਬੇਗਾਨਗੀ ਨੂੰ ਇਕੱਲਤਾ ਸਮਝ ਲਿਆ। ਉਸਨੇ ਇਕ ਮੁੱਖ ਪਾਤਰ ਨੂੰ ਲੈ ਲਿਆ, ਤੇ ਦੂਜਾ ਗਿੰਦਰੋ ਨੂੰ। ਸਾਰਾ ਤੋੜਾ ਇਸ ਗੱਲ ਉੱਤੇ ਝਾੜ ਦਿੱਤਾ ਕਿ ਗਿੰਦਰੋ ਨੇ ਬੱਚਿਆਂ ਨੂੰ ਵਿਆਹ ਆਪਣੀ ਮਰਜ਼ੀ ਨਾਲ ਨਹੀਂ ਕਰਵਾਣ ਦਿੱਤੇ। ਬੇਗਾਨਗੀ ਓਸ ਸਿਸਟਮ ਦਾ ਹਿੱਸਾ ਬਣ ਚੁੱਕਾ ਹੈ, ਇਹੋ ਭਾਰ ਹੈ, ਜਿਸ ਬਾਰੇ ਕਹਾਣੀ ਵਿਚ ਇਸ਼ਾਰਾ ਵੀ ਹੈ ਕਿ ਇਹ ਭਾਰ ਤਾਂ ਹੁਣ ਢੋਣਾ ਹੀ ਪੈਣਾ। ਕਹਾਣੀਕਾਰਾ ਇਸ ਬੇਗਾਨਗੀ ਦਾ ਹੱਲ ਰਿਸ਼ਤਿਆਂ ਦੀ ਬਾਂਹ ਫੜਨ ਵਿਚ ਲਭਦੀ ਹੈ, ਜਿਹੜਾ ਇਕੱਲਤਾ ਦਾ ਹੱਲ ਤਾਂ ਹੋ ਸਕਦਾ ਹੈ, ਬੇਗਾਨਗੀ ਦਾ ਨਹੀਂ। ਪੂੰਜੀਵਾਦ ਸਮਾਜ ਦਾ ਹਿੱਸਾ ਬਣ ਕੇ ਬੇਗਾਨਗੀ ਦਾ ਹੱਲ ਲੱਭਣਾ ਸੰਭਵ ਹੀ ਨਹੀਂ। ਪੱਛਮੀ ਸਮਾਜ ਨੇ ਓਸ ਮੰਡੀ, ਓਸ ਆਰਥਿਕ ਸੰਬੰਧਾਂ ਮੁਤਾਬਕ ਆਪਣੇ ਆਪ ਨੂੰ ਢਾਲ ਲਿਆ, ਅਤੇ ਉਹਦੇ ਹਿਸਾਬ ਨਾਲ ਆਪਣੀ ਸੌਖ ਦੇ ਪ੍ਰਬੰਧ ਕਰ ਲਏ ਹਨ, ਪਰੰਤੂ ਸਾਡੇ ਪਰਵਾਸੀ ਉਸ ਨੂੰ ਭਾਰ ਵਾਂਗ ਢੋਅ ਰਹੇ ਹਨ। ਕਹਾਣੀ ਦੇ ਅੰਤ ਵਿਚ ਫੇਰ ਉਹ ਭਾਰ ਸ਼ਬਦ ਹੀ ਵਰਤਦੀ ਹੈ। ਉਹ ਕਹਿੰਦੀ ਹੈ ਕਿ "ਮੇਰੀ ਛਾਤੀ ਵਿਚ ਭਾਰ ਜਿਹਾ ਪੈਣ ਲੱਗ ਪਿਆ"। ਰੀਨਾ ਉਸਨੂੰ ਚਿੰਬੜੀ ਹੈ, ਪਰੰਤੂ ਅਜੇ ਵੀ ਉਹ ਭਾਰ ਹੈ। ਇਸ਼ਾਰਾ ਚੰਗਾ ਹੈ ਕਿ ਇਸ ਸਥਿਤੀ ਵਿਚ ਰਿਸ਼ਤੇ ਨਿਭਾਉਣ ਨਾਲ ਸ਼ਾਇਦ ਭਾਰ ਕੁਝ ਹੱਦ ਤੱਕ ਹਲਕਾ ਹੋ ਸਕਦਾ ਹੈ।

ਰਮਿੰਦਰ ਕੌਰ: ਬੰਦੇ ਦਾ ਜੀਵਨ ਨਿਰਾ ਨਿੱਜੀ ਨਹੀਂ ਹੁੰਦਾ। ਜੀਵਨ ਯਾਤਰਾ ਹੱਡ ਤੋਂ ਲੈ ਕੇ ਜੱਗ ਤੀਕ ਹੁੰਦੀ ਹੈ। ਹਰ ਵੇਲੇ ਉਹ ਛੋਟੇ-ਛੋਟੇ ਸਮਝੌਤੇ ਕਰ ਰਹੀ ਹੈ। ਬੱਚਿਆਂ ਦੇ ਵਿਆਹਾਂ ਵੇਲੇ ਉਹਦੀਆਂ ਅੱਧੀਆਂ-ਪਚੱਧੀਆਂ ਸ਼ਰਤਾਂ ਮੰਨੀਆਂ ਜਾਂਦੀਆਂ ਹਨ। ਕਹਾਣੀ ਦੇ ਸ਼ੁਰੂ ਵਿਚ ਸਾਨੂੰ ਇੰਝ ਲਗਦਾ ਜਿਵੇਂ ਬੇਟੀ ਤੋਂ ਉਸਨੂੰ ਕੋਈ ਸਮਸਿਆ ਹੋਵੇ। ਜਿਸ ਤਰ੍ਹਾਂ ਦੇ ਸ਼ਬਦ ਉਹ ਬੇਟੀ ਲਈ ਵਰਤ ਰਹੀ ਹੈ, ਅਸੀਂ ਉਹ ਨਹੀਂ ਵਰਤਦੇ। ਮਨਿੰਦਰ ਕਾਂਗ ਦੀ ਕਹਾਣੀ ਵਿਚ ਭਾਰ ਸਪਸ਼ਟ ਸੀ, ਪਰੰਤੂ ਇਸ ਕਹਾਣੀ ਵਿਚ ਇਹ ਸਾਫ ਨਹੀਂ ਹੁੰਦਾ। ਇਸ ਕਹਾਣੀ ਵਿਚ ਕਾਹਦਾ ਭਾਰ ਹੈ। "ਖੱਬਲ" ਕਹਾਣੀ ਵਿਚ, "ਭਾਬੀ ਮੈਨਾ" ਵਿਚ, "ਰਾਸ ਲੀਲਾ", "ਬਾਗਾਂ ਦਾ ਰਾਖਾ", "ਧਰਤੀ ਹੇਠਲਾ ਬਲਦ", ਆਦਿ ਕਹਾਣੀਆਂ ਦਾ ਨਾਂਅ ਭਾਵੇਂ ਭਾਰ ਨਹੀਂ, ਪਰੰਤੂ ਉਨ੍ਹਾਂ ਵਿਚ ਬੰਦੇ ਦੀ ਹੋਂਦ ਨੂੰ ਸੰਕਟ ਵਾਲੇ ਭਾਰ ਦਾ ਅਹਿਸਾਸ ਪ੍ਰਤੱਖ ਹੈ। ਜੋ ਕਹਾਣੀਕਾਰਾ ਦੱਸਣਾ ਚਾਹੁੰਦੀ ਹੈ ਕਿ ਜ਼ਿੰਦਗੀ ਨਿੱਜੀ ਨਹੀਂ ਹੁੰਦੀ, ਉਹ ਸਾਰਿਆਂ ਨਾਲ ਮਿਲ ਕੇ ਹੁੰਦੀ ਹੈ। ਤੁਹਾਡੀ ਅਜ਼ਾਦੀ ਦੀ ਆਪਣੀ ਮਹੱਤਤਾ ਹੈ, ਨਿੱਜਤਾ ਦੀ ਆਪਣੀ। ਪਰੰਤੂ ਕਹਾਣੀ ਵਿਚ ਉਸਨੇ ਖਿਲਾਰਾ ਏਨਾ ਪਾ ਲਿਆ ਕਿ ਖ਼ੁਦ ਤੋਂ ਵੀ ਸਮੇਟਿਆ ਨਹੀਂ ਗਿਆ।

ਸਾਰੀਆਂ ਕਹਾਣੀਆਂ, ਜਿਹੜੀਆਂ ਅਸੀਂ ਇਸ ਗੋਸ਼ਟੀ ਦੌਰਾਨ ਵਿਚਾਰੀਆਂ ਹਨ, ਉਨ੍ਹਾਂ ਵਿਚ ਔਰਤ ਪਾਤਰਾਂ ਨੂੰ ਮਜਬੂਤ ਨਹੀਂ ਵਿਖਾਇਆ ਗਿਆ। ਸਾਰੀਆਂ ਔਰਤਾਂ ਡਾਵਾਂਡੋਲ ਜਿਹੀਆਂ ਨੇ। ਆਪਣੇ ਸਮਾਜ ਵੱਲ ਨਜ਼ਰ ਮਾਰੋ, ਇਹ ਤਾਂ ਨਹੀਂ ਕਿ ਮਜਬੂਤ ਔਰਤਾਂ ਹੈ ਹੀ ਨਹੀਂ।

✲✲✲

# ਪੰਦਰਵੀਂ ਡਲਹੌਜ਼ੀ ਕਹਾਣੀ ਗੋਸ਼ਟੀ: ਸਿੱਟੇ

4 ਤੋਂ 6 ਅਕਤੂਬਰ 2019 ਨੂੰ ਛੇ ਬੈਠਕਾਂ ਵਿਚ ਸ਼ਾਮਲ ਹੋਏ ਪੰਦਰਾਂ ਲੇਖਕਾਂ ਅਤੇ ਕਹਾਣੀ ਆਲੋਚਨਾ ਨਾਲ ਜੁੜੇ ਦੋਸਤਾਂ ਨੇ ਪੰਜਾਬੀ ਪਰਵਾਸੀ ਕਹਾਣੀ ਉੱਤੇ ਨਿੱਠ ਕੇ ਚਰਚਾ ਕੀਤੀ। ਇਸ ਵਿਚ ਇੰਗਲੈਂਡ ਅਤੇ ਕਨੇਡਾ ਵਸਦੇ ਪੰਜ ਕਹਾਣੀਕਾਰਾਂ ਦੀਆਂ ਕਹਾਣੀਆਂ ਦੇ ਬਹਾਨੇ, ਪਰਵਾਸੀ ਪੰਜਾਬੀ ਕਹਾਣੀ ਦੀ ਸਿਧਾਂਤਕਾਰੀ, ਇਤਿਹਾਸ ਅਤੇ ਸਿਰਜਣਕਾਰੀ ਨਾਲ ਸਬੰਧਿਤ ਕਈ ਮੁੱਦਿਆਂ ਨੂੰ ਸਮਕਾਲੀ ਭਾਰਤੀ ਚਿੰਤਨ ਪਰਿਪੇਖ ਵਿਚ ਰੱਖ ਕੇ ਵਿਚਾਰਿਆ ਗਿਆ। ਵਿਚਾਰ-ਚਰਚਾ ਵਿਚ ਰਲਦੇ-ਮਿਲਦੇ ਅਤੇ ਕਾਟਵੇਂ ਵਿਚਾਰ ਚਲਦੇ ਰਹੇ। ਇਸ ਸੰਵਾਦ ਨੇ ਪਰਵਾਸੀ ਕਹਾਣੀ ਸਬੰਧੀ ਨਵੇਂ ਮੁੱਦੇ ਵਿਚਾਰੇ ਕੁਝ ਉੱਤੇ ਸਹਿਮਤੀ ਬਣੀ ਅਤੇ ਕੁਝ ਬਹਿਸ ਚਲਦੀ ਰੱਖਣ ਦਾ ਅਧਾਰ ਬਣੇ। ਇਨ੍ਹਾਂ ਵਿਚੋਂ ਸਾਡੀ ਸਮਝ ਅਨੁਸਾਰ ਕੁਝ ਇਸ ਪ੍ਰਕਾਰ ਹਨ।

– ਪਰਵਾਸੀ ਕਹਾਣੀ ਵੱਖਰੇ ਅਨੁਭਵ ਦੇ ਪ੍ਰਗਟਾ ਕਰਕੇ ਪੰਜਾਬੀ ਕਹਾਣੀ ਦਾ ਮਹੱਤਵੂਰਨ ਪਾਸਾਰ ਹੈ। ਲੰਮੇ ਇਤਿਹਾਸਕ ਪਰਿਪੇਖ ਤੋਂ ਬਾਅਦ ਵੀ ਇਹ ਬਿਰਤਾਂਤਕ ਪੈਟਰਨ ਅਤੇ ਦ੍ਰਿਸ਼ਟੀਗਤ ਪਾਸਾਰਾਂ ਤੋਂ ਪੰਜਾਬੀ ਕਹਾਣੀ ਦੀ ਮੁੱਖ ਧਾਰਾ ਦੇ ਆਸ-ਪਾਸ ਹੀ ਹੈ।

– ਮੂਲਵਾਸ ਨਾਲ ਜੁੜੇ ਪਾਤਰਾਂ ਦੀ ਭਾਸ਼ਾ ਨੂੰ ਲੈ ਕੇ ਮਸਲਾ ਬਹਿਸ ਤਲਬ ਹੈ।

– ਸਮਕਾਲੀ ਪਰਵਾਸੀ ਕਹਾਣੀ ਮੂਲ ਵਾਸੀਆਂ ਨਾਲ ਮੇਲ-ਜੋਲ ਦੀਆਂ ਸਮੱਸਿਆਵਾਂ ਦੀ ਥਾਂ ਪੰਜਾਬ ਰਹਿੰਦੇ ਰਿਸ਼ਤੇਦਾਰਾਂ ਅਤੇ ਪਰਿਵਾਰਕ ਮੈਂਬਰਾਂ ਨੂੰ ਉੱਥੇ ਪਹੁੰਚਾਣ, ਜਾਇਦਾਦ, ਬੁਢਾਪੇ ਵਿਚਲੀ ਸਾਂਭ-ਸੰਭਾਲ ਦੇ ਵਿਸ਼ਿਆਂ ਦੁਆਲੇ ਘੁੰਮ ਰਹੀ ਹੈ।

– ਸਮਕਾਲ ਵਿਚ ਭਾਰਤੀ ਪਰੰਪਰਾਵਾਂ ਉੱਤੇ ਭਾਰਤ ਵਿਚ ਹੋ ਰਹੇ ਹਮਲੇ ਅਤੇ ਪੰਜਾਬੀਆਂ ਵਿਚਲਾ ਵਿਰੋਧ ਦਾ ਖ਼ਤਮ ਹੋ ਰਿਹਾ ਮਾਦਾ, ਉਨ੍ਹਾਂ ਦੀ ਰਚਨਾਕਾਰੀ ਦੇ ਕੇਂਦਰ ਵਿਚ ਨਹੀਂ ਆ ਰਿਹਾ।

– ਮੂਲਵਾਸੀਆਂ ਤੋਂ ਬਿਨਾਂ ਭਾਰਤ ਦੀਆਂ ਬਾਕੀ ਕੌਮੀਅਤਾਂ ਤੋਂ ਗਏ ਲੋਕ ਅਤੇ ਪੰਜਾਬ ਦਾ ਗੈਰ-ਕਿਸਾਨੀ ਵਰਗ ਅਜੇ ਇਕ ਦੁਕ ਕਹਾਣੀਆਂ ਨੂੰ ਛੱਡ ਕੇ ਪਰਵਾਸੀਆਂ ਦੀ ਸਿਰਜਣਕਾਰੀ ਦੀ ਵਸਤ ਨਹੀਂ ਬਣ ਰਿਹਾ।

– ਬਹੁਤੇ ਪਰਵਾਸੀ ਲੇਖਕ ਆਪਣੇ ਸਭਿਆਚਾਰਕ ਖੋਲ੍ਹਾਂ ਵਿਚ ਹੀ ਬੜੇ ਹੋਏ ਹਨ।

– ਇਸ ਸਥਿਤੀ 'ਚੋਂ ਨਿਕਲਣ ਦੀ ਪੰਜਾਬੀ ਸੰਵੇਦਨਾ ਦੇ ਮੌਕਲੇ ਹੋਣ ਦੀ ਆਸ ਨਾਲ

ਸੰਪਾਦਕੀ ਮੰਡਲ
'ਪ੍ਰਵਚਨ'

## ਪੁਸਤਕ ਪੜਚੋਲ

ਵਿਰਲਾਂ ਵਿਚੋਂ ਝਾਕਦੀ ਜ਼ਿੰਦਗੀ

(ਨਾਵਲ)

ਬਲਦੇਵ ਸਿੰਘ, ਲੋਕ ਗੀਤ ਪ੍ਰਕਾਸ਼ਨ, ਮੋਹਾਲੀ

ਬਲਦੇਵ ਸਿੰਘ ਪੰਜਾਬੀ ਨਾਵਲੀ ਜਗਤ ਵਿਚ ਬਹੁਤ ਪੜ੍ਹਿਆ ਜਾਣ ਵਾਲਾ ਨਾਵਲਕਾਰ ਹੈ। ਇਹ ਉਸਦਾ ਅਠਾਰਵਾਂ ਨਾਵਲ ਹੈ। ਉਸ ਨੇ ਪੰਜਾਬੀ ਇਤਿਹਾਸਕ ਨਾਇਕਾਂ ਤੋਂ ਲੈ ਕੇ ਕਿਸਾਨੀ ਸੰਕਟ ਤਕ ਨੂੰ ਆਪਣੇ ਨਾਵਲਾਂ ਦਾ ਅਧਾਰ ਬਣਾਇਆ ਹੈ। ਉਸ ਦੀ ਰਚਨਾਕਾਰੀ ਪੇਂਡੂ ਸਮਾਜ ਬਾਰੇ ਉੱਤੇ ਕੇਂਦਰਿਤ ਹੁੰਦੀ ਹੈ। ਲੋਕ ਮੁਹਾਵਰੇ ਵਾਲੀ ਭਾਸ਼ਾ ਉਸ ਦੀ ਨਾਵਲੀ ਸ਼ੈਲੀ ਦਾ ਕੇਂਦਰੀ ਧੁਰਾ ਹੈ। ਉਹ ਸਮਾਜਿਕ ਸੰਕਟਾਂ ਨੂੰ ਬਿੰਬ ਬਣਾ ਕੇ ਗਤੀਸ਼ੀਲ ਕਰਦਾ ਹੈ। ਇਹ ਬਿੰਬ ਚਿਤਰੀ ਖੰਡ ਬਣ ਕੇ ਉਸਦੀ ਸ਼ੈਲੀ ਨੂੰ ਪੜ੍ਹਨਯੋਗ ਬਣਾਉਂਦੇ ਹਨ। 'ਵਿਰਲਾ ਚੋਂ ਝਾਕਦੀ ਜ਼ਿੰਦਗੀ' ਛੋਟੀ ਕਿਸਾਨੀ ਅਤੇ ਨਾਵਲਕਾਰ ਮਜ਼ਦੂਰਾਂ ਦੇ ਜੀਵਨ ਸੰਕਟ ਦੁਆਲੇ ਘੁੰਮਦਾ ਹੈ। ਇਸ ਸਮਾਜਿਕ ਵਰਗ ਦੇ ਸੁਪਨੇ ਆਰਥਿਕ ਸੰਕਟ ਕਾਰਨ ਬਿਖਰ ਜਾਂਦੇ ਹਨ। ਸਤਵੰਤ ਉਰਫ਼ ਸੱਤੀ ਅਤੇ ਨੌਰਾ ਇਸ ਨਾਵਲ ਦੇ ਪ੍ਰਮੁੱਖ ਪਾਤਰ ਹਨ। ਦੋਵੇਂ ਆਰਥਿਕ ਸੰਕਟ ਕਾਰਨ ਪੜ੍ਹਾਈ ਜਾਰੀ ਨਹੀਂ ਰੱਖ ਸਕਦੇ। ਦੋਵੇਂ ਸੁਖੀ ਜੀਵਨ ਦੀ ਪਰਿਕਲਪਨਾ ਕਰਦੇ ਹਨ। ਸੱਤੀ ਹੁਸਨਪ੍ਰੀਤ ਨਾਲ ਜ਼ਿੰਦਗੀ ਜਿਉਣ ਦਾ ਸੁਪਨਾ ਲੈਂਦਾ ਹੈ। ਨੌਰਾ ਦਿਹਾੜੀਦਾਰ ਹੈ ਉਹ ਆਪਣਾ ਘਰ ਵਸਾਉਣ ਲਈ ਕੁਦੇਸਣ ਪਦਮਾ ਨੂੰ ਮੁੱਲ ਲੈ ਆਉਂਦਾ ਹੈ। ਇਨ੍ਹਾਂ ਦੇ ਸਮਾਨਅੰਤਰ ਜਗਦੇਵ ਸਿੰਘ ਮਾਸਟਰ ਦਾ ਖੱਬੇ ਪੱਖੀ ਪਾਰਟੀ ਨਾਲ ਮਿਲ ਕੇ ਸੰਘਰਸ਼ ਚਲਦਾ ਹੈ। ਸੱਤੀ ਅਤੇ ਨੌਰੇ ਦੇ ਸੁਪਨੇ ਟੁੱਟ ਜਾਂਦੇ ਹਨ। ਬਲਦੇਵ ਸਿੰਘ ਇਨ੍ਹਾਂ ਸੁਪਨਿਆਂ ਦੇ ਟਕਰਾਅ ਨੂੰ ਸੰਘਰਸ਼ਸ਼ੀਲ ਚੇਤਨ ਵੱਲ ਮੋੜਾ ਦਿੰਦਾ ਹੈ। ਇਹ ਭਾਰਤੀ ਪ੍ਰਸਥਿਤੀਆਂ ਦਾ ਮਾਡਲ ਹੈ। ਇਹ ਦ੍ਰਿਸ਼ਟੀ ਇਸ ਨਾਵਲ ਨੂੰ ਸਾਰਥਿਕ ਬਣਾਉਂਦੀ ਹੈ। ਇਹੀ ਨਾਵਲ ਦੀ ਪ੍ਰਾਪਤੀ ਹੈ।

ਇਕ ਹੋਰ ਜਨਮ

(ਨਾਵਲ)

ਮੇਜਰ ਮਾਂਗਟ, ਲੋਕ ਗੀਤ ਪ੍ਰਕਾਸ਼ਨ, ਮੋਹਾਲੀ

ਮੇਜਰ ਮਾਂਗਟ ਪਰਵਾਸੀ ਲੇਖਕ ਹੈ। ਉਹ ਕਈ ਵਿਧਾਵਾਂ ਵਿਚ ਲਿਖਦਾ ਹੈ। ਇਹ ਉਸ ਦਾ ਦੂਜਾ ਨਾਵਲ ਹੈ। ਪ੍ਰੋ. ਆਸਿਕ ਰਹੀਲ ਆਪਣੀ ਭੂਮਿਕਾ ਵਿਚ ਇਸ ਰਚਨਾ ਨੂੰ ਸਵੈ ਜੀਵਨੀ ਮੂਲਕ ਨਾਵਲ ਕਹਿੰਦਾ ਹੈ। ਇਹ ਭੂਮਿਕਾਨੁਮਾ ਲੇਖ ਨਾਵਲ ਬਾਰੇ ਕਾਫੀ ਜਾਣਕਾਰੀ ਦਿੰਦਾ ਹੈ। ਮੇਜਰ ਮਾਂਗਟ ਸਾਧਾਰਨ ਸ਼ੈਲੀ ਵਿਚ ਲਿਖਣ ਵਾਲਾ ਨਾਵਲਕਾਰ ਹੈ। ਇਸੇ ਲਈ ਉਹ ਆਪ ਪਾਠਕ ਦੇ ਪੱਧਰ ਉੱਤੇ ਆ ਕੇ ਲਿਖਦਾ ਹੈ। ਇਸ ਨਾਵਲ ਦੀ ਸਮੁੱਚੀ ਕਥਾ ਲਕੀਰੀ ਬਿਰਤਾਂਤ ਵਿਚ ਤੁਰਦੀ ਹੈ। ਮਨਦੀਪ ਇਸ ਨਾਵਲ ਦਾ ਮੁੱਖ ਪਾਤਰ ਹੈ। ਉਹ ਐਮ.ਏ. ਪੰਜਾਬੀ ਕਰਕੇ ਅੱਤਵਾਦ ਅਤੇ ਬੇਰੁਜ਼ਗਾਰੀ ਦਾ ਸਤਾਇਆ ਵਿਆਹ ਦੇ ਅਧਾਰ ਉੱਤੇ ਰਾਜਵਿੰਦਰ ਨਾਲ ਵਿਆਹ ਕਰਾ ਕੇ ਕਨੇਡਾ ਪਹੁੰਚ ਜਾਂਦਾ ਹੈ। ਸਾਰੇ ਨਾਵਲ ਵਿਚ ਗ੍ਰਹਿਸਥ ਜੀਵਨ ਸਾਵਾ ਚਲਦਾ ਹੈ। ਮਨਦੀਪ ਨੂੰ ਘਰ ਅਤੇ ਪੜ੍ਹੀ-ਲਿਖੀ ਕਮਾਊ ਪਤਨੀ ਮਿਲ ਜਾਂਦੀ ਹੈ। ਉਹ ਹੌਲੇ-ਹੌਲੇ

ਕਾਨੂੰਨੀ ਪੜਾਵਾਂ ਵਿਚੋਂ ਨਿਕਲਦਾ ਕਨੇਡਾ ਦਾ ਨਾਗਰਿਕ ਬਣ ਜਾਂਦਾ ਹੈ। ਇਸ ਵਰਤਾਰੇ ਵਿਚੋਂ ਲੰਘਦੇ ਹੋਏ ਮਨਦੀਪ ਅੰਦਰੋਂ ਬਹੁਤ ਕੁਝ ਟੁੱਟਦਾ ਹੈ। ਮੇਜਰ ਮਾਂਗਟ ਇਸ ਵਰਤਾਰੇ ਨੂੰ ਸਹਿਜ ਰੂਪ ਵਿਚ ਬਿਆਨ ਕਰਦਾ ਹੈ। ਇਸ ਵਿਚ ਮਨੁੱਖੀ ਟੈਕਸਟ ਕਿਸੇ ਆਰੋਪਟ ਤੋਂ ਮੁਕਤ ਹੈ। ਉਹ ਸਾਧਾਰਨ ਭਾਸ਼ਾ ਵਿਚ ਕਹਾਣੀ ਬਿਆਨ ਕਰੀ ਜਾਂਦਾ ਹੈ। ਨਾਵਲ ਵਿਚਲੇ ਸਾਰੇ ਪੜ੍ਹਾਅ ਪਰਵਾਸੀ ਸਾਹਿਤ ਬਿਆਨ ਕਰੀ ਜਾਂਦਾ ਹੈ। ਇਸ ਦਾ ਨਿਵੇਕਲਾਪਣ ਇਸ ਦੀ ਸਹਿਜਤਾ ਹੈ।

ਰਿਜ਼ਕ

(ਨਾਵਲ)

ਅਵਤਾਰ ਸਿੰਘ ਬਿਲਿੰਗ, ਐਵਿਸ ਪਬਲੀਕੇਸ਼ਨਜ, ਦਿੱਲੀ

ਅਵਤਾਰ ਸਿੰਘ ਬਿਲਿੰਗ ਕਿਸਾਨੀ ਜੀਵਨ ਦਾ ਚਿਤੇਰਾ ਨਾਵਲਕਾਰ ਹੈ। ਇਹ ਉਸਦਾ ਅੱਠਵਾਂ ਨਾਵਲ ਹੈ। ਇਸ ਨਾਵਲ ਵਿਚ ਪਰਵਾਸੀ ਜੀਵਨ ਵਿਚ ਸੰਘਰਸ਼ ਚਿਤਰਿਆ ਹੈ। ਇਹ ਸੰਘਰਸ਼ ਪਰਵਾਸੀ ਕਿਸਾਨੀ ਸਮਾਜ ਦੀ ਹੋਣੀ ਹੈ। ਇਸ ਨਾਵਲ ਦੇ ਕੇਂਦਰ ਵਿਚ ਬੰਤਾ ਸਿੰਘ ਹੈ। ਉਹ ਰਿਜ਼ਕ ਦੀ ਭਾਲ ਵਿਚ ਦੁੱਖ ਝੱਲਦਾ ਹੋਇਆ ਅਮਰੀਕਾ ਪਹੁੰਚਦਾ ਹੈ। ਖ਼ੁਸ਼ਹਾਲ ਜੀਵਨ ਦੀ ਤਲਾਸ਼ ਵਿਚ ਆਪਣਾ ਪਰਿਵਾਰ ਗੁਆ ਲੈਂਦਾ ਹੈ। ਸਾਰਾ ਨਾਵਲੀ ਬਿਰਤਾਂਤ ਆਤਮੀ ਮਨਬਚਨੀ ਵਿਚੋਂ ਉਭਰਦਾ ਹੈ। ਅਵਤਾਰ ਬਿਲਿੰਗ ਇਸ ਸਮੁੱਚੇ ਨਾਵਲੀ ਪਲਾਟ ਨੂੰ ਦੁਖਾਂਤਕ ਪੈਟਰਨ ਉੱਤੇ ਢਾਲਦਾ ਹੈ। ਇਸ ਨਾਵਲੀ ਕਥਾ ਦੇ ਵੇਰਵੇ ਅਖਬਾਰੀ ਰਿਪੋਰਟਾਂ ਤੋਂ ਲੈ ਕੇ ਲੋਕਾਂ ਤੋਂ ਸੁਣੀਆਂ ਹੱਡ ਬੀਤੀਆਂ ਉੱਤੇ ਅਧਾਰਿਤ ਹੈ। ਇਸੇ ਲਈ ਇਸ ਨਾਵਲ ਦਾ ਕੈਨਵਸ ਬਹੁਤ ਛੋਟਾ ਅਤੇ ਚਿੰਤਨ ਬਹੁਤ ਸਤਹੀ ਹੈ। ਪੰਜਾਬੀ ਪਰਵਾਸ ਸੰਕਟ ਦੀ ਥਾਂ ਗਲੈਮਰ ਉੱਤੇ ਅਧਾਰਿਤ ਹੈ। ਪੈਸੇ ਦੀ ਦੌੜ ਨੇ ਪਰਿਵਾਰਕ ਇਕਾਈ ਨੂੰ ਹੀ ਭੰਗ ਨਹੀਂ ਕੀਤਾ, ਸਗੋਂ ਵਿਅਕਤੀ ਨੂੰ ਵੀ ਤੋੜ ਦਿੱਤਾ ਹੈ। ਪੈਸੇ ਵੀ ਕਮਾਈ ਜਾਵੇ ਅਤੇ ਝੂਰੀ ਵੀ ਜਾਂਦਾ ਇਹ ਪੰਜਾਬੀ ਕਿਸਾਨੀ ਦਾ ਦੂਹਰਾ ਚਰਿੱਤਰ ਹੈ। ਆਪਣੇ ਬਾਰੇ ਆਪੇ ਬਣਾਈਆਂ ਮਹਾਨ ਹੋਣ ਦੀਆਂ ਮਿੱਥਾਂ ਬਣਾਉਣ ਵਾਲੇ ਸਮਾਜ ਦਾ ਏਹੀ ਹਾਲ ਹੁੰਦਾ ਹੈ। ਅਵਤਾਰ ਬਿਲਿੰਗ ਇਸ ਮਾਨਸਿਕਤਾ ਅਤੇ ਵਿਚਾਰ ਨੂੰ ਬਹੁਤ ਬਰੀਕੀ ਨਾਲ ਫੜਿਆ ਹੈ। ਅਵਤਾਰ ਬਿਲਿੰਗ ਕੋਲ ਵੇਰਵਿਆਂ ਦੀ ਭਰਮਾਰ ਹੈ, ਪ੍ਰੰਤੂ ਅਨੁਭਵ ਦੀ ਘਾਟ ਪੱਛਮੀ ਸਮਾਜ ਦਾ ਓਪਰਾ ਚਿੱਤਰ ਹੀ ਪੇਸ਼ ਕਰ ਸਕਦੀ ਹੈ। ਪਰਵਾਸ ਤਾਂ ਉਥੇ ਅੱਧੀ ਸਦੀ ਤੋਂ ਰਹਿ ਰਹੇ ਬਹੁਤੇ ਲੇਖਕਾਂ ਦੇ ਗੇੜ ਵਿਚ ਨਹੀਂ ਆਇਆ। ਬਿਲਿੰਗ ਨੂੰਅਜੇ ਇੰਤਜਾਰ ਕਰਨਾ ਪਏਗਾ। ਪਹਿਲਾਂ ਪਰਵਾਸੀ ਪੰਜਾਬੀ ਨਾਵਲ ਦੀ ਇਹੀ ਵਾਰਤਾ ਸੁਣਾਉਂਦਾ ਹੈ। ਬਿਲਿੰਗ ਨੂੰ ਅਜੇ ਹੋਰ ਮਿਹਨਤ ਕਰਕੇ ਵਿਸਥਾਰ ਦੀ ਥਾਂ ਲਿਖਤ ਵਿਚ ਗਹਿਰਾਈ ਲਿਆਉਣੀ ਪਵੇਗੀ। ਦੇਖੋ ਪੰਜਾਬੀ ਲੇਖਕ ਗਿਣਤੀ ਤੋਂ ਕਦੋਂ ਮੁਕਤ ਹੋ ਕੇ ਗੁਣਤੀ ਬਾਰੇ ਸੋਚਣਗੇ।

ਟੁੱਟੇ ਹੋਏ ਪੁਲ

(ਸਵੈ-ਜੀਵਨੀ)

ਧਰਮ ਕੰਮੇਆਣਾ, ਸਪਰੈੱਡ ਪਬਲੀਕੇਸ਼ਨਜ, ਪਟਿਆਲਾ

ਧਰਮ ਕੰਮੇਆਣਾ ਕਵੀ, ਗੀਤਕਾਰ ਅਤੇ ਹੁਣ ਨਾਵਲਕਾਰ ਹੈ। ਇਹ ਉਸਦੀ ਸਵੈ-ਜੀਵਨੀ ਹੈ। ਸਵੈ-ਜੀਵਨੀ ਵਿਚੋਂ ਲੇਖਕ ਦੇ ਸਿਰਜਣੀ-ਵਰਤਾਰੇ ਦਾ ਪਤਾ ਚਲਦਾ ਹੈ। ਇਹ

ਲੇਖਕ ਉਸ ਪੜਾਅ ਉੱਤੇ ਲਿਖਦਾ ਹੈ ਜਿਥੋਂ ਉਸਨੂੰ ਆਪਣੇ ਸਿਰਜਣੀ ਵਰਤਾਰੇ ਸਬੰਧੀ ਪੁੱਤਾਂ ਦਾ ਅਹਿਸਾਸ ਜਾਗੇ। ਇਹ ਸਮੁੱਚੀ ਟੈਕਸਟ ਇਸੇ ਵਰਤਾਰੇ ਦੁਆਲੇ ਘੁੰਮਦੀ ਹੈ। ਇਹ ਸਮੁੱਚੀ ਟੈਕਸਟ ਇਕ ਆਰੋਕ ਵਰਤਾਰੇ ਵਾਂਗ ਚਲਦੀ ਹੈ। ਬਿਰਤਾਂਤਕਾਰੀ ਇਸ ਦੇ ਖ਼ਮੀਰ ਵਿਚ ਹੈ। ਉਹ ਆਪਣੇ ਜਾਤੀ ਪਿਛੋਕੜ ਤੋਂ ਸ਼ੁਰੂ ਕਰਕੇ ਗੀਤਕਾਰੀ ਨੂੰ ਸਾਹਿਤਕ ਸਿਰਜਣਕਾਰੀ ਦਾ ਪ੍ਰਵੇਸ਼ ਦੁਆਰ ਮੰਨਦਾ ਹੈ। ਉਸ ਦੇ ਗੀਤ ਉਸ ਦੀ ਪਛਾਣ ਬਣਦੇ ਹਨ। ਫਿਰ ਉਹ ਕਾਵਿਕਾਰੀ ਵਲ ਆਉਂਦਾ ਹੈ, ਫਿਰ ਨਾਵਲਕਾਰੀ ਦੇ ਖੇਤਰ ਵਿਚ ਪ੍ਰਵੇਸ਼ ਕਰਦਾ ਹੈ। ਵਿਚਾਰ ਅਤੇ ਭਾਵਾਂ ਦੀ ਰਵਾਨੀ ਉਸ ਦੀ ਸ਼ੈਲੀ ਦਾ ਪ੍ਰਮੁੱਖ ਗੁਣ ਹੈ। ਇਹੀ ਇਸ ਟੈਕਸਟ ਦੀ ਪੜ੍ਹਨ ਯੋਗਤਾ ਦਾ ਤੱਤ ਹੈ। ਉਹ ਇਸ ਨੂੰ ਸਿਰਲੇਖਾਂ ਵਿਚ ਵੰਡਣ ਦੀ ਥਾਂ ਲਕੀਰੀ ਬਿਰਤਾਂਤ ਵਿਚ ਬਿਆਨ ਕਰਦਾ ਹੈ। ਉਹ ਸਮਾਜਿਕ ਵਰਤਾਰੇ ਨੂੰ ਸਿਰਜਣਕਾਰੀ ਨਾਲ ਜੋੜਦਾ ਹੋਇਆ ਪਾਠਕ ਪ੍ਰਵਾਨਗੀ ਨੂੰ ਵੀ ਨਾਲ-ਨਾਲ ਤੋਰਦਾ ਹੈ। ਇਸ ਤਰ੍ਹਾਂ ਇਹ ਲਿਖਤ ਸਾਹਿਤਕ ਸਵੈ-ਜੀਵਨੀ ਦੇ ਉੱਤਮ ਗੁਣਾ ਨਾਲ ਭਰਪੂਰ ਹੈ।

ਬਿਰਸਾ ਮੁੰਡਾ ਦਾ ਪੁਨਰ-ਜਨਮ

(ਕਾਵਿ-ਸੰਗ੍ਰਹਿ)

ਮੱਖਣ ਮਾਨ, ਚੇਤਨਾ ਪ੍ਰਕਾਸ਼ਨ, ਲੁਧਿਆਣਾ

ਮੱਖਣ ਮਾਨ ਮੂਲ ਰੂਪ ਵਿਚ ਕਹਾਣੀਕਾਰ ਹੈ। ਇਹ ਉਸਦਾ ਪਹਿਲਾ ਕਾਵਿ-ਸੰਗ੍ਰਹਿ ਹੈ ਜਿਸ ਵਿਚ ਇਕਤਾਲੀ ਕਵਿਤਾਵਾਂ ਹਨ। ਉਹ ਲੰਮੀ ਕਵਿਤਾ ਲਿਖਦਾ ਹੈ। ਉਹ ਆਪਣੀ ਸਮਾਜਿਕ ਵੇਦਨਾ ਨੂੰ ਜਦੋਂ ਕਾਵਿ-ਸੰਵੇਦਨਾ ਵਿਚ ਪਰਿਵਰਤਨ ਕਰਦਾ ਹੈ ਤਾਂ ਉਸ ਸਮੇਂ ਉਸ ਦੀਆਂ ਭਾਵਨਾਵਾਂ ਵਿਸਥਾਰ ਵਲ ਤੁਰਦੀਆਂ ਹਨ। ਉਸ ਕੋਲ ਵਿਚਾਰ ਅਤੇ ਭਾਸ਼ਾ ਦਾ ਸਮਤੋਲ ਬਣਾਉਣ ਦੀ ਅਥਾਹ ਸਮਰੱਥਾ ਹੈ। ਵਰਤਮਾਨ ਦੇ ਸੰਕਟ ਇਤਿਹਾਸ 'ਚੋਂ ਹੁੰਦੇ ਹੋਏ ਮਿਥਿਹਾਸ ਤਕ ਸਫ਼ਰ ਕਰਦੇ ਹਨ। ਉਹ ਪੰਜਾਬੀ ਕਵਿਤਾ ਨੂੰ ਕਿਸੇ ਵਿਚਾਰਧਾਰਕ ਆਰੋਪਣ ਤੋਂ ਮੁਕਤ ਕਰਦਾ ਨਜ਼ਰ ਆਉਂਦਾ ਹੈ। ਆਮ ਤੌਰ ਤੇ ਕਵੀਆਂ ਨੂੰ ਇਹ ਜਾਚ ਲੰਬੇ ਅਨੁਭਵ ਤੋਂ ਬਾਅਦ ਆਉਂਦੀ ਹੈ, ਕਈਆਂ ਨੂੰ ਆਉਂਦੀ ਹੀ ਨਹੀਂ। ਉਸ ਦੀ ਕਵਿਤਾ ਸੰਵਾਦਮੁਖੀ ਹੈ। ਉਹ ਕਵਿਤਾ ਦਰ ਕਵਿਤਾ ਸਵਾਲ ਖੜ੍ਹੇ ਕਰੀ ਜਾਂਦਾ ਹੈ। ਉਸ ਦੀ ਕਵਿਤਾ ਦੇ ਕੇਂਦਰ ਵਿਚ ਹਾਸਿਆਗੱਤ ਧਿਰਾਂ ਸਬੰਧੀ ਸਵਾਲ ਹਨ। ਪ੍ਰੰਤੂ ਸੰਵਾਦ ਵਿਚ ਤਰਕ ਵੱਡੀ ਧਿਰ ਹੈ। ਉਸ ਦੀਆਂ ਕਵਿਤਾਵਾਂ ਦੇ ਸਿਰਲੇਖ ਸੰਵੇਦਨਾ ਦਾ ਮੁਜੱਸਮਾ ਹਨ। ਕਾਵਿ ਵਰਤਾਰਾ ਉਸ ਦੀ ਸੰਵੇਦਨਾ ਦੇ ਕੇਂਦਰ ਵਿਚ ਹੈ। ਕਵਿਤਾ, ਪਹਿਚਾਣ, ਅਹਿਸਾਸ, ਬੇਦਾਵਾ, ਬਿਰਸਾ ਮੁੰਡਾ ਦਾ ਪੁਨਰ-ਜਨਮ ਮਹੱਤਵਪੂਰਨ ਕਵਿਤਾਵਾਂ ਹਨ। ਇਸ ਤਰ੍ਹਾਂ ਮੱਖਣ ਮਾਨ ਦਾ ਇਹ ਕਾਵਿ ਸੰਗ੍ਰਹਿ ਵਿਲੱਖਣ ਹੈ।

ਮੈਂ ਅਯਨਘੋਸ਼ ਨਹੀਂ


(ਕਹਾਣੀ-ਸੰਗ੍ਰਹਿ)

ਸੁਖਜੀਤ, ਚੇਤਨਾ ਪ੍ਰਕਾਸ਼ਨ, ਲੁਧਿਆਣਾ

ਸੁਖਜੀਤ ਪੰਜਾਬੀ ਕਥਾ-ਜਗਤ ਦਾ ਚਰਚਿਤ ਕਹਾਣੀਕਾਰ ਹੈ। ਇਹ ਉਸ ਦਾ ਤੀਜਾ ਕਹਾਣੀ ਸੰਗ੍ਰਹਿ ਹੈ। ਉਸ ਦੇ ਕਹਾਣੀ ਸੰਗ੍ਰਹਿਾਂ ਦੇ ਕਈ ਕਈ ਐਡੀਸ਼ਨ ਛਪ ਚੁੱਕੇ ਹਨ। ਉਸ ਦੀਆਂ ਕਈ ਕਹਾਣੀਆਂ ਬਹਿਸ ਤਲਬ ਰਹੀਆਂ ਹਨ। ਉਸ ਦੀਆਂ ਕਹਾਣੀਆਂ ਵਸਤੂ ਸਥਿਤੀ,

ਰਚਨਾ ਵਿਵੇਕ ਅਤੇ ਬਿਰਤਾਂਤਕ ਪੈਟਰਨ ਦੇ ਕਿਸੇ ਨਿਸਚਤ ਢਾਂਚੇ ਵਿਚ ਫਸੀਆਂ ਹੋਈਆਂ ਨਹੀਂ, ਸਗੋਂ ਰੂਪ ਅਤੇ ਵਸਤੂ ਦੇ ਵਿਵੇਕ ਉੱਤੇ ਖੜੀਆਂ ਹਨ। ਇਸ ਸੰਗ੍ਰਹਿ ਵਿਚ ਛੇ ਕਹਾਣੀਆਂ ਦਰਜ ਹਨ। ਇਹ ਕਹਾਣੀਆਂ ਸਮਕਾਲ ਅਤੇ ਸਰਬਕਾਲ ਨੂੰ ਇਕੋ ਸਮੇਂ ਸੰਬੋਧਿਤ ਹੁੰਦੀਆਂ ਹਨ। ਸਮਕਾਲੀ ਸਮੱਸਿਆਵਾਂ ਵਿਚ ਕਸ਼ਮੀਰ ਦੀਆਂ ਸਥਿਤੀਆਂ ਚੋਂ ਉਪਜੇ ਮਾਨਵੀ ਸੰਕਟ ਤੋਂ ਲੈ ਕੇ ਮਾਨਸਿਕ ਗੁੰਝਲਾਂ ਨਾਲ ਜੁੜੀਆਂ ਸਮੱਸਿਆਵਾਂ ਸ਼ਾਮਲ ਹਨ। ਸਿੰਗਲ ਮਾਲਟ ਸੁਰਖ ਨਹੀਂ ਹੁੰਦੀ ਕਹਾਣੀ 'ਚ ਦਹਿਸ਼ਤਗਰਦੀ ਵਿਚ ਸੰਕਟ ਭੋਗਦੀ ਔਰਤ ਅਤੇ ਸੁਰੱਖਿਆ ਦਸਤਿਆਂ ਦੀ ਕਾਰਜ ਪ੍ਰਣਾਲੀ ਨੂੰ ਮਾਨਵੀ ਸੰਵੇਦਨਾ ਦੀ ਦ੍ਰਿਸ਼ਟੀ ਤੋਂ ਪੇਸ਼ ਕੀਤਾ ਹੈ। 'ਖਜੂਰਾਂ' ਕਹਾਣੀ ਲੋਕ ਸੰਘਰਸ਼ ਦੀਆਂ ਇਤਿਾਸਕ ਪਰਤਾਂ 'ਚੋਂ ਉਪਜੀ ਮਾਨਸਿਕਤਾ ਨੂੰ ਉਭਾਰਦੀ ਹੈ। 'ਮੈਂ ਅਯਨਘੋਸ਼ ਨਹੀਂ' ਇਸ ਸੰਗ੍ਰਹਿ ਦੀ ਮਹੱਤਵਪੂਰਨ ਕਹਾਣੀ ਹੈ। ਇਹ ਕਹਾਣੀ ਭਾਰਤੀ ਸਾਂਸਕ੍ਰਿਤੀ ਵਿਚ ਔਰਤ ਮਰਦ ਦੇ ਸੰਬੰਧਾਂ ਦੇ ਸੰਕਟ ਨੂੰ ਸਥਿਤੀਆਂ ਦੇ ਪ੍ਰਸੰਗ ਵਿਚ ਨਵੇਂ ਅਰਥ ਦਿੰਦਾ ਹੈ। 'ਆਟੋ ਨੰਬਰ 420' ਕਹਾਣੀ ਸਮਕਾਲ ਵਿਚ ਮਾਨਵੀ ਸੰਕਟ ਦੇ ਆਰਥਿਕ ਪ੍ਰਸੰਗ ਨੂੰ ਪੇਸ਼ ਕਰਦੀ ਹੈ। 'ਮੋਨ ਦੀ ਬਾਬਾ ਦਾਸ' ਮਨੋ ਗੁੰਝਲਾਂ ਨਾਲ ਜੁੜੀ ਕਹਾਣੀ ਹੈ। 'ਮੱਥੇ ਦੇ ਵਲ' ਸੰਜਮੀ ਸ਼ੈਲੀ ਵਿਚ ਲਿਖੀ ਮਹੱਤਵਪੂਰਨ ਕਹਾਣੀ ਮਨੁੱਖ ਦੇ ਭਾਵੁਕ ਅਵਚੇਤਨ ਨੂੰ ਚਿਤਰਦੀ ਹੈ। ਇਸ ਤਰ੍ਹਾਂ ਇਹ ਕਹਾਣੀਆਂ ਮਨੁੱਖ ਦੀਆਂ ਸੂਖਮ ਭਾਵਨਾਵਾਂ ਨੂੰ ਬਰੀਕੀ ਨਾਲ ਚਿਤਰਣ ਵਾਲੀਆਂ ਵਿਲੱਖਣ ਕਹਾਣੀਆਂ ਹਨ।

–ਪ੍ਰੋ. ਸਤਿੰਦਰ ਕੌਰ




ਪਰਵਾਨਾ ਦਾ ਚਿੰਤਨ ਨਿਰੰਤਰ ਸਮੁੱਚੀ ਟੈਕਸਟ ਵਿਚ ਗਤੀਸ਼ੀਲ ਰਹਿੰਦਾ ਹੈ। ਉਸ ਦੀ ਖੂਬੀ ਇਹ ਹੈ ਕਿ ਸਮੁੱਚੀ ਟੈਕਸਟ ਵਿੱਚ ਪਾਤਰੀ ਸਪੇਸ ਇੱਕ ਸੰਤੁਲਨ ਬਣਾ ਕੇ ਰੱਖਦਾ ਹੈ। ਪਰਵਾਨਾ ਦੀ ਵਿਚਾਰਧਾਰਾ ਦੀ ਵਾਹਕ ਸਮਾਜ ਦੀ ਇੱਕ ਛੋਟੀ ਜਿਹੀ ਧਿਰ ਬਣਦੀ ਹੈ। ਇਸ ਨਾਲ ਨਾਵਲ ਦੇ ਦੁਮੇਲਮੁੱਖੀ ਫੈਲਣ ਵਿੱਚ ਦਿੱਕਤ ਆਉਂਦੀ ਹੈ। ਪਰਵਾਨਾ ਦਾ ਇਹ ਨਾਵਲ ਉਸ ਦੇ ਬਾਕੀ ਨਾਵਲੀ ਜਗਤ ਦਾ ਹੀ ਵਿਸਥਾਰ ਹੈ ਪਰੰਤੂ ਸਮਕਾਲ ਦੀਆਂ ਜੜ੍ਹਾਂ ਦਾ ਮਿਥਿਹਾਸਕ ਟੈਕਸਟ ਤੱਕ ਫੈਲਾਅ ਇਸ ਨਾਵਲ ਦੀ ਵਿਲੱਖਣਤਾ ਹੈ।

–ਡਾ. ਪਰਮਜੀਤ ਕੌਰ ਸਿੱਧੂ

ਮੁੱਲ: 195 ਰੁ:, ਪੰਨੇ: 127 ਲੋਕ ਗੀਤ ਪ੍ਰਕਾਸ਼ਨ, ਮੁਹਾਲੀ

# ਪਾਠਕ ਪ੍ਰਤਿਕਿਰਿਆ

ਸੰਪਾਦਕ ਜੀ,

ਸਮਕਾਲੀ ਸਾਹਿਤ ਚਿੰਤਨ ਵਿਸ਼ੇਸ਼ ਅੰਕ ਲਈ ਪ੍ਰਵਚਨ ਦੀ ਸਮੁੱਚੀ ਟੀਮ ਨੂੰ ਵਧਾਈ। ਸੰਪਾਦਕੀ ਸਮੇਤ ਇਸ ਅੰਕ ਦੇ 15 ਲੇਖ ਮਹੱਤਵਪੂਰਨ ਹਨ। ਸਮਕਾਲ ਬਾਰੇ ਸੰਪਦਾਕੀ ਤੋਂ ਗੱਲ ਸ਼ੁਰੂ ਕਰੀਏ ਤਾਂ ਇਹ ਪ੍ਰਵਚਨ ਦੀ ਵੱਖਰੀ ਪਛਾਣ ਹੈ। ਇਸ ਅੰਕ ਵਿਚਲਾ ਹਰ ਲੇਖ ਪੰਜਾਬੀ ਚਿੰਤਕਾਂ ਦੀ ਸਮਝ ਸੂਝ ਦਾ ਪ੍ਰਮਾਣ ਹੈ। ਮਨਮੋਹਨ ਬਾਵਾ ਅਤੇ ਰਾਜਪਾਲ ਸਿੰਘ ਨੇ ਇਤਿਹਾਸਕਾਰੀ ਨੂੰ ਲੈ ਕੇ ਮਹੱਤਵਪੂਰਨ ਮੁੱਦੇ ਚੁੱਕੇ ਹਨ। ਹਰਪ੍ਰੀਤ ਕੌਰ ਸੰਧੂ, ਸੁਖਪ੍ਰੀਤ ਸੰਧੂ, ਡਾ. ਮਹਿਲ ਸਿੰਘ, ਕੁਲਦੀਪ ਸਿੰਘ ਦੀਪ ਅਤੇ ਕੁਲਵਿੰਦਰ ਨੇ ਸਾਹਿਤ ਦੀਆਂ ਵੱਖ-ਵੱਖ ਵਿਧਾਵਾਂ ਅਤੇ ਫ਼ਿਲਮਾਂ ਬਾਰੇ ਭਰਪੂਰ ਜਾਣਕਾਰੀ ਦਿੱਤੀ ਹੈ। ਡਾ. ਦਰਿਆ ਅਤੇ ਡਾ. ਰਜਿੰਦਰਪਾਲ ਬਰਾੜ ਦੇ ਲੇਖ ਜਾਣਕਾਰੀ ਭਰਪੂਰ ਹਨ। ਸੁਕੀਰਤ ਦਾ ਪੱਤਰਕਾਰੀ ਅਤੇ ਜਸ ਮੰਡ ਦਾ ਲੇਖ ਅਨੁਵਾਦ ਬਾਰੇ ਕਈ ਸਵਾਲ ਖੜ੍ਹੇ ਕਰਦੇ ਹਨ। ਡਾ. ਰਾਮਿੰਦਰ ਕੌਰ ਅਤੇ ਸ਼ਰਨਜੀਤ ਕੌਰ ਦਾ ਲੇਖ ਖੋਜ ਬਾਰੇ ਦਸਤਾਵੇਜ਼ ਹੈ। ਇਹ ਸਮੁੱਚਾ ਅੰਕ ਸਾਂਭਣ ਵਾਲਾ ਹੈ।

ਸੁਮੀਤ ਗੋਇਲ<br>
ਸ਼ਕਤੀ ਨਗਰ, ਬਠਿੰਡਾ

ਸੰਪਾਦਕ ਸਾਹਿਬ,

ਪ੍ਰਵਚਨ ਦੇ ਬਾਕੀ ਵਿਸ਼ੇਸ਼ ਅੰਕਾਂ ਵਾਂਗ ਇਹ ਵੀ ਮਹੱਤਵਪੂਰਨ ਹੈ। ਬਾਕੀ ਗੋਸ਼ਟੀ ਅੰਕ ਹੁੰਦੇ ਹਨ ਪ੍ਰੰਤੂ ਅੰਕ 77 ਖੋਜ ਸਮੱਗਰੀ ਭਰਪੂਰ ਹੋਣ ਕਰਕੇ ਮਹੱਤਵਪੂਰਨ ਹੈ। ਸੰਪਦਾਕੀ ਵਿਚ ਸਮਕਾਲ ਦੀ ਨਿਸ਼ਾਨਦੇਹੀ ਹੀ ਨਹੀਂ ਕੀਤੀ ਸਗੋਂ ਸਮਕਾਲ ਦੀਆਂ ਚੁਣੌਤੀਆਂ ਬਾਰੇ ਵੀ ਚਰਚਾ ਕੀਤੀ ਹੈ। ਮਨਮੋਹਨ ਬਾਵਾ, ਰਾਜਪਾਲ ਸਿੰਘ ਅਤੇ ਡਾ. ਰਾਮਿੰਦਰ ਕੋਰ ਅਤੇ ਸ਼ਰਨਜੀਤ ਕੌਰ ਦੇ ਲੇਖ ਬੁਨਿਆਦੀ ਮਸਲਿਆਂ ਨੂੰ ਉਠਾਉਂਦੇ ਹਨ। ਸਾਹਿਤ ਦੀਆਂ ਵਿਧਾਵਾਂ ਦੀ ਆਲੋਚਨਾ ਬਾਰੇ, ਹਰਪ੍ਰੀਤ ਸੰਧੂ, ਸੁਖਪ੍ਰੀਤ ਸੰਧੂ, ਮਹਿਲ ਸਿੰਘ, ਕੁਲਦੀਪ ਸਿੰਘ ਦੀਪ, ਸੰਤੋਖ ਸੁਖੀ ਦੇ ਲੇਖ ਮਹੱਤਵਪੂਰਨ ਹਨ। ਡਾ. ਦਰਿਆ, ਕੁਲਵਿੰਦਰ ਅਤੇ ਰਾਜਿੰਦਰਪਾਲ ਸਿੰਘ ਬਰਾੜ ਦੇ ਖੋਜ ਭਰਪੂਰ ਲੇਖ ਸਾਂਭਣਯੋਗ ਹਨ। ਅਜਿਹੇ ਅੰਕ ਲਈ ਪ੍ਰਵਚਨ ਦੀ ਟੀਮ ਨੂੰ ਵਧਾਈ।

ਡਾ. ਰਜਿੰਦਰ ਸਿੰਘ<br>
ਮੌੜ ਮੰਡੀ

ਸੰਪਾਦਕ ਜੀ,

ਪ੍ਰਵਚਨ ਦਾ ਅੰਕ 77 ਸਾਂਭਣਯੋਗ ਹੈ। ਹਰਪ੍ਰੀਤ ਸੰਧੂ ਦਾ ਕਹਾਣੀ ਆਲੋਚਨਾ, ਸੁਖਪ੍ਰੀਤ ਸੰਧੂ ਦਾ ਕਾਵਿ ਆਲੋਚਨਾ ਅਤੇ ਕੁਲਦੀਪ ਸਿੰਘ ਦੀਪ ਦੇ ਨਾਟਕ ਬਾਰੇ ਮਹੱਤਵਪੂਰਨ ਲੇਖ ਹਨ। ਬਾਕੀ ਲੇਖ ਅਜੇ ਪੜ੍ਹਨੇ ਹਨ। ਅੰਕ ਹਵਾਲਾ ਭਰਪੂਰ ਦਸਤਾਵੇਜ਼ ਹੈ।

ਨੀਲਮ ਸ਼ਰਮਾ<br>
ਰਾਜਪੁਰਾ ਕਲੋਨੀ, ਪਟਿਆਲਾ

ਸੰਪਾਦਕ ਜੀ, ਮੈਂ ਪਿਛਲੇ ਦਸ ਸਾਲ ਤੋਂ ਪ੍ਰਵਚਨ ਦਾ ਪਾਠਕ ਹਾਂ। ਸਾਹਿਤ ਸਭਿਆਚਾਰ ਅਤੇ ਚਿੰਤਨ ਵਿਚ ਇਸ ਪਰਚੇ ਦੀ ਆਪਣੀ ਭੂਮਿਕਾ ਹੈ। ਅੰਕ 77 ਵਿਸ਼ੇਸ਼ ਅੰਕ ਬਾਕਮਾਲ ਹੈ।

ਸੰਪਾਦਕੀ ਵਿਚ ਪੰਜਾਬੀ ਨੇ ਕਈ ਅਖੌਤੀ ਚਿੰਤਕਾਂ ਦੀ ਗੱਲ ਹੋਈ ਹੈ। ਗਾਇਕੀ ਬਾਰੇ ਰਾਜਿੰਦਰਪਾਲ ਬਰਾੜ ਦਾ ਲੇਖ ਬਹੁਤ ਕਮਾਲ ਹੈ। ਡਾ. ਦਰਿਆ ਨੇ ਲੋਕਧਾਰਾ ਬਾਰੇ ਗਿਆਨ ਭਰਪੂਰ ਗੱਲਾਂ ਕੀਤੀਆਂ ਹਨ। ਹਰਪ੍ਰੀਤ ਸੰਧੂ ਅਤੇ ਕੁਲਦੀਪ ਸਿੰਘ ਦੀਪ ਦੇ ਲੇਖ ਜਾਣਕਾਰੀ ਭਰਪੂਰ ਹਨ। ਪਰਚੇ ਲਈ ਢੇਰ ਸਾਰੀਆਂ ਦੁਆਵਾਂ।

ਸੰਦੀਪ ਸਿੰਘ
ਪ੍ਰੇਮ ਨਗਰ,
ਅੰਬਾਲਾ ਸ਼ਹਿਰ।


ਚਰਚਿਤ ਵਾਰਤਕਕਾਰ ਤੇ ਕਹਾਣੀਕਾਰ
ਸੁਕੀਰਤ ਦਾ ਸਫ਼ਰਨਾਮਾ

**ਕਿੰਨੇ ਪਰਬਤਾਂ ਤੋਂ ਪਾਰ**

ਇਨ੍ਹਾਂ ਸੰਸਮਰਣਾਂ 'ਚ ਉਹ ਸਾਰੀਆਂ ਖੂਬੀਆਂ ਹਨ, ਜੋ ਹੋਣੀਆਂ ਚਾਹੀਦੀਆਂ ਹਨ। ਸਾਥੀਆਂ-ਦੋਸਤਾਂ ਦੇ ਸੁਭਾਅ, ਸਥਾਨਾਂ ਬਾਰੇ ਇਤਿਹਾਸਕ-ਮਿਥਿਹਾਸਕ ਅਤੇ ਭੂਗੋਲਕ ਵੇਰਵੇ, ਗਲੀਆਂ, ਬਜ਼ਾਰਾਂ, ਰੈਸਤੋਰਾਨਾਂ, ਪਾਣੀ ਜਾਂ ਹਵਾਈ ਜਹਾਜ਼ਾਂ, ਪਰਬਤਾਂ, ਪ੍ਰਕਿਰਤੀ ਦੇ ਵੇਰਵੇ ਬੜੀ ਸੂਝ ਨਾਲ ਦਿੱਤੇ ਗਏ ਹਨ। ਕਿਤੇ ਕੋਈ ਗੈਰ-ਜ਼ਰੂਰੀ ਖਲਾਰ ਨਹੀਂ ਅਤੇ ਜੋ ਜ਼ਰੂਰੀ ਹੈ, ਉਸ ਨੂੰ ਵੀ ਨਹੀਂ ਛੱਡਿਆ ਗਿਆ। ਕਿਤੇ-ਕਿਤੇ ਲੇਖਕ ਦੀਆਂ ਰਾਜਨੀਤਕ, ਦਾਰਸ਼ਨਿਕ ਟਿੱਪਣੀਆਂ ਇਨ੍ਹਾਂ ਸੰਸਮਰਣਾਂ 'ਚ ਰੂਹ ਪੈਦਾ ਕਰਦੀਆਂ ਹਨ। -ਮਨਮੋਹਨ ਬਾਵਾ


*ਤ੍ਰੈਮਾਸਿਕ 'ਪਵਚਨ' ਪਿਛਲੇ 19 ਸਾਲਾਂ ਤੋਂ ਨਿਰੰਤਰ ਆਪਣੀ ਸਮਰੱਥਾ ਅਤੇ ਸੂਝ ਅਨੁਸਾਰ ਸਮੱਗਰੀ ਪੰਜਾਬੀ ਪਾਠਕਾਂ ਨੂੰ ਪੜ੍ਹਾ ਰਿਹਾ ਹੈ। ਇਸ ਸਫ਼ਰ ਦੌਰਾਨ ਸੁਹਿਰਦ ਪਾਠਕਾਂ ਨੇ ਭਰਪੂਰ ਹੁੰਗਾਰਾ ਭਰਿਆ ਹੈ। ਇਸ ਸਫ਼ਰ ਦੌਰਾਨ ਪਾਠਕਾਂ ਨੇ ਲਗਾਤਾਰ ਚੰਦਾ ਦੇ ਕੇ ਇਸ ਨੂੰ ਚਲਦਾ ਰੱਖਣ ਵਿਚ ਸਹਾਇਤਾ ਕੀਤੀ ਹੈ। ਜਿਹਨਾਂ ਪਾਠਕਾਂ ਦੇ ਚੰਦੇ ਖਤਮ ਹਨ ਉਨ੍ਹਾਂ ਨੂੰ ਆਪ ਵੀ ਪਤਾ ਹੈ। ਅਸੀਂ ਵਿਅਕਤੀਗਤ ਚਿੱਠੀ, ਪੱਤਰ ਪਾ ਕੇ ਉਨ੍ਹਾਂ ਨੂੰ ਯਾਦ ਕਰਾਉਣ ਦੀ ਥਾਂ ਸਵੈ ਅਹਿਸਾਸ ਕਰਾਉਣਾ ਚਾਹੁੰਦੇ ਹਾਂ ਕਿ ਉਹ ਆਪਣੇ ਆਪ ਹੀ ਚੰਦਾ ਸਮੇਂ ਸਿਰ ਭੇਜ ਦੇਣ ਤਾਂ ਜੋ ਇਸ ਪਰਚੇ ਨੂੰ ਜਾਰੀ ਰੱਖਿਆ ਜਾ ਸਕੇ। ਚੰਦਿਆਂ ਦੀ ਦਰ ਘੱਟੋ-ਘੱਟ 1000 ਰੁਪਏ ਪੰਜ ਸਾਲ ਲਈ ਹੈ। ਚੰਦਾ ਬੈਂਕ ਡਰਾਫਟ ਜਾਂ ਚੈੱਕ ਰਾਹੀਂ ਭੇਜਿਆ ਜਾਵੇ ਜਾਂ ਸੰਪਾਦਕ ਦੇ ਹੇਠ ਲਿਖੇ ਖਾਤੇ ਵਿਚ ਜਮ੍ਹਾਂ ਕਰਵਾ ਦਿੱਤੇ ਜਾਣ।*

Rajnish Bahadur Singh
Ac. no. 30568250112
IFSC SBIN0008301
STATE BANK OF INDIA, Harbans Nagar Branch Jalandhar